



$40
$20
Tanya's
BEAUTY SALON
THREADING / WAXING, FACIAL (MEN & WOMEN)
ANTI-AGING FACIAL, BLEACH, HAIR CUT, COLOR & STYLE
137-40 JAMAICA AVE., JAMAICA
NY 11435 TEL : 718-297-1019
85-03 ROOSEVELT AVE.,
JACKSON HEIGHTS NY 11373 TEL : 718-205-7832
We Specialize for Bridal & Henna

Ad Space
Available
Call: 847-359-0746


ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
ਬੌਬੀ ਸਿੰਘ
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
120-20 101 Avenue S. Richmond Hill, NY 11419

Sixteenth Year of Publication
ਨਿਊ ਯਾਰਕ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 16, Issue 26, June 27, 2015
20451 N Plum Grove Rd., Palatine, IL 60074
Ph:847-359-0746, Fax:847-705-9388

# ਸਾਕਾ 84: ਬ੍ਰਿਟੇਨ ਨੇ ਵੀ ਸਿੱਖਾਂ ਨਾਲ ਸਿਆਸਤ ਖੇਡੀ

## ਸਾਕੇ ਵੇਲੇ ਸਰਗਰਮ ਭੂਮਿਕਾ ਨਿਭਾਈ, ਕਤਲੇਆਮ-84 ਬਾਰੇ ਵੀ ਸਿੱਖਾਂ ਨੂੰ ਕੀਤਾ ਗੁੰਮਰਾਹ

**ਲੰਡਨ:** 1984 ਵਿਚ ਆਪ੍ਰੇਸ਼ਨ ਬਲੂ ਸਟਾਰ ਵਿਚ ਬ੍ਰਿਟੇਨ ਦੀ ਭੂਮਿਕਾ ਬਾਰੇ ਜਾਰੀ ਹੋਏ ਨਵੇਂ ਦਸਤਾਵੇਜ਼ਾਂ ਨਾਲ ਇਕ ਵਾਰ ਫਿਰ ਖਲਬਲੀ ਮੱਚ ਗਈ ਹੈ। ਇਨ੍ਹਾਂ ਦਸਤਾਵੇਜ਼ਾਂ ਮੁਤਾਬਕ ਬ੍ਰਿਟੇਨ ਦੀ ਤਤਕਾਲੀਨ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ, ਸਿੱਖਾਂ ਨਾਲ ਨਿੱਬੜ ਰਹੀ ਭਾਰਤ ਸਰਕਾਰ ਦੀ ਮਦਦ ਲਈ ਕਈ ਹੱਥਕੰਡੇ ਅਪਨਾ ਰਹੀ ਸੀ। ਭਾਰਤ ਨੂੰ ਆਪਣੇ ਨਾਲ ਜੋੜਨ ਦੇ ਨਾਲ ਨਾਲ ਉਹ ਭਾਰਤ ਨੂੰ ਰੂਸ ਤੋਂ ਦੂਰ ਲਿਜਾਣ ਦੀ ਯੋਜਨਾ ਉਪਰ ਵੀ ਕੰਮ ਕਰ ਰਹੀ ਸੀ। ਇਸ ਤੋਂ ਇਲਾਵਾ ਬ੍ਰਿਟੇਨ ਤੋਂ ਭਾਰਤ ਨੂੰ ਹਥਿਆਰਾਂ ਦੀ ਵਿਕਰੀ ਵਧਾਉਣ ਦੀ ਯੋਜਨਾ 'ਤੇ ਕੰਮ ਕੀਤਾ ਜਾ ਰਿਹਾ ਸੀ। ਇਸ ਲਈ ਸ੍ਰੀਮਤੀ ਥੈਚਰ ਰਣਨੀਤਕ ਅਤੇ ਕੂਟਨੀਤਕ ਤੌਰ 'ਤੇ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਮਦਦ ਕਰਨ ਲਈ ਤਿਆਰ ਹੋਈ ਸੀ। ਨਵੇਂ ਦਸਤਾਵੇਜ਼ ਸਾਹਮਣੇ ਆਉਣ ਤੋਂ ਬਾਅਦ ਬ੍ਰਿਟੇਨ ਦੇ ਸਿੱਖ ਸੰਗਠਨਾਂ ਨੇ ਪੂਰੇ ਮਾਮਲੇ ਦੀ ਜਨਤਕ ਜਾਂਚ ਦੀ ਮੰਗ ਕੀਤੀ ਹੈ। ਇਨ੍ਹਾਂ



*ਮਾਰਗਰੇਟ ਥੈਚਰ*

ਦਸਤਾਵੇਜ਼ਾਂ ਵਿਚ ਇਹ ਜ਼ਿਕਰ ਹੈ ਕਿ ਥੈਚਰ ਨੇ ਇੰਦਰ ਗਾਂਧੀ ਦੀ ਹੱਤਿਆ ਤੋਂ ਬਾਅਦ ਹੋਏ ਸਿੱਖਾਂ ਦੇ ਕਤਲੇਆਮ ਦੀਆਂ ਖ਼ਬਰਾਂ ਵੀ ਬ੍ਰਿਟੇਨ ਵਿਚ ਦਬਾ ਦਿੱਤੀਆਂ ਸਨ। 13 ਮਾਰਚ 1985 ਨੂੰ ਥੈਚਰ ਦੀ ਪ੍ਰਾਈਵੇਟ ਸੈਕਟਰੀ ਚਾਰਲਸ ਪਾਵੇਲ ਦੀ ਮਾਸਕੋ ਵਿਚ ਰੂਸੀ ਸਰਕਾਰ ਨਾਲ ਬੈਠਕ ਹੋਈ ਸੀ। ਇਸ ਵਿਚ ਭਾਰਤ ਵਿਚ ਚੱਲ ਰਹੇ ਘਟਨਾਕ੍ਰਮ ਬਾਰੇ ਖੁੱਲ੍ਹ ਕੇ ਗੱਲਬਾਤ ਹੋਈ। ਪਾਵੇਲ ਹੁਣ ਕੰਜਰਵੇਟਿਵ ਪਾਰਟੀ ਵੱਲੋਂ ਹਾਊਸ ਆਫ ਲਾਰਡ ਦੇ ਮੈਂਬਰ ਹਨ। ਇਸ ਪੂਰੇ ਵਿਵਾਦ 'ਤੇ ਤਕਰੀਬਨ 200 ਫਾਈਲਾਂ ਤੇ 23000 ਦਸਤਾਵੇਜ਼ ਹਨ। ਇਨ੍ਹਾਂ ਦੇ ਵਿਸ਼ਲੇਸ਼ਣ ਤੋਂ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਬ੍ਰਿਟੇਨ ਸੈਨਾ ਦਾ ਇਕ ਦਲ 8 ਅਤੇ 19 ਫਰਵਰੀ 1984 ਵਿਚ ਭਾਰਤ ਆਇਆ ਸੀ। ਇਸ ਦਲ ਵਿਚ ਰਣਨੀਤੀਕਾਰ ਸਨ। ਇਸ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਮੌਜੂਦ ਹਥਿਆਰਬੰਦ ਲੋਕਾਂ ਖਿਲਾਫ ਮੁਹਿੰਮ ਲਈ ਰੂਪਰੇਖਾ ਤਿਆਰ ਕਰਨ ਲਈ ਭਾਰਤੀ ਖ਼ੁਫ਼ੀਆ ਏਜੰਸੀਆਂ ਦੀ ਮਦਦ ਕੀਤੀ ਸੀ।

2014 ਵਿਚ ਤਤਕਾਲੀਨ ਵਿਦੇਸ਼ ਮੰਤਰੀ ਵਿਲੀਅਮ ਹੇਗ ਨੇ ਬ੍ਰਿਟੇਨ ਸੰਸਦ ਨੂੰ ਦੱਸਿਆ ਸੀ ਕਿ 1984 ਵਿਚ ਸ੍ਰੀ ਦਰਬਾਰ ਸਾਹਿਬ ਵਿਚੋਂ ਖਾੜਕੂਆਂ ਨੂੰ ਕੱਢਣ ਲਈ ਚਲਾਏ ਗਏ ਆਪ੍ਰੇਸ਼ਨ ਵਿਚ ਬ੍ਰਿਟਿਸ਼ ਸੈਨਾ ਦੀ ਭੂਮਿਕਾ ਸਲਾਹਕਾਰ ਵਜੋਂ ਸੀ, ਭਾਵੇਂ ਬਾਅਦ ਵਿਚ ਉਹ ਆਪ੍ਰੇਸ਼ਨ ਬਲੂ ਸਟਾਰ ਵਿਚ ਮਦਦ ਬਾਰੇ ਮੁੱਕਰ ਗਏ ਸਨ।

ਯੂ.ਕੇ. ਵਿਚ ਸਿੱਖ ਫੈਡਰੇਸ਼ਨ ਦੇ ਚੇਅਰਮੈਨ ਅਮਰੀਕ ਸਿੰਘ ਦਾ ਕਹਿਣਾ ਹੈ ਕਿ ਥੈਚਰ ਦੀ ਵਜ੍ਹਾ ਨਾਲ ਇਥੇ ਰਹਿਣ ਵਾਲੇ ਲੋਕਾਂ ਨੂੰ ਪੰਜਾਬ ਵਿਚ ਹੋ ਰਹੀਆਂ ਘਟਨਾਵਾਂ ਦੀ ਸਹੀ ਜਾਣਕਾਰੀ ਨਹੀਂ ਮਿਲੀ। ਬ੍ਰਿਟੇਨ ਸਰਕਾਰ ਦੇ ਦਸਤਾਵੇਜ਼ਾਂ ਤੋਂ ਜੋ ਖੁਲਾਸੇ ਹੋ ਰਹੇ ਹਨ ਉਨ੍ਹਾਂ ਬਾਰੇ ਸਿੱਖਾਂ ਨੂੰ ਪੂਰੀ ਜਾਣਕਾਰੀ ਮਿਲਣੀ ਚਾਹੀਦੀ ਹੈ। ਅਮਰੀਕ ਸਿੰਘ ਦਾ ਕਹਿਣਾ ਹੈ ਕਿ 31 ਸਾਲਾਂ ਤੋਂ ਬ੍ਰਿਟੇਨ ਵਿਚ ਸਿੱਖਾਂ ਦੀ ਗਲਤ ਛਵੀ ਨੂੰ ਪੇਸ਼ ਕੀਤਾ ਗਿਆ। ਉਨ੍ਹਾਂ ਉਮੀਦ ਕੀਤੀ ਕਿ ਵਰਤਮਾਨ ਸਰਕਾਰ ਸਿੱਖ ਦੀ ਪਰੇਸ਼ਾਨੀ ਸਮਝਦੀ ਹੋਏ ਇਸ ਦੀ ਜਾਂਚ ਕਰਵਾਏਗੀ।

### ਪਾਕਿਸਤਾਨ ਦੇ ਸੰਪਰਕ ਵਿਚ ਵੀ ਸੀ ਬ੍ਰਿਟਿਸ਼ ਸਰਕਾਰ

ਇਹ ਤੱਥ ਵੀ ਸਾਹਮਣੇ ਆਏ ਹਨ ਕਿ ਬ੍ਰਿਟਿਸ਼ ਸਰਕਾਰ ਪਾਕਿਸਤਾਨ ਦੇ ਵੀ ਸੰਪਰਕ ਵਿਚ ਸੀ। ਥੈਚਰ ਨੇ ਪਾਕਿਸਤਾਨ ਦੇ ਤਤਕਾਲੀਨ ਰਾਸ਼ਟਰਪਤੀ ਜ਼ਿਆ-ਉਲ-ਹੱਕ ਨੂੰ ਵੀ ਬ੍ਰਿਟੇਨ ਦੇ ਭਾਰਤ ਨਾਲ ਸਬੰਧਾਂ ਬਾਰੇ ਦੱਸਿਆ ਸੀ। ਪਾਕਿਸਤਾਨੀ ਰਾਸ਼ਟਰਪਤੀ ਨੇ ਵੀ ਥੈਚਰ ਨੂੰ ਕਿਹਾ ਸੀ ਕਿ ਉਹ ਵੀ ਸਿੱਖਾਂ ਦੇ ਪਾਕਿਸਤਾਨ ਸਮਰਥਨ ਨੂੰ ਲੈ ਕੇ ਉਠ ਰਹੀ ਗੱਲਾਂ ਨੂੰ ਲੈ ਕੇ ਦਬਾਅ ਵਿਚ ਹਨ। ਇਸ ਨਾਲ ਭਾਰਤ ਦੇ ਪਾਕਿਸਤਾਨ ਦੇ ਸਬੰਧ ਕਾਫੀ ਵਿਗੜ ਗਏ ਹਨ। ਜੁਲਾਈ 1984 ਵਿਚ ਤਿੰਨ ਸਿੱਖ ਨੌਜਵਾਨ, ਭਾਰਤੀ ਜਹਾਜ ਹਾਈਜੈਕ ਕਰ ਕੇ ਲਾਹੌਰ ਲੈ ਗਏ ਸਨ। ਇਸ 'ਤੇ ਵੀ ਪਾਕਿਸਤਾਨ ਦੀ ਮਦਦ ਦੇ ਦੋਸ਼ ਲੱਗ ਰਹੇ ਸਨ।

# ਪੰਜਾਬ ਨੂੰ ਮਹਿੰਗੀ ਪਈ ਸੱਤਾਧਾਰੀ ਭਾਈਵਾਲਾਂ ਦੀ ਖਿੱਚੋਤਾਣ


**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਪੰਜਾਬ ਦੀਆਂ ਭਾਈਵਾਲ ਸੱਤਾਧਾਰੀ ਸਿਆਸੀ ਧਿਰਾਂ ਦੀ ਆਪਸੀ ਖਿੱਚੋਤਾਣ ਸੂਬੇ ਨੂੰ ਮਹਿੰਗੀ ਪੈ ਰਹੀ ਹੈ। ਖਾਸਕਰ ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ 'ਤੇ ਅਕਾਲੀ-ਭਾਜਪਾ ਵੱਲੋਂ ਇਕ ਦੂਜੇ ਪ੍ਰਤੀ ਅਪਨਾਏ ਰਵੱਈਏ ਨੇ ਸਾਬਤ ਕੀਤਾ ਹੈ ਕਿ ਦੋਵੇਂ ਧਿਰਾਂ ਆਪਣੇ ਸਿਆਸੀ ਮੁਫਾਦ ਲਈ ਕਿਸੇ ਹੱਦ ਤੱਕ ਵੀ ਜਾ ਸਕਦੀਆਂ ਹਨ। ਇਸ ਸਮਾਗਮ ਵਿਚ ਸੀਨੀਅਰ ਕੇਂਦਰੀ ਆਗੂਆਂ ਨੂੰ ਸੱਦਾ ਦਿੱਤਾ ਗਿਆ ਸੀ ਤੇ ਇਹ ਉਮੀਦ ਵੀ ਕੀਤੀ ਜਾ ਰਹੀ ਸੀ ਕਿ ਆਰਥਿਕ ਤੰਗੀ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ ਵੱਡੀ ਰਾਹਤ ਦਾ ਐਲਾਨ ਕੀਤਾ ਜਾਵੇਗਾ ਕਿਉਂਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਸਮਾਗਮ ਤੋਂ ਤਕਰੀਬਨ ਹਫਤਾ ਪਹਿਲਾਂ ਪੰਜਾਬ ਦੇ ਮੁੱਖ ਮੁੱਦਿਆਂ ਬਾਰੇ ਫਾਈਲਾਂ ਮੰਗਵਾ ਲਈਆਂ ਸਨ ਪਰ ਸਮਾਗਮ ਤੋਂ ਤਿੰਨ ਦਿਨ ਪਹਿਲਾਂ ਪ੍ਰਧਾਨ ਮੰਤਰੀ ਦਾ ਦੌਰਾ ਰੱਦ ਹੋ ਗਿਆ।

ਪ੍ਰਧਾਨ ਮੰਤਰੀ ਦੀ ਥਾਂ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਸਮੇਤ ਕਈ ਸੀਨੀਅਰ ਆਗੂ ਸ਼ਤਾਬਦੀ ਸਮਾਗਮ ਵਿਚ ਪਹੁੰਚੇ ਪਰ ਸੂਬੇ ਲਈ ਕਿਸੇ ਵਿੱਤੀ ਰਾਹਤ ਦਾ ਐਲਾਨ ਨਾ ਹੋਇਆ। ਕੇਂਦਰੀ ਮੰਤਰੀ ਰਾਜਨਾਥ ਸਿੰਘ ਆਪਣੇ ਭਾਸ਼ਨ ਵਿਚ ਮੋਦੀ ਸਰਕਾਰ ਦਾ ਧਰਮ ਨਿਰਪੱਖਤਾ ਦਾ ਦਾਅਵਾ ਪੁਖਤਾ ਕਰਦੇ ਨਜ਼ਰ ਆਏ ਤੇ ਜਾਂਦੇ ਜਾਂਦੇ ਪੰਜਾਬੀਆਂ ਦੇ ਨਸ਼ਿਆਂ ਵਿਚ ਗੁਲਤਾਨ ਹੋਣ ਦਾ ਮਿਹਣਾ ਮਾਰ ਗਏ। ਕੇਂਦਰੀ ਆਗੂਆਂ ਦੇ ਇਸ ਰਵੱਈਏ ਨੂੰ ਦੋਵਾਂ ਸਿਆਸੀ ਧਿਰਾਂ ਵਿਚ ਚੱਲ ਰਹੀ ਖਿੱਚੋਤਾਣ ਮੰਨਿਆ ਜਾ ਰਿਹਾ ਹੈ।

ਭਾਜਪਾ ਆਗੂ ਅਕਾਲੀ ਦਲ ਦੇ ਪੰਥਕ ਏਜੰਡੇ ਤੋਂ ਕਾਫੀ ਔਖੇ ਹਨ। ਹਾਲ ਹੀ ਵਿਚ ਸਾਬਕਾ ਖਾੜਕੂ ਦਵਿੰਦਰਪਾਲ ਸਿੰਘ ਭੁੱਲਰ ਦੇ ਤਿਹਾੜ ਜੇਲ੍ਹ ਵਿਚੋਂ ਪੰਜਾਬ ਤਬਾਦਲੇ ਤੇ ਇਸ ਪਿੱਛੋਂ ਸ਼ਤਾਬਦੀ ਸਮਾਗਮ ਨੂੰ ਭਾਜਪਾ ਨੇ ਆਪਣੇ ਆਪ ਲਈ ਵੱਡੀ ਚੁਣੌਤੀ ਮੰਨਿਆ ਹੈ। ਇਹੀ ਕਾਰਨ ਹੈ ਕਿ ਮੋਦੀ ਦਾ ਦੌਰਾ ਰੱਦ ਹੋਣ ਕਾਰਨ ਭਾਜਪਾ ਆਗੂ ਕੱਛਾਂ ਵਜਾਉਂਦੇ ਨਜ਼ਰ ਆਏ। ਇਹ ਵੀ ਚਰਚਾ ਹੈ ਕਿ ਸਮਾਗਮ ਮੌਕੇ ਪੰਜਾਬ ਲਈ ਕਿਸੇ ਵੱਡੇ ਐਲਾਨ ਲਈ ਕੇਂਦਰੀ ਤੇ ਸੂਬਾਈ ਆਗੂਆਂ ਵਿਚ ਚਰਚਾ ਹੋਈ ਸੀ ਤੇ ਤਰਕ ਦਿੱਤਾ ਗਿਆ ਕਿ ਇਹ ਐਲਾਨ ਅਕਾਲੀ ਦਲ ਦੇ ਹੱਕ ਵਿਚ ਭੁਗਤੇਗਾ। ਅਸਲ ਵਿਚ ਦੋਵੇਂ ਭਾਈਵਾਲ ਧਿਰਾਂ ਸੂਬੇ ਵਿਚ ਆਪਣੀ ਭੱਲ ਬਣਾਉਣ ਵਿਚ ਜੁਟੀਆਂ ਹੋਈਆਂ ਹਨ।

ਭਾਜਪਾ ਨੇ ਸੂਬੇ ਵਿਚ ਵੱਡੇ ਪੱਧਰ 'ਤੇ ਭਰਤੀ ਮੁਹਿੰਮ ਛੇੜੀ ਹੋਈ ਹੈ ਜਿਸ ਨੂੰ ਭਰਵਾਂ ਹੁੰਗਾਰਾ ਵੀ ਮਿਲਿਆ ਹੈ। ਦੋਵੇਂ ਧਿਰਾਂ ਪੰਜਾਬ ਦੇ ਮੁੱਖ ਮੁੱਦਿਆਂ 'ਤੇ ਵੀ ਇਕ ਦੂਜੇ ਨੂੰ ਠਿੱਬੀ ਲਾਉਣ ਦੀ ਤਾਕ ਵਿਚ ਹਨ। ਲੋਕ ਸਭਾ ਤੇ ਹਰਿਆਣਾ ਵਿਧਾਨ ਸਭਾ ਚੋਣਾਂ ਵਿਚ ਜਿੱਤ ਤੋਂ ਬਾਅਦ ਭਾਜਪਾ ਨੇ ਪੰਜਾਬ ਵਿਚ ਪੰਥਕ ਮੁੱਦਿਆਂ ਬਾਰੇ ਵੀ ਆਵਾਜ਼ ਬੁਲੰਦ ਕੀਤੀ ਸੀ ਪਰ ਹਿੰਦੂ ਵੋਟ ਨੂੰ ਖੋਰਾ ਲੱਗਦਾ ਵੇਖ ਪਿੱਛੇ ਹਟ ਗਈ। ਹੁਣ ਅਕਾਲੀ ਦਲ ਇਨ੍ਹਾਂ ਮੁੱਦਿਆਂ 'ਤੇ ਸਰਗਰਮ ਹੈ ਤੇ ਭਾਜਪਾ ਇਸ ਨੂੰ ਚੁਣੌਤੀ ਮੰਨ ਰਹੀ ਹੈ। ਅਕਾਲੀ ਦਲ ਨੂੰ ਪਿੱਛੇ ਧੱਕਣ ਲਈ ਭਾਜਪਾ ਦੀ ਕੇਂਦਰੀ ਲੀਡਰਸ਼ਿਪ ਵੀ ਸਰਗਰਮ ਹੈ। ਇਸੇ ਹਫਤੇ ਭੂਮੀ ਪ੍ਰਾਪਤੀ ਬਿੱਲ ਬਾਰੇ ਕਾਇਮ ਕੀਤੀ ਸੰਸਦੀ ਸਿਲੈਕਟ ਕਮੇਟੀ ਵਿਚੋਂ ਸ਼੍ਰੋਮਣੀ ਅਕਾਲੀ ਦਲ ਨੂੰ ਲਾਂਭੇ ਕਰ ਦਿੱਤਾ ਗਿਆ ਤੇ ਇਸ ਦੇ ਉਲਟ ਐਨ.ਡੀ.ਏ. ਵਿਚ ਸ਼ਾਮਲ ਦੋ ਹੋਰਨਾਂ ਪਾਰਟੀਆਂ ਸ਼ਿਵ ਸੈਨਾ ਤੇ ਲੋਕ ਜਨ ਸ਼ਕਤੀ ਪਾਰਟੀ ਦੇ ਸੰਸਦ ਮੈਂਬਰਾਂ ਨੂੰ ਨੁਮਾਇੰਦਗੀ ਦੇ ਦਿੱਤੀ ਗਈ ਹੈ। ਕੇਂਦਰ ਵੱਲੋਂ

*(ਬਾਕੀ ਸਫਾ 6 'ਤੇ)*


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2,800 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਦੁਨੀਆਂ ਦੇ ਕਿਸੇ ਫੋਨ ਵਿੱਚ ਅਸੀਂ ਪੈਸੇ ਪਾ ਸਕਦੇ ਹਾਂ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

# ਅਮਰੀਕਾ ਦਾ ਖੇਡ ਲੇਖਕ ਇਕਬਾਲ ਸਿੰਘ ਜੱਬੋਵਾਲੀਆ

ਪੰਜਾਬੀ ਵਿਚ ਖੇਡਾਂ ਬਾਰੇ ਲਿਖਣ ਵਾਲੇ ਬਹੁਤ ਘੱਟ ਲੇਖਕ ਹਨ। ਕੋਈ ਵੇਲਾ ਸੀ ਜਦੋਂ ਪੰਜਾਬੀ ਵਿਚ ਇਕੱਲੇ ਪ੍ਰਿੰਸੀਪਲ ਸਰਵਣ ਸਿੰਘ ਨੇ ਹੀ ਖਿਡਾਰੀਆਂ ਬਾਰੇ ਲਿਖਣਾ ਸ਼ੁਰੂ ਕੀਤਾ ਸੀ। ਇਹ ਉਨ੍ਹਾਂ ਦੀ ਕਲਮ ਦਾ ਹੀ ਕਮਾਲ ਸੀ



ਕਿ ਛੇਤੀ ਹੀ ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਵਿਚ ਹਰਮਨ ਪਿਆਰੀਆਂ ਹੋ ਗਈਆਂ। ਵਿਦੇਸ਼ਾਂ ਵਿਚ ਤਾਂ ਖੇਡਾਂ ਬਾਰੇ ਲਿਖਣ ਵਾਲੇ ਪੰਜਾਬੀ ਲਿਖਾਰੀ ਅੱਜ ਤੱਕ ਵੀ ਗਿਣਵੇਂ ਚੁਣਵੇਂ ਹੀ ਹਨ ਜਿਨ੍ਹਾਂ

ਡਾ. ਚਰਨਜੀਤ ਸਿੰਘ ਗੁਮਟਾਲਾ
ਡੇਅਟਨ, ਓਹਾਇਓ
ਫੋਨ: 937-573-9812

ਵਿਚ ਨਿਊ ਯਾਰਕ ਵੱਸਦੇ ਇਕਬਾਲ ਸਿੰਘ ਜੱਬੋਵਾਲੀਆ ਦਾ ਨਾਂ ਸਭ ਤੋਂ ਉਪਰ ਹੈ। ਜੱਬੋਵਾਲੀਆ ਨੇ ਖਿਡਾਰੀਆਂ ਤੇ ਭਲਵਾਨਾਂ ਦੇ ਰੇਖਾ-ਚਿੱਤਰ ਬੜੀ ਖੂਬਸੂਰਤੀ ਨਾਲ ਲਿਖੇ ਹਨ ਜੋ ਅਮਰੀਕਾ ਤੋਂ ਇਲਾਵਾ ਕੈਨੇਡਾ, ਇੰਗਲੈਂਡ, ਇਟਲੀ ਅਤੇ ਆਸਟ੍ਰੇਲੀਆ ਦੀਆਂ ਅਖਬਾਰਾਂ ਵਿਚ ਵੀ ਛਪਦੇ ਹਨ।

ਜਿਲਾ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਦੇ ਨਜ਼ਦੀਕ ਪਿੰਡ ਜੱਬੋਵਾਲ ਪਿਤਾ ਧੰਨਪਤ ਰਾਏ ਅਤੇ ਮਾਤਾ ਠਾਕੁਰ ਕੌਰ ਦੇ ਇਕ ਸਾਧਾਰਨ ਪਰਿਵਾਰ ਵਿਚ ਉਨ੍ਹਾਂ ਜਨਮ ਲਿਆ। ਸਿੱਖ ਨੈਸ਼ਨਲ ਕਾਲਜ ਬੰਗਾ ਪੜ੍ਹਦਿਆਂ ਉਸ ਨੇ ਲਿਖਣਾ ਕਹਾਣੀ ਲਿਖਣ ਤੋਂ ਸ਼ੁਰੂ ਕੀਤਾ। ਲਿਖਣ ਦਾ ਇਹ ਸ਼ੌਕ ਅੱਜ ਅਮਰੀਕਾ ਦੀ ਧਰਤੀ 'ਤੇ ਵੀ ਜਾਰੀ ਹੈ। ਕਾਲਜ ਪੜ੍ਹਦਿਆਂ ਪ੍ਰਸਿੱਧ ਗੀਤਕਾਰ ਸ਼ਮਸ਼ੇਰ ਸੰਧੂ ਉਨ੍ਹਾਂ ਨੂੰ ਪੰਜਾਬੀ ਪੜ੍ਹਾਇਆ ਕਰਦੇ ਸਨ। ਗੀਤਕਾਰਾਂ, ਗਾਇਕਾਂ ਅਤੇ ਫਿਲਮਾਂ ਬਾਰੇ ਵੀ ਗੱਲਾਂ-ਬਾਤਾਂ ਕਰਦੇ ਰਹਿੰਦੇ। ਵਿਦਿਆਰਥੀਆਂ ਨੂੰ ਵੀ ਲਿਖਣ ਲਈ ਪ੍ਰੇਰਦੇ। ਇਸੇ ਤੋਂ ਪ੍ਰੇਰਿਤ ਹੋ ਕੇ ਇਕਬਾਲ ਨੇ ਸਭ ਤੋਂ ਪਹਿਲਾਂ ਕਹਾਣੀ 'ਬੱਸ ਕਿਰਾਇਆ' ਲਿਖੀ ਜੋ ਕਾਲਜ ਦੇ ਸਾਲਾਨਾ ਮੈਗਜ਼ੀਨ ਵਿਚ ਛਪੀ। ਉਸ ਤੋਂ ਬਾਅਦ 'ਮਾਂ ਦਾ ਪਿਆਰ', 'ਮਜਬੂਰੀ', 'ਸ਼ਰਾਬੀ' ਅਤੇ 'ਦਾਜ' ਵਰਗੀਆਂ ਕਹਾਣੀਆਂ ਲਿਖੀਆਂ, ਜੋ ਕਾਲਜ ਮੈਗਜ਼ੀਨ ਤੋਂ ਇਲਾਵਾ ਇੰਦਰ ਮੋਹਣ ਸੋਢੀ ਦੀ ਬੰਗਿਆਂ ਤੋਂ ਨਿਕਲਦੀ ਸਥਾਨਕ ਪੰਜਾਬੀ ਅਖਬਾਰ 'ਨਿਸ਼ਾਨੀ' ਵਿਚ ਵੀ ਛਪੀਆਂ। ਬੰਗਾ ਕਾਲਜ ਦੇ ਸਾਥੀਆਂ ਨਾਲ ਇਕ ਵਾਰ ਉਹ ਸਾਈਕਲਾਂ 'ਤੇ ਧਾਰਮਿਕ ਸਥਾਨਾਂ ਦੀ ਯਾਤਰਾ ਕਰਨ ਗਏ ਜਿਸ ਦੌਰਾਨ ਉਨ੍ਹਾਂ ਗੁਰਦੁਆਰਾ ਕੀਰਤਪੁਰ ਸਾਹਿਬ, ਗੁਰੂ ਕਾ ਲਾਹੌਰ, ਪਰਿਵਾਰ ਵਿਛੋੜਾ ਅਤੇ ਰੋਪੜ ਦਾ ਗੁਰਦੁਆਰਾ ਭੱਠਾ ਸਾਹਿਬ ਵੇਖਿਆ। ਇਸ ਯਾਤਰਾ ਬਾਰੇ ਇਕਬਾਲ ਨੇ ਸਫਰਨਾਮਾ ਲਿਖਿਆ ਜੋ ਬੜਾ ਪਸੰਦ ਕੀਤਾ ਗਿਆ।

ਉਨ੍ਹਾਂ ਦਿਨਾਂ ਵਿਚ ਪੰਜਾਬੀ ਵਿਭਾਗ ਦੇ ਮੁਖੀ ਡਾ. ਅਜੀਤ ਸਿੰਘ ਸਿੱਕਾ ਸਨ, ਜੋ ਪੰਜਾਬੀ ਤੋਂ ਇਲਾਵਾ ਉਰਦੂ, ਹਿੰਦੀ ਅਤੇ ਅੰਗਰੇਜ਼ੀ ਦੇ ਵੀ ਵਿਦਵਾਨ ਸਨ। ਡਾ. ਗੁਰਚਰਨ ਸਿੰਘ ਸਾਕੀ ਵੀ ਉਥੇ ਪੰਜਾਬੀ ਦੇ ਲੈਕਚਰਾਰ ਹੁੰਦੇ ਸਨ। ਇਸ ਤਰ੍ਹਾਂ ਉਥੇ ਸਾਹਿਤਕ ਮਾਹੌਲ ਸੀ। ਇਕਬਾਲ ਸਿੰਘ ਨੇ ਨਿਊ ਯਾਰਕ ਵਿਚ ਸਾਲ 1984 ਵਿਚ ਆ ਡੇਰੇ ਲਾਏ। ਇਥੇ ਜ਼ਿੰਦਗੀ ਨਾਲ ਜੱਦੋਜਹਿਦ ਕਰਦਿਆਂ ਲਿਖਣ ਦਾ ਸ਼ੌਕ ਜਾਰੀ ਰੱਖਿਆ। ਖੇਡਾਂ ਦੇ ਨਾਲ ਨਾਲ ਸਾਹਿਤ ਦਾ ਸ਼ੌਕ ਵੀ ਪਾਲਿਆ ਤੇ 'ਦੂਜਾ ਵਿਆਹ', 'ਧਰਮ ਦੇ ਠੇਕੇਦਾਰ', 'ਹਵੇਲੀ ਵਾਲੇ', 'ਮਿੱਟੀ ਦਾ ਮੁੱਲ', 'ਮੌਕੇ ਦੇ ਹਾਕਮ', 'ਲਾਲਾ ਛਟਾਂਕੀ ਰਾਮ', 'ਛੜਾ ਤਾਇਆ', 'ਭੁੱਟੋ ਦਾ ਟੈਪੂ', 'ਬੰਗਿਆਂ ਦੇ ਭੰਡ' ਆਦਿ ਵਿਅੰਗ ਅਤੇ ਕਹਾਣੀਆਂ ਲਿਖੀਆਂ। ਇਸ ਤੋਂ ਇਲਾਵਾ ਗੀਤਕਾਰ ਪਾਲ ਮਜ਼ਾਰੇ ਵਾਲਾ, ਚਰਨ ਸਿੰਘ ਸਫਰੀ, ਜਸਵੀਰ ਗੁਣਾਚੌਰੀਆ ਤੇ ਗਾਇਕਾ ਨਰਿੰਦਰ ਮਾਵੀ ਤੇ ਲਾਡੀ ਬਸਰਾ ਬਾਰੇ ਵੀ ਲਿਖਿਆ। ਕਵਿਤਾ ਲਿਖਣ ਦੇ ਸ਼ੌਕ ਨੂੰ ਉਹ 'ਗਾਡ-ਗਿਫਟ' ਸਮਝਦਾ ਹੈ।

ਅਮਰੀਕਾ ਵਿਚ ਉਸ ਦੀ ਪਹਿਲੀ ਖੇਡ ਲਿਖਤ ਨਿਊ ਯਾਰਕ ਦੇ ਪ੍ਰਸਿੱਧ ਕਬੱਡੀ ਖਿਡਾਰੀ ਮੱਖਣ ਸਿੰਘ ਧਾਲੀਵਾਲ ਬਾਰੇ ਸੀ ਜੋ ਇੰਗਲੈਂਡ ਤੋਂ ਛਪਦੀ ਹਫਤਾਵਾਰੀ ਅਖਬਾਰ 'ਪੰਜਾਬ ਟਾਇਮਜ਼' ਵਿਚ ਛਪੀ। ਉਸ ਤੋਂ ਬਾਅਦ ਖਿਡਾਰੀਆਂ ਬਾਰੇ ਲਿਖਣ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਕਬੱਡੀ ਖਿਡਾਰੀਆਂ ਵਿਚ ਮੱਖਣ ਸਿੰਘ ਧਾਲੀਵਾਲ ਤੋਂ ਇਲਾਵਾ ਸਰਬਣ ਬੱਲ, ਨਡਾਲੇ ਵਾਲਾ ਪ੍ਰੀਤਾ, ਪੱਤੜੀਆ ਬੋਲਾ, ਸ਼ੇਕਰੀਆ ਘੁੱਗਾ, ਹਰਜਿੰਦਰ ਸਿੰਘ ਬਾਣਾ, ਚੱਕਾਂ ਵਾਲਾ ਕਮਲ ਪੰਡਿਤ, ਹਕੀਮਪੁਰ ਵਾਲਾ ਗੁਰਜੀਤ ਪੁਰੇਵਾਲ, ਬਹਿਰਾਮੀਆ ਸ਼ਿੰਦਾ, ਤੀਰਥ ਗਾਖਲ, ਸੰਨੀ ਕੰਦੋਲਾ, ਸਰਬਜੀਤ ਮਾਹਲ, ਕਬੱਡੀ ਕੈਂਚੀ ਦਾ ਥੰਮ੍ਹ ਮੱਲਪੁਰੀਆ ਹਰੀ, ਸਰਹਾਲੀਆ ਪਾਲੀ, ਕਪੂਰਥਲੀਆ ਕਾਰੀ, ਬਾਜ਼ ਸਿੰਘ ਬਾਜ਼ ਨਿਊ ਯਾਰਕ, ਖੁਰਦਪੁਰੀਆ ਭੱਜੀ ਅਤੇ ਚੰਨਾ (ਦੋਵੇਂ ਭਰਾ) ਆਦਿ ਖਿਡਾਰੀ ਉਸ ਦੀਆਂ ਲਿਖਤਾਂ ਦਾ ਵਿਸ਼ਾ ਬਣੇ।

ਕਬੱਡੀ ਇਤਿਹਾਸ ਦੇ ਦੋ ਥੰਮ੍ਹਾਂ ਪ੍ਰਿੰਸੀਪਲ ਸਰਵਣ ਸਿੰਘ ਤੇ ਪ੍ਰੋ. ਮੱਖਣ ਸਿੰਘ ਹਕੀਮਪੁਰ, ਸੰਨਵਾਂ ਵਾਲੇ ਹਰਭਜਨ ਭੱਜੀ ਅਤੇ ਨਿਊ ਯਾਰਕ ਦੇ ਪ੍ਰਸਿੱਧ ਕਬੱਡੀ ਪ੍ਰਮੋਟਰ ਮਹਿੰਦਰ ਸਿੰਘ ਸਿੱਧੂ ਬਾਰੇ ਵੀ ਉਸ ਨੇ ਲਿਖਿਆ। ਨਿਊ ਯਾਰਕ ਦੀ ਧਰਤੀ 'ਤੇ ਸਥਾਪਤ ਰਾਜਾ ਸਾਹਿਬ ਸਪੋਰਟਸ ਕਲੱਬ ਦੋਆਬਾ ਨੂੰ ਖਿਡਾਰੀਆਂ ਵਿਚ ਮਕਬੂਲ ਕਰਨ ਵਿਚ ਵੀ ਉਸ ਦੀ ਵੱਡੀ ਭੂਮਿਕਾ ਹੈ।

ਇਕਬਾਲ ਨੇ ਜਿਨ੍ਹਾਂ ਪਹਿਲਵਾਨਾਂ ਦੀਆਂ ਪ੍ਰਾਪਤੀਆਂ 'ਤੇ ਕਲਮ ਚਲਾਈ, ਉਨ੍ਹਾਂ ਵਿਚ ਪਹਿਲਵਾਨ ਕਿੱਕਰ ਸਿੰਘ, ਗਾਮਾ ਪਹਿਲਵਾਨ, ਟਾਈਗਰ ਜੋਗਿੰਦਰ ਸਿੰਘ, ਮਾਸਟਰ ਚੰਦਗੀ ਰਾਮ, ਪਹਿਲਵਾਨ ਮੇਹਰਦੀਨ, ਰੁਸਤਮੇ ਹਿੰਦ ਬੁੱਧ ਸਿੰਘ, ਰੁਸਤਮੇ ਹਿੰਦ ਹਰਬੰਸ ਸਿੰਘ ਰਾਏਪੁਰ ਡੱਬਾ, ਬਿੱਲਾ ਅੰਬਰਸਰੀਆ, ਰਾਮਾ-ਖੇਲਾ ਵਾਲਾ ਸਰਬਣ, ਜੱਬੋਵਾਲੀਆ ਦਰਸ਼ਣ, ਕੁਸ਼ਤੀ ਕੋਚ ਪੀ ਆਰ ਸੋਂਧੀ, ਜੈਲਾ ਰਾਏਪੁਰ ਡੱਬਾ, ਅਮਨਦੀਪ ਵਿੱਕੀ, ਮਨਦੀਪ ਸੋਂਧੀ, ਪਟਿਆਲੇ ਵਾਲਾ ਗੁਰਮੁੱਖ ਭਲਵਾਨ, ਸ਼ੀਰੀ ਪਹਿਲਵਾਨ, ਪੀ ਐਨ ਟੀ ਪਹਿਲਵਾਨ, ਸੰਘਵਾਲ ਵਾਲਾ ਸੁਖਵੀਰ, ਜਸਵਿੰਦਰ ਸਿੰਘ ਜੌਹਲ, ਕੇਵਲ ਕੈਲੇ, ਰੰਗਾ ਪਹਿਲਵਾਨ, ਪਹਿਲਵਾਨੀ ਤੋਂ ਫਿਲਮਾਂ ਵਿਚ ਗਿਆ ਸੇਰੋਂ ਵਾਲਾ ਬਾਬਾ ਖੈਰਾ, ਭਾਰਤੀ ਬਾਡੀ ਬਿਲਡਰ ਪ੍ਰੇਮ ਚੰਦ ਡੇਗਰਾ ਆਦਿ ਸ਼ਾਮਲ ਹਨ।



*ਗੜ੍ਹਸ਼ੰਕਰ ਕਬੱਡੀ ਮੇਲੇ ਸਮੇਂ ਇਕਬਾਲ ਸਿੰਘ ਜਬੋਵਾਲੀਆ ਦਾ ਸਨਮਾਨ ਕਰਦੇ ਹੋਏ ਪ੍ਰਿੰਸੀਪਲ ਸਰਵਣ ਸਿੰਘ, ਹਾਕੀ ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਸਵਰਗੀ ਮੇਜਰ ਸਿੰਘ ਮੌਜੀ, ਇੰਡੀਅਨਐਪੋਲਿਸ ਦੇ ਦਰਸ਼ਨ ਸਿੰਘ ਦਰੜ*



*ਇਕਬਾਲ ਸਿੰਘ ਜਬੋਵਾਲੀਆ*

ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦੇ ਮੈਂਬਰਾਂ ਅਤੇ ਕਲੱਬ ਦੇ ਮੁਖ ਸੇਵਾਦਾਰ ਬਲਦੇਵ ਮਾਨ, ਓਲੰਪੀਅਨ ਵੇਟ ਲਿਫਟਰ ਜਸਵੀਰ ਸਿੰਘ ਕਰਨਾਣਾ, ਜਗਦੀਸ਼ ਸਿੰਘ ਦੀਸ਼ਾ, ਹਰਜੀਤ ਸਿੰਘ, ਬਲਵਿੰਦਰ ਸਿੰਘ ਬੁੱਧੂ, ਸੰਤੋਖ ਬਿੱਲਾ, ਪ੍ਰਦੀਪ ਮਜ਼ਾਰਾ, ਅਮਰਜੀਤ ਮਜ਼ਾਰਾ, ਸੋਨੂ ਕਰਨਾਣਾ ਅਤੇ ਬੱਬੂਆ ਵੀ ਉਸ ਦੀਆਂ ਲਿਖਤਾਂ ਦਾ ਵਿਸ਼ਾ ਬਣੇ।

ਇਹ ਪੁੱਛੇ ਜਾਣ 'ਤੇ ਕਿ ਖਿਡਾਰੀਆਂ ਤੇ ਭਲਵਾਨਾਂ ਬਾਰੇ ਲਿਖਣ ਦਾ ਸ਼ੌਕ ਕਿਵੇਂ ਜਾਗਿਆ? ਇਕਬਾਲ ਸਿੰਘ ਨੇ ਦੱਸਿਆ ਕਿ ਉਹਦਾ ਪਿਤਾ ਭਲਵਾਨੀ ਦਾ ਸ਼ੌਕੀ ਸੀ ਅਤੇ ਵੱਡਾ ਵੀਰ ਹੈਡਮਾਸਟਰ ਗਿਆਨ ਸਿੰਘ ਆਰ ਕੇ ਆਰੀਆ ਕਾਲਜ ਨਵਾਂ ਸ਼ਹਿਰ ਅਤੇ ਯੂਨੀਵਰਸਿਟੀ ਦਾ ਟਾਪ ਫੁੱਟਬਾਲ ਖਿਡਾਰੀ ਅਤੇ ਬੇਹਤਰੀਨ ਅਥਲੀਟ ਹੁੰਦਾ ਸੀ। ਸਿੱਖਿਆ ਵਿਭਾਗ ਵਿਚ ਆ ਕੇ ਉਹ ਜਲੰਧਰ ਜਿਲ੍ਹੇ ਦੀਆਂ ਸਕੂਲੀ ਖੇਡਾਂ ਦਾ ਚਾਰ ਸਾਲ ਪ੍ਰਧਾਨ ਵੀ ਰਿਹੈ। ਘਰ ਪਰਿਵਾਰ ਖੇਡਾਂ ਨਾਲ ਜੁੜਿਆ ਹੋਣ ਕਰਕੇ ਇਹ ਸ਼ੌਕ ਕੁਦਰਤੀ ਹੀ ਪੈ ਗਿਆ।

ਉਸ ਉਘੇ ਫੁਟਬਾਲਰ ਜਰਨੈਲ ਸਿੰਘ ਪਨਾਮ, ਅਰਜਨ ਐਵਾਰਡੀ ਇੰਦਰ ਸਿੰਘ, ਨਿਰੰਜਨ ਦਾਸ ਮੰਗੂਵਾਲ, ਕਾਹਮੇ ਵਾਲਾ ਗੁਰਸ਼ਰਨ ਛੰਨਾ, ਅਮਰੀਕ ਸਿੰਘ ਪਾਸ਼ਟਾ ਅਤੇ ਗੁਜਰਪੁਰ ਖੁਰਦ ਵਾਲੇ ਗੁਰਦੇਵ ਦੇਬੀ ਆਦਿ ਫੁੱਟਬਾਲ ਖਿਡਾਰੀਆਂ ਬਾਰੇ ਲਿਖਿਆ।

ਆਪਣੇ ਵਿਛੜ ਗਏ ਭਰਾ ਦੀ ਯਾਦ ਵਿਚ ਤਿੰਨ ਰੋਜ਼ਾ 'ਹੈਡਮਾਸਟਰ ਗਿਆਨ ਸਿੰਘ ਕਬੱਡੀ ਮੇਲਾ' ਪਿੰਡ ਜੱਬੋਵਾਲ ਵਿਚ ਕਰਵਾਇਆ। ਮਾਹਿਲ-ਗਹਿਲਾਂ ਦੇ ਫੁੱਟਬਾਲ ਅਤੇ ਕਬੱਡੀ ਮੇਲੇ ਅਤੇ ਦਰੜ ਭਰਾਵਾਂ ਦੇ ਪਿੰਡ ਇਬਰਾਹੀਮਪੁਰ ਅੱਖੀਂ ਵੇਖੇ ਖੇਡ ਮੇਲੇ ਦਾ ਜ਼ਿਕਰ 'ਖੇਡ ਮੇਲੇ ਰੰਗਲੇ ਪੰਜਾਬ ਦੇ' ਨਾਂ ਹੇਠ ਕੀਤਾ। ਪੰਜਾਬ 'ਚ ਵਧ ਰਹੀ ਲੱਚਰ ਗਾਇਕੀ ਦਾ ਉਹ ਕੱਟੜ ਵਿਰੋਧੀ ਹੈ। ਨਿਊ ਯਾਰਕ ਵਿਚ ਹੁੰਦੇ ਕਬੱਡੀ, ਫੁੱਟਬਾਲ, ਬਾਸਕਟਬਾਲ ਅਤੇ ਬੱਚਿਆਂ ਦੇ ਖੇਡ ਮੁਕਾਬਲਿਆਂ ਦੌਰਾਨ ਕੁਮੈਂਟਰੀ ਦੀ ਸੇਵਾ ਵੀ ਉਹ ਨਿਭਾਉਂਦਾ ਹੈ। ਟੂਰਨਾਮੈਂਟਾਂ ਬਾਰੇ ਉਨ੍ਹਾਂ ਦੀਆਂ ਰਿਪੋਰਟਾਂ ਵੱਖ ਵੱਖ ਅਖਬਾਰਾਂ ਵਿਚ ਛਪਦੀਆਂ ਹਨ।

ਖੇਡ ਲੇਖਕ ਵਜੋਂ ਟੀ.ਵੀ. ਚੈਨਲ 'ਜਸ ਪੰਜਾਬੀ' ਦੇ ਸਟੂਡੀਓ ਵਿਚ ਸੁਰਿੰਦਰ ਸੋਹਲ ਵਲੋਂ ਉਸ ਨਾਲ ਕੀਤੀ ਗਈ ਇੰਟਰਵਿਊ ਪ੍ਰਸਾਰਤ ਕੀਤੀ ਗਈ।

ਜਿਨ੍ਹਾਂ ਪਹਿਲਵਾਨਾਂ ਅਤੇ ਖਿਡਾਰੀਆਂ ਬਾਰੇ ਇਕਬਾਲ ਇਨ੍ਹੀਂ ਦਿਨੀਂ ਲਿਖ ਰਿਹਾ ਹੈ, ਉਨ੍ਹਾਂ ਵਿਚ ਅਰਜਨ ਐਵਾਰਡੀ ਗੁਰਦੇਵ ਸਿੰਘ ਗਿੱਲ ਤੇ ਵੇਟ ਲਿਫਟਰ ਤਾਰਾ ਸਿੰਘ ਸੂੰਦ, ਓਲੰਪੀਅਨ ਹਾਕੀ ਖਿਡਾਰੀ ਸੁਰਿੰਦਰ ਸਿੰਘ ਸੋਢੀ, ਕਬੱਡੀ ਖਿਡਾਰੀ ਰਸਾਲ ਸਿੰਘ ਰਸਾਲਾ, ਜੋਤਾ, ਬਲਵਿੰਦਰ ਫਿੱਡੂ, ਜੱਬੋਵਾਲ ਦੇ ਮਾਹਣਾ ਤੇ ਜੀਤਾ ਅਤੇ ਪਹਿਲਵਾਨ ਲੱਲੀਆਂ ਵਾਲਾ ਸੁਰਜੀਤ, ਆਲਮਗੀਰੀਆ ਫ਼ੌਤਾ, ਕੇਹਰ ਪਹਿਲਵਾਨ, ਸ਼ਿੰਦਾ ਪੱਟੀ ਵਾਲਾ, ਸ਼ੰਕਰੀਆ ਪਾਲਾ, ਮਲਕੀਤ ਗਾਂਧੀ, ਪਰਮਿੰਦਰ ਡੁਮਛੇੜੀ ਸ਼ਾਮਲ ਹਨ। ਇਸ ਤੋਂ ਇਲਾਵਾ ਉਸ ਦਾ ਵਿਚਾਰ ਗੋਲਾ ਸੁਟਾਵੇ ਇੰਸਪੈਕਟਰ ਅਜੈ ਸਿੰਘ, ਹਾਕੀ ਖਿਡਾਰੀ ਪਰਮਜੀਤ ਸਿੰਘ ਸੈਣੀ, ਪੱਪੂ ਧਮਾਈ ਫੁੱਟਬਾਲ, ਗੁਰਮੀਤ ਸਿੰਘ ਰਾਏਪੁਰ ਡੱਬਾ ਅਤੇ ਪ੍ਰਵਾਸੀ ਗੀਤਕਾਰ ਮਲਕੀਤ ਮਹਿੰਦਪੁਰੀ ਬਾਰੇ ਲਿਖਣ ਦਾ ਹੈ।

ਇਕਬਾਲ ਨੇ ਆਪਣੀਆਂ ਲਿਖਤਾਂ ਵਿਚ ਫਲਾਇੰਗ ਸਿੱਖ ਮਿਲਖਾ ਸਿੰਘ, ਪੰਜਾਬ ਬਿਜਲੀ ਬੋਰਡ ਦੇ ਮੁੱਖ ਕੋਚ ਨਰਿੰਦਰ ਸਿੰਘ ਸਰਹਾਲ, ਭਾਰਤੀ ਹਾਕੀ ਟੀਮ ਦੀ ਪਲੇਅਰ ਤੇ ਕੋਚ ਸਰੋਜ਼ ਬਾਲਾ, ਬਾਕਸਰ ਗੁਰਚਰਨ ਗੁਰੂ, ਵੇਟ ਲਿਫਟਰ ਜਸਵਿੰਦਰ ਸਿੰਘ ਨਾਗਰਾ, ਯੂਨੀਵਰਸਿਟੀ ਖਿਡਾਰੀ ਮਜ਼ਾਰੇ ਵਾਲਾ ਚਰਨਾ, ਬੀ ਸੀ ਦਾ 'ਸਟਰੌਂਗ ਮੈਨ' ਪੈਂਟਾ ਗੁਣਾਚੌਰੀਆ, ਓਲੰਪੀਅਨ ਵੇਟ ਲਿਫਟਰ ਸੰਦੀਪ ਬੜਾ ਪਿੰਡ, ਅਮਰੀਕਾ ਦਾ ਪਾਵਰ ਲਿਫਟਰ ਫ਼ਤਿਹਦੀਪ ਸਿੰਘ, ਪਾਵਰ ਲਿਫਟਰ ਭਰਾ ਹਰਜਿੰਦਰ ਤੇ ਹਰਜੀਤ, ਯੂਨੀਵਰਸਿਟੀ ਅਥਲੀਟ ਤੇ ਵੇਟ ਲਿਫਟਰ ਗੁਰਮੀਤ ਸਿੰਘ ਗੰਡਮ, ਅਮਰੀਕਾ ਦੇ ਮੈਰਾਥਨ ਦੌੜਾਕ ਹਰਮੇਸ਼ ਸਿੰਘ ਉੜਾਪੜ ਅਤੇ ਡਾ. ਅਵਤਾਰ ਸਿੰਘ ਟੀਨਾ ਦੀਆਂ ਪ੍ਰਾਪਤੀਆਂ ਦਾ ਵੀ ਜ਼ਿਕਰ ਕੀਤਾ ਹੈ।

ਹਮੇਸ਼ਾ ਆਪਣੇ ਜਿਗਰੀ ਯਾਰਾਂ-ਦੋਸਤਾਂ, ਪਾਠਕਾਂ, ਖੇਡ ਪ੍ਰੇਮੀਆਂ, ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਨਾਲ ਲੈ ਕੇ ਚਲਣ ਵਾਲਾ ਇਕਬਾਲ ਸਿੰਘ ਆਪਣੀ ਜ਼ਿੰਦਗੀ ਤੋਂ ਬੜਾ ਖੁਸ਼ ਹੈ। ਉਹ ਆਪ ਜੋ ਕੁਝ ਨਹੀਂ ਬਣ ਸਕਿਆ ਹੁਣ ਲੋੜਵੰਦ ਗਰੀਬ ਖਿਡਾਰੀਆਂ ਦੀ ਤਨ, ਮਨ, ਧਨ ਨਾਲ ਸੇਵਾ ਕਰ ਕੇ ਪੂਰਾ ਕਰ ਰਿਹੈ। ਆਪਣੇ ਦੋ ਬੇਟਿਆਂ-ਨਵਜੋਤ ਸਿੰਘ ਤੇ ਮਨਜੋਤ ਸਿੰਘ ਅਤੇ ਜੀਵਨ ਸਾਥਣ ਨਾਲ ਪੂਰਾ ਖੁਸ਼ ਹੈ। ਉਸ ਦਾ ਸਭ ਮਾਪਿਆਂ ਨੂੰ ਸੁਨੇਹਾ ਹੈ ਕਿ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਉਨ੍ਹਾਂ ਨੂੰ ਖੇਡਾਂ ਨਾਲ ਜੋੜੋ।

## ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ (ਨਿਊ ਯਾਰਕ)

### ਬੱਚਿਆਂ ਦਾ ਗੁਰਮਤਿ ਕੈਂਪ: 29 ਜੂਨ 2015 ਤੋਂ 24 ਜੁਲਾਈ 2015 ਤੱਕ

**ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ, ਨਿਊ ਯਾਰਕ ਵਿਚ ਗਰਮੀਆਂ ਦੀਆਂ ਛੁੱਟੀਆਂ ਵਿਚ ਲੱਗਣ ਵਾਲਾ ਗੁਰਮਤਿ ਕੈਂਪ 29 ਜੂਨ ਤੋਂ 24 ਜੁਲਾਈ ਤੱਕ ਲੱਗੇਗਾ ਜੋ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:30 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤੱਕ ਹੋਵੇਗਾ। ਕੈਂਪ ਵਿਚ ਬੱਚਿਆਂ ਨੂੰ ਪੰਜਾਬੀ ਪੜ੍ਹਨਾ-ਲਿਖਣਾ, ਗੁਰ ਇਤਿਹਾਸ, ਸਿੱਖ ਇਤਿਹਾਸ, ਗੁਰਬਾਣੀ, ਕੀਰਤਨ, ਪੇਂਟਿੰਗ, ਗਤਕਾ ਅਤੇ ਹੋਰ ਵੀ ਬਹੁਤ ਕੁਝ ਸਿਖਾਇਆ ਜਾਵੇਗਾ।**

**ਆਪ ਸਭ ਨੂੰ ਬੇਨਤੀ ਹੈ ਕਿ ਆਪਣੇ ਬੱਚਿਆਂ ਨੂੰ ਇਸ ਗੁਰਮਤਿ ਕੈਂਪ ਵਿਚ ਭੇਜ ਕੇ ਲਾਭ ਉਠਾਓ ਜੀ। ਬੱਚਿਆਂ ਦੀ ਰਜਿਸਟਰੇਸ਼ਨ ਚੱਲ ਰਹੀ ਹੈ। 25 ਜੁਲਾਈ ਨੂੰ ਬੱਚਿਆਂ, ਬਜ਼ੁਰਗਾਂ, ਬੀਬੀਆਂ-ਭੈਣਾਂ ਦਾ ਇਕ ਖੇਡ ਮੇਲਾ ਸਮੋਕੀ ਪਾਰਕ ਵਿਚ ਕਰਵਾਇਆ ਜਾਵੇਗਾ। ਹੋਰ ਜਾਣਕਾਰੀ ਲਈ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਦੇਵ ਸਿੰਘ ਕੰਗ, ਚੇਅਰਮੈਨ ਮੋਹਣ ਸਿੰਘ ਖੱਟੜਾ ਜਾਂ ਕੈਂਪ ਇੰਚਾਰਜ ਮਾਸਟਰ ਰੇਸ਼ਮ ਸਿੰਘ ਨਾਲ ਸੰਪਰਕ ਕੀਤਾ ਜਾ ਸਕਦਾ ਹੈ।**



# ਪ੍ਰੋ. ਭੁੱਲਰ ਦੀ ਸਿਹਤ ਵਿਚ ਸੁਧਾਰ

**ਅੰਮ੍ਰਿਤਸਰ:** ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਵਿਖੇ ਤਬਦੀਲ ਕੀਤੇ ਗਏ ਦਵਿੰਦਰਪਾਲ ਸਿੰਘ ਭੁੱਲਰ ਨੂੰ ਘਰ ਦਾ ਬਣਿਆ ਭੋਜਨ ਅਤੇ ਪਰਿਵਾਰਕ ਮੈਂਬਰਾਂ ਵੱਲੋਂ ਸਾਂਭ ਸੰਭਾਲ ਵਾਲਾ ਮਾਹੌਲ ਮਿਲਣ ਨਾਲ ਉਸਦੀ ਸਿਹਤ ਵਿਚ ਸੁਧਾਰ ਹੋਇਆ ਹੈ। ਇਸੇ ਦੌਰਾਨ ਉਸ ਦੀ ਪੈਰੋਲ 'ਤੇ ਰਿਹਾਈ ਹੋਣ ਨੂੰ ਕੁਝ ਹੋਰ ਸਮਾਂ ਲੱਗਣ ਦੀ ਸੰਭਾਵਨਾ ਹੈ।

ਦਵਿੰਦਰ ਪਾਲ ਸਿੰਘ ਭੁੱਲਰ ਇਸ ਵੇਲੇ ਸਿਜ਼ੋਫਰੇਨੀਆ (ਡਿਪਰੈਸ਼ਨ) ਦੀ ਬਿਮਾਰੀ ਤੋਂ ਪੀੜਤ ਹੈ ਅਤੇ ਉਸ ਦਾ ਇਲਾਜ ਗੁਰੂ ਨਾਨਕ ਦੇਵ ਹਸਪਤਾਲ ਦੇ ਮਨੋਵਿਗਿਆਨ ਮਾਹਿਰਾਂ ਵੱਲੋਂ ਕੀਤਾ ਜਾ ਰਿਹਾ ਹੈ। ਹਸਪਤਾਲ ਦੇ ਨਸ਼ਾ ਛੁਡਾਊ ਕੇਂਦਰ ਦੇ ਮਨੋਰੋਗੀ ਵਾਰਡ ਦੇ ਮੁਖੀ ਡਾ. ਪੀ.ਡੀ. ਗਰਗ ਨੇ ਦੱਸਿਆ ਕਿ ਉਸ ਦੀ ਸਿਹਤ ਵਿਚ ਹੁਣ ਸੁਧਾਰ ਹੋ ਰਿਹਾ ਹੈ। ਇਸੇ ਦੌਰਾਨ ਪ੍ਰੋ. ਭੁੱਲਰ ਦੀ ਪਤਨੀ ਨਵਨੀਤ ਕੌਰ ਨੇ ਸ਼ਿਕਾਇਤ ਕੀਤੀ ਕਿ ਭਾਵੇਂ ਉਸ ਨੂੰ ਆਪਣੇ ਪਤੀ ਨੂੰ ਖੁੱਲ੍ਹੇ ਸਮੇਂ ਲਈ ਮਿਲਣ ਦੀ ਆਗਿਆ ਹੈ ਪਰ ਮੁਲਾਕਾਤ ਦੌਰਾਨ ਕੋਈ ਨਿੱਜੀ ਗੱਲ ਕਰਨ ਦੀ ਆਗਿਆ ਨਹੀਂ ਹੈ ਜਦਕਿ ਤਿਹਾੜ ਜੇਲ੍ਹ ਵਿਚ ਅਜਿਹੀ ਕੋਈ ਰੋਕ ਨਹੀਂ ਸੀ। ਉਸ ਨੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਘੱਟੋ ਘੱਟ ਕੁਝ ਸਮੇਂ ਲਈ ਉਸ ਨੂੰ ਆਪਣੇ ਪਤੀ ਨਾਲ ਇਕੱਲਿਆਂ ਮਿਲਣ ਦਾ ਸਮਾਂ ਦਿੱਤਾ ਜਾਵੇ ਅਤੇ ਉਸ ਵੇਲੇ ਹਸਪਤਾਲ ਦੇ ਕਮਰੇ ਵਿਚ ਕੋਈ ਪੁਲਿਸ ਕਰਮਚਾਰੀ ਨਾ ਆਵੇ।

ਇਸੇ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਹਸਪਤਾਲ ਵਿਚ ਪ੍ਰੋ. ਭੁੱਲਰ ਨਾਲ ਮੁਲਾਕਾਤ ਕੀਤੀ ਅਤੇ ਉਸ ਦੀ ਰਿਹਾਈ ਲਈ ਯਤਨ ਕਰਨ ਦਾ ਭਰੋਸਾ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਕਾਲੀ ਸੂਚੀ ਖ਼ਤਮ ਕਰਨ ਦੀ ਹਮਾਇਤ ਕਰਦਿਆਂ ਆਖਿਆ ਕਿ ਕਾਲੀ ਸੂਚੀ ਵਿਚ ਸ਼ਾਮਲ ਵਿਅਕਤੀਆਂ ਦੀ ਅਗਲੀ ਪੀੜ੍ਹੀ ਦਾ ਕੀ ਦੋਸ਼ ਹੈ ਕਿ ਉਨ੍ਹਾਂ ਨੂੰ ਵੀ ਭਾਰਤ ਆਉਣ ਤੋਂ ਰੋਕਿਆ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਜਿਨ੍ਹਾਂ ਦੇ ਨਾਂ ਕਾਲੀ ਸੂਚੀ ਵਿਚ ਸ਼ਾਮਲ ਸਨ, ਹੁਣ ਉਨ੍ਹਾਂ ਦੇ ਅਗਾਂਹ ਪੋਤਰੇ ਪੋਤਰੀਆਂ ਹਨ, ਪਰ ਉਨ੍ਹਾਂ ਨੂੰ ਵੀ ਪ੍ਰਵਾਨਗੀ ਨਹੀਂ ਦਿੱਤੀ ਜਾ ਰਹੀ।

# ਬਾਦਲਾਂ ਤੋਂ ਮੁਕਤੀ ਲਈ ਕਾਂਗਰਸੀਆਂ ਦਾ ਏਕਾ ਜ਼ਰੂਰੀ: ਬਾਜਵਾ

**ਬਠਿੰਡਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਾਂਗਰਸ ਪਾਰਟੀ ਦੀ ਇੱਕਜੁਟਤਾ ਨੂੰ ਸਮੇਂ ਦੀ ਲੋੜ ਦੱਸਦਿਆਂ ਕਿਹਾ ਕਿ ਪਾਰਟੀ ਦੀ ਏਕਤਾ ਨਾਲ ਹੀ ਪੰਜਾਬ ਨੂੰ ਬਾਦਲਾਂ ਤੋਂ ਮੁਕਤ ਕੀਤਾ ਜਾ ਸਕੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਦੀ ਚੋਣ ਮੁਹਿੰਮ ਕਮੇਟੀ ਦੀ ਵਾਗਡੋਰ ਭਾਵੇਂ ਕੋਈ ਮਰਜ਼ੀ ਸੰਭਾਲ ਲਵੇ, ਪਰ ਪਾਰਟੀ ਪ੍ਰਧਾਨ ਉਹ ਹੀ ਰਹਿਣਗੇ।

ਬਠਿੰਡਾ ਵਿਚ ਪਾਰਟੀ ਦੇ ਪ੍ਰੋਗਰਾਮ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸ. ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਉਹ ਦੋ ਅਕਤੂਬਰ ਤੋਂ ਛੇ ਪੜਾਵੀ ਯਾਤਰਾ ਸ਼ੁਰੂ ਕਰ ਰਹੇ ਹਨ ਜਿਸ ਦੌਰਾਨ ਪੰਜਾਬ ਵਿਚ ਲੋਕਾਂ ਨੂੰ ਮੌਜੂਦਾ ਸਰਕਾਰ ਵਿਰੁੱਧ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਨੇ ਮੈਰਿਜ ਪੈਲੇਸਾਂ ਦਾ ਕਲਚਰ ਤਿਆਗ ਕੇ ਸੱਥਾਂ ਵਿਚ ਜਾਣ ਦਾ ਫੈਸਲਾ ਕੀਤਾ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਲਈ ਚੋਣ ਮਨੋਰਥ ਪੱਤਰ ਲੋਕਾਂ ਦੇ ਸੁਝਾਅ ਲੈ ਕੇ ਤਿਆਰ ਕੀਤਾ ਜਾਵੇਗਾ। ਪਾਰਟੀ ਦਾ ਨਿਸ਼ਾਨਾ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਹੈ ਅਤੇ ਕਾਂਗਰਸ ਸਰਕਾਰ ਬਣਨ 'ਤੇ ਫਾਸਟ ਟਰੈਕ ਅਦਾਲਤਾਂ ਬਣਾਈਆਂ ਜਾਣਗੀਆਂ, ਤਸਕਰਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣਗੀਆਂ ਅਤੇ ਤਸਕਰਾਂ ਦੀ ਹਮਾਇਤ ਕਰਨ ਵਾਲੇ ਆਗੂਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਪਰਿਵਾਰ ਨੇ ਪੰਜਾਬ ਨੂੰ ਤਬਾਹ ਕਰ ਦਿੱਤਾ ਹੈ ਅਤੇ ਸਾਲ 2017 ਦੀਆਂ ਚੋਣਾਂ ਵਿਚ ਕਾਂਗਰਸ ਇਸ ਰਾਜਭਾਗ ਦਾ ਖ਼ਾਤਮਾ ਕਰ ਦੇਵੇਗੀ।

# ਜਗਦੀਸ਼ ਭੋਲਾ ਮੁੰਬਈ ਜੇਲ੍ਹ ਵਿਚ ਤਬਦੀਲ

**ਪਟਿਆਲਾ:** ਸਾਬਕਾ ਕੌਮਾਂਤਰੀ ਪਹਿਲਵਾਨ ਜਗਦੀਸ਼ ਭੋਲਾ ਦੇ ਮਾਮਲੇ ਵਿਚ ਉਸ ਵੇਲੇ ਵੱਡੀ ਤਬਦੀਲੀ ਆਈ ਜਦੋਂ ਨਸ਼ਾ ਤਸਕਰੀ ਦੇ ਪੁਰਾਣੇ ਕੇਸ ਦੀ ਪੇਸ਼ੀ ਮੌਕੇ ਮੁੰਬਈ ਦੀ ਅਦਾਲਤ ਨੇ ਉਸ ਨੂੰ ਵਾਪਸ ਪੰਜਾਬ ਭੇਜਣ ਦੀ ਬਜਾਏ ਉਥੋਂ ਦੀ ਹੀ ਜੇਲ੍ਹ ਵਿਚ ਰੱਖ ਲਿਆ ਜਿਸ ਕਰ ਕੇ ਤਿੰਨ ਲੱਖ ਰੁਪਏ ਦੇ ਖਰਚੇ 'ਤੇ ਭੋਲਾ ਨੂੰ ਮੁੰਬਈ ਲੈ ਕੇ ਗਿਆ 30 ਮੈਂਬਰੀ ਪੁਲਿਸ ਦਲ ਖਾਲੀ ਹੱਥ ਪਰਤ ਆਇਆ ਹੈ। ਉਂਜ ਇਹ ਕਾਰਵਾਈ ਪੰਜਾਬ ਸਰਕਾਰ ਲਈ ਵੱਡੀ ਰਾਹਤ ਸਮਝੀ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ 2013 ਵਿਚ ਗ੍ਰਿਫ਼ਤਾਰ ਜਗਦੀਸ਼ ਭੋਲਾ ਉਤੇ, ਪੰਜਾਬ ਪੁਲਿਸ ਅਰਬਾਂ ਰੁਪਏ ਦੇ ਸਿੰਥੈਟਿਕ ਡਰੱਗਜ਼ ਦਾ ਕਾਰੋਬਾਰ ਕਰਨ ਦੇ ਦੋਸ਼ ਲਾਉਂਦੀ ਆ ਰਹੀ ਹੈ ਜਿਸ ਤਹਿਤ ਉਸ ਸਮੇਤ ਕਈ ਹੋਰਨਾਂ ਖ਼ਿਲਾਫ਼ ਕਈ ਕੇਸਾਂ ਦਾ ਸਾਹਮਣੇ ਕਰਦਾ ਆ ਰਿਹਾ ਭੋਲਾ ਸਰਕਾਰ ਲਈ ਵੱਡੀ ਸਿਰਦਰਦੀ ਦਾ ਕਾਰਨ ਬਣਿਆ ਹੋਇਆ ਹੈ ਕਿਉਂਕਿ ਕੁਝ ਵਜ਼ੀਰਾਂ ਅਤੇ ਵਿਧਾਇਕਾਂ ਸਮੇਤ ਹੋਰ ਮੁੱਖ ਆਗੂਆਂ ਦੇ ਨਾਮਾਂ ਦਾ ਖੁਲਾਸਾ ਹੋਣ ਕਾਰਨ ਪੰਜਾਬ ਦੀ ਬਦਨਾਮੀ ਹੋਈ ਸੀ। ਇਸੇ ਕਾਰਨ ਇਕ ਮੰਤਰੀ ਨੂੰ ਅਸਤੀਫ਼ਾ ਵੀ ਦੇਣਾ ਪਿਆ ਸੀ ਅਤੇ ਇਕ ਹੋਰ ਦੇ ਅਸਤੀਫ਼ੇ ਦੀ ਮੰਗ ਵੀ ਭਖੀ ਰਹੀ। ਪੁਲਿਸ ਉਸ ਨੂੰ ਮੁੰਬਈ ਲਿਜਾਣ ਲਈ ਵੀ ਕੰਨੀਂ ਕਤਰਾਉਂਦੀ ਰਹੀ ਹੈ ਪਰ 23 ਜੂਨ ਦੀ ਪੇਸ਼ੀ ਮੌਕੇ ਮੁੰਬਈ ਦੀ ਅਦਾਲਤ ਵੱਲੋਂ ਭੋਲਾ ਦੀ ਹਾਜ਼ਰੀ ਯਕੀਨੀ ਬਣਾਏ ਜਾਣ ਦੇ ਆਦੇਸ਼ ਦਿੱਤੇ ਹੋਣ ਕਰ ਕੇ ਐਤਕੀਂ ਉਸ ਨੂੰ ਮੁੰਬਈ ਲਿਜਾਣਾ ਪਿਆ। ਭੋਲਾ ਦੇ ਵਕੀਲ ਸਤੀਸ਼ ਕਰਕਰਾ ਨੇ ਸੜਕੀ ਰਸਤੇ ਜਾਨ ਨੂੰ ਖ਼ਤਰੇ ਦਾ ਖਦਸ਼ਾ ਜ਼ਾਹਿਰ ਕਰਨ ਕਰ ਕੇ 30 ਪੁਲਿਸ ਮੁਲਾਜ਼ਮ ਨਾਲ ਗਏ ਪਰ ਅਗਲੀ ਪੇਸ਼ੀ 7 ਜੁਲਾਈ 'ਤੇ ਪਾਉਂਦਿਆਂ ਮੁੰਬਈ ਦੀ ਅਦਾਲਤ ਨੇ ਭੋਲਾ ਨੂੰ ਮੁੰਬਈ ਦੀ ਹੀ ਜੇਲ੍ਹ ਵਿਚ ਰੱਖਣ ਦੇ ਆਦੇਸ਼ ਜਾਰੀ ਕਰ ਦਿੱਤੇ।

# ਪਾਕਿਸਤਾਨ ਵਿਚ ਲੂ ਲੱਗਣ ਨਾਲ 700 ਤੋਂ ਵੱਧ ਮੌਤਾਂ

**ਇਸਲਾਮਾਬਾਦ:** ਪਾਕਿਸਤਾਨ ਵਿਚ ਲੂ ਦੀ ਲਪੇਟ ਵਿਚ ਆਉਣ ਨਾਲ 700 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋ ਗਈ ਹੈ। ਰਮਜ਼ਾਨ ਦੇ ਮਹੀਨੇ ਲੋਕਾਂ ਨੂੰ ਬਿਜਲੀ ਦੀ ਸਮੱਸਿਆ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਕਰਾਚੀ ਸਮੇਤ ਦੇਸ਼ ਦੇ ਜ਼ਿਆਦਾਤਰ ਹਿੱਸੇ ਸ਼ਨਿਚਰਵਾਰ ਤੋਂ ਹੀ ਲੂ ਦੀ ਲਪੇਟ ਵਿਚ ਹਨ। ਇਕੱਲੇ ਕਰਾਚੀ ਸ਼ਹਿਰ ਵਿਚ ਹੀ ਗਰਮੀ ਤੇ ਲੂ ਕਾਰਨ 300 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮੌਸਮ ਵਿਭਾਗ ਅਨੁਸਾਰ ਪਾਕਿਸਤਾਨ ਵਿਚ ਜਲਦ ਹੀ ਮੌਨਸੂਨ ਪਹੁੰਚਣ ਵਾਲੀ ਹੈ। ਕਰਾਚੀ ਵਿਚ ਸ਼ਨਿਚਰਵਾਰ ਦਾ ਦਿਨ ਸਾਲ ਦਾ ਸਭ ਤੋਂ ਗਰਮ ਦਿਨ ਰਿਹਾ ਜਿਥੇ ਵੱਧ ਤੋਂ ਵੱਧ ਤਾਪਮਾਨ 45 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ।

## Matrimonial

### ਵਰ ਦੀ ਲੋੜ ਹੈ

Suitable match for Gur Sikh girl 33, 5'-3", caring, adjustable, innocent issueless divorcee. MA M. Phil (Eng), Assistant Prof., Doing PHD in India. Well placed Amritsar based family. Father Addl. SE Rtd. Cont: 440-725-0024 USA or vmilap@gmail.com 26-27

ਜੱਟ ਸਿੱਖ ਤਲਾਕਸ਼ੁਦਾ (ਕੋਈ ਬੱਚਾ ਨਹੀਂ) ਕੈਨੇਡੀਅਨ ਸਿਟੀਜ਼ਨ ਲੜਕੀ 29 ਸਾਲ 5'4" ਲਈ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਜੱਟ ਸਿੱਖ ਲੜਕੇ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਸੰਪਰਕ ਕਰੋ: 619-457-9270 ਅਤੇ 209-321-7121 24-

### ਕੰਨਿਆ ਦੀ ਲੋੜ ਹੈ

ਰਵੀਦਾਸੀਆ ਸਿੱਖ 27 ਸਾਲ, 5'9", ਬੀ ਕਾਮ (ਅਕਾਉਂਟਿੰਗ), ਐਲ ਐਲ ਬੀ ਇੰਡੀਆ ਰਹਿੰਦੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਪਾਸ 15 ਕਿਲੇ ਜ਼ਮੀਨ ਹੈ। ਸੰਪਰਕ ਕਰੋ, ਫੋਨ: 347-445-3381

Ramgariah family looking for a suitable match for their son 31 years old, Sr. financial analyst. Please contact: v.singh.hawks.united@gmail.com 20/26

**Punjab Times**
**Our New E-mail**
*Punjabtimes1@gmail.com*

**Store For Sale**

Convenience and Grocery Store in Columbia City (Near Fort Wayne) Indian is for sale.
Store is in 2500 Sq. Feet.
Next door 2 bedroom house 25X150 lot
Construction 1500 Sq. Feet (Apx.)
15 car parking 25X150
Asking Price $3,69,000
(Including $40,000 plus inventory)
*Call for pictures and more info.:*
**Ph: 516-513-4933**
26-29

# ਮਿਸ਼ਨਰੀਜ਼ ਚੈਰਿਟੀ ਦੀ ਮੁਖੀ ਸਿਸਟਰ ਨਿਰਮਲਾ ਦਾ ਦੇਹਾਂਤ

**ਕੋਲਕਾਤਾ:** ਸਿਸਟਰ ਨਿਰਮਲਾ ਜਿਨ੍ਹਾਂ ਮਦਰ ਟੈਰੇਸਾ ਤੋਂ ਬਾਅਦ ਮਿਸ਼ਨਰੀਜ਼ ਆਫ ਚੈਰਿਟੀ ਦੇ ਮੁਖੀ ਦਾ ਅਹੁਦਾ ਸੰਭਾਲਿਆ ਸੀ, ਦਾ ਮੰਗਲਵਾਰ ਸਵੇਰੇ ਦੇਹਾਂਤ ਹੋ ਗਿਆ। ਉਹ 81 ਸਾਲਾਂ ਦੇ ਸਨ। ਮਿਸ਼ਨਰੀਜ਼ ਆਫ ਚੈਰਿਟੀਜ਼ ਦੇ ਇਕ ਅਹਿਲਕਾਰ ਨੇ ਦੱਸਿਆ ਕਿ ਕੁਝ ਦਿਨਾਂ ਤੋਂ ਸਿਸਟਰ ਨਿਰਮਲਾ ਦੀ ਤਬੀਅਤ ਠੀਕ ਨਹੀਂ ਸੀ ਤੇ ਇਸ ਵਿਚ ਹੋਰ ਵਿਗਾੜ ਆ ਰਿਹਾ ਸੀ।

ਸਿਸਟਰ ਨਿਰਮਲਾ ਨੂੰ ਮਦਰ ਟੈਰੇਸਾ ਦੇ ਦੇਹਾਂਤ ਤੋਂ 6 ਮਹੀਨੇ ਪਹਿਲਾਂ 13 ਮਾਰਚ 1997 ਨੂੰ ਮਿਸ਼ਨਰੀਜ਼ ਆਫ ਚੈਰਿਟੀ ਦੀ ਸੁਪੀਰੀਅਰ ਜਨਰਲ ਚੁਣਿਆ ਗਿਆ ਸੀ। ਅਪਰੈਲ 2009 ਵਿਚ ਕੋਲਕਾਤਾ ਵਿਚ ਹੋਏ ਜਨਰਲ ਚੈਪਟਰ ਦੌਰਾਨ ਸਿਸਟਰ ਮੈਰੀ ਪ੍ਰੇਮਾ ਨੂੰ ਸਿਸਟਰ ਨਿਰਮਲਾ ਦੀ ਜਾਨਸ਼ੀਨ ਚੁਣਿਆ ਗਿਆ ਸੀ।




**Flat Rate Funding Group**

Are you tired of waiting to get paid on your outstanding freight invoices?
Get your $$$ now!

At Flat Rate Funding Group, we offer the lowest fixed factoring rate in the transportation industry-

*****1.5%!*****

*Call Goldy Dhillon* 734-444-9625
sales@flatratefunding.com



ਕੀ ਤੁਸੀਂ ਆਪਣੀਆਂ ਫਰੇਟ ਇਨਵਾਇਸਾਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹੋ?
ਅੱਜ ਹੀ ਲੋੜੀਂਦਾ ਪੈਸਾ ਲਓ

ਫਲੈਟ ਰੇਟ ਫੰਡਿੰਗ ਗਰੁਪ ਵਲੋਂ ਟਰਾਂਸਪੋਰਟੇਸ਼ਨ ਇੰਡਸਟਰੀ ਵਿਚ ਸਭ ਤੋਂ ਘੱਟ ਤੇ ਨਿਸ਼ਚਤ ਦਰਾਂ ਉਤੇ ਪੈਸਾ ਦਿੱਤਾ ਜਾਂਦਾ ਹੈ

ਅੱਜ ਹੀ ਸੰਪਰਕ ਕਰੋ
ਗੋਲਡੀ ਢਿੱਲੋਂ, ਫੋਨ: 734-444-9625

# ਕੈਨੇਡਾ ਸਰਕਾਰ ਨੇ ਦਸਤਾਰ ਬਾਰੇ ਫੈਸਲਾ ਪਲਟਿਆ

**ਵੈਨਕੂਵਰ:** ਅਤਿਵਾਦੀ ਕਾਰਵਾਈਆਂ ਉਤੇ ਸਖ਼ਤੀ ਲਈ ਕੈਨੇਡਾ ਸਰਕਾਰ ਨੇ ਸੀ-51 ਅਧੀਨ ਪਾਸ ਕੀਤੇ ਨਵੇਂ ਕਾਨੂੰਨ ਵਿਚੋਂ ਹਵਾਈ ਸਫ਼ਰ ਦੌਰਾਨ ਸਿੱਖ ਯਾਤਰੀਆਂ ਦੀ ਦਸਤਾਰ ਜਾਂਚ ਵਾਲੀ ਮਦ ਵਾਪਸ ਲੈ ਲਈ। ਇਹ ਕਾਨੂੰਨ ਲਾਗੂ ਹੋਣ ਮਗਰੋਂ ਇਸ ਮੁੱਦੇ ਉਤੇ ਦੇਸ਼ ਭਰ ਵਿਚ ਕਾਫੀ ਰੌਲਾ ਪੈ ਗਿਆ ਸੀ। ਟਰਾਂਸਪੋਰਟ ਮੰਤਰੀ ਲੀਜ਼ਾ ਰੈਤ ਨੇ ਐਲਾਨ ਕੀਤਾ ਕਿ ਕੈਨੇਡਾ ਵਿਚ ਹਵਾਈ ਸਫ਼ਰ ਲਈ ਦਸਤਾਰ ਦੀ ਜਾਂਚ ਨਹੀਂ ਕੀਤੀ ਜਾਏਗੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਕ ਦਿਨ ਬਾਅਦ ਹੀ ਇਹ ਹੁਕਮ ਵਾਪਸ ਲੈ ਲਿਆ ਹੈ। ਚੋਣ ਵਰ੍ਹਾ ਹੋਣ ਕਾਰਨ ਹਾਰਪਰ ਸਰਕਾਰ ਹਰ ਕਦਮ ਫੂਕ ਫੂਕ ਕੇ ਰੱਖ ਰਹੀ ਹੈ। ਕੈਨੇਡਾ ਦੇ ਦੇਸੀ ਮੀਡੀਆ ਵੱਲੋਂ ਇਸ ਬਾਰੇ ਵੱਡੀ ਚਰਚਾ ਛੇੜ ਦਿੱਤੀ ਗਈ ਸੀ।

ਵਰਲਡ ਸਿੱਖ ਆਰਗੇਨਾਈਜੇਸ਼ਨ ਦੇ ਪ੍ਰਧਾਨ ਡਾ. ਅੰਮ੍ਰਿਤਪਾਲ ਸਿੰਘ ਸ਼ੇਰਗਿੱਲ ਨੇ ਇਸ ਬਾਰੇ 12 ਜੂਨ ਨੂੰ ਹੀ ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਚਿੰਤਾ ਪ੍ਰਗਟਾ ਕੇ ਹੁਕਮ ਲਾਗੂ ਨਾ ਕਰਨ ਲਈ ਕਿਹਾ ਸੀ ਪਰ ਸ਼ਾਇਦ ਸਰਕਾਰ ਇਸ ਦਾ ਪ੍ਰਤੀਕਰਮ ਜਾਣਨਾ ਚਾਹੁੰਦੀ ਹੋਵੇ। ਮਾਮਲੇ ਨੂੰ ਲੈ ਕੇ ਬਹੁ ਸਭਿਆਚਾਰ ਮੰਤਰੀ ਟਿਮ ਉੱਪਲ ਦੀ ਵੀ ਚੁਫੇਰਿਓਂ ਨੁਕਤਾਚੀਨੀ ਹੋਣ ਲੱਗੀ ਸੀ। ਦਸਤਾਰਧਾਰੀ ਯਾਤਰੀ ਜਾਂਚ ਕਾਰਨ ਔਖ ਮਹਿਸੂਸ ਕਰ ਰਹੇ ਸਨ। ਫੈਸਲਾ ਵਾਪਸ ਲੈਣ ਦੇ ਹੁਕਮ ਦੇ ਨਾਲ ਹੀ ਇਸ ਮਸਲੇ ਉਤੇ ਚੁੱਪ ਧਾਰੀ ਬੈਠੇ ਦਸਤਾਰਧਾਰੀ ਮੰਤਰੀ ਟਿਮ ਉੱਪਲ ਨੇ ਵੀ ਪ੍ਰੈੱਸ ਬਿਆਨ ਜਾਰੀ ਕਰਨ ਵਿਚ ਢਿੱਲ ਨਹੀਂ ਕੀਤੀ।

ਦੱਸਣਯੋਗ ਹੈ ਕਿ ਕੈਨੇਡਾ ਦੇ ਹਵਾਈ ਅੱਡਿਆਂ ਉਤੇ ਕੈਨੇਡੀਅਨ ਏਅਰ ਟਰਾਂਸਪੋਰਟ ਸਕਿਉਰਿਟੀ ਅਥਾਰਟੀ (ਸੀ.ਏ.ਟੀ.ਐਸ.ਏ.) ਵੱਲੋਂ ਸੁਰੱਖਿਆ ਜਾਂਚ ਦੇ ਨਿਯਮਾਂ ਵਿਚ ਸਖਤੀ ਕੀਤੀ ਗਈ ਸੀ, ਜਿਸ ਤਹਿਤ ਸਿੱਖਾਂ ਲਈ ਦਸਤਾਰ ਦੀ ਜਾਂਚ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਸੀ।ਦਸਤਾਰ ਦੀ ਜਾਂਚ ਲਾਜ਼ਮੀ ਕੀਤੇ ਜਾਣ ਦਾ ਕੈਨੇਡਾ ਦੇ ਸਿੱਖਾਂ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕੈਨੇਡਾ ਸਰਕਾਰ ਦੇ ਦਸਤਾਰਧਾਰੀ ਰਾਜ ਮੰਤਰੀ ਟਿੰਮ ਉਪਲ ਨੂੰ ਵੀ ਸੀ.ਏ.ਟੀ.ਐਸ.ਏ. ਦੀ ਸੁਰੱਖਿਆ ਜਾਂਚ ਦੇ ਨਵੇਂ ਤਰੀਕੇ ਬਾਰੇ ਏਅਰਪੋਰਟ ਸਕਿਓਰਿਟੀ ਚੈੱਕ ਵਿਚੋਂ ਲੰਘਣ ਸਮੇਂ ਪਤਾ ਲੱਗਾ।



### ਮਾਪਿਆਂ ਲਈ ਵੀਜ਼ਾ ਸ਼ਰਤਾਂ ਨਰਮ ਕਰਵਾਉਣ ਲਈ ਹੰਭਲਾ

**ਸਿਡਨੀ:** ਤਕਰੀਬਨ ਵੀਹ ਹਜ਼ਾਰ ਪਰਵਾਸੀ ਪੰਜਾਬੀ ਆਪਣੇ ਮਾਪਿਆਂ ਦੀ ਆਮਦ ਲਈ ਆਸਟਰੇਲੀਆ ਸੰਸਦ ਵਿਚ ਅਪੀਲ ਕਰਨ ਜਾ ਰਹੇ ਹਨ। ਮਾਪਿਆਂ ਨੂੰ ਆਸਟਰੇਲੀਆ ਸੱਦਣ ਲਈ ਪਰਵਾਸੀ ਇਮੀਗਰੇਸ਼ਨ ਕਾਨੂੰਨਾਂ ਵਿਚ ਲਚਕੀਲਾਪਣ ਲਿਆਉਣਾ ਚਾਹੁੰਦੇ ਹਨ। ਗੁਰਦੁਆਰੇ ਤੇ ਹੋਰ ਜਨਤਕ ਥਾਵਾਂ ਉਪਰ ਪਟੀਸ਼ਨ ਦਾਇਰ ਕਰਨ ਦੇ ਕਾਗਜ਼ ਭਰੇ ਜਾ ਰਹੇ ਹਨ। ਪਿਛਲੇ ਵਰ੍ਹੇ ਪੰਜਾਬੀ ਪਰਵਾਸੀਆਂ ਨੇ ਪਟੀਸ਼ਨ ਰਾਹੀਂ ਮਾਪਿਆਂ ਲਈ ਬੰਦ ਕੀਤੀ ਵੀਜ਼ਾ ਸ਼੍ਰੇਣੀ ਬਹਾਲ ਕਰਵਾਈ ਸੀ। ਜ਼ਿਕਰਯੋਗ ਹੈ ਕਿ ਇਮੀਗਰੇਸ਼ਨ ਵਿਭਾਗ ਦੇ ਮਾਪਿਆਂ ਨੂੰ ਸੱਦਣ ਲਈ ਨਿਯਮ ਕਰੜੇ ਹਨ। ਪਰਿਵਾਰਕ ਸੰਤੁਲਨ ਤੇ ਨਾ ਮੁੜਨਯੋਗ ਇਕ ਲੱਖ ਡਾਲਰ ਤੋਂ ਵੱਧ ਦੀ ਰਕਮ ਹੋਣਾ ਜ਼ਰੂਰੀ ਹੈ, ਜਦੋਂ ਕਿ ਦੂਜੀ ਸਾਧਾਰਨ ਸ਼੍ਰੇਣੀ ਵਿਚ ਦੋ ਦਹਾਕੇ ਤੋਂ ਵੱਧ ਦੀ ਇੰਤਜ਼ਾਰ ਸੂਚੀ ਹੈ। ਸਭ ਕੁਝ ਦੇ ਬਾਅਦ ਵੀ ਮਾਪੇ ਪਹਿਲੇ ਦਸ ਸਾਲ ਬੁਢਾਪਾ ਪੈਨਸ਼ਨ ਦੇ ਲਾਭ ਤੋਂ ਵਾਂਝੇ ਰਹਿੰਦੇ ਹਨ। ਇਥੇ ਕੁਝ ਨੌਜਵਾਨਾਂ ਨੇ ਕਾਨੂੰਨੀ ਮਾਹਿਰਾਂ ਦੀ ਸਲਾਹ ਨਾਲ 'ਲੌਂਗ ਸਟੇਅ ਵੀਜ਼ਾ ਫੌਰ ਪੇਅਰੈਂਟਸ' ਪਟੀਸ਼ਨ ਸ਼ੁਰੂ ਕੀਤੀ ਹੈ। ਇਸ ਨੂੰ ਮੁਲਕ ਭਰ ਵਿਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

## ਮਲੇਸ਼ੀਆਈ ਸਕੂਲਾਂ 'ਚ ਸਿੱਖੀ ਸਰੂਪ ਬਰਕਰਾਰ ਰੱਖਣ ਦੀ ਇਜਾਜ਼ਤ

**ਨਵੀਂ ਦਿੱਲੀ:** ਮਲੇਸ਼ੀਆ ਦੇ ਸਿੱਖਿਆ ਵਿਭਾਗ ਨੇ ਦੇਸ਼ ਦੇ ਸਰਕਾਰੀ ਸਕੂਲਾਂ ਵਿਚ ਸਿੱਖ ਵਿਦਿਆਰਥੀਆਂ ਦੇ ਅਧਿਕਾਰਾਂ ਬਾਰੇ ਇਕ ਨੋਟੀਫ਼ਿਕੇਸ਼ਨ ਜਾਰੀ ਕੀਤਾ ਹੈ।

ਇਸ ਨੋਟੀਫਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਸਿੱਖ ਵਿਦਿਆਰਥੀ ਸਰਕਾਰੀ ਸਕੂਲਾਂ ਵਿਚ ਆਪਣੇ ਕੇਸ ਤੇ ਦਾੜ੍ਹੀ ਵਧਾਉਣ ਦੇ ਨਾਲ-ਨਾਲ ਧਾਰਮਕ ਚਿੰਨ੍ਹ ਦਾ ਪ੍ਰਤੀਕ ਕੜਾ ਵੀ ਪਾ ਸਕਦੇ ਹਨ। ਇਹ ਨੋਟੀਫਿਕੇਸ਼ਨ ਮਲੇਸ਼ੀਆ ਦੇ ਵੱਖ-ਵੱਖ ਵਿਭਾਗਾਂ ਨੂੰ ਜਾਰੀ ਕਰ ਦਿੱਤਾ ਗਿਆ ਹੈ। ਨੋਟੀਫਿਕੇਸ਼ਨ ਉਤੇ ਸਿੱਖਿਆ ਮੰਤਰਾਲੇ ਡਾਇਰੈਕਟਰ ਜਨਰਲ ਖੈਰ ਮੁਹੰਮਦ ਯੂਸੋਫ਼ ਨੇ ਹਸਤਾਖਰ ਕੀਤੇ ਹਨ।

ਨੋਟੀਫ਼ਿਕੇਸ਼ਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਮੰਤਰਾਲੇ ਵੱਲੋਂ 2011 ਵਿਚ ਜਾਰੀ ਨੋਟੀਫਿਕੇਸ਼ਨ ਸਬੰਧੀ ਭੰਬਲਭੂਸਾ ਪੈਦਾ ਹੋ ਗਿਆ ਸੀ ਜਿਸ ਵਿਚ ਸਿੱਖ ਵਿਦਿਆਰਥੀਆਂ ਨੂੰ ਕੇਸ ਰੱਖਣ ਦੀ ਆਗਿਆ ਤਾਂ ਦਿੱਤੀ ਗਈ ਸੀ ਪਰ ਦਾੜ੍ਹੀ ਨੂੰ ਅਣਗੌਲਿਆ ਕੀਤਾ ਗਿਆ ਸੀ। ਨੋਟੀਫ਼ਿਕੇਸ਼ਨ ਵਿਚ ਕਿਹਾ ਗਿਆ ਹੈ ਕਿ ਮੰਤਰਾਲਾ ਦੇਸ਼ ਵਿਚ ਧਰਮ ਤੇ ਸਭਿਆਚਾਰਕ ਕਦਰਾਂ-ਕੀਮਤਾਂ ਤੋਂ ਭਲੀ-ਭਾਂਤ ਜਾਣੂ ਹੈ ਜਿਸ ਕਰਕੇ ਸਿੱਖ ਵਿਦਿਆਰਥੀ ਸਕੂਲਾਂ ਵਿਚ ਕੇਸ ਤੇ ਦਾੜ੍ਹੀ ਸਜਾ ਸਕਦੇ ਹਨ। ਇਸ ਤੋਂ ਇਲਾਵਾ ਸਰਕਾਰ ਨੂੰ ਕੜਾ ਪਾਉਣ ਉਤੇ ਵੀ ਕੋਈ ਇਤਰਾਜ਼ ਨਹੀਂ। ਵਰਣਨਯੋਗ ਹੈ ਕਿ ਮਲੇਸ਼ੀਆ ਦੇ ਸਿੱਖਿਆ ਵਿਭਾਗ ਨੇ ਬੀਤੇ ਦਿਨੀਂ ਸਿੱਖ ਵਿਦਿਆਰਥੀਆਂ ਨੂੰ ਅਜੀਬ ਚੇਤਾਵਨੀ ਜਾਰੀ ਕੀਤੀ ਸੀ।

## ਜੂਨ 84 ਦੇ ਫੌਜੀ ਹਮਲੇ ਵੇਲੇ ਉਜੜੇ ਦੁਕਾਨਦਾਰਾਂ ਵੱਲੋਂ ਰੋਸ ਵਿਖਾਵਾ

**ਅੰਮ੍ਰਿਤਸਰ:** ਜੂਨ 1984 ਵਿਚ ਫ਼ੌਜੀ ਹਮਲੇ ਸਮੇਂ ਅਕਾਲ ਤਖ਼ਤ ਦੇ ਨਾਲ ਲੱਗਦੇ ਤਿੰਨ ਬਾਜ਼ਾਰ ਅੱਗ ਨਾਲ ਸੜ ਕੇ ਸੁਆਹ ਹੋ ਗਏ ਸਨ। ਉਨ੍ਹਾਂ ਦੁਕਾਨਦਾਰਾਂ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਰੋਸ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਕਿ ਉਨ੍ਹਾਂ ਸਮੇਤ ਅਜਿਹੇ 133 ਦੁਕਾਨਦਾਰਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਗਜ਼ ਦੇ ਹਿਸਾਬ ਨਾਲ ਦੁਕਾਨਾਂ ਵਾਸਤੇ ਥਾਂ ਦੇ ਕੇ ਮੁੜ ਵਸਾਇਆ ਜਾਵੇ।

ਸਾਕਾ ਨੀਲਾ ਤਾਰਾ ਸਮੇਂ ਫ਼ੌਜੀ ਗੋਲੀਬਾਰੀ ਨਾਲ ਅਕਾਲ ਤਖ਼ਤ ਨਾਲ ਲਗਦੇ ਤਿੰਨ ਬਾਜ਼ਾਰ ਝੜ੍ਹਾ ਸਾਹਿਬ ਮਾਰਕੀਟ, ਬਾਜ਼ਾਰ ਮੁਨਿਆਰਾ ਤੇ ਸ਼ਹੀਦ ਮਾਰਕੀਟ ਦੀਆਂ ਵਧੇਰੇ ਦੁਕਾਨਾਂ ਸੜ ਗਈਆਂ ਸਨ। ਦੁਕਾਨਾਂ ਵਿਚ ਪਿਆ ਲੱਖਾਂ ਦਾ ਮਾਲ ਤਬਾਹ ਹੋ ਗਿਆ ਸੀ। ਇਹ ਦੁਕਾਨਾਂ ਕਰਨ ਵਾਲੇ ਵਧੇਰੇ ਕਿਰਾਏਦਾਰ ਸਨ, ਜੋ ਪਿਛਲੇ ਤਿੰਨ ਦਹਾਕਿਆਂ ਤੋਂ ਨਿਆਂ ਪ੍ਰਾਪਤੀ ਲਈ ਜੂਝ ਰਹੇ ਹਨ। ਇਨ੍ਹਾਂ ਵਿਚੋਂ 70 ਫ਼ੀਸਦੀ ਪਰਿਵਾਰਾਂ ਦੇ ਮੁਖੀ ਨਿਆਂ ਉਡੀਕਦੇ ਰੱਬ ਨੂੰ ਪਿਆਰੇ ਹੋ ਚੁੱਕੇ ਹਨ।

ਕਈ ਪਰਿਵਾਰਾਂ ਦੇ ਜੀਅ ਆਰਥਿਕ ਤੰਗੀ ਕਾਰਨ ਖ਼ੁਦਕੁਸ਼ੀ ਵੀ ਕਰ ਚੁੱਕੇ ਹਨ। ਇਨ੍ਹਾਂ ਕਿਰਾਏਦਾਰ ਦੁਕਾਨਦਾਰਾਂ ਵੱਲੋਂ ਅਦਾਲਤ ਵਿਚ ਵੀ ਕੇਸ ਦਾਇਰ ਕੀਤਾ ਗਿਆ ਸੀ ਕਿ ਉਨ੍ਹਾਂ ਦਾ ਹੋਰਨਾਂ ਵਾਂਗ ਮੁੜ ਵਸੇਬਾ ਕੀਤਾ ਜਾਵੇ। ਇਨ੍ਹਾਂ 133 ਦੁਕਾਨਦਾਰਾਂ ਵਿਚੋਂ ਕਈਆਂ ਨੇ ਪਰਿਵਾਰ ਸਮੇਤ ਹਰਿਮੰਦਰ ਸਾਹਿਬ ਸਾਹਮਣੇ ਇਕੱਠੇ ਹੋ ਕੇ ਰੋਸ ਪ੍ਰਗਟਾਇਆ। ਇਨ੍ਹਾਂ ਨੇ ਹੱਥਾਂ ਵਿਚ ਤਖ਼ਤੀਆਂ ਚੁੱਕੀਆਂ ਹੋਈਆਂ ਸਨ। ਦੁਕਾਨਦਾਰਾਂ ਨੇ ਕਿਹਾ ਕਿ ਹਾਈਕੋਰਟ ਵੱਲੋਂ ਉਨ੍ਹਾਂ ਨੂੰ ਵਸਾਉਣ ਦਾ ਆਦੇਸ਼ ਦਿੱਤਾ ਗਿਆ ਹੈ ਪਰ ਪੰਜਾਬ ਸਰਕਾਰ ਵੱਲੋਂ ਦੁਕਾਨਾਂ ਵਾਸਤੇ ਜੋ ਜ਼ਮੀਨ ਮੁਹੱਈਆ ਕੀਤੀ ਜਾ ਰਹੀ ਹੈ, ਉਸਦਾ ਭਾਅ ਵੱਸੋਂ ਬਾਹਰ ਹੈ।

## ਜਗਜੀਤ ਸਿੰਘ ਆਨੰਦ ਦਾ ਦੇਹਾਂਤ



**ਜਲੰਧਰ:** ਸੀਨੀਅਰ ਪੱਤਰਕਾਰ ਤੇ 'ਨਵਾਂ ਜ਼ਮਾਨਾ' ਅਖ਼ਬਾਰ ਦੇ ਮੁੱਖ ਸੰਪਾਦਕ ਕਾਮਰੇਡ ਜਗਜੀਤ ਸਿੰਘ ਆਨੰਦ ਦਾ ਦੇਹਾਂਤ ਹੋ ਗਿਆ। ਉਹ ਲੰਘੀ 15 ਜੂਨ ਤੋਂ ਜਲੰਧਰ ਦੇ ਗਲੋਬਲ ਹਸਪਤਾਲ ਵਿਚ ਦਾਖ਼ਲ ਸਨ। ਉਨ੍ਹਾਂ ਦਾ ਮਾਡਲ ਟਾਊਨ ਸਥਿਤ ਸ਼ਮਸ਼ਾਨਘਾਟ ਵਿਖੇ ਸਰਕਾਰੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ।

ਕਾਮਰੇਡ ਆਨੰਦ ਦੀ ਮ੍ਰਿਤਕ ਦੇਹ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਸੁਕੀਰਤ ਆਨੰਦ ਵੱਲੋਂ ਦਿਖਾਈ ਗਈ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਲੋਕ ਸੰਪਰਕ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਉਘੇ ਕਮਿਊਨਿਸਟ ਆਗੂ ਜਗਜੀਤ ਸਿੰਘ ਆਨੰਦ ਦੀ ਮੌਤ ਉਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਹਿਮਾਚਲ 'ਚ 4 ਪੰਜਾਬੀਆਂ ਦਾ ਕਤਲ, 12 ਜ਼ਖ਼ਮੀ

**ਮੰਡੀ:** ਹਿਮਾਚਲ ਪ੍ਰਦੇਸ਼ ਦੇ ਮੰਡੀ ਵਿਚ ਹੋਈ ਖ਼ੂਨੀ ਝੜਪ ਦੌਰਾਨ ਪੰਜਾਬ ਦੇ ਚਾਰ ਨੌਜਵਾਨਾਂ ਦੀ ਜਾਨ ਚਲੀ ਗਈ ਜਦਕਿ 12 ਲੋਕ ਗੰਭੀਰ ਜ਼ਖਮੀ ਹੋਏ ਹਨ। ਇਹ ਝੜਪ ਮਜ਼ਦੂਰਾਂ ਤੇ ਠੇਕੇਦਾਰ ਦੇ ਬੰਦਿਆਂ ਵਿਚਕਾਰ ਹੋਈ।

ਬਿਲਡਿੰਗ ਦੀ ਉਸਾਰੀ ਦਾ ਕੰਮ ਕਰਵਾ ਰਿਹਾ ਠੇਕੇਦਾਰ ਦਾ ਮਜ਼ਦੂਰਾਂ ਨਾਲ ਵਿਵਾਦ ਸੀ। ਠੇਕੇਦਾਰ ਦੇ ਬੰਦਿਆਂ ਨੇ ਮਜ਼ਦੂਰਾਂ ਉਤੇ ਗੋਲੀ ਚਲਾ ਦਿੱਤੀ ਜਿਸ ਵਿਚ ਚਾਰ ਮਜ਼ਦੂਰ ਜ਼ਖ਼ਮੀ ਹੋ ਗਏ। ਬਾਅਦ ਵਿਚ ਮਜ਼ਦੂਰਾਂ ਨੇ ਇਕੱਠੇ ਹੋ ਕੇ ਗੋਲੀ ਚਲਾਉਣ ਵਾਲੇ ਲੋਕਾਂ ਉਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਦੋ ਜਣਿਆਂ ਦੀ ਮੌਕੇ ਉਤੇ ਜਦੋਂਕਿ ਦੋ ਦੀ ਕੁਝ ਸਮੇਂ ਬਾਅਦ ਮੌਤ ਹੋ ਗਈ। ਮਰਨ ਵਾਲੇ ਚਾਰੇ ਪੰਜਾਬੀ ਹਨ। ਪਿਛਲੇ ਕਈ ਦਿਨਾਂ ਤੋਂ ਮਜ਼ਦੂਰਾਂ ਤੇ ਠੇਕੇਦਾਰ ਵਿਚਾਲੇ ਤਕਰਾਰ ਚੱਲ ਰਿਹਾ ਸੀ।

ਮਜ਼ਦੂਰਾਂ ਦਾ ਕਹਿਣਾ ਹੈ ਕਿ ਠੇਕੇਦਾਰ ਉਨ੍ਹਾਂ ਦੇ ਈ.ਪੀ.ਐਫ. ਦੇ ਪੈਸੇ ਜਮ੍ਹਾਂ ਕਰਾਉਣ ਦੀ ਬਜਾਏ ਹੜੱਪ ਗਿਆ ਹੈ ਜਿਸ ਨੂੰ ਲੈ ਕੇ ਝਗੜਾ ਚੱਲ ਰਿਹਾ ਸੀ। ਠੇਕੇਦਾਰ ਨੇ ਕੁਝ ਗੁੰਡਾ ਅਨਸਰ ਕਿਰਾਏ ਉਤੇ ਰੱਖੇ ਸਨ ਜਿਨ੍ਹਾਂ ਨੇ ਪਹਿਲਾਂ ਗੋਲੀ ਚਲਾਈ।

## ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੀ ਨਿਯੁਕਤੀ ਤੇ ਵਿਵਾਦ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮ ਨੂੰ ਵਧੇਰੇ ਸੁਚਾਰੂ ਢੰਗ ਨਾਲ ਚਲਾਉਣ ਲਈ ਮੁੱਖ ਸਕੱਤਰ ਦੀ ਨਿਯੁਕਤੀ ਕੀਤੇ ਜਾਣ ਦਾ ਮਾਮਲਾ ਵਿਵਾਦਾਂ ਦੇ ਘੇਰੇ ਵਿਚ ਆ ਗਿਆ ਹੈ। ਫਿਲਹਾਲ ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਸਕੱਤਰ ਦੀ ਨਿਯੁਕਤੀ ਲਈ 20 ਜੂਨ ਨੂੰ ਰੱਖੀ ਗਈ ਇੰਟਰਵਿਊ ਮੁਲਤਵੀ ਕਰ ਦਿੱਤੀ ਗਈ ਹੈ ਤੇ ਹੁਣ ਇਹ ਮਾਮਲਾ ਪਹਿਲਾਂ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਦੀ ਸੇਵਾਮੁਕਤੀ ਤੋਂ ਬਾਅਦ ਇਕ ਮੁੱਖ ਸਕੱਤਰ ਲਾਉਣ ਦਾ ਫੈਸਲਾ ਕੀਤਾ ਗਿਆ ਹੈ, ਜਿਸ ਦੇ ਅਧੀਨ ਸਾਰੇ ਸਕੱਤਰ ਕੰਮ ਕਰਨਗੇ। ਮੁੱਖ ਸਕੱਤਰ ਨੂੰ ਮਾਸਿਕ ਤਿੰਨ ਲੱਖ ਰੁਪਏ ਤਨਖਾਹ ਦਿੱਤੀ ਜਾਵੇਗੀ। ਇਸ ਅਸਾਮੀ ਲਈ ਸਰਕਾਰੀ ਤੇ ਗੈਰ ਸਰਕਾਰੀ ਤਜਰਬੇਕਾਰ ਵਿਅਕਤੀ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ ਪਹਿਲਾਂ ਇੰਟਰਵਿਊ ਛੇ ਜੂਨ ਨੂੰ ਰੱਖੀ ਗਈ ਸੀ, ਜਿਸ ਨੂੰ ਮੁਲਤਵੀ ਕਰ ਦਿੱਤਾ ਗਿਆ ਤੇ ਹੁਣ 20 ਜੂਨ ਨੂੰ ਹੋਣ ਵਾਲੀ ਇੰਟਰਵਿਊ ਨੂੰ ਵੀ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਮਾਮਲਾ ਮੁੱਖ ਸਕੱਤਰ ਦੀ ਨਿਯੁਕਤੀ ਤੋਂ ਪਹਿਲਾਂ ਹੀ ਵਿਵਾਦ ਦਾ ਮੁੱਦਾ ਬਣ ਗਿਆ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਪੱਤਰ ਭੇਜ ਕੇ ਇਸ ਨਿਯੁਕਤੀ ਨਾਲ ਅਸਹਿਮਤੀ ਪ੍ਰਗਟਾਈ ਹੈ। ਉਨ੍ਹਾਂ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਕੋਈ ਵਪਾਰਕ ਸੰਸਥਾ ਨਹੀਂ ਹੈ, ਇਸ ਦਾ ਮੁੱਖ ਮੰਤਵ ਗੁਰਮਤਿ ਦਾ ਪ੍ਰਚਾਰ ਕਰਨਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਆਖਿਆ ਕਿ ਨਵੀਂ ਨਿਯੁਕਤੀ ਸਬੰਧੀ ਲੋੜੀਂਦੀ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਇਹ ਮਾਮਲਾ ਪਹਿਲਾਂ



ਅੰਤ੍ਰਿੰਗ ਕਮੇਟੀ ਵਿਚ ਰੱਖਿਆ ਜਾਵੇਗਾ ਤੇ ਅੰਤ੍ਰਿੰਗ ਕਮੇਟੀ ਦੀ ਸਹਿਮਤੀ ਨਾਲ ਮੁੜ ਨਿਯੁਕਤੀ ਪ੍ਰਕਿਰਿਆ ਨੂੰ ਪੂਰਾ ਕੀਤਾ ਜਾਵੇਗਾ।

# ਜਗਮੀਤ ਬਰਾੜ ਦੀ 'ਘਰ ਵਾਪਸੀ' ਲਈ ਰਾਹ ਪੱਧਰਾ

**ਨਵੀਂ ਦਿੱਲੀ:** ਪਾਰਟੀ ਵਿਰੋਧੀ ਸਰਗਰਮੀਆਂ ਕਰਕੇ ਕਾਂਗਰਸ ਪਾਰਟੀ ਵਿਚੋਂ ਮੁਅੱਤਲ ਕੀਤੇ ਗਏ ਤੇ ਮਗਰੋਂ ਅਸਤੀਫਾ ਦੇਣ ਵਾਲੇ ਸਾਬਕਾ ਸੰਸਦ ਮੈਂਬਰ ਜਗਮੀਤ ਬਰਾੜ ਨੇ ਪਾਰਟੀ ਵਿਚ 'ਘਰ ਵਾਪਸੀ' ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਕਾਂਗਰਸ ਵਰਕਿੰਗ ਕਮੇਟੀ ਦੇ ਸਾਬਕਾ ਮੈਂਬਰ ਸ੍ਰੀ ਬਰਾੜ ਨੇ ਇਥੇ ਪਾਰਟੀ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮ ਨਾਲ ਮੁਲਾਕਾਤ ਕੀਤੀ। ਸੂਤਰਾਂ ਅਨੁਸਾਰ ਦੋ ਘੰਟੇ ਚੱਲੀ ਇਸ ਮੁਲਾਕਾਤ ਦੌਰਾਨ ਬਰਾੜ ਨੇ ਪਾਰਟੀ ਵਿਚ ਆਪਣੀ ਵਾਪਸੀ ਦਾ ਮੁੱਦਾ ਵਿਚਾਰਿਆ।

ਦੱਸਣਾ ਬਣਦਾ ਹੈ ਕਿ ਜਗਮੀਤ ਬਰਾੜ ਵੱਲੋਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਤੇ ਉਨ੍ਹਾਂ ਦੇ ਪੁੱਤਰ ਤੇ ਪਾਰਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੂੰ ਪਾਰਟੀ ਮਾਮਲਿਆਂ ਤੋਂ ਕੁਝ ਸਮੇਂ ਲਈ ਦੂਰੀ ਬਣਾਉਂਦਿਆਂ ਕਿਸੇ ਹੋਰ ਨੂੰ ਪਾਰਟੀ ਦੀ ਕਮਾਨ ਸੌਂਪਣ ਦੀ ਸਲਾਹ ਦੇਣ ਕਾਰਨ, ਸੋਨੀਆ ਨੇ ਪਿਛਲੇ ਸਾਲ 14 ਅਗਸਤ ਨੂੰ ਮੁਅੱਤਲ ਕਰ ਦਿੱਤਾ ਸੀ। ਉਪਰੰਤ ਇਸ ਸਾਲ ਪੰਜ ਜਨਵਰੀ ਨੂੰ ਬਰਾੜ ਨੇ ਆਪਣੇ 25 ਹਮਾਇਤੀਆਂ ਨਾਲ ਪਾਰਟੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਦੋਂ ਇਹ ਅਫਵਾਹਾਂ ਜ਼ੋਰਾਂ ਉਤੇ ਸਨ ਕਿ ਸ੍ਰੀ ਬਰਾੜ ਹੁਣ ਭਾਜਪਾ ਵਿਚ ਸ਼ਾਮਲ ਹੋਣਗੇ, ਪਰ ਇਸ ਕਾਂਗਰਸੀ ਆਗੂ ਨੇ ਸਾਰੇ ਵਿਕਲਪ ਖੁੱਲ੍ਹੇ ਰੱਖੇ।



ਸ੍ਰੀ ਸ਼ਕੀਲ ਅਹਿਮਦ ਨੇ ਕਿਹਾ ਕਿ ਇਹ ਸ਼ੁਰੂਆਤੀ ਗੱਲਬਾਤ ਹੈ ਤੇ ਅਜੇ ਇਸ ਸਬੰਧੀ ਕੁਝ ਵੀ ਫਾਈਨਲ ਨਹੀਂ ਹੋਇਆ। ਇਸ ਦੌਰਾਨ ਬਰਾੜ ਨੇ ਕਿਹਾ ਕਿ ਉਹ ਕਾਂਗਰਸ ਵਿਚ ਮੁੜ ਸ਼ਾਮਲ ਹੋਣ ਦਾ ਆਖਰੀ ਫ਼ੈਸਲਾ ਸੋਨੀਆ ਤੇ ਰਾਹੁਲ ਨਾਲ ਮਿਲਣ ਤੋਂ ਬਾਅਦ ਲੈਣਗੇ।

ਬਰਾੜ ਨੇ ਕਾਂਗਰਸੀ ਆਗੂ ਨੂੰ ਦੱਸਿਆ ਕਿ ਕਾਂਗਰਸ ਪੰਜਾਬ ਵਿਚ ਦਲਿਤਾਂ ਵਿਚ ਆਪਣਾ ਅਧਾਰ ਗੁਆਉਂਦੀ ਜਾ ਰਹੀ ਸੀ, ਪਰ ਰਾਹੁਲ ਗਾਂਧੀ ਵੱਲੋਂ ਹਾਲ ਹੀ ਵਿਚ ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਨਾਲ ਦੁਖ ਵੰਡਾਉਣ ਤੋਂ ਬਾਅਦ ਲੋਕਾਂ ਵਿਚ ਚੰਗਾ ਸੁਨੇਹਾ ਗਿਆ ਹੈ। ਉਧਰ ਪੰਜਾਬ ਵਿਚ ਵੰਡੀ ਹੋਣ ਕਰਕੇ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਕਾਂਗਰਸ ਵੀ ਬਰਾੜ ਨੂੰ ਪਾਰਟੀ ਵਿਚ ਮੁੜ ਲੈਣ ਦੇ ਰੌਂਅ ਵਿਚ ਜਾਪਦੀ ਹੈ।ਕਿਉਂਕਿ ਇਸ ਸਾਬਕਾ ਸੰਸਦ ਮੈਂਬਰ ਦਾ ਫਰੀਦਕੋਟ ਇਲਾਕੇ ਵਿਚ ਕਾਫੀ ਦਬਦਬਾ ਹੈ।

### ਕੈਪਟਨ ਦੀ ਰਣਨੀਤੀ ਖਿਲਾਫ ਹਾਈਕਮਾਨ ਕੋਲ ਪਹੁੰਚ

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕਾਂਗਰਸ ਹਾਈਕਮਾਨ ਨੂੰ ਆਪਣੀ ਮਜ਼ਬੂਤੀ ਦਿਖਾਉਣ ਲਈ ਆਪਣੇ ਹਮਾਇਤੀ ਵਿਧਾਇਕਾਂ ਨਾਲ ਦੁਪਹਿਰ ਦੇ ਖਾਣੇ ਉਤੇ ਕੀਤੀ ਗਈ ਮੀਟਿੰਗ ਪਿੱਛੋਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਹਾਈਕਮਾਨ ਨਾਲ ਮੁਲਾਕਾਤ ਕਰਦਿਆਂ ਇਸ ਕਾਰਵਾਈ ਨੂੰ ਗੈਰ ਅਨੁਸ਼ਾਸਨੀ ਦੱਸਿਆ ਹੈ। ਸ. ਬਾਜਵਾ ਨੇ ਕਾਂਗਰਸ ਦੇ ਜਨਰਲ ਸਕੱਤਰ ਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਸ਼ਕੀਲ ਅਹਿਮਦ ਦੇ ਧਿਆਨ ਵਿਚ ਲਿਆਂਦਾ ਹੈ ਕਿ ਕੈਪਟਨ ਅਮਰਿੰਦਰ ਵੱਲੋਂ ਆਪਣੇ ਹਮਾਇਤੀ ਵਿਧਾਇਕਾਂ ਨਾਲ ਕੀਤੀ ਮੀਟਿੰਗ ਦੌਰਾਨ ਨਵੀਂ ਪਾਰਟੀ ਬਣਾਉਣ ਬਾਰੇ ਵਿਚਾਰਾਂ ਕੀਤੀਆਂ ਗਈਆਂ ਹਨ। ਉਨ੍ਹਾਂ ਸ੍ਰੀ ਅਹਿਮਦ ਦੇ ਧਿਆਨ ਵਿਚ ਲਿਆਂਦਾ ਕਿ ਬੀ.ਆਰ. ਅੰਬੇਦਕਰ ਦੇ 125ਵੇਂ ਜਨਮਦਿਨ ਸਮਾਗਮ ਵਿਚ ਜਲੰਧਰ ਜ਼ਿਲ੍ਹੇ ਦੇ ਕਈ ਕਾਂਗਰਸ ਆਗੂਆਂ ਨੇ ਸ਼ਮੂਲੀਅਤ ਨਹੀਂ ਕੀਤੀ ਸੀ। ਸ਼ਕੀਲ ਅਹਿਮਦ ਨੇ ਦੱਸਿਆ ਕਿ ਸ. ਬਾਜਵਾ ਨੇ ਪਾਰਟੀ ਅਨੁਸ਼ਾਸਨ ਤੇ ਪਾਰਟੀ ਦੀ ਮਜ਼ਬੂਤੀ ਬਾਰੇ ਅਹਿਮ ਮੁੱਦੇ ਉਠਾਏ ਹਨ। ਉਨ੍ਹਾਂ ਨੂੰ ਇਨ੍ਹਾਂ ਮਾਮਲਿਆਂ ਬਾਰੇ ਪੂਰੀ ਰਿਪੋਰਟ ਦੇਣ ਲਈ ਕਿਹਾ ਗਿਆ ਹੈ, ਜਿਸ ਮਗਰੋਂ ਕੋਈ ਕਾਰਵਾਈ ਕੀਤੀ ਜਾਵੇਗੀ।

### ਯੇਡੀਯੁਰੱਪਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਤਿੰਨ ਕੇਸ

**ਬੰਗਲੌਰ:** ਕਰਨਾਟਕ ਲੋਕਾਯੁਕਤ ਪੁਲਿਸ ਨੇ ਸੂਬੇ ਦੇ ਸਾਬਕਾ ਮੁੱਖ ਮੰਤਰੀ ਤੇ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਬੀ.ਐਸ. ਯੇਡੀਯੁਰੱਪਾ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਤਿੰਨ ਕੇਸ ਦਰਜ ਕੀਤੇ ਹਨ।

ਉਨ੍ਹਾਂ ਉਤੇ ਸਾਲ 2008 ਤੋਂ 2011 ਤੱਕ ਆਪਣੇ ਕਾਰਜਕਾਲ ਦੌਰਾਨ ਸ਼ਹਿਰ ਤੇ ਇਸ ਦੇ ਨੇੜੇ-ਤੇੜੇ ਬੇਸ਼ਕੀਮਤੀ ਜ਼ਮੀਨਾਂ ਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰਨ ਦਾ ਦੋਸ਼ ਹੈ। ਇਸ ਸਬੰਧੀ ਉਦੋਂ ਕੈਗ ਨੇ ਆਪਣੀ ਰਿਪੋਰਟ ਵਿਚ ਇਤਰਾਜ਼ ਕੀਤਾ ਸੀ।

# ਯੋਗ ਦੇ ਮਹਾਂ ਜਸ਼ਨ ਨੂੰ ਚੜ੍ਹਾਈ ਹਿੰਦੂਤਵ ਦੀ ਚਾਸ਼ਣੀ

**ਨਵੀਂ ਦਿੱਲੀ:** ਪਹਿਲਾ ਕੌਮਾਂਤਰੀ ਯੋਗ ਦਿਵਸ ਭਾਵੇਂ ਭਾਰਤ ਸਮੇਤ ਤਕਰੀਬਨ 192 ਦੇਸ਼ਾਂ ਦੇ 251 ਤੋਂ ਵੱਧ ਸ਼ਹਿਰਾਂ ਵਿਚ ਮਨਾਇਆ ਗਿਆ ਪਰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਿਚ ਹੋਇਆ ਯੋਗ ਸ਼ੋਅ ਸਿਆਸੀ ਮੁਫਾਦਾਂ ਵੱਲ ਵੱਧ ਇਸ਼ਾਰਾ ਕਰ ਗਿਆ। ਉਨ੍ਹਾਂ ਆਪਣੇ ਭਾਸ਼ਨ ਵਿਚ ਭਾਵੇਂ ਇਹ ਕਿਹਾ ਕਿ ਯੋਗ ਕੋਈ ਬ੍ਰਾਂਡ ਨਹੀਂ, ਜਿਸ ਨੂੰ ਵੇਚਿਆ ਜਾਣਾ ਹੈ ਪਰ ਇਸ ਦਾ ਸਰਕਾਰੀ ਪੱਧਰ ਉਤੇ ਵੱਡਾ ਆਯੋਜਨ ਇਹ ਗੱਲ ਸਾਫ਼ ਕਰ ਗਿਆ ਕਿ ਕੌਮਾਂਤਰੀ ਯੋਗ ਦਿਵਸ ਨੂੰ ਸੌੜੀ ਸਿਆਸਤ ਦਾ ਬ੍ਰਾਂਡ ਬਣਾ ਕੇ ਵੇਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਵੱਲੋਂ ਬਿਹਾਰ ਦੀ ਰਾਜਧਾਨੀ ਪਟਨਾ ਵਿਖੇ ਯੋਗ ਦਿਵਸ ਦਾ ਆਯੋਜਨ ਵੀ ਇਸ ਦੇ ਸਿਆਸੀ ਲਾਹਾ ਲੈਣ ਵੱਲ ਸੰਕੇਤ ਕਰਦਾ ਹੈ।

ਇਸ ਯੋਗ ਸਮਾਗਮ ਵਿਚ 'ਓਮ' ਤੇ ਮੰਤਰਾਂ ਦਾ ਜਾਪ ਯੋਗ ਨੂੰ ਸਰਕਾਰ ਰਾਜਧਰਮ ਦਾ ਦਰਜਾ ਦਿੰਦੀ ਨਜ਼ਰ ਆਈ। ਸਰਕਾਰ ਵੱਲੋਂ ਭਾਵੇਂ ਇਸ ਸਮਾਗਮ ਲਈ ਸਾਰੀਆਂ ਸਿਆਸੀ ਪਾਰਟੀਆਂ ਤੇ ਉੱਚ ਸ਼ਖ਼ਸੀਅਤਾਂ ਨੂੰ ਸੱਦਾ ਪੱਤਰ ਦੇਣ ਦਾ ਦਾਅਵਾ ਕੀਤਾ ਗਿਆ, ਪਰ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਨੂੰ ਸੱਦਾ ਪੱਤਰ ਨਾ ਦੇਣਾ ਕਈ ਸਵਾਲ ਖੜ੍ਹੇ ਕਰਦਾ ਹੈ। ਯੋਗ ਭਾਵੇਂ ਤਣਾਅ ਤੋਂ ਮੁਕਤੀ ਦਿੰਦਾ ਹੈ ਪਰ ਇਸ ਦਿਵਸ ਦੀ ਵੱਡੇ ਪੱਧਰ ਉਤੇ ਤਿਆਰੀ, ਧੂੰਆਂਧਾਰ ਪ੍ਰਚਾਰ ਤੇ ਆਯੋਜਨ ਨੇ ਘੱਟ ਗਿਣਤੀਆਂ ਦੇ ਵੱਡੇ ਹਿੱਸੇ ਵਿੱਚ ਬੇਚੈਨੀ ਪੈਦਾ ਕੀਤੀ ਹੈ। ਸਰਕਾਰ ਵੱਲੋਂ ਜਿਸ ਤਰ੍ਹਾਂ ਯੋਗ ਦਿਵਸ ਨੂੰ ਹਿੰਦੂ ਸੱਭਿਆਚਾਰ ਦੀ ਜੀਵਨ ਜੁਗਤ ਦੇ ਰੂਪ ਵਿਚ ਪੇਸ਼ ਕੀਤਾ ਗਿਆ, ਉਸ ਨਾਲ ਮੁਲਕ ਦੀਆਂ ਘੱਟ ਗਿਣਤੀਆਂ ਵਿਚ ਸ਼ੰਕੇ ਪੈਦਾ ਹੋਏ ਹਨ।

ਯੋਗ ਦਾ ਇਹ ਮਹਾਂ ਜਸ਼ਨ ਕਰਦਾਤਾਵਾਂ ਦੀ ਕੀਮਤ ਉਤੇ ਹਿੰਦੂਤਵ ਦੀ ਚਾਸ਼ਨੀ ਵਿਚ ਲਪੇਟ ਕੇ ਕਰਵਾਇਆ ਗਿਆ। ਇਸ ਤੋਂ ਘੱਟ ਗਿਣਤੀਆਂ ਦੇ ਵੱਡੇ ਹਿੱਸੇ ਨੂੰ ਬੇਚੈਨੀ ਹੋਣੀ ਸੁਭਾਵਿਕ ਹੀ ਹੈ। ਆਖ਼ਰਕਾਰ ਇਹ ਉਹੀ ਹਕੂਮਤ ਹੈ ਜਿਹੜੀ ਆਰ.ਐਸ.ਐਸ. ਨਾਲ ਆਪਣੀ ਸਾਂਝ ਦੇ ਫੂੰਦੇ ਆਪਣੇ ਦੋਹਾਂ ਮੋਢਿਆਂ ਉਤੇ ਮਾਣ ਨਾਲ ਲਟਕਾਈ ਬੈਠੀ ਹੈ।

ਭਾਵੇਂ ਕਈ ਮਹੰਤਾਂ ਤੇ ਗੁਰੂਆਂ ਨੇ ਚਿਤਾਵਨੀ ਦਿੱਤੀ ਸੀ ਕਿ ਯੋਗ ਦਿਵਸ ਮਨਾਉਣ ਤੋਂ ਇਨਕਾਰ ਕਰਨ ਵਾਲਿਆਂ ਨੂੰ ਖਾਮਿਆਜ਼ਾ ਭੁਗਤਣਾ ਪਵੇਗਾ, ਪਰ ਦੂਜੇ ਪਾਸੇ ਸੁਸ਼ਮਾ ਸਵਰਾਜ ਤੇ ਕੁਝ ਹੋਰ ਵਜ਼ੀਰਾਂ ਨੇ ਤਰੀਕੇ ਜਿਹੇ ਨਾਲ ਕਬੂਲ ਕਰ ਲਿਆ ਕਿ ਜੇ ਉਸ ਦਿਨ ਮੁਸਲਮਾਨ ਤੇ ਹੋਰ ਘੱਟ ਗਿਣਤੀਆਂ ਨਾਲ ਸਬੰਧਤ ਲੋਕ ਯੋਗ ਨਹੀਂ ਕਰਨਾ ਚਾਹੁੰਦੇ, ਤਾਂ ਇਹ ਉਨ੍ਹਾਂ ਦੀ ਮਰਜ਼ੀ ਹੋਵੇਗੀ ਤੇ ਉਨ੍ਹਾਂ ਦਾ ਨੁਕਸਾਨ ਵੀ। ਉਂਜ, ਉਨ੍ਹਾਂ ਵੱਲੋਂ ਉਪਰੇ ਦਿਲ ਨਾਲ ਦਿਖਾਈ ਇਹ ਸੁਹਜ ਬੁਨਿਆਦੀ ਤੌਰ ਉਤੇ ਬੇਅਰਥ ਹੈ ਕਿਉਂਜੋ 'ਸੂਰਿਆ ਨਮਸਕਾਰ' ਤੇ 'ਓਮ' ਬਾਰੇ ਛਿੜਿਆ ਵਿਵਾਦ ਆਪਣਾ ਮੁਢਲਾ ਮਕਸਦ ਮੁਕੰਮਲ ਕਰ ਚੁੱਕਾ ਹੈ। ਇਸ ਰਾਹੀਂ 'ਆਪਣਿਆਂ' ਤੇ 'ਉਪਰਿਆਂ' ਵਿਚਕਾਰ ਲਕੀਰ ਖਿੱਚੀ ਜਾ ਚੁੱਕੀ ਹੈ। ਜਿਹੜਾ ਵੀ ਕੋਈ ਜਣਾ ਉਜ਼ਰ ਕਰਦਾ ਹੈ, ਉਹ ਬਹੁਗਿਣਤੀ ਦੀ ਨਾਰਾਜ਼ਗੀ ਦਾ ਜੋਖ਼ਿਮ ਮੁੱਲ ਲੈ ਰਿਹਾ ਹੈ।

ਘੱਟ ਗਿਣਤੀਆਂ ਨੂੰ ਜ਼ੋਰਾਵਰੀ ਦੀਆਂ ਇਨ੍ਹਾਂ ਲਾਟਾਂ ਦਾ ਸੇਕ ਮਹਿਸੂਸ ਹੋਣ ਤੋਂ ਕਿਤੇ ਵੱਧ, ਇਹ ਬਹੁਗਿਣਤੀ ਦੀ ਘੇਰਾਬੰਦੀ ਹੀ ਹੈ ਜਿਹੜੀ ਹਰ ਜਮਹੂਰੀ ਜਿਊੜੇ ਨੂੰ ਬੌਂਦਲਾ ਸਕਦੀ ਹੈ। ਇਸ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਆਪਣੇ ਸਰਕਾਰੀ ਵਸੀਲੇ ਤੇ ਬਲ ਇੰਨੇ ਵਿਰਾਟ ਪੱਧਰ ਉਤੇ ਸਮਾਗਮ ਰਚਾਉਣ ਲਈ ਇਸਤੇਮਾਲ ਨਹੀਂ ਕੀਤੇ। ਹੁਣ ਤੱਕ ਗਣਤੰਤਰ ਦਿਵਸ ਹੀ ਅਜਿਹਾ ਇਕ ਸਮਾਗਮ ਹੁੰਦਾ ਹੈ ਜਦੋਂ ਸਰਕਾਰ ਵਰਦੀਧਾਰੀ ਮੁਲਾਜ਼ਮਾਂ (ਤੇ ਸਕੂਲੀ ਬੱਚਿਆਂ ਦੇ ਕੁਝ ਦਸਤਿਆਂ) ਨੂੰ ਇਨ੍ਹਾਂ ਜਸ਼ਨਾਂ ਵਿਚ ਸ਼ਾਮਲ ਕਰਦੀ ਆਈ ਹੈ।

ਆਜ਼ਾਦੀ ਦਿਵਸ ਮੌਕੇ ਪ੍ਰਧਾਨ ਮੰਤਰੀ ਦੇ ਭਾਸ਼ਨ ਲਈ ਸਰੋਤਿਆਂ ਵਜੋਂ ( ਤੇ ਤਾੜੀਆਂ ਮਾਰਨ ਲਈ) ਕੁਝ ਸਕੂਲਾਂ ਨੂੰ ਸੱਦਿਆ ਜਾਂਦਾ ਹੈ। ਹੁਣ ਕੈਬਨਿਟ ਸਕੱਤਰ ਤੋਂ ਲੈ ਕੇ ਜ਼ਿਲ੍ਹਾ ਕੁਲੈਕਟਰ ਵਰਗੇ ਅਫ਼ਸਰ (ਘੱਟੋ-ਘੱਟ ਜਿਥੇ ਭਾਜਪਾ ਦੀਆਂ ਸਰਕਾਰਾਂ ਹਨ), ਸੁਰੱਖਿਆ ਬਲਾਂ, ਨੀਮ-ਫੌਜੀ ਬਲਾਂ, ਸਕੂਲਾਂ, ਯੂਨੀਵਰਸਿਟੀਆਂ ਤੇ ਸਮਾਜਕ ਗਰੁੱਪਾਂ ਦੀ 21 ਜੂਨ ਵਾਲੇ ਸ਼ੋਅ ਵਿਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਜਾਨ ਹੂਲਵੀਂ ਮੁਸ਼ੱਕਤ ਕਰ ਦਿੱਤੀ। ਰਸਮੀ ਇਕੱਠ ਆਮ ਤੌਰ ਉਤੇ ਖਾਸ ਮਕਸਦ ਲਈ ਕੀਤੇ ਜਾਂਦੇ ਹਨ। ਮਸਲਾ ਇਕਮੁੱਠਤਾ ਦਾ ਹੁੰਦਾ ਹੈ ਤੇ ਨਾਲ ਹੀ ਮੌਜੂਦਾ ਸਾਂਝ ਤੇ ਸ਼ਰਧਾ ਨੂੰ ਮੁੜ ਦ੍ਰਿੜਾਉਣਾ ਹੁੰਦਾ ਹੈ। ਮਸਲਨ, 1990ਵਿਆਂ ਵਿਚ ਮੁੰਬਈ ਵਿਚ ਸ਼ਰੀਕੇਬਾਜ਼ੀ ਵਿਚੋਂ ਹੀ ਆਰਤੀ ਤੇ ਨਮਾਜ਼ ਲਈ 'ਮਹਾਂ ਇਕੱਠ' ਕੀਤੇ ਗਏ। ਇਨ੍ਹਾਂ ਦੇ ਨਤੀਜੇ ਨਾਖ਼ੁਸ਼ਗਵਾਰ ਤੇ ਪੱਕੇ ਫਿਰਕੂ ਪਾੜੇ ਦੇ ਰੂਪ ਵਿਚ ਸਾਹਮਣੇ ਆਏ।

ਭਾਰਤ ਤੋਂ ਇਲਾਵਾ ਪੱਛਮੀ ਮੁਲਕਾਂ ਵਿੱਚ ਵੀ ਯੋਗ ਦੀ ਅਹਿਮੀਅਤ ਮੰਨੀ ਜਾਂਦੀ ਹੈ। ਇਹੀ ਕਾਰਨ ਹੈ ਕਿ ਪਿਛਲੇ ਸਾਲ ਸਤੰਬਰ ਵਿਚ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੌਮਾਂਤਰੀ ਯੋਗ ਦਿਵਸ ਮਨਾਉਣ ਸਬੰਧੀ ਸੰਯੁਕਤ ਰਾਸ਼ਟਰ ਵਿਚ ਮਤਾ ਪੇਸ਼ ਕੀਤਾ ਤਾਂ ਉਸ ਨੂੰ ਭਰਪੂਰ ਹੁੰਗਾਰਾ ਮਿਲਿਆ ਤੇ ਸੰਯੁਕਤ ਰਾਸ਼ਟਰ ਨੇ 21 ਜੂਨ ਨੂੰ ਵਿਸ਼ਵ ਯੋਗ ਦਿਵਸ ਐਲਾਨ ਦਿੱਤਾ। ਸੰਯੁਕਤ ਰਾਸ਼ਟਰ ਵੱਲੋਂ ਇਸ ਤੋਂ ਇਲਾਵਾ ਲਗਪਗ 125 ਮੁੱਦਿਆਂ ਨੂੰ ਵਿਸ਼ਵ ਦਿਵਸ ਦੇ ਰੂਪ ਵਿਚ ਮਨਾਉਣ ਦਾ ਐਲਾਨ ਕੀਤਾ ਹੋਇਆ ਹੈ ਪਰ ਭਾਰਤ ਵੱਲੋਂ ਕੇਵਲ ਯੋਗ ਦਿਵਸ ਨੂੰ ਹੀ ਇੰਨਾ ਜ਼ਿਆਦਾ ਮਹੱਤਵ ਦੇਣਾ ਸੁਆਲ ਖੜ੍ਹੇ ਕਰਦਾ ਹੈ।

## ਯੋਗ ਦਿਵਸ ਨੂੰ ਧਰਮ ਨਾਲ ਜੋੜ ਕੇ ਕੀਤੀ ਚਾਂਦਮਾਰੀ




## ਰਾਜਨਾਥ ਵੱਲੋਂ ਅਤਿਵਾਦੀਆਂ ਨੂੰ ਯੋਗ ਕਰਨ ਦੀ ਸਲਾਹ

**ਨਵੀਂ ਦਿੱਲੀ:** ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਅਤਿਵਾਦੀਆਂ ਨੂੰ ਗਿਆਨ ਦੀ ਕਮੀ ਨਹੀਂ ਹੈ ਤੇ ਉਹ ਵੀ 'ਗਿਆਨੀ' ਹਨ। ਇਸ ਦੇ ਨਾਲ ਹੀ ਗ੍ਰਹਿ ਮੰਤਰੀ ਨੇ ਅਤਿਵਾਦੀਆਂ ਨੂੰ ਸੁਝਾਅ ਦਿੱਤਾ ਹੈ ਕਿ ਉਨ੍ਹਾਂ ਨੂੰ ਆਪਣੇ ਗਿਆਨ ਨੂੰ ਸਮਾਜ ਦੀ ਉਸਾਰੀ ਦੇ ਕੰਮ ਵਿਚ ਲਾਉਣ ਵਾਸਤੇ ਯੋਗ ਕਰਨਾ ਚਾਹੀਦਾ ਹੈ। ਇਥੇ ਯੋਗ ਦੇ ਲਾਭ ਸਾਂਝੇ ਕਰਨ ਲਈ ਕਰਵਾਏ ਇਕ ਸਮਾਗਮ ਵਿਚ ਉਨ੍ਹਾਂ ਨੇ ਇਹ ਗੱਲ ਕਹੀ।

## ਯੋਗ ਦਿਵਸ ਤੋਂ ਦੂਰ ਹੀ ਰਿਹਾ ਪਾਕਿਸਤਾਨ

**ਇਸਲਾਮਾਬਾਦ:** ਵਿਸ਼ਵ ਭਰ ਵਿਚ ਮਨਾਇਆ ਗਿਆ ਪਹਿਲਾ ਕੌਮਾਂਤਰੀ ਯੋਗ ਦਿਵਸ ਪਾਕਿਸਤਾਨ ਵਿਚ ਭਾਰਤੀ ਹਾਈ ਕਮਿਸ਼ਨ ਦੀਆਂ ਹੱਦਾਂ ਤੱਕ ਹੀ ਸੀਮਿਤ ਰਿਹਾ ਜਿਥੇ ਸਟਾਫ ਤੇ ਵਿਦੇਸ਼ੀ ਕੂਟਨੀਤਿਕ ਅਧਿਕਾਰੀਆਂ ਨੇ ਯੋਗ ਦੇ ਆਸਨ ਕੀਤੇ। ਇਥੇ ਵਰਣਨਯੋਗ ਹੈ ਕਿ ਸ਼ੁਰੂਆਤ ਵਿਚ ਪਾਕਿਸਤਾਨ ਨੇ ਕੌਮਾਂਤਰੀ ਯੋਗ ਦਿਵਸ ਮਨਾਉਣ ਪ੍ਰਤੀ ਹਾਂ ਪੱਖੀ ਹੁੰਗਾਰਾ ਭਰਿਆ ਸੀ ਪਰ ਬਾਅਦ ਵਿਚ ਉਸ ਨੇ ਇਹ ਇਰਾਦਾ ਛੱਡ ਦਿੱਤਾ ਸੀ। ਪਾਕਿਸਤਾਨ ਨੇ ਭਾਰਤੀ ਯੋਗ ਅਧਿਆਪਕ ਜਿਸ ਨੂੰ ਤਿਆਰੀਆਂ ਕਰਵਾਉਣ ਲਈ ਇਸਲਾਮਾਬਾਦ ਭੇਜਿਆ ਜਾ ਰਿਹਾ ਸੀ, ਦਾ ਵੀਜ਼ਾ ਰੱਦ ਕਰ ਦਿੱਤਾ ਸੀ। ਇਸ ਉਪਰੰਤ ਭਾਰਤ ਨੇ ਹਾਈ ਕਮਿਸ਼ਨ ਦੇ ਅੰਦਰ ਹੀ ਯੋਗ ਸਮਾਗਮ ਕਰਨ ਦਾ ਫੈਸਲਾ ਕੀਤਾ ਸੀ।

## ਬਾਨ ਕੀ ਮੂਨ ਨੇ ਵੀ ਕੀਤਾ ਯੋਗ

**ਸੰਯੁਕਤ ਰਾਸ਼ਟਰ:** ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਸੰਯੁਕਤ ਰਾਸ਼ਟਰ ਸੰਘ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਵੀ ਹਜ਼ਾਰਾਂ ਲੋਕਾਂ ਨਾਲ ਯੋਗ ਆਸਣ ਕਰਕੇ ਆਪਣੀ ਸਰਗਰਮ ਹਾਜ਼ਰੀ ਲਵਾਈ। ਸੰਯੁਕਤ ਰਾਸ਼ਟਰ ਦੇ ਹੈਡਕੁਆਰਟਰ ਵਿਖੇ ਭਾਰਤੀ ਮਿਸ਼ਨ ਵੱਲੋਂ ਕਰਵਾਏ ਗਏ ਸਮਾਗਮ ਦੌਰਾਨ ਆਰਟ ਆਫ ਲਿਵਿੰਗ ਦੇ ਸ੍ਰੀ ਸ੍ਰੀ ਰਵੀਸ਼ੰਕਰ ਨੇ ਇਸ ਮੌਕੇ ਹਾਜ਼ਰ ਲੋਕਾਂ ਨੂੰ ਯੋਗ ਕਰਵਾਇਆ, ਜਿਸ ਵਿਚ ਬਾਨ ਕੀ ਮੂਨ ਨੇ ਆਪਣੀ ਪਤਨੀ ਨਾਲ ਯੋਗ ਟ੍ਰੈਕ ਸੂਟ ਪਹਿਨ ਕੇ ਹਿੱਸਾ ਲਿਆ। ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਤੇ ਸੰਯੁਕਤ ਰਾਸ਼ਟਰ ਮਹਾਸਭਾ ਦੇ ਮੁਖੀ ਸੈਮ ਕੁਟਸੇਆ ਦੇ ਭਾਸ਼ਣ ਤੋਂ ਬਾਅਦ ਸ੍ਰੀ ਸ੍ਰੀ ਰਵੀਸ਼ੰਕਰ ਮੰਚ ਉਤੇ ਆਏ ਤੇ ਉਨ੍ਹਾਂ ਹਾਜਰੀਨ ਨੂੰ ਯੋਗ ਆਸਣ ਕਰਵਾਏ, ਜਿਸ ਵਿਚ ਬਾਨ ਕੀ ਮੂਨ ਨੇ ਉਤਸੁਕਤਾ ਨਾਲ ਹਿੱਸਾ ਲਿਆ।



# ਬਾਦਲ ਪਿਉ-ਪੁੱਤਰ ਯੋਗ ਦਿਵਸ ਤੋਂ ਰਹੇ ਦੂਰ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਯੋਗ ਦਿਵਸ ਤੋਂ ਦੂਰ ਰਹੇ। ਹਾਲਾਂਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਅੰਮ੍ਰਿਤਸਰ ਵਿਚ ਰਾਜ ਪੱਧਰੀ ਯੋਗ ਦਿਵਸ ਵਿਚ ਹਿੱਸਾ ਜ਼ਰੂਰ ਲਿਆ। ਸੂਤਰਾਂ ਮੁਤਾਬਕ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਸਮੇਂ ਆਪਣੇ ਬਾਲਾਸਰ (ਹਰਿਆਣਾ) ਸਥਿਤ ਫਾਰਮ ਹਾਊਸ ਉਤੇ ਸਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਿੱਲੀ ਸਫ਼ਦਰਜੰਗ ਰੋਡ ਨਿਵਾਸ ਉਤੇ ਸਨ। ਸੁਖਬੀਰ ਬਾਦਲ ਨੇ ਦਿੱਲੀ ਹੁੰਦਿਆਂ ਹੋਇਆਂ ਵੀ ਕਿਸੇ ਜਨਤਕ ਯੋਗ ਸਮਾਗਮ ਵਿਚ ਹਿੱਸਾ ਨਹੀਂ ਲਿਆ।

ਬਾਦਲ ਸਵੇਰੇ ਬਾਲਾਸਰ ਤੋਂ ਚੱਲ ਕੇ ਮੁਕਤਸਰ ਦੇ ਪਿੰਡਾਂ ਦਾ ਦੌਰਾ ਕਰ ਰਹੇ ਹਨ ਪਰ ਉਨ੍ਹਾਂ ਮੁਕਤਸਰ ਆ ਕੇ ਕਿਸੇ ਯੋਗ ਪ੍ਰੋਗਰਾਮ ਵਿਚ ਹਿੱਸਾ ਨਹੀਂ ਲਿਆ। ਦਰਅਸਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਅਨੰਦਪੁਰ ਸਾਹਿਬ ਦੌਰਾ ਰੱਦ ਹੋਣ ਤੋਂ ਬਾਅਦ ਪੰਜਾਬ ਦੇ ਸਕੂਲਾਂ ਵਿਚ ਯੋਗ ਦਿਵਸ ਵੀ ਰੱਦ ਕਰ ਦਿੱਤਾ ਗਿਆ ਸੀ ਪਰ ਅਮਿਤ ਸ਼ਾਹ ਦੇ ਆਉਣ ਦੇ ਐਲਾਨ ਤੋਂ ਬਾਅਦ ਇਹ ਦੁਬਾਰਾ ਮਨਾਉਣ ਦਾ ਐਲਾਨ ਕੀਤਾ ਗਿਆ। ਇਸੇ ਦੌਰਾਨ ਹੀ ਬਾਬਾ ਰਾਮਦੇਵ ਨੇ ਵੀ ਮੁੱਖ ਮੰਤਰੀ ਬਾਦਲ ਨਾਲ ਮੁਲਾਕਾਤ ਕੀਤੀ ਸੀ ਤੇ ਕਿਹਾ ਸੀ ਕਿ ਮੁੱਖ ਮੰਤਰੀ ਖ਼ੁਦ ਲੰਮੇ ਸਮੇਂ ਤੋਂ ਯੋਗ ਕਰਦੇ ਹਨ ਪਰ ਇਸ ਦੇ ਬਾਵਜੂਦ ਵੀ ਅੱਜ ਕੌਮਾਂਤਰੀ ਯੋਗ ਦਿਵਸ ਉਤੇ ਦੋਵੇਂ ਬਾਦਲ ਯੋਗ ਦੇ ਕਿਸੇ ਜਨਤਕ ਸਮਾਗਮ ਸ਼ਾਮਲ ਨਹੀਂ ਹੋਏ।



# ਜਦੋਂ ਰਾਜਪੱਥ ਬਣਿਆ ਯੋਗਪੱਥ...

**ਨਵੀਂ ਦਿੱਲੀ:** ਦੇਸ਼ ਭਰ ਦੇ ਸਮਾਗਮਾਂ ਵਿਚੋਂ ਸਭ ਤੋਂ ਵਿਸ਼ੇਸ਼ ਨਜ਼ਾਰਾ ਦਿੱਲੀ ਵਿਚ ਰਾਜਪੱਥ ਉਤੇ ਵੇਖਣ ਨੂੰ ਮਿਲਿਆ। ਤਕਰੀਬਨ ਤਿੰਨ ਕਿਲੋਮੀਟਰ ਦੇ ਘੇਰੇ ਅੰਦਰ ਯੋਗ ਕਰਨ ਵਾਲੇ, ਸਰਕਾਰੀ ਅਧਿਕਾਰੀਆਂ ਤੇ ਲੋਕਾਂ ਦੇ ਹੜ੍ਹ ਨੂੰ ਵੇਖਦਿਆਂ ਮੋਦੀ ਨੇ ਟਿੱਪਣੀ ਕਰਦਿਆਂ ਕਿਹਾ ਕਿ ਕੀ ਕਦੇ ਕਿਸੇ ਨੇ ਸੋਚਿਆ ਸੀ ਕਿ ਇਕ ਦਿਨ 'ਰਾਜਪੱਥ' 'ਯੋਗਪੱਥ' ਵਿਚ ਤਬਦੀਲ ਹੋ ਜਾਏਗਾ। ਰਾਜ ਪੱਥ ਉਤੇ ਯੋਗ ਦੀ ਸ਼ੁਰੂਆਤ 'ਓਮ' ਨਾਲ ਕੀਤੀ ਗਈ ਪਰ ਉਥੇ ਮੌਜੂਦ ਮੁਸਲਿਮ ਭਾਈਚਾਰੇ ਨੇ 'ਅਲਾਹ' ਦਾ ਜੈਕਾਰਾ ਲਾਇਆ। ਇਥੇ ਇਹ ਵਰਣਨਯੋਗ ਹੈ ਕਿ ਯੋਗ ਦਿਵਸ ਦੇ ਹਿੰਦੂ ਪੱਖੀ ਹੋਣ ਦੇ ਕਥਿਤ ਇਲਜ਼ਾਮਾਂ ਦੇ ਵਿਵਾਦਾਂ ਤੋਂ ਬਾਅਦ ਸਰਕਾਰ ਨੇ ਇਹ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤਾ ਸੀ ਕਿ ਜਿਨ੍ਹਾਂ ਨੂੰ 'ਓਮ' ਦੇ ਉਚਾਰਨ ਉਤੇ ਇਤਰਾਜ਼ ਹੈ ਉਹ ਆਪਣੀ ਸ਼ਰਧਾ ਦੇ ਮੁਤਾਬਕ ਉਚਾਰਨ ਕਰ ਸਕਦੇ ਹਨ। ਇਕ ਹੋਰ ਵਿਵਾਦ ਦੇ ਚਲਦਿਆਂ ਕੀਤੇ ਜਾਣ ਵਾਲੇ ਆਸਣਾਂ ਦੀ ਸੂਚੀ ਵਿਚੋਂ 'ਸੂਰੀਆ ਨਮਸਕਾਰ' ਨੂੰ ਹਟਾ ਦਿੱਤਾ ਗਿਆ। ਯੋਗ ਦਿਵਸ ਦੀਆਂ ਟੀ-ਸ਼ਰਟਾਂ ਪਾਏ ਸੈਂਕੜਿਆਂ ਦੀ ਤਾਦਾਦ ਵਿਚ ਲੋਕ ਹਿੰਦੀ ਤੇ ਅੰਗਰੇਜ਼ੀ ਵਿਚ ਦਿੱਤੇ ਨਿਰਦੇਸ਼ਾਂ ਮੁਤਾਬਿਕ ਆਸਣ ਕਰ ਰਹੇ ਸਨ।



## ਆਰ.ਐਸ.ਐਸ ਦੀ ਚੜ੍ਹਤ ਲਈ ਯੋਗ ਦਾ ਸਹਾਰਾ

**ਚੰਡੀਗੜ੍ਹ:** ਹਰਿਆਣਾ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ ਨੇ ਦੋਸ਼ ਲਾਇਆ ਹੈ ਕਿ ਭਾਜਪਾ ਯੋਗ ਦੀ ਆੜ ਵਿਚ ਆਰ.ਐਸ.ਐਸ. ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਕੰਮ ਕਰਵਾਉਣ ਲਈ ਆਉਂਦੇ ਲੋਕਾਂ ਨੂੰ ਯੋਗ ਦੇ ਸਹਾਰੇ ਆਰ.ਐਸ.ਐਸ. ਦੀਆਂ ਸ਼ਾਖਾਵਾਂ ਵੱਲ ਮੋੜਨਾ ਚਾਹੁੰਦੀ ਹੈ।

ਦੇਸ਼ ਵਿਚ ਯੋਗ ਬਹੁਤ ਪੁਰਾਣਾ ਹੈ ਤੇ ਕਾਂਗਰਸ ਦਾ ਯੋਗ ਨਾਲ ਕੋਈ ਵਿਰੋਧ ਨਹੀਂ ਹੈ ਪਰ ਯੋਗ ਦਾ ਰਾਜਨੀਤੀਕਰਨ ਕੀਤਾ ਜਾ ਰਿਹਾ ਹੈ ਜਿਸਦਾ ਪਾਰਟੀ ਵਿਰੋਧ ਕਰ ਰਹੀ ਹੈ।

## ਹੁਣ ਸਰਕਾਰੀ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ ਯੋਗ

**ਨਵੀਂ ਦਿੱਲੀ:** ਕੇਂਦਰੀ ਮਨੁੱਖੀ ਵਸੀਲਾ ਵਿਕਾਸ ਮੰਤਰੀ ਸਮ੍ਰਿਤੀ ਇਰਾਨੀ ਨੇ ਐਲਾਨ ਕੀਤਾ ਕਿ ਕੇਂਦਰ ਸਰਕਾਰ ਦੇ ਸਾਰੇ ਸਕੂਲਾਂ ਵਿਚ ਯੋਗ ਨੂੰ ਇਕ ਵਿਸ਼ੇ ਵਜੋਂ ਪੜ੍ਹਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਦੇ 100 ਵਿਚੋਂ 80 ਅੰਕ ਯੋਗ ਅਭਿਆਸ ਭਾਵ ਪ੍ਰੈਕਟੀਕਲ ਲਈ ਰਾਖਵੇਂ ਹੋਣਗੇ, ਜਿਸ ਦੌਰਾਨ ਵਿਦਿਆਰਥੀਆਂ ਨੂੰ ਵੱਖੋ-ਵੱਖ ਆਸਨ ਕਰ ਕੇ ਦਿਖਾਉਣੇ ਹੋਣਗੇ। ਯੋਗ ਦੀ ਪੜ੍ਹਾਈ ਉਪਰਲੀਆਂ ਪ੍ਰਾਇਮਰੀ ਤੇ ਸੈਕੰਡਰੀ ਜਮਾਤਾਂ (ਛੇਵੀਂ ਤੋਂ ਦਸਵੀਂ) ਵਿਚ ਕਰਾਈ ਜਾਵੇਗੀ। 80 ਫ਼ੀਸਦੀ ਅੰਕ ਪ੍ਰੈਕਟੀਕਲ ਦੇ ਰੱਖੇ ਜਾਣਗੇ। ਬਾਕੀ 20 ਫ਼ੀਸਦੀ ਲਿਖਤੀ ਪ੍ਰੀਖਿਆ ਲਈ ਹੋਣਗੇ।

ਮੰਤਰਾਲਾ ਇਸੇ ਅਕਾਦਮਿਕ ਸੈਸ਼ਨ ਤੋਂ ਕੇਂਦਰੀ ਵਿਦਿਆਲਾ ਤੇ ਜਵਾਹਰ ਨਵੋਦਿਆ ਵਿਦਿਆਲਾ ਵਿਚ ਇਹ ਵਿਸ਼ਾ ਸ਼ੁਰੂ ਕਰਨ ਉਤੇ ਵਿਚਾਰ ਕਰ ਰਿਹਾ ਹੈ। ਯੋਗ ਬਾਰੇ ਐਨ.ਸੀ.ਈ.ਆਰ.ਟੀ. ਵੱਲੋਂ ਤਿਆਰ ਕਿਤਾਬਾਂ ਪਹਿਲਾਂ ਹੀ ਛਪਾਈ ਅਧੀਨ ਹਨ। ਇਸ ਦੇ ਮੱਦੇਨਜ਼ਰ ਅਧਿਆਪਕ ਸਿੱਖਿਆ ਪ੍ਰੋਗਰਾਮ ਵਿਚ ਵੀ ਯੋਗ ਸਬੰਧੀ ਇਕ ਮਡਿਊਲ ਸ਼ਾਮਲ ਕੀਤਾ ਜਾਵੇਗਾ, ਤਾਂ ਕਿ ਯੋਗ ਦੇ ਅਧਿਆਪਕਾਂ ਦੀ ਪੈਦਾ ਹੋ ਰਹੀ ਮੰਗ ਪੂਰੀ ਕੀਤੀ ਜਾ ਸਕੇ।

**Punjab Times**

**Established in 2000**
**16th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਪ੍ਰੋਫੈਸਰ ਅਜਮੇਰ ਸਿੰਘ ਔਲਖ ਜਮਹੂਰੀ ਸਭਾ ਦੇ ਸਰਪ੍ਰਸਤ ਬਣੇ

**ਲੁਧਿਆਣਾ:** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਲੁਧਿਆਣਾ ਵਿਖੇ ਸੂਬਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਵਿਚ ਅਗਲੇ ਸੈਸ਼ਨ ਲਈ ਸੂਬਾਈ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਪ੍ਰੋਫੈਸਰ ਅਜਮੇਰ ਸਿੰਘ ਔਲਖ (ਸਾਬਕਾ ਸੂਬਾ ਪ੍ਰਧਾਨ) ਨੂੰ ਸਰਪ੍ਰਸਤ, ਪ੍ਰੋਫੈਸਰ ਏ.ਕੇ. ਮਲੇਰੀ ਨੂੰ ਪ੍ਰਧਾਨ, ਪ੍ਰੋਫੈਸਰ ਜਗਮੋਹਣ ਸਿੰਘ ਨੂੰ ਜਨਰਲ ਸਕੱਤਰ, ਬੱਗਾ ਸਿੰਘ ਨੂੰ ਮੀਤ ਪ੍ਰਧਾਨ, ਤਰਸੇਮ ਲਾਲ ਨੂੰ ਵਿੱਤ ਸਕੱਤਰ, ਐਡਵੋਕੇਟ ਰਾਜੀਵ ਲੋਹਟਬੱਦੀ ਨੂੰ ਦਫ਼ਤਰ ਸਕੱਤਰ, ਨਰਭਿੰਦਰ ਸਿੰਘ ਨੂੰ ਜਥੇਬੰਦਕ ਸਕੱਤਰ, ਡਾ. ਪਰਮਿੰਦਰ ਸਿੰਘ ਨੂੰ ਪ੍ਰਕਾਸ਼ਨ ਸਕੱਤਰ, ਪ੍ਰਿਤਪਾਲ ਸਿੰਘ ਨੂੰ ਸੀ.ਡੀ.ਆਰ.ਓ. ਤਾਲਮੇਲ ਸਕੱਤਰ ਅਤੇ ਬੂਟਾ ਸਿੰਘ ਨੂੰ ਪ੍ਰੈੱਸ ਸਕੱਤਰ ਚੁਣਿਆ ਗਿਆ।



*ਜਮਹੂਰੀ ਸਭਾ ਦੇ ਨਵੇਂ ਅਹੁਦੇਦਾਰ।*

ਇਸੇ ਦੌਰਾਨ ਮੀਟਿੰਗ ਵਿਚ ਮੁਲਕ ਦੀਆਂ ਦਿਨੋ-ਦਿਨ ਗੰਭੀਰ ਹੋ ਰਹੀਆਂ ਹਾਲਤਾਂ ਵਿਚ ਉਭਰ ਰਹੀਆਂ ਅਣਐਲਾਨੀ ਐਮਰਜੈਂਸੀ ਦੀਆਂ ਅਲਾਮਤਾਂ ਨੂੰ ਗੰਭੀਰਤਾ ਨਾਲ ਨੋਟ ਕੀਤਾ ਗਿਆ, ਕਿਉਂਕਿ ਨਰੇਂਦਰ ਮੋਦੀ ਸਰਕਾਰ ਕਾਰਪੋਰੇਟ ਤੇ ਸਰਮਾਏਦਾਰੀ ਦੀ ਸੇਵਾ ਵਿਚ ਸ਼ਰੇਆਮ ਜੁੱਟੀ ਹੋਈ ਹੈ। ਕਾਰਪੋਰੇਟ ਸਰਮਾਏਦਾਰਾਂ ਤੋਂ ਖਰਬਾਂ ਰੁਪਏ ਦੇ ਟੈਕਸ ਨਾ ਵਸੂਲ ਕੇ ਉਲਟਾ ਜ਼ਮੀਨ ਹੜੱਪ ਕੇ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਵਾਰ ਵਾਰ ਆਰਡੀਨੈਂਸ ਲਿਆਂਦਾ ਜਾ ਰਿਹਾ ਹੈ। ਟੈਕਸ ਮਹਿਕਮੇ ਨੂੰ 78 ਲੱਖ ਕਰੋੜ ਰੁਪਏ ਆਮ ਜਨਤਾ ਤੋਂ ਇਕੱਠੇ ਕਰਨ ਦਾ ਹੁਕਮ ਅਤੇ ਹਿੰਦੂਤਵੀ ਤਾਕਤਾਂ ਦੇ ਫਿਰਕੂ ਏਜੰਡੇ ਨੂੰ ਧੁੱਸ ਨਾਲ ਲਾਗੂ ਕੀਤੇ ਜਾਣ ਦੇ ਨਾਲ-ਨਾਲ ਮੁਲਕ ਭਰ ਵਿਚ ਪੱਤਰਕਾਰਾਂ ਅਤੇ ਆਜ਼ਾਦ ਖਿਆਲੀਆਂ 'ਤੇ ਜਾਨੀ ਹਮਲੇ ਇਸ ਦਾ ਸੰਕੇਤ ਹਨ ਕਿ ਦੇਸ਼ ਉਪਰ ਫਾਸ਼ੀਵਾਦੀ ਖ਼ਤਰੇ ਦੇ ਗੰਭੀਰ ਬੱਦਲ ਮੰਡਲਾ ਰਹੇ ਹਨ।

ਸੂਬਾਈ ਮੀਟਿੰਗ ਨੇ ਐਮਰਜੈਂਸੀ ਦੇ 40 ਸਾਲ ਪੂਰੇ ਹੋਣ ਨੂੰ ਮੁੱਖ ਰੱਖਦਿਆਂ ਜਮਹੂਰੀ ਤਾਕਤਾਂ ਨੂੰ ਇਸ ਖ਼ਤਰੇ ਨੂੰ ਠੱਲਣ ਖਾਤਰ ਜ਼ੋਰਦਾਰ ਲਾਮਬੰਦੀ ਕਰਨ ਦਾ ਸੱਦਾ ਦਿੱਤਾ ਹੈ। ਮੀਟਿੰਗ ਵਿਚ ਕਮਿਊਨਿਸਟ ਆਗੂ ਅਤੇ 'ਨਵਾਂਜ਼ਮਾਨਾ' ਦੇ ਸੰਪਾਦਕ ਜਗਜੀਤ ਸਿੰਘ ਆਨੰਦ ਦੇ ਦੇਹਾਂਤ ਉਪਰ ਸੋਗ ਮਤਾ ਪਾਸ ਕਰ ਕੇ ਵਿਛੜੀ ਸ਼ਖਸੀਅਤ ਨੂੰ ਯਾਦ ਕੀਤਾ ਗਿਆ। ਇਕ ਹੋਰ ਮਤੇ ਰਾਹੀਂ ਪ੍ਰਾਈਵੇਟ ਟਰਾਂਸਪੋਰਟਰਾਂ ਅਤੇ ਸੱਤਾਧਾਰੀ ਸਿਆਸਤਦਾਨਾਂ ਦੇ ਗੱਠਜੋੜ ਦੀਆਂ ਧੱਕੇਸ਼ਾਹੀਆਂ ਤੇ ਮਨਮਾਨੀਆਂ ਵਿਰੁੱਧ ਜਮਹੂਰੀ ਸੰਘਰਸ਼ ਕਰ ਰਹੇ ਵਿਦਿਆਰਥੀਆਂ 'ਤੇ ਤਸ਼ੱਦਦ ਦਾ ਗੰਭੀਰ ਨੋਟਿਸ ਲਿਆ। ਸਭਾ ਨੇ ਇਨਕਲਾਬੀ ਬੁੱਧੀਜੀਵੀ ਪ੍ਰੋਫੈਸਰ ਸਾਈ ਬਾਬਾ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਵੀ ਕੀਤੀ।

# ਪੰਜਾਬ ਨੂੰ ਮਹਿੰਗੀ ਪਈ ਸੱਤਾਧਾਰੀ ਭਾਈਵਾਲਾਂ ਦੀ ਖਿੱਚੋਤਾਣ

*(ਸਫਾ ਇਕ ਦੀ ਬਾਕੀ)*

ਮਾਲੀ ਸੰਕਟ ਦੇ ਬਾਵਜੂਦ ਵਿੱਤੀ ਪੈਕੇਜ ਤੋਂ ਵੀ ਜਵਾਬ ਦੇ ਦਿੱਤਾ ਗਿਆ ਹੈ।

ਪੰਥਕ ਮੁੱਦਿਆਂ ਦੇ ਸਿਵਾਏ ਅਕਾਲੀ ਦਲ ਕੋਲ ਹੋਰ ਕੋਈ ਚਾਰਾ ਵੀ ਨਹੀਂ ਹੈ। ਕੇਂਦਰ ਵਿਚ ਆਪਣੀ ਸਰਕਾਰ ਵੱਲੋਂ ਸੂਬੇ ਬਾਰੇ ਅਪਣਾਏ ਵਤੀਰੇ ਕਾਰਨ ਲੋਕ ਰੋਹ ਖੜ੍ਹਾ ਹੋ ਰਿਹਾ ਹੈ। ਜਨਤਕ ਪ੍ਰਬੰਧ ਦੇ ਕਿਸੇ ਵੀ ਖੇਤਰ ਵਿਚ ਲੋਕਾਂ ਨੂੰ ਰਾਹਤ ਨਹੀਂ ਮਿਲ ਰਹੀ। ਅਮਨ-ਕਾਨੂੰਨ ਦੀ ਵਿਵਸਥਾ ਵੀ ਦਿਨੋ-ਦਿਨ ਵਿਗੜ ਰਹੀ ਹੈ। ਕੇਂਦਰ ਦੀ ਐਨ.ਡੀ.ਏ. ਸਰਕਾਰ ਦੇ ਰੁਖ਼ ਦਾ ਅੰਦਾਜ਼ਾ ਇਸ ਤੱਥ ਤੋਂ ਲਾਇਆ ਜਾ ਸਕਦਾ ਹੈ ਕਿ ਕੇਂਦਰੀ ਵਿੱਤ ਰਾਜ ਮੰਤਰੀ ਜਯੰਤ ਸਿਨਹਾ ਨੇ ਚੰਡੀਗੜ੍ਹ ਵਿਚ ਇਕ ਸਮਾਗਮ ਦੌਰਾਨ ਸਪਸ਼ਟ ਤੌਰ ਉਤੇ ਕਹਿ ਦਿੱਤਾ ਕਿ ਪੰਜਾਬ ਤਾਂ ਖ਼ੁਸ਼ਹਾਲ ਰਾਜ ਹੈ ਤੇ ਇਸ ਨੂੰ ਕਿਸੇ ਵਿੱਤੀ ਪੈਕੇਜ ਦੀ ਲੋੜ ਨਹੀਂ। ਪੰਜਾਬ ਗੰਭੀਰ ਖੇਤੀ ਸੰਕਟ ਵਿਚੋਂ ਵੀ ਗੁਜ਼ਰ ਰਿਹਾ ਹੈ। ਰਾਜ ਦੀ ਭੂਮੀ ਦੀ ਉਤਪਾਦਕਤਾ ਘਟਦੀ ਜਾ ਰਹੀ ਹੈ ਤੇ ਕਰਜ਼ਈ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕੀਤੇ ਜਾਣ ਦਾ ਰੁਝਾਨ ਅਚਨਚੇਤੀ ਜ਼ੋਰ ਫੜ ਗਿਆ ਹੈ। ਮੁੱਖ ਮੰਤਰੀ ਹੁਣ ਵੀ ਇਹੀ ਦਾਅਵਾ ਕਰਦੇ ਹਨ ਕਿ ਵਿੱਤੀ ਪੈਕੇਜ ਪੰਜਾਬ ਦਾ ਹੱਕ ਹੈ, ਮੰਗ ਨਹੀਂ, ਪਰ ਕੇਂਦਰ ਉਨ੍ਹਾਂ ਦੇ ਦਾਅਵੇ ਨੂੰ ਨਜ਼ਰਅੰਦਾਜ਼ ਕਰਦਾ ਆ ਰਿਹਾ ਹੈ। ਇਹੀ ਕਾਰਨ ਹੈ ਕਿ ਅਕਾਲੀ ਦਲ ਨੇ ਹੁਣ ਸਿਆਸੀ ਭਵਿੱਖ ਲਈ ਪੰਥਕ ਏਜੰਡੇ ਨੂੰ ਅੱਗੇ ਕਰ ਦਿੱਤਾ ਹੈ।

ਬਾਦਲ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਰਾਜ ਪ੍ਰਬੰਧ ਵਿਚਲੇ ਨਿਘਾਰ ਨੂੰ ਵਿਰਸੇ ਤੇ ਵਿਰਾਸਤ ਦੀ ਸੰਭਾਲ ਦੇ ਬਹਾਨੇ ਯਾਦਗਾਰਾਂ ਦੀ ਉਸਾਰੀ ਨਾਲ ਢੱਕਣ ਦੀ ਕੋਸ਼ਿਸ਼ ਕੀਤੀ ਸੀ। ਇਹ ਨੀਤੀ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕੁਝ ਕਾਰਗਰ ਵੀ ਸਾਬਤ ਹੋਈ, ਪਰ ਇਸ ਨੂੰ ਹੋਰ ਲੰਬਾ ਖਿੱਚੀ ਜਾਣਾ ਹੁਣ ਗ਼ੈਰ-ਲਾਹੇਵੰਦ ਸਾਬਤ ਹੋ ਰਿਹਾ ਹੈ। ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਜਾਪਦਿਆਂ ਹੀ ਅਕਾਲੀ ਦਲ ਨੂੰ ਸਿੱਖ ਮਸਲਿਆਂ ਦੀ ਯਾਦ ਆਈ ਹੈ। ਇਸ ਤੋਂ ਪਹਿਲਾਂ ਹਾਕਮ ਧਿਰ 'ਪੰਥਕ' ਦੀ ਥਾਂ 'ਪੰਜਾਬੀ ਪਾਰਟੀ' ਵਾਲਾ ਰਾਹ ਅਖ਼ਤਿਆਰ ਕਰਦੀ ਦਿਖਾਈ ਦੇ ਰਹੀ ਸੀ।

**'ਮਹਾਂ-ਸਮਾਗਮ' ਬਾਰੇ ਹੁੰਗਾਰੇ ਤੋਂ ਅਕਾਲੀਆਂ ਵਿਚ ਨਮੋਸ਼ੀ:** ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਸਮਾਗਮ ਵਿਚ ਸੰਗਤਾਂ ਦੀ ਘੱਟ ਆਮਦ ਤੇ ਕੇਂਦਰੀ ਆਗੂਆਂ ਦੇ ਵਤੀਰੇ ਤੋਂ ਅਕਾਲੀ ਦਲ ਵਿਚ ਕਾਫੀ ਨਿਰਾਸ਼ਾ ਹੈ। ਹੁਕਮਰਾਨ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਯਤਨਾਂ ਤੇ ਸਰਕਾਰੀ ਸਰਪ੍ਰਸਤੀ ਦੇ ਬਲਬੂਤੇ 'ਮਹਾਂ-ਸਮਾਗਮ' ਦੇ ਪੰਡਾਲ ਵਿਚ ਤਾਂ ਇਕੱਠ ਜੁਟਾਉਣ ਵਿਚ ਕਾਮਯਾਬ ਹੋ ਗਏ, ਪਰ ਇਸ ਪੰਡਾਲ ਤੋਂ ਬਾਹਰ ਗੁਰਦੁਆਰਿਆਂ ਜਾਂ ਹੋਰ ਇਤਿਹਾਸਕ ਥਾਂਵਾਂ ਉਤੇ ਗ਼ੈਰ-ਸਿਆਸੀ ਸੰਗਤ ਦੀ ਹਾਜ਼ਰੀ ਮਹੀਨ ਹੀ ਰਹੀ।

# ਵਿਦੇਸ਼ੀ ਨਾਗਰਿਕਤਾ ਵਾਲੇ ਮੁਲਾਜ਼ਮਾਂ ਨੂੰ ਘੇਰਨ ਲਈ ਕਮੇਟੀ ਕਾਇਮ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਰਾਜ ਦੇ ਉਨ੍ਹਾਂ ਮੁਲਾਜ਼ਮਾਂ ਵਿਰੁੱਧ ਕਾਰਵਾਈ ਕਰਨ ਲਈ ਇਕ ਕਮੇਟੀ ਦਾ ਗਠਨ ਕੀਤਾ ਹੈ ਜਿਨ੍ਹਾਂ ਨੇ ਵਿਦੇਸ਼ੀ ਨਾਗਰਿਕਤਾ ਹਾਸਲ ਕੀਤੀ ਹੋਈ ਹੈ। ਉਕਤ ਕਮੇਟੀ ਨੂੰ ਕਿਹਾ ਗਿਆ ਹੈ ਕਿ ਉਹ ਅਜਿਹੇ ਅਧਿਕਾਰੀਆਂ ਤੇ ਮੁਲਾਜ਼ਮਾਂ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਸਬੰਧੀ ਰਾਜ ਸਰਕਾਰ ਨੂੰ ਆਪਣੀਆਂ ਸਿਫਾਰਿਸ਼ਾਂ ਪੇਸ਼ ਕਰੇ। ਕਮੇਟੀ ਵੱਖ-ਵੱਖ ਵਿਭਾਗੀ ਮੁਖੀਆਂ ਨਾਲ ਇਹ ਮੁੱਦਾ ਉਠਾਏ ਤੇ ਵਿਦੇਸ਼ੀ ਨਾਗਰਿਕਤਾ ਹਾਸਲ ਕਰਨ ਵਾਲੇ ਸਾਰੇ ਅਧਿਕਾਰੀਆਂ ਤੇ ਮੁਲਾਜ਼ਮਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾਵੇ। ਰਾਜ ਸਰਕਾਰ ਨੂੰ ਹੁਣ ਤੱਕ ਜੋ ਜਾਣਕਾਰੀ ਪ੍ਰਾਪਤ ਹੋਈ ਹੈ ਉਸ ਅਨੁਸਾਰ ਇਕ ਆਈ.ਏ.ਐਸ. ਅਧਿਕਾਰੀ ਜੀ.ਕੇ. ਸਿੰਘ ਤੋਂ ਇਲਾਵਾ ਦੋ ਪੀ.ਸੀ.ਐਸ. ਅਧਿਕਾਰੀ ਵੀ ਵਿਦੇਸ਼ੀ ਨਾਗਰਿਕਤਾ ਜਾਂ ਗਰੀਨ ਕਾਰਡ ਪ੍ਰਾਪਤ ਕਰ ਚੁੱਕੇ ਹਨ।

# ਯੂਰਪ ਦੇ ਸਭ ਤੋਂ ਬਿਰਧ ਨਾਜ਼ਰ ਸਿੰਘ ਦਾ ਦੇਹਾਂਤ

**ਲੰਡਨ:** ਇਕ ਦਹਾਕੇ ਤੋਂ ਬ੍ਰਿਟੇਨ ਦੀ ਮਹਾਰਾਣੀ ਤੋਂ ਆਪਣੇ ਜਨਮ ਦਿਨ ਮੌਕੇ ਵਧਾਈ ਪੱਤਰ ਹਾਸਲ ਕਰਨ ਵਾਲੇ ਯੂਰਪ ਦੇ ਸਭ ਤੋਂ ਬਜ਼ੁਰਗ ਵਿਅਕਤੀ ਨਾਜ਼ਰ ਸਿੰਘ ਦਾ 111 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੇ ਕੁਝ ਹਫ਼ਤੇ ਪਹਿਲਾਂ ਹੀ ਆਪਣਾ 111ਵਾਂ ਜਨਮ ਦਿਨ ਮਨਾਇਆ ਸੀ। ਨਾਜ਼ਰ ਸਿੰਘ ਪੰਜਾਬ ਆਇਆ ਹੋਇਆ ਸੀ ਜਿਥੇ ਉਸ ਦਾ ਸੰਨ 1904 ਵਿਚ ਜਨਮ ਹੋਇਆ ਸੀ। ਉਨ੍ਹਾਂ ਦੀ 'ਫਾਦਰ'ਜ਼ ਡੇਅ' ਤੋਂ ਇਕ ਦਿਨ ਪਹਿਲਾਂ ਸ਼ਨਿਚਰਵਾਰ ਨੂੰ ਮੌਤ ਹੋ ਗਈ।



ਨਾਜ਼ਰ ਸਿੰਘ ਦੇ ਪੁੱਤਰ ਹਰਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਖੁਸ਼ ਅਤੇ ਸੰਪੂਰਨ ਜ਼ਿੰਦਗੀ ਬਿਤਾਈ। ਕੁਝ ਹਫ਼ਤਿਆਂ ਤੋਂ ਉਹ ਬਿਮਾਰ ਸਨ। ਉਨ੍ਹਾਂ ਨੂੰ ਨਮੋਨੀਆ ਹੋ ਗਿਆ ਸੀ। ਗਿੰਨੀਜ਼ ਵਰਲਡ ਰਿਕਾਰਡਜ਼ ਵਿਚ ਨਾਜ਼ਰ ਸਿੰਘ ਦੀ ਉਮਰ ਦੀ ਪੁਸ਼ਟੀ ਨਹੀਂ ਹੋਈ ਕਿਉਂਕਿ ਉਨ੍ਹਾਂ ਕੋਲ ਜਨਮ ਦਾ ਕੋਈ ਪ੍ਰਮਾਣ ਪੱਤਰ ਨਹੀਂ ਸੀ।

# ਚਰਚ 'ਚ ਹਮਲੇ ਪਿਛੋਂ ਨਸਲਵਾਦ ਖਿਲਾਫ ਆਵਾਜ਼ ਬੁਲੰਦ

**ਵਾਸ਼ਿੰਗਟਨ:** ਅਮਰੀਕਾ ਵਿਚ ਇਕ ਗੋਰੇ ਨੌਜਵਾਨ ਵੱਲੋਂ ਚਰਚ ਵਿਚ ਦਾਖ਼ਲ ਹੋ ਕੇ ਨੌਂ ਕਾਲੇ ਲੋਕਾਂ ਨੂੰ ਮਾਰਨ ਦੀ ਘਟਨਾ ਪਿਛੋਂ ਦੇਸ਼ ਵਿਚ ਨਸਲਵਾਦ ਦੇ ਖਾਤਮੇ ਲਈ ਆਵਾਜ਼ ਬੁਲੰਦ ਹੋਣੀ ਸ਼ੁਰੂ ਹੋ ਗਈ ਹੈ। ਰਾਸ਼ਟਰਪਤੀ ਬਰਾਕ ਉਬਾਮਾ ਨੇ ਵੀ ਮੰਨਿਆ ਹੈ ਕਿ ਅਮਰੀਕਾ, ਨਸਲੀ ਵਿਤਕਰੇਬਾਜ਼ੀ ਦੇ ਆਪਣੇ ਇਤਿਹਾਸ ਵਿਚੋਂ ਅਜੇ ਤੱਕ ਨਹੀ ਨਿਕਲ ਸਕਿਆ। ਉਧਰ, ਦੱਖਣੀ ਕੈਰੋਲੀਨਾ ਦੀ ਭਾਰਤੀ ਮੂਲ ਦੀ ਅਮਰੀਕਨ ਗਵਰਨਰ ਨਿੱਕੀ ਹੇਲੀ ਨੇ ਸੂਬੇ ਦੀ ਰਾਜਧਾਨੀ ਵਿਚੋਂ ਨਸਲਵਾਦ ਦਾ ਪ੍ਰਤੀਕ ਮੰਨੇ ਜਾਂਦੇ ਝੰਡੇ ਨੂੰ ਹਟਾਉਣ ਲਈ ਆਵਾਜ਼ ਉਠਾਈ ਹੈ।

ਪਿਛਲੇ ਹਫ਼ਤੇ 21 ਸਾਲਾ ਗੋਰੇ ਨੌਜਵਾਨ ਨੇ ਚਾਰਲਸਟਨ ਦੀ ਇਤਿਹਾਸਕ ਚਰਚ ਵਿਚ ਦਾਖ਼ਲ ਹੋ ਕੇ ਗੋਲੀਬਾਰੀ ਕੀਤੀ ਸੀ, ਜਿਸ ਵਿਚ ਨੌਂ ਜਣਿਆਂ ਦੀਆਂ ਜਾਨਾਂ ਚਲੀਆਂ ਗਈਆਂ ਸਨ। ਇਸ ਨਸਲੀ ਹਮਲੇ ਬਾਅਦ ਲੋਕਾਂ ਵੱਲੋਂ ਤੇਰਾਂ ਤਾਰਿਆਂ ਵਾਲੇ ਇਸ ਲਾਲ ਰੰਗ ਦੇ ਝੰਡੇ ਨੂੰ ਲਾਹੁਣ ਲਈ ਜ਼ੋਰ ਪਾਇਆ ਜਾ ਰਿਹਾ ਹੈ। ਤਸਵੀਰਾਂ ਵਿਚ ਦੇਖਿਆ ਗਿਆ ਕਿ ਇਸ ਗੋਰੇ ਹਮਲਾਵਰ ਦੇ ਹੱਥ ਵਿਚ ਬੰਦੂਕ ਤੇ ਇਹ ਝੰਡਾ ਫੜਿਆ ਹੋਇਆ ਸੀ।

ਦੱਸਣਯੋਗ ਹੈ ਕਿ ਗੁਲਾਮੀ ਦੇ ਮੁੱਦੇ ਉਤੇ ਗਿਆਰਾਂ ਦੱਖਣੀ ਸਟੇਟ, ਅਮਰੀਕਨ ਯੂਨੀਅਨ ਨਾਲੋਂ ਵੱਖ ਹੋ ਗਏ ਸਨ ਤੇ ਉਨ੍ਹਾਂ ਨੇ ਇਸ ਝੰਡੇ ਨੂੰ ਅਪਨਾਇਆ ਸੀ। ਕਿਸੇ ਸਮੇਂ ਇਹ ਝੰਡਾ ਸੂਬੇ ਦੀ ਰਾਜਧਾਨੀ ਵਿਚ ਸਿਖ਼ਰ ਉਤੇ ਝੂਲਦਾ ਹੁੰਦਾ ਸੀ ਪਰ ਸਾਲ 2000 ਵਿਚ ਇਸ ਨੂੰ ਸੂਬੇ ਦੀ ਅਸੈਂਬਲੀ ਸਾਹਮਣੇ ਲਗਾ ਦਿੱਤਾ ਗਿਆ। ਇਸ ਝੰਡੇ ਨੂੰ ਜਨਰਲ ਅਸੈਂਬਲੀ ਵਿਚ ਦੋ ਤਿਹਾਈ ਬਹੁਮਤ ਬਾਅਦ ਹੀ ਹਟਾਇਆ ਜਾ ਸਕਦਾ ਹੈ। ਹੇਲੀ ਨੇ ਕਿਹਾ ਕਿ ਜੇ ਮੰਤਰੀਆਂ ਨੇ ਇਸ ਮੁੱਦੇ ਉਤੇ ਸਹਿਮਤੀ ਨਾ ਬਣਾਈ ਤਾਂ ਉਹ ਕਾਨੂੰਨ ਘਾੜਿਆਂ ਦੀ ਮੀਟਿੰਗ ਬੁਲਾਉਣਗੇ। ਚਰਚ ਦੇ ਪਾਸਟਰ ਤੇ ਸੈਨੇਟਰ ਨੇ ਵੀ ਇਸ ਝੰਡੇ ਨੂੰ ਹਟਾਉਣ ਤੇ ਮਿਊਜ਼ੀਅਮ ਵਿਚ ਰੱਖਣ ਦੀ ਮੰਗ ਕੀਤੀ ਹੈ। ਦੱਖਣੀ ਕੈਰੋਲੀਨਾ ਦੇ ਦੋ ਰਿਪਬਲਿਕਨ ਸੈਨੇਟਰਾਂ ਲਿੰਡਸੇ ਗ੍ਰਾਹਮ ਤੇ ਟਿਮ ਸਕਾਟ ਨੇ ਵੀ ਨਿੱਕੀ ਦੀ ਆਵਾਜ਼ ਵਿਚ ਆਵਾਜ਼ ਮਿਲਾਈ ਹੈ। ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੀ ਦੌੜ ਵਿਚ ਸ਼ਾਮਲ ਹੋਣ ਦੀ ਇੱਛਾ ਰੱਖਣ ਵਾਲੇ ਸ੍ਰੀ ਗ੍ਰਾਹਮ ਨੇ ਬਿਆਨ ਜਾਰੀ ਕੀਤਾ- 'ਚਾਰਲਸਟਨ ਵਿਚ ਇਸ ਘਿਨੌਣੇ ਨਸਲੀ ਹਮਲੇ ਬਾਅਦ ਇਸ ਝੰਡੇ ਨੂੰ ਹਟਾ ਦੇਣਾ ਹੀ ਇਕ ਰਸਤਾ ਹੈ।'

ਫਲੋਰਿਡਾ ਦੇ ਸਾਬਕਾ ਗਵਰਨਰ ਜੈਬ ਬੁਸ਼ ਨੇ ਵੀ ਹੇਲੀ ਵੱਲੋਂ ਇਸ ਝੰਡੇ ਨੂੰ ਹਟਾਉਣ ਲਈ ਉਠਾਈ ਆਵਾਜ਼ ਦਾ ਸਮਰਥਨ ਕੀਤਾ ਹੈ। ਨਿਊ ਯਾਰਕ ਟਾਈਮਜ਼ ਨੇ ਇਸ ਝੰਡੇ ਨੂੰ 'ਨਫ਼ਰਤ ਦਾ ਪ੍ਰਤੀਕ' ਦੱਸਦਿਆਂ ਲਿਖਿਆ ਹੈ ਕਿ ਹੇਲੀ ਨੇ ਇਸ ਝੰਡੇ ਨੂੰ ਸੂਬੇ ਦੀ ਰਾਜਧਾਨੀ ਵਿਚੋਂ ਹਟਾਉਣ ਦਾ ਸੱਦਾ ਦੇ ਕੇ ਆਪਣੇ ਸੂਬੇ ਤੇ ਦੇਸ਼ ਦੇ ਹਿੱਤ ਵਿਚ ਕਦਮ ਚੁੱਕਿਆ ਹੈ।

ਅਮਰੀਕੀ ਰਾਸ਼ਟਰਪਤੀ ਓਬਾਮਾ ਨੇ ਬੰਦੂਕ ਤੇ ਨਸਲੀ ਵਿਤਕਰੇ ਬਾਰੇ ਛਿੜੀ ਬਹਿਸ ਵਿਚ ਹਿੱਸਾ ਲੈਂਦਿਆਂ ਕਿਹਾ ਕਿ ਅਮਰੀਕਾ ਅਜੇ ਤੱਕ ਨਸਲੀ ਵਿਤਕਰੇਬਾਜ਼ੀ ਵਾਲੇ ਮਾਹੌਲ ਵਿਚੋਂ ਨਹੀਂ ਨਿਕਲਿਆ ਤੇ ਹਰ ਗੱਲ ਤੋਂ ਬੰਦੂਕ ਕੱਢ ਲੈਣ ਦਾ ਸਭਿਆਚਾਰ ਇਥੇ ਬੇਹੱਦ ਖਤਰਨਾਕ ਹੱਦ ਤਕ ਪੁੱਜ ਚੁੱਕਾ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਸਮਾਜ ਦੇ ਵਿਚੋਂ ਕਿਸੇ ਬੁਰਾਈ ਨੂੰ ਖਤਮ ਕਰਨ ਦੇ ਲਈ ਸਮਾਂ ਲੱਗਦਾ ਹੈ। ਜੋ ਵਰਤਾਰਾ ਦੋ-ਤਿੰਨ ਸੌ ਸਾਲ ਤੋਂ ਚੱਲਦਾ ਆ ਰਿਹਾ ਹੋਵੇ, ਉਸ ਨੂੰ ਰਾਤ-ਰਾਤੋ ਖਤਮ ਨਹੀਂ ਕੀਤਾ ਜਾ ਸਕਦਾ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਜੰਮੂ ਕਸ਼ਮੀਰ ਵਿਚ ਬਾਬਾ ਬੰਦਾ ਸਿੰਘ ਖੋਜ ਕੇਂਦਰ ਬਣੇਗਾ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਜੰਮੂ ਕਸ਼ਮੀਰ ਵਿਚ ਸਿੱਖ ਰਾਜ ਦੇ ਸੰਸਥਾਪਕ ਬਾਬਾ ਬੰਦਾ ਸਿੰਘ ਬਹਾਦਰ ਸਬੰਧੀ ਖੋਜ ਕਰਨ ਵਾਸਤੇ ਸੈਂਟਰ ਸਥਾਪਤ ਕੀਤਾ ਜਾ ਰਿਹਾ ਹੈ। ਇਸ ਬਾਰੇ ਬਾਬਾ ਬੰਦਾ ਸਿੰਘ ਬਹਾਦਰ ਸਿੱਖ ਸੰਪਰਦਾ ਨਾਲ ਪੰਜਾਬੀ ਯੂਨੀਵਰਸਿਟੀ ਨੇ ਸਮਝੌਤਾ ਕੀਤਾ ਹੈ। ਇਹ ਸੈਂਟਰ ਜੰਮੂ ਕਸ਼ਮੀਰ ਦੇ ਦਰਿਆ ਝਨਾਂ ਦੇ ਕੰਢੇ ਅਤੇ ਤ੍ਰਿਕੁਟੀ ਪਹਾੜਾਂ ਦੇ ਵਿਚਾਲੇ ਸਥਿਤ ਬਾਬਾ ਬੰਦਾ ਸਿੰਘ ਬਹਾਦਰ ਨਗਰ ਵਿਚ ਚਲਾਇਆ ਜਾਵੇਗਾ।

ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਦੱਸਿਆ ਕਿ ਇਸ ਸੈਂਟਰ ਲਈ ਸੰਪਰਦਾ ਨੇ ਇੱਕ ਕਰੋੜ ਰੁਪਏ ਦਾ ਫਿਕਸਡ ਡਿਪਾਜ਼ਿਟ ਕਰਾਇਆ ਹੈ ਜਿਸ ਦੇ ਸਾਲਾਨਾ 8.50 ਲੱਖ ਰੁਪਏ ਵਿਆਜ ਨਾਲ ਸੈਂਟਰ ਦਾ ਕੰਮ ਚਲਾਇਆ ਜਾਵੇਗਾ। ਇਸ ਦੇ ਮੁੱਖ ਪ੍ਰਬੰਧਕ ਭਾਈ ਗੁਰਦਾਸ ਚੇਅਰ ਦੇ ਚੇਅਰਮੈਨ ਡਾ. ਸਰਬਜਿੰਦਰ ਸਿੰਘ ਹੋਣਗੇ। ਬਾਬਾ ਬੰਦਾ ਸਿੰਘ ਬਹਾਦਰ ਦੇ 300 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਇਹ ਸੈਂਟਰ ਜੰਮੂ ਕਸ਼ਮੀਰ ਦੇ ਜ਼ਿਲ੍ਹਾ ਰਿਆਸੀ ਵਿਚ ਪੈਂਦੇ ਬਾਬਾ ਬੰਦਾ ਸਿੰਘ ਬਹਾਦਰ ਨਗਰ ਵਿਚ ਬਣੇਗਾ। ਇਸ ਲਈ ਪੰਜਾਬੀ ਯੂਨੀਵਰਸਿਟੀ ਨੂੰ ਸੰਪਰਦਾ ਵੱਲੋਂ ਛੇ ਕਮਰੇ, ਵਾਈਸ-ਚਾਂਸਲਰ ਦਾ ਵਿਸ਼ੇਸ਼ ਦਫ਼ਤਰ ਅਤੇ ਪੰਜ ਏਕੜ ਜ਼ਮੀਨ ਦਿੱਤੀ ਜਾਵੇਗੀ। ਬਾਬਾ ਬੰਦਾ ਸਿੰਘ ਬਹਾਦਰ ਨਗਰ ਤੋਂ 28 ਕਿਲੋਮੀਟਰ ਦੂਰ ਕਟੜਾ ਵਿਚ ਸੰਪਰਦਾ ਦੇ ਗੈਸਟ ਹਾਊਸ 'ਚ ਦੋ ਕਮਰੇ ਵੱਖਰੇ ਦਿੱਤੇ ਜਾਣਗੇ।

## ਅਥਲੀਟ ਰਾਕੇਸ਼ ਕੁਮਾਰ ਦਾ ਗੋਲਡ ਮੈਡਲ ਨਾਲ ਸਨਮਾਨ

**ਨਿਊ ਯਾਰਕ:** ਲੰਬੀ ਦੌੜ, ਗੋਲਾ ਸੁਟਣ, ਇਕ ਹੱਥ ਨਾਲ ਡੰਡ ਕੱਢਣ ਆਦਿ ਕਈ ਖੇਡਾਂ ਵਿਚ ਵਿਸ਼ਵ ਰਿਕਾਰਡ ਬਣਾ ਚੁਕੇ ਅਥਲੀਟ ਰਾਕੇਸ਼ ਕੁਮਾਰ ਦਾ ਇਥੇ ਗੁਰੂ ਰਵਿਦਾਸ ਸਭਾ ਵਿਖੇ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਇਸੇ ਦੌਰਾਨ ਗੁਰੂਘਰ ਵਲੋਂ ਤੀਜਾ ਨਗਰ ਕੀਰਤਨ ਆਉਂਦੀ 11 ਜੁਲਾਈ ਨੂੰ ਸਜਾਇਆ ਜਾ ਰਿਹਾ ਹੈ। ਰਾਕੇਸ਼ ਕੁਮਾਰ ਇਸ ਨਗਰ ਕੀਰਤਨ ਮੌਕੇ ਵੀ ਆਪਣੀ ਅਥਲੀਟ ਕਲਾ ਦੇ ਜੌਹਰ ਦਿਖਾਏਗਾ।



*ਸ੍ਰੀ ਗੁਰੂ ਰਵਿਦਾਸ ਸਭਾ ਵਿਖੇ ਰਾਕੇਸ਼ ਕੁਮਾਰ ਦਾ ਗੋਲਡ ਮੈਡਲ ਨਾਲ ਸਨਮਾਨ ਕਰਦੇ ਹੋਏ ਪ੍ਰਬੰਧਕ ਅਤੇ ਪਤਵੰਤੇ*

# ਤਾਲਿਬਾਨ ਵੱਲੋਂ ਅਫ਼ਗਾਨ ਸੰਸਦ 'ਤੇ ਹਮਲਾ, 2 ਮੌਤਾਂ

**ਕਾਬੁਲ:** ਅਫ਼ਗਾਨਿਸਤਾਨ ਦੀ ਸੰਸਦ 'ਤੇ ਤਾਲਿਬਾਨ ਵੱਲੋਂ ਕੀਤੇ ਹਮਲੇ ਦੌਰਾਨ ਇਕ ਬੱਚੇ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ। ਹਮਲੇ 'ਚ 31 ਹੋਰ ਵਿਅਕਤੀ ਜ਼ਖ਼ਮੀ ਹੋਏ ਹਨ। ਦਹਿਸ਼ਤਗਰਦਾਂ ਵੱਲੋਂ ਕੀਤੇ ਧਮਾਕੇ ਅਤੇ ਗੋਲੀਬਾਰੀ ਨਾਲ ਸੰਸਦ ਭਵਨ 'ਚ ਹਫੜਾ ਦਫੜੀ ਮਚ ਗਈ। ਹਮਲੇ ਵੇਲੇ ਟੈਲੀਵਿਜ਼ਨ 'ਤੇ ਸਿੱਧਾ ਪ੍ਰਸਾਰਨ ਚੱਲ ਰਿਹਾ ਸੀ। ਕਰੀਬ ਦੋ ਘੰਟਿਆਂ ਬਾਅਦ ਸੁਰੱਖਿਆ ਬਲਾਂ ਨੇ ਇਕ ਕਾਰ ਫਿਦਾਈਨ ਸਮੇਤ ਸੱਤ ਹਮਲਾਵਰਾਂ ਨੂੰ ਮਾਰ ਮੁਕਾਇਆ।

ਹਮਲਾ ਉਸ ਵੇਲੇ ਹੋਇਆ ਜਦੋਂ ਰੱਖਿਆ ਮੰਤਰੀ ਦੇ ਅਹੁਦੇ ਲਈ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਵੱਲੋਂ ਨਾਮਜ਼ਦ ਨੁਮਾਇੰਦੇ ਬਾਰੇ ਸੰਸਦ 'ਚ ਜਾਣਕਾਰੀ ਦਿੱਤੀ ਜਾ ਰਹੀ ਸੀ। ਕਾਬੁਲ ਵਿਚ ਅਤਿ ਮਹੱਤਵਪੂਰਨ ਸਥਾਨ 'ਤੇ ਹੋਏ ਇਸ ਹਮਲੇ ਨੇ ਸੁਰੱਖਿਆ ਬਾਰੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ ਕਿਉਂਕਿ ਅਫ਼ਗਾਨ ਸੁਰੱਖਿਆ ਬਲ ਪਹਿਲੀ ਵਾਰ ਨਾਟੋ ਦੀ ਸਹਾਇਤਾ ਤੋਂ ਬਿਨਾਂ ਤਾਲਿਬਾਨ ਨਾਲ ਮੁਕਾਬਲਾ ਕਰ ਰਹੇ ਸਨ।

ਕਾਬੁਲ ਪੁਲਿਸ ਦੇ ਤਰਜਮਾਨ ਅਬਦੁੱਲਾ ਕਰੀਮੀ ਨੇ ਦੱਸਿਆ ਕਿ ਸਭ ਤੋਂ ਪਹਿਲਾਂ ਸੰਸਦ ਦੀ ਇਮਾਰਤ ਨੇੜੇ ਮੁੱਖ ਸੜਕ 'ਤੇ ਕਾਰ ਬੰਬ ਧਮਾਕਾ ਹੋਇਆ। ਉਸ ਤੋਂ ਬਾਅਦ ਕੁਝ ਹਮਲਾਵਰ ਸੰਸਦ ਦੇ ਸਾਹਮਣੇ ਇਕ ਇਮਾਰਤ 'ਚ ਦਾਖ਼ਲ ਹੋ ਗਏ।

ਉਧਰ ਤਾਲਿਬਾਨ ਨੇ ਕੁਨਦੂਜ਼ ਸੂਬੇ ਦੇ ਜ਼ਿਲ੍ਹੇ ਦਸ਼ਤੀ ਆਰਚੀ 'ਤੇ ਚੌਤਰਫ਼ਾ ਹਮਲਾ ਕਰ ਕੇ ਆਪਣਾ ਕਬਜ਼ਾ ਜਮਾ ਲਿਆ। ਸੂਬਾਈ ਕੌਂਸਲ ਦੇ ਮੁਖੀ ਮੁਹੰਮਦ ਯੂਸਫ਼ ਅਯੂਬੀ ਨੇ ਕਿਹਾ ਕਿ ਸੁਰੱਖਿਆ ਦਸਤਿਆਂ ਨੇ ਡਟ ਕੇ ਮੁਕਾਬਲਾ ਕੀਤਾ ਅਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਹੈ। ਇਸ ਤੋਂ ਪਹਿਲਾਂ ਤਾਲਿਬਾਨ ਨੇ ਕੁਨਦੂਜ਼ ਦੇ ਚਾਰਦਾਰਾ ਜ਼ਿਲ੍ਹੇ 'ਤੇ ਹਮਲਾ ਕਰ ਕੇ ਸ਼ਹਿਰ ਉਪਰ ਕਬਜ਼ਾ ਕਰ ਲਿਆ ਸੀ।

## ਤੋਮਰ ਨੂੰ ਜੇਲ੍ਹ ਭੇਜਿਆ

**ਨਵੀਂ ਦਿੱਲੀ:** ਜਾਅਲੀ ਡਿਗਰੀਆਂ ਦੇ ਕੇਸ ਵਿਚ ਗ੍ਰਿਫ਼ਤਾਰ ਦਿੱਲੀ ਦੇ ਸਾਬਕਾ ਮੰਤਰੀ ਅਤੇ 'ਆਪ' ਆਗੂ ਜਿਤੇਂਦਰ ਸਿੰਘ ਤੋਮਰ ਨੂੰ ਅਦਾਲਤ ਨੇ ਜ਼ਮਾਨਤ ਨਹੀਂ ਦਿੱਤੀ। ਐਡੀਸ਼ਨਲ ਚੀਫ਼ ਮੈਟਰੋਪੌਲਿਟਨ ਮੈਜਿਸਟਰੇਟ ਤਰੁਣ ਯੋਗੇਸ਼ ਨੇ ਉਸ ਨੂੰ 6 ਜੁਲਾਈ ਤੱਕ ਜੇਲ੍ਹ ਭੇਜ ਦਿੱਤਾ।

ਜੱਜ ਨੇ ਇਸ ਮੌਕੇ ਸਖ਼ਤ ਟਿੱਪਣੀਆਂ ਕਰਦਿਆਂ ਤੋਮਰ ਨੂੰ ਪੁੱਛਿਆ ਕਿ ਉਨ੍ਹਾਂ ਵਰਗੇ ਸਿਆਸਤਦਾਨ ਕਦੋਂ ਤੱਕ ਆਮ ਲੋਕਾਂ ਨਾਲ ਇੰਜ 'ਜਾਅਲਸਾਜ਼ੀ' ਕਰਦੇ ਰਹਿਣਗੇ।

## ਗੁਰਦੁਆਰਾ ਗੁਰੂ ਰਵਿਦਾਸ ਸਭਾ ਦਾ ਪ੍ਰਾਪਰਟੀ ਟੈਕਸ ਮੁਆਫ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਗੁਰੂ ਰਵਿਦਾਸ ਸਭਾ ਦੀ ਪ੍ਰਬੰਧਕ ਕਮੇਟੀ ਦੇ ਯਤਨਾਂ ਸਦਕਾ ਗੁਰੂਘਰ ਦਾ ਪ੍ਰਾਪਰਟੀ ਟੈਕਸ ਸਿਟੀ ਵਲੋਂ ਮੁਆਫ ਕਰ ਦਿਤਾ ਗਿਆ ਹੈ ਜੋ ਕਿ ਹਜਾਰਾਂ ਡਾਲਰ ਸੀ।

ਪ੍ਰਬੰਧਕਾਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਗੁਰੂ ਰਵਿਦਾਸ ਸਭਾ ਨੇ ਗੁਰੂਘਰ ਦੀ ਇਹ ਪ੍ਰਾਪਰਟੀ 2009 ਵਿਚ ਸੰਭਾਲੀ ਸੀ ਪਰ ਇਸ ਦੇ ਟੈਕਸ 2005 ਤੋਂ ਬਕਾਇਆ ਸਨ। ਟੈਕਸ ਮੁਆਫ ਹੋਣ ਨਾਲ ਹੀ ਬਿਜਲੀ ਅਤੇ ਪਾਣੀ ਦੇ ਬਿਲ ਵੀ ਘੱਟ ਜਾਣਗੇ।


ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
24 ਘੰਟੇ ਸੱਤੇ ਦਿਨ ਸੁਣੋ
Listen on :
Radio Sets (CA, WA, NV)
Dial in
832-551-5029 or 605-475-6868
Android & iPhone App
www.PunjabiRadioUSA.com
Ph: 408-272-5200



ੴ ਸਤਿਗੁਰ ਪ੍ਰਸਾਦਿ॥

ਅਮਰੀਕਨ ਸਿੱਖ ਕੌਂਸਲ (ਏ ਐਸ ਸੀ), ਜੋ ਪਹਿਲਾਂ ਵਰਲਡ ਸਿੱਖ ਕੌਂਸਲ-ਅਮਰੀਕਾ ਰਿਜਨ (WSC-AR) ਕਰਕੇ ਜਾਣੀ ਜਾਂਦੀ ਸੀ, ਮੈਂਬਰ ਗੁਰਦੁਆਰਿਆਂ ਅਤੇ ਸਿੱਖ ਸੰਸਥਾਵਾਂ ਦੀ ਕੌਮੀ ਪੱਧਰ ਦੀ ਜਥੇਬੰਦੀ ਹੈ। ਇਹ ਅਮਰੀਕਾ ਵਿਚ ਸੰਸਥਾਗਤ ਨੁਮਾਇੰਦਗੀ ਰਾਹੀਂ ਬਣਾਈ ਗਈ 'ਸਿੱਖਾਂ ਦੀ ਆਵਾਜ਼' ਹੈ।

AMERICAN SIKH COUNCIL

ਅਮਰੀਕਨ ਸਿੱਖ ਕੌਂਸਲ ਦੇ ਬੋਰਡ ਮੈਂਬਰ ਮੈਂਬਰ ਸੰਸਥਾਵਾਂ ਵਲੋਂ ਨਾਮਜ਼ਦ ਕੀਤੇ ਗਏ ਨੁਮਾਇੰਦਿਆਂ (ਜਨਰਲ ਬਾਡੀ) ਵਲੋਂ ਸਿਲੈਕਟ ਕੀਤੇ ਜਾਂਦੇ ਹਨ। ਕਾਰਜਕਾਰਨੀ ਕਮੇਟੀ ਬੋਰਡ ਮੈਂਬਰਾਂ ਵਲੋਂ ਸਿਲੈਕਟ ਕੀਤੀ ਜਾਂਦੀ ਹੈ।

ਅਮਰੀਕਨ ਸਿੱਖ ਕੌਂਸਲ ਸੰਗਤਾਂ ਦੀ ਸੇਵਾ ਵਿਚ ਹੇਠ ਲਿਖੀਆਂ ਪੰਥਕ ਸੇਵਾਵਾਂ ਮੁਹੱਈਆ ਕਰਦੀ ਹੈ:

- ਸਿੱਖ ਧਰਮ ਬਾਰੇ ਜਾਣਕਾਰੀ ਦੇਣ ਵਾਲੀ ਕਿਤਾਬਚੇ ਵਗੈਰਾ ਸਮੱਗਰੀ
- ਗੁਰਦੁਆਰਿਆਂ ਨਾਲ ਸਬੰਧਤ ਮਾਮਲਿਆਂ ਵਿਚ ਝਗੜੇ ਨਿਪਟਾਉਣ ਲਈ ਸੇਵਾਵਾਂ
- ਬੁਆਏ/ਗਰਲ ਸਕਾਊਟਸ ਆਫ ਅਮਰੀਕਾ ਰਾਹੀਂ ਸਿੱਖ ਧਾਰਮਿਕ ਐਵਾਰਡ (ਗਰੇਡ 1 ਤੋਂ 12)
- ਬੁਲਾਰਿਆਂ ਨੂੰ ਭਾਸ਼ਣ ਕਲਾ ਦੇ ਗੁਰ ਸਿਖਾਉਣੇ ਅਤੇ ਸਿੱਖ ਧਰਮ ਬਾਰੇ ਬੁਨਿਆਦੀ ਜਾਣਕਾਰੀ
- ਦੋ ਦਿਨ (ਵੀਕਐਂਡ) ਗੁਰਮੁਖੀ ਕਲਾਸਾਂ ਦੇ ਅਧਿਆਪਕਾਂ ਨੂੰ ਸਿਖਲਾਈ
- ਵੱਖ ਵੱਖ ਥਾਂਵਾਂ 'ਤੇ ਸਿੱਖ ਯੂਥ ਕੈਂਪ ਲਾਉਣੇ
- ਯੋਗ ਪ੍ਰਚਾਰਕ, ਗ੍ਰੰਥੀ ਅਤੇ ਕੀਰਤਨੀਏ ਵਗੈਰਾ ਲੱਭਣ ਵਿਚ ਮਦਦ
- ਸਿੱਖ ਮਨੁੱਖੀ ਅਧਿਕਾਰਾਂ ਬਾਰੇ ਸਮੱਗਰੀ www.thirdsikhgenocide.org

ਕਿਉਂਕਿ ਇਹ ਸਾਰੀਆਂ ਸੇਵਾਵਾਂ ਨਿਸ਼ਕਾਮ ਸੇਵਾਦਾਰਾਂ ਵਲੋਂ ਮੁਹੱਈਆ ਕੀਤੀਆਂ ਜਾਂਦੀਆਂ ਹਨ, ਅਮਰੀਕਨ ਸਿੱਖ ਕੌਂਸਲ ਬੜੀ ਸਰਗਰਮੀ ਨਾਲ ਵਾਲੰਟੀਅਰ ਭਰਤੀ ਕਰ ਰਹੀ ਹੈ ਤਾਂ ਜੋ ਇਹ ਸੰਸਥਾ ਬਹੁਭਾਂਤੀ ਸੇਵਾਵਾਂ ਵੱਧ ਤੋਂ ਵੱਧ ਸੰਗਤਾਂ ਨੂੰ ਮੁਹੱਈਆ ਕਰ ਸਕੇ।

ਹੋਰ ਜਾਣਕਾਰੀ ਹਾਸਲ ਕਰਨ ਲਈ ਕਿਰਪਾ ਕਰਕੇ ਅਮਰੀਕਨ ਸਿੱਖ ਕੌਂਸਲ ਦੀ ਹੇਠਾਂ ਦਿੱਤੀ ਵੈਬਸਾਈਟ ਚੈਕ ਕਰੋ
www.americansikhcouncil.org

# ਵਿਸ਼ਵ ਦੇ ਛੇ ਕਰੋੜ ਲੋਕਾਂ ਦਾ ਉਜਾੜਾ ਬਣੀਆਂ ਜੰਗਾਂ

**ਜਨੇਵਾ:** ਵਿਸ਼ਵ ਭਰ ਵਿਚ 2014 ਵਿਚ ਜੰਗਾਂ, ਅਤਿਆਚਾਰਾਂ ਤੇ ਲੜਾਈਆਂ ਕਾਰਨ ਛੇ ਕਰੋੜ ਲੋਕ ਬੇਘਰ ਹੋਏ। ਇਸ ਦਾ ਮਤਲਬ ਪਿਛਲੇ ਸਾਲ ਹਰ ਰੋਜ਼ 42500 ਲੋਕਾਂ ਨੂੰ ਆਪਣੇ ਘਰਾਂ ਤੋਂ ਉਜੜਨਾ ਪਿਆ ਤੇ ਇਹ ਗਿਣਤੀ ਵਿਸ਼ਵ ਦੇ 24ਵੇਂ ਸਭ ਤੋਂ ਵੱਡੇ ਦੇਸ਼ ਦੀ ਆਬਾਦੀ ਦੇ ਬਰਾਬਰ ਬਣਦੀ ਹੈ। ਸ਼ਰਨਾਰਥੀਆਂ ਬਾਰੇ ਸੰਯੁਕਤ ਰਾਸ਼ਟਰ ਹਾਈ ਕਮਿਸ਼ਨਰ ਵੱਲੋਂ ਜਾਰੀ ਨਵੇਂ ਅੰਕੜਿਆਂ ਮੁਤਾਬਕ ਪਿਛਲੇ ਸਾਲ ਇਹ ਗਿਣਤੀ 83 ਲੱਖ ਵਧੀ ਹੈ। ਵਿਸ਼ਵ ਭਰ ਵਿਚ ਹਰੇਕ 122 ਵਿਅਕਤੀਆਂ ਪਿੱਛੇ ਇਕ ਵਿਅਕਤੀ ਸ਼ਰਨਾਰਥੀ ਹੈ, ਘਰੇਲੂ ਤੌਰ ਉਤੇ ਬੇਘਰ ਹੈ ਜਾਂ ਉਸ ਨੇ ਪਨਾਹ ਮੰਗੀ ਹੈ।

ਸਾਲ 2014 ਵਿਚ ਭਾਰਤ ਦੇ 10,433 ਸ਼ਰਨਾਰਥੀਆਂ ਤੇ ਦੂਜੇ ਮੁਲਕਾਂ ਵਿਚ ਸ਼ਰਨ ਮੰਗਣ ਵਾਲੇ 16,709 ਵਿਅਕਤੀਆਂ ਦੇ ਕੇਸ ਲਟਕ ਰਹੇ ਹਨ, ਜਦੋਂ ਕਿ ਇਸੇ ਸਾਲ ਦੌਰਾਨ 1,99,937 ਸ਼ਰਨਾਰਥੀਆਂ ਤੇ 5074 ਵਿਅਕਤੀਆਂ ਨੇ ਭਾਰਤ ਵਿਚ ਸ਼ਰਨ ਮੰਗੀ। ਰਿਪੋਰਟ ਵਿਚ ਕਿਹਾ ਗਿਆ ਕਿ ਇਸ ਹਿਸਾਬ ਨਾਲ ਵਿਸ਼ਵ ਦੇ ਹਰੇਕ 122 ਵਿਅਕਤੀਆਂ ਵਿਚੋਂ ਇਕ ਜਾਂ ਤਾਂ ਸ਼ਰਨਾਰਥੀ ਹੈ ਜਾਂ ਦੇਸ਼ ਦੇ ਅੰਦਰ ਹੀ ਉਜਾੜੇ ਦੀ ਮਾਰ ਝੱਲ ਰਿਹਾ ਹੈ ਜਾਂ ਉਸ ਨੇ ਕਿਸੇ ਦੂਜੇ ਮੁਲਕ ਵਿਚ ਸ਼ਰਨ ਮੰਗੀ ਹੈ। ਜੇ ਇਸ ਨੂੰ ਇਕ ਦੇਸ਼ ਦੀ ਆਬਾਦੀ ਮੰਨ ਲਿਆ ਜਾਵੇ ਤਾਂ ਇਹ ਵਿਸ਼ਵ ਦਾ 24ਵਾਂ ਵੱਡਾ ਮੁਲਕ ਬਣੇਗਾ। ਪਿਛਲੇ ਸਾਲ ਦੌਰਾਨ ਹਰ ਰੋਜ਼ 42,500 ਵਿਅਕਤੀ ਸ਼ਰਨਾਰਥੀ, ਸ਼ਰਨ ਮੰਗਣ ਵਾਲੇ ਜਾਂ ਅੰਦਰੂਨੀ ਤੌਰ ਉਤੇ ਉਜਾੜੇ ਦੀ ਮਾਰ ਝੱਲਣ ਵਾਲੇ ਸਨ। ਇਸ ਵਿਚ ਪਿਛਲੇ ਚਾਰ ਸਾਲਾਂ ਦੌਰਾਨ ਚਾਰ ਗੁਣਾ ਵਾਧਾ ਦਰਜ ਕੀਤਾ ਗਿਆ। ਪਿਛਲੇ ਸਾਲ ਦੌਰਾਨ ਅੱਤਿਆਚਾਰ, ਸੰਘਰਸ਼ ਜਾਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਹੇਠ ਵਿਸ਼ਵ ਭਰ ਵਿਚ 5.95 ਕਰੋੜ ਲੋਕ ਜਬਰੀ ਉਜਾੜੇ ਗਏ। ਇਨ੍ਹਾਂ ਵਿਚ 1.95 ਕਰੋੜ ਸ਼ਰਨਾਰਥੀ ਤੇ 3.82 ਕਰੋੜ ਅੰਦਰੂਨੀ ਤੌਰ ਉਤੇ ਉਜੜੇ ਵਿਅਕਤੀ ਸ਼ਾਮਲ ਹਨ, ਜਦੋਂ ਕਿ 18 ਲੱਖ ਵਿਅਕਤੀਆਂ ਨੇ ਦੂਜੇ ਮੁਲਕਾਂ ਵਿਚ ਸ਼ਰਨ ਮੰਗੀ। ਇਨ੍ਹਾਂ 1.95 ਕਰੋੜ ਸ਼ਰਨਾਰਥੀਆਂ ਵਿਚੋਂ 51 ਲੱਖ ਫਲਸਤੀਨੀ ਹਨ, ਜਦੋਂ ਕਿ ਸੀਰੀਆ, ਸੋਮਾਲੀਆ ਤੇ ਅਫ਼ਗਾਨਿਸਤਾਨ ਦੇ 1.44 ਕਰੋੜ ਸ਼ਰਨਾਰਥੀ ਹਨ। ਹੈਰਾਨੀਜਨਕ ਗੱਲ ਇਹ ਹੈ ਕਿ ਵਿਸ਼ਵ ਦੇ ਅੱਧੇ ਤੋਂ ਵੱਧ ਸ਼ਰਨਾਰਥੀ ਬੱਚੇ ਹਨ।



## ਢਾਈ ਦਹਾਕਿਆਂ 'ਚ 2129 ਲੋਕ ਦਹਿਸ਼ਤਗਰਦੀ ਦਾ ਸ਼ਿਕਾਰ

**ਨਵੀਂ ਦਿੱਲੀ:** ਪਿਛਲੇ 25 ਸਾਲਾਂ ਦੌਰਾਨ ਦਹਿਸ਼ਤੀ ਹਮਲਿਆਂ ਤੇ ਬੰਬ ਧਮਾਕਿਆਂ ਵਿਚ ਸੁਰੱਖਿਆ ਬਲਾਂ ਸਮੇਤ ਦੋ ਹਜ਼ਾਰ ਤੋਂ ਵੱਧ ਵਿਅਕਤੀ ਹਲਾਕ ਹੋਏ ਹਨ। ਇਸ ਦਾ ਖ਼ੁਲਾਸਾ ਸੂਚਨਾ ਅਧਿਕਾਰ ਐਕਟ ਤਹਿਤ ਮੰਗੀ ਗਈ ਜਾਣਕਾਰੀ ਦੌਰਾਨ ਹੋਇਆ ਹੈ। ਕੇਂਦਰੀ ਗ੍ਰਹਿ ਮਾਮਲਿਆਂ ਦੀ ਅੰਦਰੂਨੀ ਸੁਰੱਖਿਆ ਡਿਵੀਜ਼ਨ ਵੱਲੋਂ ਦਿੱਤੇ ਗਏ ਜਵਾਬ ਮੁਤਾਬਕ 1989 ਤੇ 31 ਮਈ 2015 ਦੌਰਾਨ ਦੇਸ਼ ਵਿਚ ਦਹਿਸ਼ਤੀ ਹਮਲਿਆਂ ਤੇ ਬੰਬ ਧਮਾਕਿਆਂ ਵਿਚ ਸੁਰੱਖਿਆ ਬਲਾਂ ਸਮੇਤ 2129 ਵਿਅਕਤੀ ਹਲਾਕ ਹੋਏ। ਪਿਛਲੇ 25 ਸਾਲਾਂ ਦੌਰਾਨ ਸਭ ਤੋਂ ਵੱਡੇ ਹਮਲਿਆਂ ਵਿਚ 1993 ਦੇ ਮੁੰਬਈ ਲੜੀਵਾਰ ਬੰਬ ਧਮਾਕੇ, 26/11 ਦਾ ਮੁੰਬਈ ਹਮਲਾ, 2006 ਮੁੰਬਈ ਰੇਲ ਧਮਾਕਾ, 1998 ਕੋਇੰਬਟੂਰ ਲੜੀਵਾਰ ਧਮਾਕੇ, 2005 ਦਿੱਲੀ ਧਮਾਕੇ, 2006 ਵਾਰਾਣਸੀ ਧਮਾਕਾ, 2007 ਸਮਝੌਤਾ ਐਕਸਪ੍ਰੈਸ ਧਮਾਕਾ, 2008 ਗੁਹਾਟੀ ਲੜੀਵਾਰ ਬੰਬ ਧਮਾਕੇ ਤੇ 2010 ਜਰਮਨ ਬੇਕਰੀ ਧਮਾਕਾ ਸ਼ਾਮਲ ਹਨ।

## ਦੱਖਣੀ ਸੂਡਾਨ 'ਚ ਢਾਈ ਲੱਖ ਬੱਚੇ ਭੁੱਖਮਰੀ ਦਾ ਸ਼ਿਕਾਰ

**ਜਿਊਬਾ:** ਜੰਗ ਕਾਰਨ ਪ੍ਰਭਾਵਤ ਹੋਏ ਦੱਖਣੀ ਸੂਡਾਨ ਵਿਚ ਤਕਰੀਬਨ ਢਾਈ ਲੱਖ ਬੱਚੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਸੰਯੁਕਤ ਰਾਸ਼ਟਰ ਦੇ ਅਧਿਕਾਰੀ ਟੋਬੀ ਲਾਂਜ਼ਰ ਨੇ ਕਿਹਾ ਕਿ ਉਹ ਛੇ ਮਹੀਨੇ ਪਹਿਲਾਂ ਸੋਚ ਰਹੇ ਸਨ ਕਿ ਸ਼ਾਇਦ ਹਿੰਸਾ ਤੇ ਦਰਦ ਦਾ ਦੌਰ ਲੰਘ ਗਿਆ ਹੈ ਤੇ ਹੁਣ ਸ਼ਾਂਤੀ ਦਾ ਵੇਲਾ ਹੈ, ਪਰ ਉਹ ਗ਼ਲਤ ਸਨ। ਜੰਗ ਨੇ ਇਸ ਖਿੱਤੇ ਨੂੰ ਆਰਥਿਕਤਾ ਪੱਖੋਂ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ। ਇਹ ਸਿਵਲ ਜੰਗ ਦਸੰਬਰ 2013 ਵਿਚ ਸ਼ੁਰੂ ਹੋਈ ਸੀ। ਜੰਗ ਕਾਰਨ ਇਸ ਸਮੇਂ ਦੇਸ਼ ਵਿਚ ਹਰ ਤੀਜਾ ਬੱਚਾ ਕੁਪੋਸ਼ਣ ਤੇ ਢਾਈ ਲੱਖ ਬੱਚੇ ਭੁੱਖਮਰੀ ਦਾ ਸ਼ਿਕਾਰ ਹਨ। ਉਨ੍ਹਾਂ ਸਭ ਨੂੰ ਦੱਖਣੀ ਸੂਡਾਨ ਲਈ 16.30 ਅਰਬ ਡਾਲਰ ਦੀ ਸਹਾਇਤਾ ਰਾਸ਼ੀ ਦੀ ਅਪੀਲ ਕਰਦਿਆਂ ਕਿਹਾ ਕਿ ਇਥੇ ਮਨੁੱਖਤਾ ਦੇ ਵਿਕਾਸ ਲਈ ਮਦਦ ਦੀ ਜ਼ਰੂਰਤ ਹੈ। ਸੰਯੁਕਤ ਰਾਸ਼ਟਰ ਦੀ ਰਿਪੋਰਟ ਅਨੁਸਾਰ ਦੇਸ਼ ਦੇ 1.20 ਕਰੋੜ ਲੋਕਾਂ ਵਿਚੋਂ ਦੋ ਤਿਹਾਈ ਲੋਕਾਂ ਨੂੰ ਸਹਾਇਤਾ ਦੀ ਜ਼ਰੂਰਤ ਹੈ ਤੇ 45 ਲੱਖ ਲੋਕ ਖਾਧ ਪਦਾਰਥਾਂ ਦੀ ਕਮੀ ਨਾਲ ਜੂਝ ਰਹੇ ਹਨ। ਰਿਪੋਰਟ ਵਿਚ ਆਮ ਲੋਕਾਂ ਉਤੇ ਜਬਰ ਜਨਾਹ ਤੇ ਹਮਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿਚ ਇਸ ਸਮੇਂ ਸਭ ਤੋਂ ਵੱਡੀ ਸਮੱਸਿਆ ਘਰਾਂ ਦਾ ਸਾੜਿਆ ਜਾਣਾ, ਸਿਹਤ ਅਦਾਰਿਆਂ ਤੇ ਸਕੂਲਾਂ ਦੀ ਤਬਾਹੀ, ਖਾਣ ਪੀਣ ਦੀਆਂ ਵਸਤਾਂ ਦੇ ਹਜ਼ਾਰਾਂ ਰਾਖਵੇਂ ਗੁਦਾਮਾਂ ਦੀ ਚੋਰੀ, ਜਲ ਸੋਮਿਆਂ ਦਾ ਨਾਸ ਤੇ ਸਾਧਾਰਨ ਜ਼ਿੰਦਗੀ ਲਈ ਜ਼ਰੂਰੀ ਹੋਰਨਾਂ ਸੋਮਿਆਂ ਤੇ ਢਾਂਚੇ ਦੀ ਤਬਾਹੀ ਹੈ।

# ਦਹਿਸ਼ਤਗਰਦਾਂ ਲਈ ਪਨਾਹਗਾਹ ਬਣਿਆ ਪਾਕਿਸਤਾਨ

**ਵਾਸ਼ਿੰਗਟਨ:** ਇਕ ਪਾਸੇ ਜਿਥੇ ਪਾਕਿਸਤਾਨ ਦਾ ਅਫ਼ਗਾਨ ਸਰਹੱਦ ਨਾਲ ਲੱਗਦਾ ਕਬਾਇਲੀ ਖਿੱਤਾ ਸਾਰੀਆਂ ਦਹਿਸ਼ਤੀ ਤਨਜ਼ੀਮਾਂ ਲਈ ਹੀ ਸਵਰਗ ਬਣਿਆ ਹੋਇਆ ਹੈ, ਉਥੇ ਪਾਕਿਸਤਾਨ ਹਕੂਮਤ ਵੱਲੋਂ ਭਾਰਤ ਖ਼ਿਲਾਫ਼ ਕੰਮ ਕਰਨ ਵਾਲੀ ਦਹਿਸ਼ਤੀ ਜਥੇਬੰਦੀ ਲਸ਼ਕਰੇ-ਤੋਇਬਾ (ਐਲ.ਈ.ਟੀ.) ਨੂੰ ਸਾਰੇ ਮੁਲਕ ਵਿਚ ਹੀ ਖੁੱਲ੍ਹੇਆਮ ਸਰਗਰਮੀਆਂ ਕਰਨ ਦੀ ਖੁੱਲ੍ਹ ਦਿੱਤੀ ਜਾ ਰਹੀ ਹੈ। ਇਹ ਗੱਲ ਅਮਰੀਕੀ ਵਿਦੇਸ਼ ਵਿਭਾਗ ਨੇ ਆਪਣੀ ਇਕ ਰਿਪੋਰਟ ਵਿਚ ਕਹੀ ਹੈ ਤੇ ਮੰਨਿਆ ਹੈ ਕਿ ਪਾਕਿਸਤਾਨ ਵਿਚ ਹੁੰਦੀਆਂ ਦਹਿਸ਼ਤੀ ਸਰਗਰਮੀਆਂ ਦਾ ਭਾਰਤ ਸਭ ਤੋਂ ਮੁੱਖ ਨਿਸ਼ਾਨਾ ਹੈ।

ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲਸ਼ਕਰ ਨੂੰ ਪਾਕਿਸਤਾਨ ਭਰ ਵਿਚ ਖੁੱਲ੍ਹੇਆਮ ਕੰਮ ਕਰਨ, ਟਰੇਨਿੰਗ ਦੇਣ, ਰੈਲੀਆਂ-ਪ੍ਰਚਾਰ ਕਰਨ ਤੇ ਫੰਡ ਇਕੱਤਰ ਕਰਨ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ। ਵਿਦੇਸ਼ ਵਿਭਾਗ ਨੇ ਦਹਿਸ਼ਤਗਰਦੀ ਸਬੰਧੀ ਆਪਣੀ 2014 ਦੀ ਸਾਲਾਨਾ ਰਿਪੋਰਟ ਵਿਚ ਕਿਹਾ ਹੈ ਕਿ ਪਾਕਿਸਤਾਨੀ ਫ਼ੌਜ ਵੱਲੋਂ ਉਨ੍ਹਾਂ ਗਰੁੱਪਾਂ ਖ਼ਿਲਾਫ਼ ਤਾਂ ਕਾਰਵਾਈ ਕੀਤੀ ਜਾਂਦੀ ਹੈ ਜਿਹੜੇ ਪਾਕਿਸਤਾਨ ਵਿਰੁੱਧ ਕੰਮ ਕਰਦੇ ਹਨ, ਜਿਵੇਂ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਆਦਿ ਪਰ ਇਸ ਵੱਲੋਂ ਲਸ਼ਕਰ ਵਰਗੇ ਗਰੁੱਪਾਂ ਖ਼ਿਲਾਫ਼ ਕੁਝ ਨਹੀਂ ਕੀਤਾ ਜਾਂਦਾ। ਇਸੇ ਤਰ੍ਹਾਂ ਅਫ਼ਗਾਨ ਤਾਲਿਬਾਨ ਤੇ ਹੱਕਾਨੀ ਨੈਟਵਰਕ ਵਰਗੇ ਅਫ਼ਗਾਨਿਸਤਾਨ ਖ਼ਿਲਾਫ਼ ਦਹਿਸ਼ਤੀ ਸਰਗਰਮੀਆਂ ਕਰਨ ਵਾਲੇ ਗਰੁੱਪਾਂ ਨੂੰ ਵੀ ਪਾਕਿਸਤਾਨ ਵਿਚ ਮੌਜਾਂ ਲੱਗੀਆਂ ਹੋਈਆਂ ਹਨ।



# ਨਿਊਜ਼ੀਲੈਂਡ ਵਿਚ ਸਿੱਖ ਨੌਜਵਾਨ ਨੂੰ ਕਲੱਬ ਜਾਣ ਤੋਂ ਰੋਕਿਆ

**ਵਲਿੰਗਟਨ:** ਨਿਊਜ਼ੀਲੈਂਡ ਵਿਚ 30 ਸਾਲਾ ਸਿੱਖ ਨੂੰ ਇਕ ਕਲੱਬ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਕਿਉਂਕਿ ਉਸ ਨੇ ਦਸਤਾਰ ਸਜਾਈ ਹੋਈ ਸੀ। ਇਸ ਧਾਰਮਿਕ ਵਿਤਕਰੇ ਵਿਰੁੱਧ ਉਸ ਨੇ ਸ਼ਿਕਾਇਤ ਦਰਜ ਕਰਵਾਈ ਹੈ। ਰੀਅਲ ਅਸਟੇਟ ਦਾ ਕੰਮ ਕਰਦੇ ਗੁਰਪ੍ਰੀਤ ਸਿੰਘ ਨੂੰ ਆਪਣੇ ਸਾਥੀਆਂ ਨਾਲ ਦੁਪਹਿਰ ਦੇ ਖਾਣੇ ਲਈ ਆਕਲੈਂਡ ਦੇ ਮਨੁਰੇਵਾ ਕੋਸਮੋਪੋਲਿਟਨ ਕਲੱਬ ਵਿਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਕਿਉਂਕਿ ਕਲੱਬ ਅਨੁਸਾਰ ਸਿਰ ਉਤੇ ਕੋਈ ਵੀ ਚੀਜ਼ ਨਾ ਪਹਿਨਣ ਦੀ ਨੀਤੀ ਦੀ ਉਲੰਘਣਾ ਕੀਤੀ ਹੈ।

ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਲੱਬ ਸਟਾਫ ਮੈਂਬਰ ਨਾ ਮੰਨੇ ਤੇ ਕਿਹਾ ਕਿ ਸਾਡੀ ਇਹੀ ਨੀਤੀ ਹੈ ਤੇ ਅਸੀਂ ਇਸ ਉਤੇ ਕਾਇਮ ਹਾਂ। ਉਨ੍ਹਾਂ ਦੱਸਿਆ ਕਿ ਅਸੀਂ ਬਹਿਸ ਕਰਨ ਦੀ ਬਜਾਏ ਤੁਰੰਤ ਉਥੋਂ ਚਲੇ ਗਏ। ਉਸ ਨੂੰ ਇਸ ਗੱਲ ਦੀ ਜਾਣਕਾਰੀ ਨਹੀਂ ਕਿ ਅਜਿਹਾ ਨਸਲੀ ਵਿਤਕਰੇ ਕਾਰਨ ਕੀਤਾ ਜਾਂ ਬੇਧਿਆਨੀ ਵਿਚ। ਗੁਰਪ੍ਰੀਤ ਸਿੰਘ ਨੇ ਹੁਣ ਮਾਨਵੀ ਹੱਕਾਂ ਬਾਰੇ ਕਮਿਸ਼ਨ ਕੋਲ ਧਾਰਮਿਕ ਵਿਤਕਰੇ ਬਾਰੇ ਸ਼ਿਕਾਇਤ ਦਰਜ ਕਰਵਾਈ ਹੈ। ਉਹ 7 ਸਾਲ ਤੋਂ ਨਿਊਜ਼ੀਲੈਂਡ ਵਿਚ ਰਹਿ ਰਿਹਾ ਹੈ ਤੇ ਉਸ ਨੂੰ ਪਹਿਲੀ ਵਾਰ ਦਸਤਾਰ ਕਾਰਨ ਸਮੱਸਿਆ ਆਈ ਹੈ।



## ਜੰਮੂ ਕਸ਼ਮੀਰ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 8 ਜੁਲਾਈ ਨੂੰ

**ਸ੍ਰੀਨਗਰ:** ਜੰਮੂ ਕਸ਼ਮੀਰ ਵਿਚ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਅਗਲੇ ਮਹੀਨੇ ਅੱਠ ਜੁਲਾਈ ਨੂੰ ਹੋਣਗੀਆਂ। ਇਹ ਚੋਣਾਂ 11 ਸਾਲਾਂ ਦੇ ਵਕਫ਼ੇ ਮਗਰੋਂ ਹੋਣ ਜਾ ਰਹੀਆਂ ਹਨ। ਆਲ ਪਾਰਟੀਜ਼ ਸਿੱਖ ਕੋਆਰਡੀਨੇਸ਼ਨ ਕਮੇਟੀ (ਏ.ਪੀ.ਐਸ.ਸੀ.ਸੀ.) ਨੇ ਦੋਸ਼ ਲਾਇਆ ਹੈ ਕਿ ਸਾਰੀਆਂ ਮੁੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੇ ਜਾਣਬੁੱਝ ਕੇ ਚੋਣਾਂ ਕਰਾਉਣ ਵਿਚ ਦੇਰੀ ਕੀਤੀ ਤੇ ਇਹ ਪਾਰਟੀਆਂ ਧਾਰਮਿਕ ਅਸਥਾਨਾਂ ਦੀ ਦੁਰਵਰਤੋਂ ਕਰ ਰਹੀਆਂ ਹਨ। ਏ.ਪੀ.ਐਸ.ਸੀ.ਸੀ. ਵੱਲੋਂ ਗੁਰਦੁਆਰਾ ਐਕਟ ਵਿਚ ਸੋਧ ਦੀ ਵੀ ਮੰਗ ਕੀਤੀ ਜਾ ਰਹੀ ਹੈ ਕਿਉਂਕਿ ਕਸ਼ਮੀਰ ਵਾਦੀ ਦੇ ਕਈ ਜ਼ਿਲ੍ਹਿਆਂ ਵਿਚ ਇਕ ਵੀ ਸਿੱਖ ਵੋਟਰ ਨਹੀਂ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ ਦਾ ਨੋਟੀਫਿਕੇਸ਼ਨ ਤਿੰਨ ਜੂਨ ਨੂੰ ਜਾਰੀ ਹੋ ਗਿਆ ਸੀ ਤੇ ਪੰਜ ਜੂਨ ਤੋਂ ਨਾਮਜ਼ਦਗੀਆਂ ਦਾਖ਼ਲ ਕਰਨ ਦੇ ਨਾਲ ਇਨ੍ਹਾਂ ਨੂੰ ਭਰਨ ਦੀ ਆਖਰੀ ਤਰੀਕ 12 ਜੂਨ ਸੀ ਜਦਕਿ ਕਾਗਜ਼ਾਂ ਦੀ ਪੜਤਾਲ 16 ਜੂਨ ਨੂੰ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਨਾਮ ਵਾਪਸ ਲੈਣ ਦੀ ਆਖਰੀ ਤਰੀਕ 19 ਜੂਨ ਸੀ ਤੇ ਚੋਣ ਨਿਸ਼ਾਨ ਅਲਾਟ ਕਰ ਦਿੱਤੇ ਗਏ ਹਨ। ਚੋਣ ਪ੍ਰਚਾਰ ਪੰਜ ਜੁਲਾਈ ਤੱਕ ਹੋਏਗਾ ਤੇ ਅੱਠ ਜੁਲਾਈ ਨੂੰ ਵੋਟਾਂ ਪੈਣਗੀਆਂ।

# ਭਾਰਤ-ਪਾਕਿ 'ਚ ਹੁੰਦੀ ਹੈ ਜ਼ਮੀਨਦੋਜ਼ ਪਾਣੀ ਦੀ ਵੱਧ ਬਰਬਾਦੀ

**ਵਾਸ਼ਿੰਗਟਨ:** ਉਤਰ-ਪੱਛਮੀ ਭਾਰਤ ਤੇ ਪਾਕਿਸਤਾਨ ਦੇ ਸਿੰਧੂ ਦਰਿਆਈ ਖਿਤੇ (ਜਿਸ ਵਿਚ ਦੋਵੇਂ ਮੁਲਕਾਂ ਵਿਚ ਵੰਡਿਆ ਪੰਜਾਬ ਤੇ ਹੋਰ ਮੈਦਾਨੀ ਸੂਬੇ ਆਉਂਦੇ ਹਨ) ਵਿਚ ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਕੀਤੀ ਜਾ ਰਹੀ ਹੈ। ਇਹ ਦੁਨੀਆਂ ਵਿਚ ਧਰਤੀ ਹੇਠਲੇ ਪਾਣੀ ਦੀ ਦੂਜੀ ਸਭ ਤੋਂ ਵੱਧ ਅੰਨ੍ਹੇਵਾਹ ਵਰਤੋਂ ਵਾਲਾ ਖਿਤਾ ਹੈ। ਸਾਇੰਸਦਾਨਾਂ ਨੇ ਆਪਣੇ ਅਧਿਐਨਾਂ ਵਿਚ ਪਾਇਆ ਹੈ ਕਿ ਇਸ ਖੇਤਰ ਵਿਚ ਧਰਤੀ ਹੇਠਲੇ ਪਾਣੀ ਦੇ ਭੰਡਾਰ ਇਨਸਾਨੀ ਦੁਰਵਰਤੋਂ ਕਾਰਨ ਤੇਜ਼ੀ ਨਾਲ ਖ਼ਾਲੀ ਹੋ ਰਹੇ ਹਨ।

ਇਹ ਗੱਲ ਕੈਲੀਫੋਰਨੀਆ ਯੂਨੀਵਰਸਿਟੀ ਦੇ ਸਾਇੰਸਦਾਨਾਂ ਨੇ ਨਾਸਾ ਦੇ ਵਾਤਾਵਰਨ ਸਬੰਧੀ ਉਪਗ੍ਰਹਿਆਂ ਤੋਂ ਮਿਲੇ ਵੇਰਵਿਆਂ ਦੇ ਦੋ ਅਧਿਐਨਾਂ ਦੇ ਆਧਾਰ ਉਤੇ ਕਹੀ ਗਈ ਹੈ। ਇਨ੍ਹਾਂ ਅਧਿਐਨਾਂ ਵਿਚ ਸਾਹਮਣੇ ਆਇਆ ਕਿ ਦੁਨੀਆਂ ਦੇ ਜ਼ਮੀਨਦੋਜ਼ ਪਾਣੀਆਂ ਦੇ ਵੱਡੇ ਭੰਡਾਰ ਭਾਰੀ ਦਬਾਅ ਦਾ ਸ਼ਿਕਾਰ ਹਨ। ਉਂਜ ਇਹ ਜਾਣਕਾਰੀ ਬਹੁਤੀ ਨਹੀਂ ਹੈ ਕਿ ਇਨ੍ਹਾਂ ਜਲ ਭੰਡਾਰਾਂ ਵਿਚ ਕਿੰਨਾ ਕੁ ਪਾਣੀ ਬਾਕੀ ਬਚਿਆ ਹੈ।

ਅਧਿਐਨਕਾਰਾਂ ਦਾ ਕਹਿਣਾ ਹੈ ਕਿ ਇਨਸਾਨੀ ਆਬਾਦੀ ਦਾ ਬੜਾ ਵੱਡਾ ਹਿੱਸਾ ਜ਼ੋਰ-ਸ਼ੋਰ ਨਾਲ ਜ਼ਮੀਨਦੋਜ਼ ਪਾਣੀ ਦਾ ਇਸਤੇਮਾਲ ਕਰ ਰਿਹਾ ਹੈ, ਪਰ ਇਸ ਨੂੰ ਇਹ ਪਤਾ ਨਹੀਂ ਕਿ ਇਹ ਭੰਡਾਰ ਕਦੋਂ ਖ਼ਾਲੀ ਹੋ ਜਾਣਗੇ। ਅਧਿਐਨ ਵਿਚ ਸਾਹਮਣੇ ਆਇਆ ਹੈ ਕਿ ਅਰਬੀ ਪਾਣੀ ਸਿਸਟਮ ਦੁਨੀਆਂ ਦਾ ਸਭ ਤੋਂ ਵੱਧ ਦਬਾਅ ਤੇ ਭਾਰੀ ਵਰਤੋਂ ਦਾ ਸ਼ਿਕਾਰ ਪਾਣੀ ਪ੍ਰਬੰਧ ਹੈ, ਜਿਸ ਉਤੇ ਛੇ ਕਰੋੜ ਆਬਾਦੀ ਦੀ ਪਿਆਸ ਦਾ ਬੋਝ ਹੈ। ਇਸ ਪਾਣੀ ਪ੍ਰਬੰਧ ਵਿਚ ਮੁੜ ਪਾਣੀ ਜਾਣ (ਰੀਚਾਰਜਿੰਗ) ਦਾ ਅਮਲ ਵੀ ਬੜਾ ਘੱਟ ਜਾਂ ਨਾਮਾਤਰ ਹੈ।

ਉਤਰ-ਪੱਛਮੀ ਭਾਰਤ ਤੇ ਪਾਕਿਸਤਾਨ ਦਾ ਸਿੰਧੂ ਬੇਸਿਨ ਅਜਿਹੇ ਭਾਰੀ ਦਬਾਅ ਵਾਲਾ ਦੂਜਾ ਤੇ ਉਤਰੀ ਅਫ਼ਰੀਕਾ ਦਾ ਮੁਜ਼ਰਜ਼ਕ-ਦਾਜ਼ੋ ਬੇਸਿਨ ਤੀਜਾ ਖਿੱਤਾ ਹੈ। ਕੈਲੀਫੋਰਨੀਆ ਦੀ ਸੈਂਟਰਲ ਵਾਦੀ ਦਾ ਜ਼ਮੀਨਦੋਜ਼ ਪਾਣੀ ਵੀ ਭਾਰੀ ਵਰਤੋਂ ਦਾ ਸ਼ਿਕਾਰ ਹੈ। ਅਧਿਐਨ ਟੀਮ ਦੇ ਮੁਖੀ ਜੇਅ ਫੈਮਿਗਲੇਟੀ, ਜੋ ਨਾਸਾ ਦੀ ਜੈਟ ਪ੍ਰੋਪਲਸ਼ਨ ਲੈਬਾਰਟਰੀ ਵਿਚ ਸੀਨੀਅਰ ਸਾਇੰਸਦਾਨ ਵੀ ਹਨ, ਦਾ ਕਹਿਣਾ ਸੀ ਕਿ ਅਸੀਂ ਜਦੋਂ ਇੰਨੇ ਵੱਡੇ ਪੱਧਰ ਉਤੇ ਜ਼ਮੀਨਦੋਜ਼ ਪਾਣੀ ਦੀ ਖਪਤ ਕਰ ਰਹੇ ਹਾਂ, ਤਾਂ ਸਾਨੂੰ ਵਿਆਪਕ ਆਲਮੀ ਸਹਿਯੋਗ ਨਾਲ ਇਹ ਪਤਾ ਲਾਉਣ ਦੀਆਂ ਕੋਸ਼ਿਸ਼ਾਂ ਵਿੱਢਣ ਦੀ ਵੀ ਭਾਰੀ ਲੋੜ ਹੈ ਕਿ ਸਾਡੇ ਕੋਲ ਧਰਤੀ ਹੇਠ ਕਿੰਨਾ ਪਾਣੀ ਬਾਕੀ ਬਚਿਆ ਹੈ।

## ਦੋਆਬੇ ਦੇ ਚਾਰ ਜ਼ਿਲ੍ਹਿਆਂ ਦੇ ਪਾਣੀ ਵਿਚ ਯੂਰੇਨੀਅਮ

**ਜਲੰਧਰ:** ਦੋਆਬੇ ਦੇ ਚਾਰੇ ਜ਼ਿਲ੍ਹਿਆਂ ਦੇ ਪਿੰਡਾਂ ਵਿਚ ਧਰਤੀ ਹੇਠਲੇ ਪਾਣੀਆਂ ਵਿਚ ਯੂਰੇਨੀਅਮ ਮਿਲਣ ਦੀਆਂ ਰਿਪੋਰਟਾਂ ਨੇ ਲੋਕਾਂ ਦੇ ਲੂੰ-ਕੰਡੇ ਖੜ੍ਹੇ ਕਰ ਦਿੱਤੇ ਹਨ। ਸਭ ਤੋਂ ਵੱਧ ਮਾਰ ਜਲੰਧਰ ਜ਼ਿਲ੍ਹੇ ਦੇ ਪਿੰਡਾਂ ਨੂੰ ਪੈ ਰਹੀ ਹੈ।।ਰਿਸਰਚ ਸੈਂਟਰ ਮੁੰਬਈ (ਬਾਰਕ) ਦੀ ਟੀਮ ਨੇ ਛੇ ਮਹੀਨੇ ਤੱਕ ਪੰਜਾਬ ਦੇ ਪਿੰਡਾਂ ਵਿਚੋਂ 5659 ਪਾਣੀ ਦੇ ਸੈਂਪਲ ਇਕੱਠੇ ਕੀਤੇ ਗਏ ਸਨ। ਇਸ ਸਰਵੇ ਨੇ ਹੈਰਾਨੀਜਨਕ ਅੰਕੜੇ ਲੋਕਾਂ ਦੇ ਸਾਹਮਣੇ ਰੱਖੇ ਹਨ। ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਅਨੁਸਾਰ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ 30 ਮਾਈਕ੍ਰੋਗ੍ਰਾਮ ਤੱਕ ਹੋਣੀ ਚਾਹੀਦੀ ਹੈ। ਪੰਜਾਬ ਦੇ 1007 ਪਿੰਡਾਂ ਦੇ ਪਾਣੀ ਦੇ ਨਮੂਨਿਆਂ ਵਿਚ ਵਿਸ਼ਵ ਸਿਹਤ ਸੰਗਠਨ ਦੇ ਮਾਪਦੰਡਾਂ ਤੋਂ ਕਿਤੇ ਵੱਧ ਯੂਰੇਨੀਅਮ ਪਾਇਆ ਗਿਆ ਹੈ। ਇਨ੍ਹਾਂ ਮਾਪਦੰਡਾਂ ਤੋਂ ਉਪਰ ਯੂਰੇਨੀਅਮ ਦੀ ਦਰ ਸਿਹਤ ਲਈ ਖ਼ਤਰਨਾਕ ਦੱਸੀ ਜਾਂਦੀ ਹੈ। ਸੁਲਤਾਨਪੁਰ ਲੋਧੀ ਵਿਚ ਧਰਤੀ ਹੇਠਲੇ ਪਾਣੀ ਵਿਚ ਯੂਰੇਨੀਅਮ ਦੀ ਦਰ 62.4 ਮਾਈਕ੍ਰੋਗ੍ਰਾਮ ਤੱਕ ਮਾਪੀ ਗਈ ਹੈ। ਇਸ ਦਰ ਨੂੰ ਸਿਹਤ ਲਈ ਅਤਿ ਦਰਜੇ ਦੀ ਖ਼ਤਰਨਾਕ ਦੱਸਿਆ ਜਾ ਰਿਹਾ ਹੈ। ।ਨਵਾਂ ਸ਼ਹਿਰ ਦੇ ਦਿਆਲਪੁਰ ਪਿੰਡ ਵਿਚ ਵੀ ਯੂਰੇਨੀਅਮ ਦੀ ਦਰ 62 ਮਾਈਕ੍ਰੋਗ੍ਰਾਮ ਦੱਸੀ ਗਈ ਹੈ।



ਜਲੰਧਰ ਜ਼ਿਲ੍ਹੇ ਦੇ ਜਿਨ੍ਹਾਂ ਅੱਠ ਪਿੰਡਾਂ ਵਿਚ ਪਾਣੀ ਦੇ ਨਮੂਨੇ ਲਏ ਗਏ ਸਨ ਉਨ੍ਹਾਂ ਵਿਚ ਯੂਰੇਨੀਅਮ ਪਾਇਆ ਗਿਆ ਹੈ। ਦੋਆਬੇ ਤੋਂ ਇਲਾਵਾ ਮਾਲਵਾ ਤੇ ਮਾਝੇ ਦੇ ਪਿੰਡਾਂ ਵਿਚ ਵੀ ਯੂਰੇਨੀਅਮ ਪਾਇਆ ਗਿਆ ਹੈ। ਸੰਗਰੂਰ ਦੇ ਲਹਿਰਾਗਾਗਾ ਵਿਚ ਧਰਤੀ ਹੇਠਲੇ ਪਾਣੀ ਵਿਚ 223 ਮਾਈਕ੍ਰੋਗ੍ਰਾਮ ਯੂਰੇਨੀਅਮ ਪਾਇਆ ਗਿਆ ਹੈ। ਤਰਨਤਾਰਨ ਦੇ ਭਿੱਖੀਵਿੰਡ ਵਿਚ 146, ਜਗਰਾਓਂ ਵਿਚ 101.4 ਮਾਈਕ੍ਰੋਗ੍ਰਾਮ ਯੂਰੇਨੀਅਮ ਦੀ ਦਰ ਪਾਈ ਗਈ ਹੈ।

# 'ਸੈਕੰਡ ਹੈਂਡ ਹਸਬੈਂਡ' ਦੀ ਟੀਮ ਅਰਦਾਸ ਲਈ ਪੁੱਜੀ ਦਰਬਾਰ ਸਾਹਿਬ

**ਸੈਨ ਫਰਾਂਸਿਸਕੋ (ਐਸ ਅਸ਼ੋਕ ਭੌਰਾ):** ਸਮੁੱਚੀ ਫਿਲਮ ਇੰਡਸਟਰੀ ਵਿਚ ਸਿਨਮਾ ਖਿੜਕੀ 'ਤੇ ਦਸਤਕ ਦੇਣ ਤੋਂ ਪਹਿਲਾਂ ਹੀ ਚਰਚਾ 'ਚ ਆਈ ਵੱਡੇ ਬਜਟ ਦੀ ਹਿੰਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਦੇ ਸਿਤਾਰਿਆਂ ਦੀ ਫਿਲਮੀ ਜ਼ਿੰਦਗੀ ਦਾ ਬੰਧਨ ਅਸਲ ਜ਼ਿੰਦਗੀ ਵਿਚ ਵੀ ਵੇਖਣ ਨੂੰ ਮਿਲਿਆ। ਸਾਡੇ ਦੇਸੀ ਰਾਕ ਸਟਾਰ ਗਿੱਪੀ ਗਰੇਵਾਲ ਨੇ ਆਪਣੀ ਪਹਿਲੀ ਹਿੰਦੀ ਫਿਲਮ ਕਰ ਰਹੀ ਬਾਲੀਵੁੱਡ ਸਟਾਰ ਗੋਵਿੰਦਾ ਦੀ ਬੇਟੀ ਟੀਨਾ ਆਹੂਜਾ ਨੂੰ ਆਪਣੇ ਰੰਗਲੇ ਪੰਜਾਬ ਦੇ ਦਰਸ਼ਨ ਕਰਵਾਏ। ਨਾਲ ਹੀ ਪੰਜਾਬੀਆਂ ਦੇ ਮਨਪਸੰਦ ਖਾਣੇ ਦੇ ਸਵਾਦ ਤੋਂ ਲੈ ਕੇ ਸੁੰਦਰ ਥਾਂਵਾਂ ਦੀ ਝਲਕ ਵੀ ਦਿਖਾਈ।

ਟੀਨਾ ਅਤੇ ਗਿੱਪੀ ਦੇ ਇਸ ਟੂਰ ਨਾਲ ਦੋਵਾਂ ਦੀ ਆਪਸੀ ਕਮਿਸਟਰੀ ਵਿਚ ਫਿਲਮ ਸੈਕੰਡ ਹੈਂਡ ਹਸਬੈਂਡ ਸਬੰਧੀ ਵੱਡਾ ਵਾਧਾ ਹੋਇਆ ਹੈ। ਇਸ ਫਿਲਮ ਵਿਚ ਵਿਆਹ ਅਤੇ ਤਲਾਕ ਸਬੰਧੀ ਅਜੀਬ ਪਰਿਵਾਰਕ ਕਾਮੇਡੀ ਅਦਾਕਾਰਾਂ ਧਰਮਿੰਦਰ, ਰਤੀ ਅਗਨੀਹੋਤਰੀ, ਰਵੀ ਕਿਸ਼ਨ, ਗੀਤਾ ਬਸਰਾ, ਸੰਜੇ ਮਿਸ਼ਰਾ ਅਤੇ ਵਿਜੇ ਰਾਜ ਨੇ ਕੀਤੀ ਹੈ।


ਟੀਨਾ ਆਹੂਜਾ ਅਤੇ ਗਿੱਪੀ ਗੇਰਵਾਲ ਸ੍ਰੀ ਦਰਬਾਰ ਸਾਹਿਬ ਵਿਖੇ

ਅੰਮ੍ਰਿਤਸਰ ਦੀ ਯਾਤਰਾ ਦਾ ਅਨੁਭਵ ਬਹੁਤ ਹੀ ਅਨੰਦਿਤ ਰਿਹਾ ਅਤੇ ਟੀਨਾ ਨੇ ਪੰਜਾਬ ਦੇ ਅਸਲੀ ਦਰਸ਼ਨ ਕਰਵਾਉਣ ਲਈ ਗਿੱਪੀ ਦਾ ਧੰਨਵਾਦ ਕੀਤਾ। ਪਹਿਲਾਂ ਉਹ ਸ੍ਰੀ ਦਰਬਾਰ ਸਾਹਿਬ ਗਏ ਜਿਥੋਂ ਉਨ੍ਹਾਂ ਫਿਲਮ ਦੀ ਸਫਲਤਾ ਲਈ ਅਰਦਾਸ ਕੀਤੀ। ਫਿਰ ਸ਼ਹਿਰ ਦੇ ਇਕ ਸਥਾਨਕ ਢਾਬੇ 'ਤੇ ਰੁਕੇ ਜਿਥੇ ਉਨ੍ਹਾਂ ਲਜ਼ੀਜ਼ ਪੰਜਾਬੀ ਖਾਣੇ ਦੇ ਨਾਲ ਲੱਸੀ ਦਾ ਅਨੰਦ ਵੀ ਲਿਆ।

ਫਿਰ ਇਸ ਟ੍ਰਿਪ ਦੌਰਾਨ ਟੀਨਾ ਦੇ ਮਨਪਸੰਦ ਭਾਗ ਦੀ ਵਾਰੀ ਆਈ ਜਦੋਂ ਗਿੱਪੀ ਨੇ ਟੀਨਾ ਨੂੰ ਖਰੀਦਦਾਰੀ ਕਰਵਾਈ। ਹੋਰਨਾਂ ਚੀਜ਼ਾਂ ਤੋਂ ਇਲਾਵਾ ਟੀਨਾ ਨੇ ਪੰਜਾਬੀ ਜੁੱਤੀ ਵੀ ਖਰੀਦੀ ਅਤੇ ਇਸ ਵਕਤ ਉਹਦੇ ਚਿਹਰੇ ਦੀ ਰੌਣਕ ਵੇਖਣ ਵਾਲੀ ਸੀ। ਬਿਨਾਂ ਸ਼ੱਕ ਟੀਨਾ ਲਈ ਇਹ ਟ੍ਰਿਪ ਇੰਨਾ ਕੁ ਵਧੀਆ ਸੀ ਕਿ ਉਸ ਕੋਲ ਗਿੱਪੀ ਨੂੰ ਧੰਨਵਾਦ ਕਹਿਣ ਲਈ ਸ਼ਬਦ ਹੀ ਨਹੀਂ ਸਨ। ਉਹਨੇ ਕਿਹਾ ਕਿ ਹੁਣ ਮੈਂ ਸੋਚਦੀ ਹਾਂ ਕਿ ਜੇਕਰ ਮੈਂ ਫਿਲਮ 'ਸੈਕੰਡ ਹੈਂਡ ਹਸਬੈਂਡ' ਤੋਂ ਆਪਣਾ ਫਿਲਮੀ ਸਫਰ ਸ਼ੁਰੂ ਨਾ ਕਰਦੀ ਤਾਂ ਸ਼ਾਇਦ ਮੈਂ ਇਹ ਸਵਰਗਾਂ ਵਰਗਾ ਪੰਜਾਬ ਨਾ ਦੇਖ ਸਕਦੀ। ਮੈਂ ਦੁਬਾਰਾ ਵਾਪਿਸ ਆਉਣ ਵਾਸਤੇ ਪੰਜਾਬੀ ਭੋਜਨ, ਸੰਗੀਤ ਅਤੇ ਪੰਜਾਬੀਆਂ ਦੇ ਪਿਆਰ ਲਈ ਇੰਤਜ਼ਾਰ ਨਹੀਂ ਕਰ ਸਕਦੀ। ਗਿੱਪੀ ਨੇ ਖੁਸ਼ ਹੁੰਦਿਆਂ ਕਿਹਾ ਕਿ ਮੈਂ ਟੀਨਾ ਨੂੰ ਆਪਣਾ ਰੰਗਲਾ ਪੰਜਾਬ ਦਿਖਾ ਕੇ ਮਾਣ ਮਹਿਸੂਸ ਕਰ ਰਿਹਾ ਹਾਂ।

ਫਿਲਮ ਦੇ ਪ੍ਰੋਡਿਊਸਰ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਗਿੱਪੀ ਦਾ ਇਕ ਵੱਡਾ ਫੈਨ ਵਰਗ ਪੰਜਾਬ ਹੀ ਰਹਿੰਦਾ ਹੈ। ਇਸ ਟੂਰ ਤੋਂ ਉਤਸ਼ਾਹਿਤ ਹੋਏ ਲੋਕਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਦਰਸ਼ਕ ਫਿਲਮ ਨੂੰ ਰੱਜਵਾਂ ਪਿਆਰ ਦੇਣਗੇ। ਸਮੁੱਚੇ ਦਰਸ਼ਕ ਵਰਗ ਵਿਚ ਇਸ ਫਿਲਮ ਪ੍ਰਤੀ ਉਤਸੁਕਤਾ ਪਾਈ ਜਾ ਰਹੀ ਹੈ। ਫਿਲਮ ਦੀ ਪ੍ਰਮੋਸ਼ਨ ਲਈ ਕੀਤੀ ਜਾ ਰਹੀ ਮਿਹਨਤ ਤੋਂ ਸਾਫ ਦਿਖਾਈ ਦੇ ਰਿਹਾ ਹੈ ਕਿ ਗਾਖਲ ਭਰਾਵਾਂ ਨੇ ਇਸ ਫਿਲਮ ਦੇ ਨਿਰਮਾਣ ਵੇਲੇ ਕੋਈ ਕਸਰ ਬਾਕੀ ਨਹੀਂ ਛੱਡੀ ਹੋਵੇਗੀ। ਦੂਜੇ ਪਾਸੇ ਗਿੱਪੀ ਗਰੇਵਾਲ, ਟੀਨਾ ਆਹੂਜਾ ਅਤੇ ਪੰਜਾਬੀਆਂ ਦੇ ਮਹਿਬੂਬ ਅਤੇ ਬਾਲੀਵੁੱਡ ਦੇ 'ਹੀ ਮੈਨ' ਸਦਾਬਹਾਰ ਕਲਾਕਾਰ ਧਰਮਿੰਦਰ ਦੀ ਝਲਕ ਪਾਉਣ ਲਈ ਦਰਸ਼ਕ ਬੇਤਾਬ ਹੋਏ ਪਏ ਹਨ।

ਯਾਦ ਰਹੇ, ਡਾਇਰੈਕਟਰ ਸਮੀਪ ਕੰਗ ਅਤੇ ਪ੍ਰੋਡਿਊਸਰ ਗਾਖਲ ਭਰਾਵਾਂ ਦੀ ਫਿਲਮ 'ਸੈਕੰਡ ਹੈਂਡ ਹਸਬੈਂਡ' ਦਾ ਸੰਗੀਤ ਜ਼ੀ ਮਿਊਜ਼ਿਕ ਤੇ ਉਪਲਬਧ ਹੈ ਅਤੇ ਇਹ ਫਿਲਮ 3 ਜੁਲਾਈ ਨੂੰ ਸੰਸਾਰ ਭਰ ਵਿਚ ਰਿਲੀਜ਼ ਹੋ ਰਹੀ ਹੈ।


ਅੰਮ੍ਰਿਤਸਰ ਦੇ ਇਕ ਢਾਬੇ ਤੇ ਲੱਸੀ ਦਾ ਜ਼ਾਇਕਾ ਲੈਂਦੇ ਹੋਏ ਗਿੱਪੀ ਤੇ ਟੀਨਾ


ਜੁੱਤੀਆਂ ਦੀ ਦੁਕਾਨ ਤੋਂ ਖਰੀਦਦਾਰੀ ਕਰਨ ਮੌਕੇ ਗਿੱਪੀ ਅਤੇ ਟੀਨਾ

# ਅਜਮੇਰ ਸਿੰਘ ਲੱਖੋਵਾਲ ਦੇ ਠਾਠ ਨਵਾਬਾਂ ਵਾਲੇ...

**ਬਠਿੰਡਾ:** ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਜੋ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ) ਦੇ ਪ੍ਰਧਾਨ ਵੀ ਹਨ, ਦੇ ਠਾਠ ਨਵਾਬਾਂ ਨਾਲੋਂ ਘੱਟ ਨਹੀਂ ਹਨ। ਮੰਡੀ ਬੋਰਡ ਨੂੰ ਇਹ ਚੇਅਰਮੈਨੀ ਲੰਘੇ ਸਵਾ ਸੱਤ ਵਰ੍ਹਿਆਂ ਦੌਰਾਨ ਕਰੀਬ 2.04 ਕਰੋੜ ਰੁਪਏ ਵਿਚ ਪਈ ਹੈ। ਪੰਜਾਬ ਪੁਲਿਸ ਨੂੰ ਉਨ੍ਹਾਂ ਦੀ ਸੁਰੱਖਿਆ (ਗੰਨਮੈਨਾਂ ਦੀ ਤਨਖਾਹ) ਕਰੀਬ 1.15 ਕਰੋੜ ਰੁਪਏ ਵਿਚ ਪਈ ਹੈ। ਇਹ ਰਕਮ 2.04 ਕਰੋੜ ਰੁਪਏ ਤੋਂ ਵੱਖਰੀ ਹੈ। ਯਾਦ ਰਹੇ ਕਿ ਪੰਜਾਬ ਸਰਕਾਰ ਨੇ ਸ. ਲੱਖੋਵਾਲ ਨੂੰ ਕੈਬਨਿਟ ਰੈਂਕ ਦਿੱਤਾ ਹੋਇਆ ਹੈ, ਪਰ ਰੈਂਕ ਦਾ ਸਾਰਾ ਮਾਲੀ ਭਾਰ ਮੰਡੀ ਬੋਰਡ ਝੱਲਦਾ ਹੈ। ਪੰਜਾਬ ਪੁਲਿਸ ਤਰਫੋਂ ਉਨ੍ਹਾਂ ਨੂੰ ਚਾਰ ਗੰਨਮੈਨ ਸੁਰੱਖਿਆ ਵਾਸਤੇ ਦਿੱਤੇ ਹੋਏ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ ਚੇਅਰਮੈਨ ਲੱਖੋਵਾਲ ਨੂੰ ਪ੍ਰਤੀ ਮਹੀਨਾ 30 ਹਜ਼ਾਰ ਰੁਪਏ ਤਨਖਾਹ ਅਤੇ ਪੰਜ ਹਜ਼ਾਰ ਰੁਪਏ ਭੱਤਾ ਮਿਲਦਾ ਹੈ। ਹੁਣ ਪੰਜਾਬ ਵਿਚ ਵਜ਼ੀਰਾਂ ਦੇ ਭੱਤੇ ਵਧਣ ਮਗਰੋਂ ਉਨ੍ਹਾਂ ਦੀ ਤਨਖਾਹ ਵਿਚ ਹੋਰ ਵਾਧਾ ਹੋ ਜਾਣਾ ਹੈ। ਸਵਾ ਸੱਤ ਵਰ੍ਹਿਆਂ ਵਿਚ ਚੇਅਰਮੈਨ ਨੂੰ 24.70 ਲੱਖ ਰੁਪਏ ਤਨਖਾਹ ਅਤੇ ਕੰਪਨਸੇਟਰੀ ਭੱਤੇ ਦੇ ਮਿਲ ਚੁੱਕੇ ਹਨ। ਉਹ ਲੁਧਿਆਣੇ ਜ਼ਿਲ੍ਹੇ ਦੇ ਆਪਣੇ ਜੱਦੀ ਪਿੰਡ ਲੱਖੋਵਾਲ ਵਿਚ ਰਹਿੰਦੇ ਹਨ ਜਿਸ ਦਾ ਮੰਡੀ ਬੋਰਡ ਪ੍ਰਤੀ ਮਹੀਨਾ ਕਿਰਾਇਆ 15 ਹਜ਼ਾਰ ਰੁਪਏ ਦੇ ਰਿਹਾ ਹੈ ਅਤੇ ਹੁਣ ਤੱਕ ਬੋਰਡ 13.20 ਲੱਖ ਰੁਪਏ ਮਕਾਨ ਦੇ ਅਦਾ ਕਰ ਚੁੱਕਾ ਹੈ। ਚੰਡੀਗੜ੍ਹ ਦੇ


ਅਜਮੇਰ ਸਿੰਘ ਲੱਖੋਵਾਲ


ਕਿਸਾਨ ਭਵਨ ਵਿਚ ਚੇਅਰਮੈਨ ਅਤੇ ਬੋਰਡ ਮੈਨੇਜਮੈਂਟ ਵਾਸਤੇ ਵੱਖਰੇ ਤਿੰਨ ਸੂਟ ਰਾਖਵੇਂ ਹਨ। ਪੰਜਾਬ ਮੰਡੀ ਬੋਰਡ ਨੇ ਹੁਣ ਨਵੀਂ ਇਮਾਰਤ ਵਿਚ ਚੇਅਰਮੈਨ ਦੇ ਦਫਤਰ ਵਾਸਤੇ ਇਕੱਲੇ ਫਰਨੀਚਰ ਤੇ 7.43 ਲੱਖ ਰੁਪਏ ਦਾ ਖਰਚ ਕੀਤਾ ਹੈ। ਚੇਅਰਮੈਨ ਵਾਸਤੇ ਦੋ ਰਿਵਾਲਵਿੰਗ ਕੁਰਸੀਆਂ 28,574 ਰੁਪਏ (ਪ੍ਰਤੀ ਕੁਰਸੀ 14317 ਰੁਪਏ) ਖਰੀਦੀਆਂ ਹਨ ਜਦੋਂ ਕਿ ਚੇਅਰਮੈਨ ਲਈ 82,296 ਰੁਪਏ ਦਾ ਦਫਤਰੀ ਮੇਜ਼ ਖਰੀਦਿਆ ਹੈ। ਦਫਤਰ ਵਿਚ 3.09 ਲੱਖ ਰੁਪਏ ਦੇ ਸੋਫੇ ਸਜਾਏ ਗਏ ਹਨ।

ਇਸ ਤੋਂ ਬਿਨਾਂ ਪਹਿਲਾਂ ਵੀ 4.21 ਲੱਖ ਰੁਪਏ ਦਾ ਫਰਨੀਚਰ ਖਰੀਦਿਆ ਗਿਆ ਸੀ। ਬੋਰਡ ਨੇ ਚੇਅਰਮੈਨ ਨੂੰ ਪੀ.ਏ. ਅਤੇ ਨਿੱਜੀ ਸਟਾਫ ਤੋਂ ਬਿਨਾਂ ਇੱਕ ਡਰਾਈਵਰ ਦੀ ਸਹੂਲਤ ਦਿੱਤੀ ਹੋਈ ਹੈ। ਵੇਰਵਿਆਂ ਅਨੁਸਾਰ ਪੰਜਾਬ ਮੰਡੀ ਬੋਰਡ ਨੇ ਚੇਅਰਮੈਨ ਲੱਖੋਵਾਲ ਵਾਸਤੇ ਲੰਘੇ ਸੱਤ ਵਰ੍ਹਿਆਂ ਵਿਚ ਸੱਤ ਗੱਡੀਆਂ ਖਰੀਦ ਕੀਤੀਆਂ ਹਨ ਜਿਨ੍ਹਾਂ ਉਤੇ 78.12 ਲੱਖ ਰੁਪਏ ਖਰਚ ਕੀਤੇ ਹਨ।

ਇਸ ਬਾਰੇ ਚੇਅਰਮੈਨ ਅਜਮੇਰ ਸਿੰਘ ਲੱਖੋਵਾਲ ਦਾ ਕਹਿਣਾ ਹੈ ਕਿ ਉਸ ਨੂੰ ਸਭ ਸਹੂਲਤਾਂ ਨਿਯਮਾਂ ਅਨੁਸਾਰ ਮਿਲੀਆਂ ਹਨ, ਕੈਬਨਿਟ ਰੈਂਕ ਮੁਤਾਬਿਕ ਵਾਹਨ ਮਿਲੇ ਹਨ ਅਤੇ ਉਨ੍ਹਾਂ ਦਾ ਨਵਾਂ ਦਫਤਰ ਵੀ ਬਾਕੀ ਦਫਤਰਾਂ ਵਰਗਾ ਹੀ ਹੈ ਜਿਸ ਉਤੇ ਕੋਈ ਵੱਖਰਾ ਖਰਚਾ ਨਹੀਂ ਕੀਤਾ ਗਿਆ।

# ਗਿਆਨੀ ਮਾਨ ਸਿੰਘ ਨੌਰੰਗਪੁਰ ਦਾ ਦੇਹਾਂਤ

**ਨਿਊ ਯਾਰਕ (ਬਿਊਰੋ):** ਪ੍ਰਸਿੱਧ ਕ੍ਰਾਂਤੀਕਾਰੀ, ਲੇਖਕ ਅਤੇ ਅਧਿਆਪਕ ਗਿਆਨੀ ਮਾਨ ਸਿੰਘ ਨੌਰੰਗਪੁਰ ਦਾ ਇਥੇ ਦੇਹਾਂਤ ਹੋ ਗਿਆ। ਉਹ ਕਰੀਬ 92 ਵਰ੍ਹਿਆਂ ਦੇ ਸਨ। ਉਹ ਅਜੇ ਕੁਝ ਦਿਨ ਪਹਿਲਾਂ ਹੀ ਭਾਰਤ ਤੋਂ ਇਥੇ ਆਪਣੇ ਪੁੱਤਰਾਂ-ਮਾਸਟਰ ਹਰਜੀਤ ਸਿੰਘ, ਅਮਰਜੀਤ ਸਿੰਘ ਅਤੇ ਇੰਦਰਜੀਤ ਸਿੰਘ ਕੋਲ ਆਏ ਸਨ ਕਿ ਅਚਾਨਕ ਬਿਮਾਰ ਹੋ ਗਏ। ਉਨ੍ਹਾਂ ਨੂੰ ਕੁਈਨਜ਼ ਦੇ ਜਮਾਇਕਾ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਪੰਜ ਦਿਨ ਹਸਪਤਾਲ ਦਾਖਲ ਰਹਿਣ ਪਿਛੋਂ ਉਨ੍ਹਾਂ ਦੀ ਮੌਤ ਹੋ ਗਈ।



ਗਿਆਨੀ ਮਾਨ ਸਿੰਘ ਅਕਸਰ ਨਿਊ ਯਾਰਕ ਆਉਂਦੇ ਜਾਂਦੇ ਰਹਿੰਦੇ ਸਨ ਪਰ ਵਤਨ ਮੋਹ ਹੋਣ ਕਰਕੇ ਉਹ ਵਧੇਰੇ ਸਮਾਂ ਪੰਜਾਬ ਵਿਚ ਹੀ ਬਿਤਾਉਂਦੇ ਸਨ। ਉਹ ਬੇਗੋਵਾਲ ਵਿਖੇ ਸ੍ਰੀ ਹਰਕ੍ਰਿਸ਼ਨ ਪਬਲਿਕ ਸਕੂਲ ਚਲਾਉਂਦੇ ਸਨ। ਬਚਪਨ ਵਿਚ ਉਹ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਛੋਟੇ ਭਰਾ ਕੁਲਜੀਤ ਸਿੰਘ ਨਾਲ ਪੜ੍ਹਿਆ ਕਰਦੇ ਸਨ ਅਤੇ ਬਾਪੂ ਕਿਸ਼ਨ ਸਿੰਘ ਕੋਲੋਂ ਉਨ੍ਹਾਂ ਦੇਸ਼ ਭਗਤੀ ਦੀ ਗੁੜਤੀ ਲਈ। ਉਹ ਅਕਸਰ ਸਮਾਜ ਵਿਰੋਧੀ ਤਾਕਤਾਂ ਦੇ ਖਿਲਾਫ ਲਿਖਿਆ ਕਰਦੇ ਸਨ। ਉਹ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਕਾਮਰੇਡ ਜਗਜੀਤ ਸਿੰਘ ਆਨੰਦ ਅਤੇ ਬਾਬਾ ਬੂਝਾ ਸਿੰਘ ਨਾਲ ਮੋਰਚਿਆਂ ਵਿਚ ਸ਼ਾਮਲ ਹੁੰਦੇ ਰਹੇ ਅਤੇ ਕਈ ਵਾਰ ਜੇਲ੍ਹ ਵੀ ਗਏ।

ਮਰਹੂਮ ਗਿਆਨੀ ਮਾਨ ਸਿੰਘ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 28 ਜੂਨ, ਐਤਵਾਰ ਨੂੰ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ, ਰਿੱਚਮੰਡ ਹਿੱਲ ਵਿਖੇ ਹੋਣਗੇ। ਪਰਿਵਾਰ ਨਾਲ ਸੰਪਰਕ ਮਾਸਟਰ ਹਰਜੀਤ ਸਿੰਘ ਫੋਨ 347-472-2197 ਰਾਹੀਂ ਕੀਤਾ ਜਾ ਸਕਦਾ ਹੈ।

# ਲਖਵੀ ਕੇਸ: ਚੀਨ ਨੇ ਭਾਰਤ ਵਿਰੋਧੀ ਪੈਂਤੜਾ ਮੱਲਿਆ

**ਸੰਯੁਕਤ ਰਾਸ਼ਟਰ (ਬਿਊਰੋ):** ਮੁੰਬਈ ਅਤਿਵਾਦੀ ਹਮਲਿਆਂ ਦੇ ਸਾਜ਼ਿਸ਼ਕਾਰ ਅਤੇ ਲਸ਼ਕਰ-ਏ-ਤੋਇਬਾ ਦੇ ਕਮਾਂਡਰ ਜ਼ਕੀ-ਉਰ ਰਹਿਮਾਨ ਲਖਵੀ ਦੀ ਰਿਹਾਈ ਨੂੰ ਲੈ ਕੇ ਪਾਕਿਸਤਾਨ ਵਿਰੁੱਧ ਸੰਯੁਕਤ ਰਾਸ਼ਟਰ ਦੇ ਮਤੇ ਦੀ ਉਲੰਘਣਾ ਵਿਰੁੱਧ ਕਾਰਵਾਈ ਲਈ ਛੇੜੀ ਭਾਰਤੀ ਮੁਹਿੰਮ ਨੂੰ ਚੀਨ ਨੇ ਡੱਕ ਦਿੱਤਾ ਹੈ। ਚੀਨ ਨੇ ਕਿਹਾ ਹੈ ਕਿ ਭਾਰਤ ਵੱਲੋਂ ਮੁਹੱਈਆ ਕਰਵਾਈ ਜਾਣਕਾਰੀ ਅਧੂਰੀ ਹੈ।

ਸੰਯੁਕਤ ਰਾਸ਼ਟਰ ਵਿਚ ਜਿਉਂ ਹੀ ਪਾਬੰਦੀਆਂ ਆਇਦ ਕਰਨ ਵਾਲੀ ਕਮੇਟੀ ਦੀ ਮੀਟਿੰਗ ਭਾਰਤ ਦੀ ਬੇਨਤੀ ਉਤੇ ਸ਼ੁਰੂ ਹੋਈ ਕਿ 26/11 ਦੇ ਮੁਕੱਦਮੇ ਵਿਚ ਲਖਵੀ ਦੀ ਰਿਹਾਈ ਸਬੰਧੀ ਪਾਕਿਸਤਾਨ ਤੋਂ ਸਪਸ਼ਟੀਕਰਨ ਮੰਗਿਆ ਜਾਵੇ, ਭਾਰਤ ਦੀ ਇਸ ਮੁਹਿੰਮ ਨੂੰ ਚੀਨ ਦੇ ਨੁਮਾਇੰਦਿਆਂ ਨੇ ਇਹ ਤਰਕ ਦੇ ਕੇ ਰੋਕ ਦਿੱਤਾ ਕਿ ਭਾਰਤ ਢੁਕਵੀਂ ਜਾਣਕਾਰੀ ਮੁਹੱਈਆ ਨਹੀਂ ਕਰਵਾ ਰਿਹਾ। ਸੰਯੁਕਤ ਰਾਸ਼ਟਰ ਦੀ ਇਸ ਕਮੇਟੀ ਵਿਚ ਪੰਜ ਸਥਾਈ ਅਤੇ ਦਸ ਅਸਥਾਈ ਮੈਂਬਰ ਦੇਸ਼ਾਂ ਦੇ ਨੁਮਾਇੰਦੇ ਸ਼ਾਮਲ ਹਨ।

ਸੰਯੁਕਤ ਰਾਸ਼ਟਰ ਦੀ ਪਾਬੰਦੀਆਂ ਸਬੰਧੀ ਕਮੇਟੀ ਦੇ ਚੇਅਰਮੈਨ ਜਿਮ ਮੈਕਲੇ ਨੂੰ ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਨੁਮਾਇੰਦੇ ਅਸ਼ੋਕ ਮੁਖਰਜੀ ਨੇ ਪਿਛਲੇ ਮਹੀਨੇ ਦਿੱਤੇ ਪੱਤਰ ਵਿਚ ਦੱਸਿਆ ਸੀ ਕਿ ਲਖਵੀ ਦੀ ਪਾਕਿਸਤਾਨੀ ਅਦਾਲਤ ਵੱਲੋਂ ਰਿਹਾਈ ਸੰਯੁਕਤ ਰਾਸ਼ਟਰ ਦੇ ਮਤੇ 1267 ਦੀ ਉਲੰਘਣਾ ਹੈ। ਇਸ ਸਬੰਧੀ ਪਕਿਸਤਾਨ ਵਿਰੁੱਧ ਢੁਕਵੀਂ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਜ਼ਿਕਰਯੋਗ ਹੈ ਕਿ ਲਖਵੀ ਸਮੇਤ ਅਬਦੁਲ ਵਜੀਦ, ਮਜ਼ਹਰ ਇਕਬਾਲ, ਹਾਮਿਦ ਅਮੀਨ ਸਦੀਕ, ਸ਼ਾਹਿਦ ਜਮੀਲ ਅਹਿਮਦ ਅਤੇ ਯੂਨਿਸ ਅੰਜੁਮ ਵਿਰੁੱਧ 2008 ਵਿਚ ਮੁੰਬਈ ਉਤੇ ਕੀਤੇ ਅਤਿਵਾਦੀ ਹਮਲਿਆਂ ਦੀ ਸਾਜ਼ਿਸ਼ ਘੜਨ ਅਤੇ ਇਸ ਨੂੰ ਅੰਜਾਮ ਦੇਣ ਦੇ ਦੋਸ਼ ਵਿਚ ਮੁਕੱਦਮਾ ਚਲਾਇਆ ਜਾ ਰਿਹਾ ਹੈ। ਇਨ੍ਹਾਂ ਹਮਲਿਆਂ ਵਿਚ 166 ਲੋਕ ਮਾਰੇ ਗਏ ਸਨ। ਲਖਵੀ ਲਸ਼ਕਰ-ਏ-ਤੋਇਬਾ ਦੇ ਬਾਨੀ ਅਤੇ ਜਮਾਤ-ਉਦ-ਦਾਵਾ ਦੇ ਮੁਖੀ ਹਾਫਿਜ਼ ਸਈਅਦ ਦਾ ਕਰੀਬੀ ਹੈ। ਉਸ ਨੂੰ 25 ਨਵੰਬਰ 2009 ਨੂੰ ਮੁੰਬਈ ਹਮਲਿਆਂ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ ਸੀ, ਪਰ 9 ਅਪਰੈਲ ਨੂੰ ਅਦਾਲਤ ਨੇ ਲਖਵੀ ਨੂੰ ਰਿਹਾਅ ਕਰ ਦਿੱਤਾ ਸੀ।

ਇਸੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਜ਼ਕੀ-ਉਰ ਰਹਿਮਾਨ ਲਖਵੀ ਦੀ ਰਿਹਾਈ ਦੇ ਮਾਮਲੇ ਵਿਚ ਚੀਨ ਵੱਲੋਂ ਅਪਣਾਈ ਪਹੁੰਚ ਬਾਰੇ ਚੀਨੀ ਆਗੂਆਂ ਨਾਲ ਗੱਲ ਕੀਤੀ ਹੈ ਅਤੇ ਦੱਸਿਆ ਹੈ ਕਿ ਇਸ ਮਾਮਲੇ 'ਤੇ ਪਾਕਿਸਤਾਨ ਸਭ ਨੂੰ ਗੁੰਮਰਾਹ ਕਰ ਰਿਹਾ ਹੈ।



# ਕੌਮੀ ਤਰਾਨੇ ਤੇ ਕੌਮਪ੍ਰਸਤੀ

*ਪਾਕਿਸਤਾਨ ਦੇ ਪ੍ਰਸਿੱਧ ਪੱਤਰਕਾਰ ਖਾਲਿਦ ਅਹਿਮਦ ਨੇ ਆਪਣੇ ਇਸ ਲੇਖ ਵਿਚ ਕੌਮੀ ਤਰਾਨਿਆਂ ਬਾਰੇ ਕੁਝ ਦਿਲਚਸਪ ਤੱਥ ਸਾਂਝੇ ਕੀਤੇ ਹਨ। ਆਮ ਪਾਠਕਾਂ ਲਈ ਇਹ ਤੱਥ ਹੈਰਾਨ ਕਰਨ ਵਾਲੇ ਹਨ। ਇਸ ਮਸਲੇ ਬਾਰੇ ਵੱਖ ਵੱਖ ਆਗੂਆਂ ਤੇ ਸਿਆਸੀ ਜਮਾਤਾਂ ਵੱਲੋਂ ਕੀਤੀ ਜਾਂਦੀ ਸਿਆਸਤ ਬਾਰੇ ਵੀ ਉਨ੍ਹਾਂ ਕਈ ਅਹਿਮ ਨੁਕਤੇ ਛੋਹੇ ਹਨ ਅਤੇ ਇਨ੍ਹਾਂ ਨੁਕਤਿਆਂ ਦੇ ਪਿਛੋਕੜ ਬਾਰੇ ਵੀ ਖੁਲਾਸਾ ਕੀਤਾ ਹੈ। -ਸੰਪਾਦਕ*

ਪਾਕਿਸਤਾਨੀ ਲੇਖਕ ਅਬਦੁੱਲ ਮਾਜਿਦ ਸ਼ੇਖ ਦੀ ਕਿਤਾਬ 'ਲਾਹੌਰ: 101 ਟੇਲਜ਼ ਆਫ ਏ ਫੇਬਲਡ ਸਿਟੀ' (ਲਾਹੌਰ: ਦੰਦ ਕਥਾਵਾਂ ਨਾਲ ਜੁੜੇ ਸ਼ਹਿਰ ਦੀਆਂ 101 ਕਹਾਣੀਆਂ) ਹਾਲ ਹੀ ਵਿਚ ਰਿਲੀਜ਼ ਹੋਈ ਹੈ। ਇਸ ਨੇ ਇਸ ਤੱਥ ਨੂੰ ਇਕ ਵਾਰ ਫਿਰ ਸਾਹਮਣੇ ਲਿਆਂਦਾ ਹੈ ਕਿ ਪਾਕਿਸਤਾਨ ਦਾ ਕੌਮੀ ਤਰਾਨਾ ਪਹਿਲਾਂ ਲਾਹੌਰ ਦੇ ਹਿੰਦੂ ਕਵੀ ਜਗਨਨਾਥ ਆਜ਼ਾਦ ਨੇ ਲਿਖਿਆ ਸੀ ਅਤੇ ਇਸੇ ਤਰ੍ਹਾਂ ਭਾਰਤ, ਸ੍ਰੀਲੰਕਾ ਤੇ ਬੰਗਲਾਦੇਸ਼ ਦੇ ਕੌਮੀ ਤਰਾਨੇ ਵੀ ਇਕੋ ਹੀ ਮਹਾਨ ਹਿੰਦੂ, ਰਬਿੰਦਰਨਾਥ ਟੈਗੋਰ ਦੇ ਲਿਖੇ ਹੋਏ ਹਨ।

ਅਬਦੁੱਲ ਮਾਜਿਦ ਸ਼ੇਖ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਪਾਕਿਸਤਾਨ ਦੀ ਸਥਾਪਨਾ ਤੋਂ ਤਿੰਨ ਦਿਨ ਪਹਿਲਾਂ ਕਾਇਦ-ਏ-ਆਜ਼ਮ ਮੁਹੰਮਦ ਅਲੀ ਜਿਨਾਹ ਨੇ ਲਾਹੌਰ ਦੇ ਕਵੀ ਆਜ਼ਾਦ ਨੂੰ ਪਾਕਿਸਤਾਨ ਦਾ ਕੌਮੀ ਤਰਾਨਾ ਲਿਖਣ ਲਈ ਕਿਹਾ। ਜਿਨਾਹ ਨੇ ਆਜ਼ਾਦ ਵੱਲੋਂ ਲਿਖੇ ਤਰਾਨੇ ਨੂੰ ਕੌਮੀ ਤਰਾਨੇ ਵਜੋਂ ਅਪਨਾਏ ਜਾਣ ਦੀ ਮਨਜ਼ੂਰੀ ਵੀ ਦੇ ਦਿੱਤੀ ਅਤੇ ਇਸ ਨੂੰ ਛਪਵਾ ਵੀ ਦਿੱਤਾ। ਇਸ ਤਰਾਨੇ ਦੀਆਂ ਪਹਿਲੀਆਂ ਦੋ ਸਤਰਾਂ ਸਨ:


**ਖਾਲਿਦ ਅਹਿਮਦ**

"ਐ ਸਰਜ਼ਮੀਨੇ ਪਾਕਿ/ਜ਼ੱਰੇ ਹੈਂ ਤੇਰੇ ਆਜ ਸਿਤਾਰੋਂ ਸੇ ਤਬਨਾਕ/ਰੌਸ਼ਨ ਹੈ ਕਹਿਕਸ਼ਾਂ ਸੇ ਕਹੀਂ ਆਜ ਤੇਰੀ ਖਾਕ/ਐ ਸਰਜ਼ਮੀਨੇ ਪਾਕਿ।" ਆਜ਼ਾਦ ਨੇ ਇਸ ਕਾਰਜ ਦੀ ਅਹਿਮੀਅਤ ਨੂੰ ਸਮਝਦਿਆਂ ਤਿੰਨ ਦਿਨਾਂ ਦੇ ਅੰਦਰ ਤਰਾਨਾ ਮੁਕੰਮਲ ਕਰ ਕੇ ਕਾਇਦ-ਏ-ਆਜ਼ਮ ਨੂੰ ਸੌਂਪ ਦਿੱਤਾ ਸੀ।

ਜਦੋਂ ਜਿਨਾਹ ਦੇ ਸਾਥੀ ਸਿਆਸਤਦਾਨਾਂ ਨੇ ਇਸ ਤਰਾਨੇ ਦਾ ਲੇਖਕ ਹਿੰਦੂ ਹੋਣ 'ਤੇ ਇਤਰਾਜ਼ ਕੀਤਾ ਤਾਂ ਜਿਨਾਹ ਨੇ ਉਨ੍ਹਾਂ ਨੂੰ ਝਾੜ ਪਾਈ। ਉਂਜ, ਇਹ ਤਰਾਨਾ ਪਾਕਿਸਤਾਨ ਦੇ ਕੌਮੀ ਤਰਾਨੇ ਦਾ ਰੂਪ ਧਾਰਨ ਨਾ ਕਰ ਸਕਿਆ। ਜਿਨਾਹ ਬਹੁਤੇ ਦਿਨ ਜ਼ਿੰਦਾ ਨਹੀਂ ਰਹੇ। ਉਨ੍ਹਾਂ ਦਾ ਇੰਤਕਾਲ ਹੁੰਦਿਆਂ ਹੀ ਕੌਮੀ ਤਰਾਨਾ ਕਮੇਟੀ (ਐਨ.ਏ.ਸੀ.) ਨੇ ਉਨ੍ਹਾਂ ਦੀ ਪਸੰਦ ਨੂੰ ਰੱਦ ਕਰ ਦਿੱਤਾ ਅਤੇ ਕੌਮੀ ਤਰਾਨਾ ਲਿਖਣ ਦੀ ਜ਼ਿੰਮੇਵਾਰੀ ਵੱਖ ਵੱਖ ਸ਼ਾਇਰਾਂ ਨੂੰ ਸੌਂਪੀ। ਅੰਤ ਮੌਜੂਦਾ ਕੌਮੀ ਤਰਾਨੇ ਦੀ ਚੋਣ 1954 ਵਿਚ ਕੀਤੀ। ਭਾਰਤ ਦਾ ਕੌਮੀ ਤਰਾਨਾ ਟੈਗੋਰ ਦਾ ਲਿਖਿਆ ਹੋਇਆ ਸੀ ਅਤੇ ਇਸ ਨੂੰ ਸੰਗੀਤਬੱਧ ਵੀ ਟੈਗੋਰ ਨੇ ਹੀ ਕੀਤਾ। ਪਾਕਿਸਤਾਨੀ ਕੌਮੀ ਤਰਾਨੇ ਦੀ ਧੁਨ ਤੇ ਸੰਗੀਤ ਕਿਸੇ ਕਵੀ ਨੇ ਨਹੀਂ ਬਲਕਿ ਅਤਿਅੰਤ ਪ੍ਰਤਿਭਾਸ਼ਾਲੀ ਸੰਗੀਤਕਾਰ ਅਹਿਮਦ ਗੁਲਾਮਅਲੀ ਛਾਗਲਾ ਨੇ ਤਿਆਰ ਕੀਤਾ। ਦਰਅਸਲ, ਛਾਗਲਾ ਖ਼ੁਦ ਕੌਮੀ ਤਰਾਨਾ ਕਮੇਟੀ ਦਾ ਮੈਂਬਰ ਸੀ। ਉਸ ਨੇ ਪਹਿਲਾਂ ਧੁਨ ਬਣਾਈ ਅਤੇ ਇਸ ਮੁਤਾਬਿਕ ਮੁਖੜਾ ਤੇ ਅੰਤਰਾ ਲਿਖਣ ਦਾ ਸੱਦਾ ਵੱਖ ਵੱਖ ਸ਼ਾਇਰਾਂ ਨੂੰ ਦਿੱਤਾ ਗਿਆ। ਕੁਲ 723 ਐਂਟਰੀਆਂ ਆਈਆਂ ਜਿਨ੍ਹਾਂ ਵਿਚੋਂ ਹਫੀਜ਼ ਜਲੰਧਰੀ ਦੀ ਐਂਟਰੀ ਨੂੰ ਕੌਮੀ ਤਰਾਨੇ ਲਈ ਚੁਣਿਆ ਗਿਆ। ਇਹ ਉਹੀ ਸ਼ਾਇਰ ਹਫੀਜ਼ ਜਲੰਧਰੀ ਸੀ ਜਿਸ ਦਾ ਫਿਲਮੀ ਨਗ਼ਮਾ 'ਅਭੀ ਤੋ ਮੈਂ ਜਵਾਨ ਹੂੰ' 1940ਵਿਆਂ ਵਿਚ ਅਣਵੰਡੇ ਭਾਰਤ ਵਿਚ ਬੇਹੱਦ ਮਕਬੂਲ ਹੋਇਆ ਸੀ। ਹਫੀਜ਼ ਜਲੰਧਰੀ ਨੂੰ ਅਣਵੰਡੇ ਹਿੰਦੁਸਤਾਨ ਵਿਚ ਮੁਸਲਮਾਨ ਨਿਹਾਇਤ ਪਸੰਦ ਕਰਦੇ ਸਨ ਕਿਉਂਕਿ ਉਸ ਨੇ ਇਸਲਾਮ ਦਾ ਇਤਿਹਾਸ ਕਾਵਿਕ ਰੂਪ ਵਿਚ ਲਿਖਿਆ ਸੀ। ਉਸ ਦਾ ਇਹ ਕਾਰਜ ਹੁਣ ਵੀ ਸ਼ਾਹਕਾਰ ਮੰਨਿਆ ਜਾਂਦਾ ਹੈ।

ਹਫੀਜ਼ ਜਲੰਧਰੀ ਦੀ ਇਹ ਖ਼ੁਸ਼ਕਿਸਮਤੀ ਸੀ ਕਿ ਕੌਮੀ ਤਰਾਨਾ ਕਮੇਟੀ ਵੱਲੋਂ ਤਰਾਨੇ ਦੀ ਚੋਣ ਤੋਂ ਪਹਿਲਾਂ ਹੀ 1953 ਵਿਚ ਛਾਗਲਾ ਦੀ ਮੌਤ ਹੋ ਗਈ। ਹਫੀਜ਼ ਦੇ ਬੋਲ ਭਾਵੇਂ ਛਾਗਲਾ ਵੱਲੋਂ ਤਿਆਰ ਧੁਨ ਵਿਚ ਐਨ ਫਿੱਟ ਬੈਠੇ, ਫਿਰ ਵੀ ਜੇ ਛਾਗਲਾ ਉਸ ਸਮੇਂ ਜ਼ਿੰਦਾ ਹੁੰਦਾ ਤਾਂ ਉਹ ਸ਼ਾਇਦ ਬੇਲੋੜੀ ਹੁੱਬਲਵਤਨੀ ਨੂੰ ਇਨ੍ਹਾਂ ਬੋਲਾਂ ਵਿਚੋਂ ਖਾਰਿਜ ਕਰਨ ਉਤੇ ਜ਼ੋਰ ਦਿੰਦਾ। ਉਹ ਤੇ ਜਿਨਾਹ ਦੋਵੇਂ ਹੀ ਗੁਜਰਾਤੀ ਸਨ। ਦੋਵੇਂ ਭਾਵੇਂ ਤੁਅੱਸਬੀ ਸਿਆਸਤ ਖੇਡਦੇ ਆਏ ਸਨ, ਪਰ ਰੂਹੋਂ ਉਦਾਰਵਾਦੀ ਸਨ। ਛਾਗਲਾ ਆਪਣਾ ਨਾਮ ਮੁਸਲਿਮ ਰਵਾਇਤ ਮੁਤਾਬਿਕ ਗ਼ੁਲਾਮ ਅਲੀ ਲਿਖਣ ਦੀ ਥਾਂ ਗੁਜਰਾਤੀ ਅੰਦਾਜ਼ ਵਿਚ ਗੁਲਾਮਅਲੀ ਲਿਖਦਾ ਸੀ, ਬਿਲਕੁਲ ਉਸੇ ਤਰ੍ਹਾਂ ਜਿਵੇਂ ਜਿਨਾਹ ਆਪਣਾ ਨਾਮ ਮੁਹੰਮਦਅਲੀ ਲਿਖਦਾ ਸੀ, ਮੁਹੰਮਦ ਅਲੀ ਨਹੀਂ। ਜਿਨਾਹ ਦੇ ਨਾਮ ਮੁਹੰਮਦਅਲੀ ਨੂੰ ਅਲਹਿਦਾ ਪਾਕਿਸਤਾਨ ਸਰਕਾਰ ਨੇ 1953 ਵਿਚ ਕੀਤਾ ਕਿਉਂਕਿ ਸਕੂਲ ਰਜਿਸਟਰ ਵਿਚ ਨਾਮ ਦੇ ਸਪੈਲਿੰਗ 'ਮੁਹੰਮਦ ਅਲੀ' ਸਨ, 'ਮੁਹੰਮਦਅਲੀ' ਨਹੀਂ।

ਜਿਨਾਹ ਤੇ ਛਾਗਲਾ ਦੋਵੇਂ ਹੀ ਸ਼ੀਆ ਸਨ। ਜੇ ਉਹ ਅੱਜ ਦੇ ਪਾਕਿਸਤਾਨ ਵਿਚ ਜਿਉਂਦੇ ਹੁੰਦੇ ਤਾਂ ਦੋਵਾਂ ਦੀ ਜਾਨ ਨੂੰ ਬੇਹੱਦ ਖ਼ਤਰਾ ਹੋਣਾ ਸੀ। ਤਾਲਿਬਾਨ ਨੇ ਦੋਵਾਂ ਦਾ ਨਾਮ ਉਨ੍ਹਾਂ ਲੋਕਾਂ ਦੀ ਫਹਿਰਿਸਤ ਵਿਚ ਸ਼ਾਮਲ ਕਰ ਲੈਣਾ ਸੀ ਜਿਨ੍ਹਾਂ ਦੀਆਂ ਜਾਨਾਂ ਦੀ ਬਲੀ ਪਾਕਿਸਤਾਨ ਨੂੰ 'ਪਾਕਿ' ਰੱਖਣ ਵਾਸਤੇ ਲਈ ਜਾ ਰਹੀ ਹੈ। ਉਂਜ, ਜੇ ਜਿਨਾਹ ਅੱਜ ਦੇ ਯੁੱਗ ਵਿਚ ਜਿਉਂਦਾ ਹੁੰਦਾ ਤਾਂ ਸ਼ਾਇਦ ਪਾਕਿਸਤਾਨ ਵਿਚ ਤਾਲਿਬਾਨ ਦਾ ਉਭਾਰ ਸੰਭਵ ਹੀ ਨਹੀਂ ਸੀ ਹੋਣਾ ਅਤੇ ਨਾ ਹੀ ਉਨ੍ਹਾਂ ਅਖੌਤੀ ਬਲੋਚ ਕੌਮਪ੍ਰਸਤਾਂ ਦੀ ਹਸਤੀ ਬੁਲੰਦ ਹੋ ਸਕਣੀ ਸੀ ਜਿਨ੍ਹਾਂ ਨੇ ਪਿਛੇ ਜਿਹੇ ਕੋਇਟਾ ਨੇੜੇ ਜਿਨਾਹ ਰੈਸਟ ਹਾਊਸ ਨੂੰ ਉਡਾ ਦਿੱਤਾ ਸੀ।


ਹਫੀਜ਼ ਜਲੰਧਰੀ, ਜਗਨ ਨਾਥ ਆਜ਼ਾਦ ਤੇ ਰਵਿੰਦਰ ਨਾਥ ਟੈਗੋਰ

ਗੱਲ ਹਫੀਜ਼ ਜਲੰਧਰੀ ਦੇ ਤਰਾਨੇ ਦੀ ਹੋ ਰਹੀ ਸੀ। ਜਲੰਧਰੀ ਦਾ ਲਿਖਿਆ ਕੌਮੀ ਤਰਾਨਾ ਬਿਹਤਰੀਨ ਰਚਨਾ ਹੈ। ਫਾਰਸੀ ਭਾਸ਼ਾ ਵਿਚ ਲਿਖੇ ਇਸ ਤਰਾਨੇ ਨੂੰ ਕੁਝ ਹੱਦ ਤਕ ਉਰਦੂ ਰੰਗਤ ਦੇਣ ਦਾ ਕਾਰਨ ਇਸ ਵਿਚਲੇ ਸੁਨੇਹੇ ਨੂੰ ਆਮ ਲੋਕਾਂ ਦੇ ਸਮਝਣ ਦੇ ਕਾਬਲ ਬਣਾਉਣਾ ਸੀ। ਦੱਖਣੀ ਏਸ਼ੀਆ ਦੇ ਮੁਸਲਮਾਨਾਂ ਨੂੰ ਸੰਜੀਦਾ ਸੁਨੇਹਾ ਦੇਣ ਵਾਲੀ ਹਰ ਲਿਖਤ ਫਾਰਸੀ ਵਿਚ ਲਿਖੇ ਜਾਣ ਦਾ ਰਿਵਾਜ ਹੈ। ਇਸ ਨੂੰ ਸ਼ਊਰ ਦੀ ਨਿਸ਼ਾਨੀ ਵੀ ਮੰਨਿਆ ਜਾਂਦਾ ਹੈ, ਭਲੇ ਹੀ ਇਹ ਆਮ ਮੁਸਲਮਾਨ ਦੇ ਪੱਲੇ ਪਵੇ ਜਾਂ ਨਾ।

ਕੌਮੀ ਤਰਾਨੇ ਵਿਚ 'ਅੱਲ੍ਹਾ' ਦੀ ਥਾਂ 'ਖ਼ੁਦਾ' ਸ਼ਬਦ ਵਰਤਣ ਦੀ ਹਿਮਾਕਤ 'ਅਜੋਕੇ' ਇਸਲਾਮ ਦੇ ਦੌਰ ਵਿਚ ਕੀਤੀ ਗਈ ਹੁੰਦੀ ਤਾਂ ਸ਼ਾਇਦ ਉਸ ਨੂੰ ਤਾਲਿਬਾਨ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ। ਤਾਲਿਬਾਨ ਤਾਂ ਇਸ ਤੋਂ ਵੀ ਨਿੱਕੀ 'ਗ਼ਲਤੀ' ਕਰਨ ਵਾਲੇ ਨੂੰ ਨਹੀਂ ਬਖ਼ਸ਼ਦੇ। ਇਸੇ ਲਈ ਜ਼ਿਆਦਾਤਰ ਪਾਕਿਸਤਾਨੀ ਅਤੇ ਬੰਗਲਾਦੇਸ਼ੀ ਲੋਕ ਅਲਵਿਦਾ ਕਹਿਣ ਲਈ ਰਵਾਇਤੀ ਸ਼ਬਦਾਂ 'ਖ਼ੁਦਾ ਹਾਫਿਜ਼' ਦੀ ਥਾਂ 'ਅੱਲ੍ਹਾ ਹਾਫਿਜ਼' ਕਹਿਣ ਲੱਗ ਪਏ ਹਨ। 'ਖ਼ੁਦਾ' ਨੂੰ ਕਾਫ਼ਿਰਾਂ ਦੀ ਬੋਲੀ ਵਿਚ ਵਰਤਿਆ ਜਾਂਦਾ ਸ਼ਬਦ ਦੱਸਦਿਆਂ ਹੁਣ ਆਮ ਬੋਲਚਾਲ ਵਿਚ ਪ੍ਰਵਾਨ ਨਹੀਂ ਕੀਤਾ ਜਾਂਦਾ। ਇਸ ਲਈ ਕੌਮੀ ਤਰਾਨਾ ਜੇ ਅਜੋਕੇ ਦੌਰ ਵਿਚ ਰਚਿਆ ਜਾਂਦਾ ਤਾਂ ਸ਼ਾਇਦ ਪਾਕਿਸਤਾਨ ਵਿਚ ਇਸ ਨੂੰ ਪ੍ਰਵਾਨ ਨਹੀਂ ਸੀ ਕੀਤਾ ਜਾਣਾ।

ਰਾਬਿੰਦਰਨਾਥ ਟੈਗੋਰ ਦੀ ਰਚਨਾ 'ਆਮਾਰ ਸੋਨਾਰ ਬਾਂਗਲਾ' ਬੰਗਲਾਦੇਸ਼ ਦਾ ਕੌਮੀ ਤਰਾਨਾ ਹੈ। ਟੈਗੋਰ ਨੇ ਇਹ ਤਰਾਨਾ 1905 ਵਿਚ ਵਾਇਸਰਾਏ ਲਾਰਡ ਕਰਜ਼ਨ ਵੱਲੋਂ ਬੰਗਾਲ ਦੀ ਪੂਰਬੀ ਅਤੇ ਪੱਛਮੀ ਬੰਗਾਲ ਵਿਚ ਕੀਤੀ ਗਈ ਵੰਡ ਦੇ ਵਿਰੋਧ ਵਿਚ ਲਿਖਿਆ ਸੀ। ਬੰਗਲਾਦੇਸ਼ ਵਿਚ ਵੀ ਕੌਮੀ ਤਰਾਨਾ ਉਸ ਮੁਲਕ ਦੇ ਬਾਨੀ ਸ਼ੇਖ ਮੁਜੀਬੁਰ ਰਹਿਮਾਨ ਵੱਲੋਂ ਥੋਪੇ ਜਾਣ ਦੀ ਗੱਲ ਵਿਵਾਦ ਦਾ ਵਿਸ਼ਾ ਬਣ ਗਈ ਹੈ। ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਵਿਰੋਧੀ, ਖ਼ਾਸ ਕਰ ਕੇ ਜਮਾਇਤ-ਏ-ਇਸਲਾਮੀ ਇਸ ਨੂੰ ਸ਼ੇਖ ਮੁਜੀਬ ਦੀ 'ਭਾਰਤਪ੍ਰਸਤੀ' ਦੀ ਮਿਸਾਲ ਦੱਸ ਰਹੇ ਹਨ।

ਜਿਥੋਂ ਤਕ ਭਾਰਤ ਦੇ ਕੌਮੀ ਤਰਾਨੇ ਦਾ ਸਬੰਧ ਹੈ, ਟੈਗੋਰ ਦੀ ਇਹ ਰਚਨਾ ਸੰਸਕ੍ਰਿਤਨੁਮਾ ਬੰਗਾਲੀ ਭਾਸ਼ਾ ਵਿਚ ਲਿਖੀ ਗਈ ਹੈ। ਗੁਰੂਦੇਵ ਨੇ ਇਹ ਗੀਤ 1911 ਵਿਚ ਲਿਖਿਆ। 'ਜਨ ਗਣ ਮਨ' ਨੂੰ 1950 ਵਿਚ ਸੰਵਿਧਾਨ ਸਭਾ ਨੇ ਕੌਮੀ ਤਰਾਨੇ ਵਜੋਂ ਅਪਨਾਇਆ। ਟੈਗੋਰ ਦੀ ਸ੍ਰੀਲੰਕਾ ਬਾਰੇ ਨਜ਼ਮ ਦਾ ਪਹਿਲਾਂ ਸਿੰਹਾਲੀ ਭਾਸ਼ਾ ਵਿਚ ਤਰਜਮਾ ਕੀਤਾ ਗਿਆ ਅਤੇ ਇਸ ਨੂੰ ਟੈਗੋਰ ਦੇ ਸ਼ਾਗਿਰਦ ਆਨੰਦ ਸਮਾਰਾਕੂਨ ਨੇ 1940 ਵਿਚ ਸੰਗੀਤਬੱਧ ਕੀਤਾ ਅਤੇ 1951 ਵਿਚ ਇਹ ਸ੍ਰੀਲੰਕਾ ਦਾ ਕੌਮੀ ਤਰਾਨਾ ਬਣ ਗਈ।

ਵਿਡੰਬਨਾ ਇਹ ਹੈ ਕਿ ਟੈਗੋਰ ਵਰਗੇ ਵਿਦਵਾਨ ਨੇ ਰਾਸ਼ਟਰਵਾਦ ਦਾ ਹਮੇਸ਼ਾ ਵਿਰੋਧ ਕੀਤਾ, ਪਰ ਉਸ ਦੀਆਂ ਰਚਨਾਵਾਂ ਨੂੰ ਰਾਸ਼ਟਰਵਾਦ ਦਾ ਸੁਨੇਹਾ ਬਣਾ ਕੇ ਪਰੋਸ ਦਿੱਤਾ ਗਿਆ। ਅਫ਼ਸੋਸ ਦੀ ਗੱਲ ਹੈ ਕਿ ਸਾਰੇ ਮੁਲਕ ਆਪਣੇ ਕੌਮੀ ਤਰਾਨਿਆਂ ਨੂੰ ਜੰਗੀ ਤਰਾਨਿਆਂ ਵਜੋਂ ਵਰਤਦੇ ਹਨ। ਟੈਗੋਰ ਨੇ ਭਾਂਪ ਲਿਆ ਸੀ ਕਿ ਕਿਸੇ ਬਾਹਰੀ ਦੁਸ਼ਮਣ ਦਾ ਡਰ ਵਿਖਾ ਕੇ ਲੋਕਾਂ ਨੂੰ ਇਕਜੁੱਟ ਕਰਨ ਲਈ ਨੇਤਾਵਾਂ ਵੱਲੋਂ ਉਪਜਾਈ ਗਈ ਰਾਸ਼ਟਰਵਾਦ ਦੀ ਭਾਵਨਾ ਇਕ ਦਿਨ ਕੋਹੜ ਵਾਂਗ ਸਾਰੇ ਮੁਲਕਾਂ ਵਿਚ ਫੈਲ ਜਾਵੇਗੀ।

ਟੈਗੋਰ ਨੇ ਭਾਰਤ ਅਤੇ ਬੰਗਲਾਦੇਸ਼ ਦੇ ਕੌਮੀ ਤਰਾਨਿਆਂ ਨੂੰ ਸੁਰਬੱਧ ਕੀਤਾ ਅਤੇ ਉਨ੍ਹਾਂ ਨੇ ਸ੍ਰੀਲੰਕਾ ਦੇ ਕੌਮੀ ਤਰਾਨੇ ਦੀ ਧੁਨ ਵੀ ਸੁਝਾਈ ਸੀ। ਉਹ ਇਹ ਨਹੀਂ ਜਾਣਦੇ ਸਨ ਕਿ ਉਨ੍ਹਾਂ ਦੀਆਂ ਰਚਨਾਵਾਂ ਤਿੰਨ ਅਜਿਹੇ ਮੁਲਕਾਂ ਦੇ ਕੌਮੀ ਤਰਾਨੇ ਬਣ ਜਾਣਗੀਆਂ ਜੋ ਕਿਸੇ ਨਾ ਕਿਸੇ ਕਾਰਨ ਆਪਸੀ ਵਿਵਾਦ ਵਿਚ ਉਲਝੇ ਹੀ ਰਹਿੰਦੇ ਹਨ। ਚੌਥੇ ਮੁਲਕ ਨੇ ਕੌਮੀ ਤਰਾਨੇ ਦੀ ਚੋਣ ਕਰਨ ਸਮੇਂ ਆਪਣੇ 'ਕੌਮੀ ਸ਼ਾਇਰ' ਅੱਲਾਮਾ ਇਕਬਾਲ ਨੂੰ ਨਜ਼ਰਅੰਦਾਜ਼ ਕਰ ਦਿੱਤਾ ਹਾਲਾਂਕਿ ਉਨ੍ਹਾਂ ਦੀ ਨਜ਼ਮ 'ਸਾਰੇ ਜਹਾਂ ਸੇ ਅੱਛਾ' ਨੂੰ ਭਾਰਤ ਵਿਚ ਲੋਕਾਂ ਵੱਲੋਂ ਕੌਮੀ ਤਰਾਨੇ ਵਾਂਗ ਹੀ ਦਿਲ ਨਾਲ ਗਾਇਆ ਜਾਂਦਾ ਹੈ ਅਤੇ ਇਹ ਨਜ਼ਮ ਭਾਰਤ ਦੇ ਸਰਕਾਰੀ ਸਮਾਗਮਾਂ ਦਾ ਹੁਣ ਵੀ ਹਿੱਸਾ ਬਣਦੀ ਆ ਰਹੀ ਹੈ। ਇਨ੍ਹਾਂ ਦੋਵਾਂ ਅਜ਼ੀਮ ਸ਼ਾਇਰਾਂ ਦੀਆਂ ਰੂਹਾਂ ਇਹ ਦੇਖ ਕੇ ਖ਼ੂਨ ਦੇ ਹੰਝੂ ਵਹਾ ਰਹੀਆਂ ਹੋਣਗੀਆਂ ਕਿ ਉਨ੍ਹਾਂ ਦੀਆਂ ਰਚਨਾਵਾਂ ਦੇ ਸ਼ੈਦਾਈ ਮੁਲਕ ਇਕ-ਦੂਜੇ ਨਾਲ ਕਿੰਨਾ ਮਾੜਾ ਵਿਹਾਰ ਕਰਦੇ ਆ ਰਹੇ ਹਨ।

# ਮਿਆਂਮਾਰ ਵਿਚ ਭਾਰਤ ਦੀ ਫੌਜੀ ਕਾਰਵਾਈ

## *ਕਿੰਨੀ ਕੁ ਵਾਜਬ ਹੈ ਇਹ ਰਣਨੀਤੀ*

ਭਾਰਤੀ ਫ਼ੌਜ ਦੇ ਵਿਸ਼ੇਸ਼ ਦਸਤਿਆਂ ਵੱਲੋਂ ਨੈਸ਼ਨਲ ਸੋਸ਼ਲਿਸਟ ਕੌਂਸਲ ਆਫ ਨਾਗਾਲੈਂਡ (ਐਨ.ਐਸ.ਸੀ.ਐਨ.) ਦੇ ਖਾਪਲਾਂਗ ਧੜੇ ਦੇ ਬਾਗ਼ੀਆਂ ਖਿਲਾਫ਼ ਮਿਆਂਮਾਰ ਦੇ ਖੇਤਰ ਵਿਚ ਦਾਖ਼ਲ ਹੋ ਕੇ ਕੀਤੀ ਗਈ ਕਾਰਵਾਈ ਸਬੰਧੀ ਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਪ੍ਰਤੀਕਰਮ ਸਾਹਮਣੇ ਆਏ ਹਨ। ਪਹਿਲਾ ਪ੍ਰਤੀਕਰਮ, ਜੋ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਕੱਟੜ ਹਮਾਇਤੀਆਂ ਵੱਲੋਂ ਹੈ, ਜੇਤੂਪੁਣੇ ਵਾਲਾ ਹੈ। ਇਸ ਵਿਚ ਆਪ੍ਰੇਸ਼ਨ ਦੀ ਸਫਲਤਾ ਦਾ ਢੰਡੋਰਾ ਪਿੱਟਿਆ ਗਿਆ ਹੈ। ਦੂਜੀ ਕਿਸਮ ਦੇ ਪ੍ਰਤੀਕਰਮ ਵਾਲਿਆਂ ਨੇ ਅਜਿਹੀ ਅਸਿੱਧੀ ਕਿਸਮ ਦੀ ਕਾਰਵਾਈ ਨੂੰ ਸਿਧਾਂਤਕ ਤੌਰ 'ਤੇ ਤਾਂ ਸਹੀ ਕਰਾਰ ਦਿੱਤਾ ਹੈ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੀਆਂ ਕਾਰਵਾਈਆਂ ਬਾਰੇ ਰੌਲਾ ਪਾਉਣਾ ਸਹੀ ਨਹੀਂ ਹੈ। ਪਹਿਲੇ ਵਿਚਾਰ ਨੂੰ

**ਪ੍ਰਫੁੱਲ ਬਿਦਵਈ**

ਅੱਗੇ ਵਧਾਉਣ ਵਾਲਿਆਂ ਦਾ ਮੰਨਣਾ ਹੈ ਕਿ ਫ਼ੌਜੀ ਕਾਰਵਾਈ ਦੇ ਵੇਰਵੇ ਜੱਗ-ਜ਼ਾਹਿਰ ਕਰਨੇ ਜ਼ਰੂਰੀ ਸਨ; ਭਾਰਤ ਵੱਲੋਂ ਨਾ ਸਿਰਫ ਖਾਪਲਾਂਗ, ਸਗੋਂ 'ਗੁਆਂਢ ਵਿਚਲੇ ਸਾਰੇ ਵਿਰੋਧੀ ਤੱਤਾਂ' ਨੂੰ ਇਹ ਸਖ਼ਤ ਸੰਦੇਸ਼ ਦਿੱਤਾ ਜਾਣਾ ਜ਼ਰੂਰੀ ਸੀ ਕਿ ਆਪਣੇ '56 ਇੰਚ ਦੀ ਛਾਤੀ ਵਾਲੇ' ਉਸ ਦੇ ਆਗੂ ਹੇਠ ਭਾਰਤ ਦੀ ਕੌਮੀ ਸੁਰੱਖਿਆ ਸਬੰਧੀ ਪਹੁੰਚ ਵਿਚ ਵੱਡੀ ਤਬਦੀਲੀ ਆ ਚੁੱਕੀ ਹੈ ਜੋ ਦੇਸ਼ ਦੀ 'ਹਜ਼ਾਰਾਂ ਵਰ੍ਹਿਆਂ ਦੀ ਗੁਲਾਮੀ' ਵਾਲੇ ਯੁੱਗ ਦਾ ਅੰਤ ਕਰਨਾ ਚਾਹੁੰਦੇ ਹਨ। ਇਹ ਦਲੀਲ ਬਿਲਕੁਲ ਬਚਗਾਨਾ ਕਿਸਮ ਦੀ ਹੈ। ਇਹ ਇਤਿਹਾਸ ਦੇ ਨਾਲ-ਨਾਲ ਸਮਕਾਲੀ ਭੂ-ਰਾਜਨੀਤੀ ਸਬੰਧੀ ਵੀ ਵਿਆਪਕ ਤੌਰ 'ਤੇ ਅਗਿਆਨਤਾ ਭਰੀ ਹੈ। ਇਤਿਹਾਸਕ ਅਗਿਆਨਤਾ ਇਸ ਕਰ ਕੇ ਕਿਉਂਕਿ ਮੌਜੂਦਾ ਭਾਰਤ ਪਿਛਲੇ ਹਜ਼ਾਰਾਂ ਵਰ੍ਹਿਆਂ ਤੱਕ ਇਕ ਰਾਸ਼ਟਰ ਨਹੀਂ ਰਿਹਾ। ਉਂਜ ਵੀ ਸਵੈ-ਵਿਸ਼ਵਾਸੀ ਅਤੇ ਦਾਨਿਸ਼ਮੰਦ ਦੇਸ਼ ਆਪਣੇ ਗੁਆਂਢੀ ਦੇਸ਼ਾਂ ਦੀਆਂ ਪ੍ਰਭੂਸੱਤਾ ਸੰਪੰਨ ਸਰਹੱਦਾਂ ਦੀ ਉਲੰਘਣਾ ਨਹੀਂ ਕਰਦੇ। ਉਹ ਜਾਣਦੇ ਹੁੰਦੇ ਹਨ ਕਿ ਗੁਆਂਢੀਆਂ ਨਾਲ ਸਿਹਤਮੰਦ ਰਿਸ਼ਤੇ ਉਨ੍ਹਾਂ ਦੀ ਆਪਣੀ ਸੁਰੱਖਿਆ ਲਈ ਵੀ ਅਹਿਮ ਹਨ।

4 ਜੂਨ ਨੂੰ ਮਨੀਪੁਰ ਵਿਚ ਖਾਪਲਾਂਗ ਧੜੇ ਦੇ ਬਾਗ਼ੀਆਂ ਵੱਲੋਂ 18 ਭਾਰਤੀ ਜਵਾਨਾਂ ਨੂੰ ਹਲਾਕ ਕੀਤੇ ਜਾਣ ਤੋਂ ਬਾਅਦ ਭਾਰਤ ਇਨ੍ਹਾਂ ਗੁਰੀਲਾ ਤੱਤਾਂ ਖਿਲਾਫ਼ ਮਿਆਂਮਾਰ ਦੀ ਫ਼ੌਜ ਨਾਲ ਰਲ ਕੇ ਸਾਂਝੇ ਆਪ੍ਰੇਸ਼ਨ ਨੂੰ ਅੰਜਾਮ ਦੇ ਸਕਦਾ ਸੀ। ਮਿਆਂਮਾਰ ਨਾਲ ਇਸ ਦੇ ਬਹੁਤ ਵਧੀਆ ਰਿਸ਼ਤੇ ਹਨ। ਭਾਰਤ ਨੇ ਐਨ.ਐਸ.ਸੀ.ਐਸ. ਦੇ ਇਸਾਕ-ਮੁਈਵਾ (ਆਈ.ਐਮ.) ਅਤੇ ਖਾਪਲਾਂਗ ਧੜਿਆਂ ਨਾਲ ਕ੍ਰਮਵਾਰ 1997 ਅਤੇ 2001 ਵਿਚ ਜੰਗਬੰਦੀ ਦੇ ਸਮਝੌਤੇ ਕੀਤੇ ਸਨ। ਭਾਰਤ ਕੋਲ ਵਧੀਆ ਮੌਕਾ ਸੀ ਕਿ ਉਹ ਮਿਆਂਮਾਰ ਆਧਾਰਿਤ ਖਾਪਲਾਂਗ ਧੜੇ ਨਾਲ ਜੰਗਬੰਦੀ ਦੇ ਸਮਝੌਤੇ ਨੂੰ ਮੁੜ ਨਵਿਆ ਲੈਂਦਾ ਜੋ ਮਾਰਚ ਵਿਚ ਖ਼ਤਮ ਹੋ ਚੁੱਕਾ ਸੀ। ਇਸ ਦੇ ਨਾਲ ਨਾਲ ਇਹ ਨਾਗਾ ਸਿਵਲ ਸੁਸਾਇਟੀ ਦੇ ਗਰੁੱਪਾਂ ਤੋਂ ਵਿਚੋਲਗਿਰੀ ਕਰਵਾ ਕੇ ਖਾਪਲਾਂਗ ਨੂੰ ਭਾਰਤ ਨਾਲ ਸ਼ਾਂਤੀ ਗੱਲਬਾਤ ਲਈ ਪ੍ਰੇਰਿਤ ਕਰ ਸਕਦਾ ਸੀ। ਨਾਗਾਲੈਂਡ ਦੇ ਮੁੱਖ ਮੰਤਰੀ ਟੀ.ਆਰ. ਜ਼ੀਲਿਆਂਗ ਦਾ ਕਹਿਣਾ ਹੈ ਕਿ ਅਜਿਹੇ ਗਰੁੱਪ ਲੋੜੀਂਦੀ ਭਰੋਸੇਯੋਗਤਾ ਰੱਖਦੇ ਹਨ, ਪਰ ਭਾਰਤੀ ਖ਼ੁਫ਼ੀਆ ਏਜੰਸੀਆਂ ਨੇ ਦੋਵਾਂ ਵਿਚੋਂ ਕੋਈ ਕੰਮ ਨਹੀਂ ਕੀਤਾ। ਉਹ ਮਨੀਪੁਰ ਅਤੇ ਨਾਗਾਲੈਂਡ ਦੀਆਂ ਸਰਕਾਰਾਂ ਨੂੰ ਵੀ ਆਪਣੇ ਭਰੋਸੇ ਦੇ ਦਾਇਰੇ ਵਿਚ ਨਹੀਂ ਰੱਖ ਸਕੀਆਂ।

ਕਾਹਲੀ ਵਾਲੇ ਪ੍ਰਤੀਕਰਮ ਵਿਚ ਭਾਰਤ ਨੇ ਸਰਹੱਦ ਨੇੜੇ ਪੈਂਦੇ ਬਾਗ਼ੀ ਕੈਂਪਾਂ 'ਤੇ ਹਮਲਾ ਕੀਤਾ। ਅਜਿਹਾ 'ਸਿਆਸੀ ਕਾਰਨਾਂ' ਕਰ ਕੇ ਕੀਤਾ ਗਿਆ, ਇਸ ਕਰ ਕੇ ਨਹੀਂ ਕਿ ਉਥੇ ਬੜੀ ਵੱਡੀ ਗਿਣਤੀ ਵਿਚ ਬਾਗ਼ੀ ਮੌਜੂਦ ਸਨ। ਮਾਰੇ ਗਏ ਬੰਦਿਆਂ ਦੀ ਗਿਣਤੀ ਬਾਰੇ ਵੀ ਸਵੈ-ਵਿਰੋਧੀ ਦਾਅਵੇ ਕਰਦਿਆਂ ਇਸ ਨੂੰ 20, 50, ਤੇ ਇਥੋਂ ਤੱਕ ਕਿ 100 ਵੀ ਕਰਾਰ ਦਿੱਤਾ ਗਿਆ, ਪਰ 'ਇੰਡੀਅਨ ਐਕਸਪ੍ਰੈਸ' ਦਾ ਕਹਿਣਾ ਹੈ ਕਿ ਸਿਰਫ 7 ਲਾਸ਼ਾਂ ਬਰਾਮਦ ਹੋਈਆਂ। ਭਾਰਤ ਦਾ ਕਹਿਣਾ ਹੈ ਕਿ ਇਸ ਨੇ ਮਿਆਂਮਾਰ ਸਰਕਾਰ ਨੂੰ ਕਾਰਵਾਈ ਬਾਰੇ ਦੱਸ ਦਿੱਤਾ ਸੀ, ਪਰ ਉਥੋਂ ਦੀ ਸਰਕਾਰ ਨੇ ਇਸ ਗੱਲ ਦਾ ਜ਼ੋਰਦਾਰ ਖੰਡਨ ਕੀਤਾ ਹੈ। ਭਾਰਤ ਲਈ ਮਿਆਂਮਾਰ ਦੀ ਫ਼ੌਜ ਨਾਲ ਮਿਲ ਕੇ ਉਥੇ ਅਤਿਵਾਦੀਆਂ ਦਾ ਸਫਾਇਆ ਕਰਨਾ ਕੋਈ ਅਸੰਭਵ ਗੱਲ ਨਹੀਂ ਸੀ ਪਰ ਸਰਕਾਰ ਵੱਲੋਂ ਅਜਿਹੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਮੋਦੀ ਸਰਕਾਰ ਦਾ ਅੰਧ-ਰਾਸ਼ਟਰਵਾਦ ਅਤੇ ਇਸ ਉਤੇ ਕੌਮੀ ਸੁਰੱਖਿਆ ਸਲਾਹਕਾਰ ਏ.ਕੇ. ਡੋਵਾਲ ਤੇ ਰੱਖਿਆ ਮੰਤਰੀ ਮਨੋਹਰ ਪਰੀਕਰ ਵਰਗੇ ਸਖ਼ਤ ਨੀਤੀਆਂ ਵਾਲੇ ਬੰਦਿਆਂ ਦਾ ਗਲਬਾ ਹੋਣਾ ਹੀ ਅਜਿਹਾ ਨਾ ਹੋ ਸਕਣ ਦਾ ਮੁੱਖ ਕਾਰਨ ਹੈ।

ਦੂਜੀ ਕਿਸਮ ਦੇ ਪ੍ਰਤੀਕਰਮ ਵਿਚ ਵਿਵੇਕ ਦੀ ਸਿਫ਼ਾਰਸ਼ ਕੀਤੀ ਗਈ ਹੈ ਕਿ ਅਸਿੱਧੀਆਂ ਕਾਰਵਾਈਆਂ ਦੇ ਨਤੀਜੇ ਖ਼ੁਦ ਸਾਹਮਣੇ ਆਉਣ ਦਿਓ। ਇਨ੍ਹਾਂ ਵਿਚ ਆਪਣਾ ਹੱਥ ਹੋਣ ਦੀ ਗੱਲ ਨੂੰ ਜ਼ਾਹਿਰ ਨਾ ਕਰੋ, ਪਰ ਇਸ ਵਿਚਾਰ ਵਾਲੇ ਬੰਦੇ ਇਹ ਸਮਝਣ ਤੋਂ ਅਸਫਲ ਹਨ ਕਿ ਲੰਮੇ ਸਮੇਂ ਦੇ ਵਿਵਾਦ ਅਸਿੱਧੀਆਂ ਕਾਰਵਾਈਆਂ ਰਾਹੀਂ ਹੱਲ ਨਹੀਂ ਕੀਤੇ ਜਾ ਸਕਦੇ, ਸਗੋਂ ਇਨ੍ਹਾਂ ਲਈ ਰਣਨੀਤਕ ਦੂਰ-ਦ੍ਰਿਸ਼ਟੀ ਅਤੇ ਸੂਝ ਭਰੀ ਕੂਟਨੀਤੀ ਦੀ ਲੋੜ ਹੁੰਦੀ ਹੈ। ਇਸ ਵਿਚਾਰ ਵਾਲਿਆਂ ਦਾ ਮੰਨਣਾ ਹੈ ਕਿ ਆਧੁਨਿਕ ਰਾਜ ਹੰਗਾਮੀ ਹਾਲਾਤ ਵਿਚ ਧੋਖੇਬਾਜ਼ੀ ਅਤੇ ਲਾ-ਕਾਨੂੰਨੀ ਵਾਲੀਆਂ ਕਾਰਵਾਈਆਂ ਨੂੰ ਅੰਜਾਮ ਦੇ ਸਕਦੇ ਹਨ। ਅਸਲ ਵਿਚ ਇਸ ਵਿਚਾਰ ਵਿਚ ਤਿੰਨ ਧਾਰਨਾਵਾਂ ਛੁਪੀਆਂ ਹੋਈਆਂ ਹਨ; ਪਹਿਲੀ ਇਹ ਕਿ ਗੁੱਝੀਆਂ ਜਾਂ ਅਸਿੱਧੀਆਂ ਕਾਰਵਾਈਆਂ ਰਾਹੀਂ ਅਤਿਵਾਦੀ ਤੱਤਾਂ ਦਾ ਸਫਲਤਾ ਨਾਲ ਸਫਾਇਆ ਕੀਤਾ ਜਾ ਸਕਦਾ ਹੈ। ਦੂਜੀ ਇਹ ਕਿ ਵਿਸ਼ੇਸ਼ ਹਾਲਾਤ ਵਿਚ ਅਤਿ ਦੇ ਅਤੇ ਗ਼ੈਰ-ਮਨੁੱਖੀ ਢੰਗ-ਤਰੀਕੇ ਵਰਤਣਾ ਜਾਇਜ਼ ਹੁੰਦਾ ਹੈ, ਤੇ ਤੀਜੀ ਇਹ ਕਿ ਜਮਹੂਰੀ ਸਟੇਟ ਜਾਣਦੇ ਹੁੰਦੇ ਹਨ ਕਿ ਉਨ੍ਹਾਂ ਨੇ ਕਿਥੇ ਰੁਕਣਾ ਹੈ।

ਇਹ ਤਿੰਨੇ ਧਾਰਨਾਵਾਂ ਹੀ ਸਵਾਲਾਂ ਦੇ ਘੇਰੇ 'ਚ ਆਉਣ ਵਾਲੀਆਂ ਹਨ। 1950ਵਿਆਂ 'ਚ ਭਾਰਤ ਨੇ ਚੀਨ ਖਿਲਾਫ਼ ਅਖੌਤੀ ਖਾਂਪਾ ਬਗ਼ਾਵਤ ਭੜਕਾਉਣ ਲਈ ਤਿੱਬਤੀ ਗੁਰੀਲਿਆਂ ਨੂੰ ਹਥਿਆਰਬੰਦ ਕਰਨ ਵਾਸਤੇ ਸੀ.ਆਈ.ਏ. ਨਾਲ ਗੰਢ-ਤੁੱਪ ਕੀਤੀ ਸੀ। ਹਜ਼ਾਰਾਂ ਤਿੱਬਤੀਆਂ ਦੀਆਂ ਕੁਰਬਾਨੀਆਂ ਦੇਣ ਤੋਂ ਬਾਅਦ ਸੀ.ਆਈ.ਏ. ਨੇ ਆਪ੍ਰੇਸ਼ਨ ਅੱਧ ਵਿਚਕਾਰ ਛੱਡ ਦਿੱਤਾ, ਪਰ ਭਾਰਤ ਨੇ ਚੀਨ ਦਾ ਵੈਰ ਖੱਟ ਲਿਆ ਜੋ 1962 ਵਿਚ ਜ਼ਾਹਰ ਹੋਇਆ। 1987 ਵਿਚ ਭਾਰਤ ਨੇ ਹਵਾਈ ਰਸਤੇ ਰਾਹੀਂ ਸ੍ਰੀਲੰਕਾ ਵਿਚ 'ਮਨੁੱਖੀ ਮਦਦ ਭੇਜੀ। ਇਸ ਨੇ ਕੋਲੰਬੋ ਅਤੇ ਤਾਮਿਲ ਬਾਗ਼ੀਆਂ ਉਤੇ ਭਾਰਤ-ਸ੍ਰੀਲੰਕਾ ਸਮਝੌਤਾ ਵੀ ਠੋਸਿਆ। ਇਸ ਕਾਰਨ 1200 ਫ਼ੌਜੀਆਂ ਦੀਆਂ ਜਾਨਾਂ ਗਈਆਂ ਅਤੇ ਇਹੀ ਗੱਲ ਰਾਜੀਵ ਗਾਂਧੀ ਦੇ ਕਤਲ ਦਾ ਕਾਰਨ ਵੀ ਬਣੀ।

ਹਕੀਕਤ ਇਹ ਹੈ ਕਿ ਨਾਗਾਲੈਂਡ, ਮਨੀਪੁਰ ਅਤੇ ਆਸਾਮ ਵਿਚ ਇਸ ਨੇ ਆਪਣੇ ਹੀ ਲੋਕਾਂ ਖਿਲਾਫ਼ ਇਕ ਤਰ੍ਹਾਂ ਦੀ ਜੰਗ ਛੇੜੀ ਹੋਈ ਹੈ। ਇਸ ਸਭ ਕੁਝ ਨਾਲ ਹੋਰ ਵਧੇਰੇ ਰੋਸ ਉਪਜਦਾ ਹੈ ਅਤੇ ਹਥਿਆਰਬੰਦ ਸੰਘਰਸ਼ ਨੂੰ ਉਤਸ਼ਾਹ ਮਿਲਦਾ ਹੈ। ਹਥਿਆਰਬੰਦ ਸੰਘਰਸ਼ਾਂ ਨੂੰ ਜਿੰਨੇ ਵਧੇਰੇ ਕਠੋਰ ਢੰਗ-ਤਰੀਕੇ ਨਾਲ ਦਬਾਇਆ ਜਾਂਦਾ ਹੈ, ਆਮ ਨਾਗਰਿਕਾਂ ਦੀਆਂ ਮੌਤਾਂ ਉਨੀਆਂ ਹੀ ਵਧੇਰੇ ਹੁੰਦੀਆਂ ਹਨ। ਹਥਿਆਰਬੰਦ ਫ਼ੌਜਾਂ ਦਾ ਵਿਸ਼ੇਸ਼ ਅਧਿਕਾਰ ਐਕਟ 1958 ਵਿਚ ਆਰਜ਼ੀ ਉਪਰਾਲੇ ਵਜੋਂ ਲਾਗੂ ਕੀਤਾ ਗਿਆ ਸੀ, ਪਰ ਇਹ ਕਸ਼ਮੀਰ ਅਤੇ ਉੱਤਰ-ਪੂਰਬ ਦੇ ਬਹੁਤੇ ਰਾਜਾਂ (ਤ੍ਰਿਪੁਰਾ ਨੂੰ ਛੱਡ ਕੇ) ਵਿਚ ਅਜੇ ਤੱਕ ਵੀ ਲਾਗੂ ਹੈ। ਮਿਆਂਮਾਰ 'ਚ ਕੀਤੀ ਫ਼ੌਜੀ ਕਾਰਵਾਈ ਘਟੀਆ ਕਿਸਮ ਦੀ ਇਸੇ ਕਾਰਜਸ਼ੈਲੀ ਦਾ ਹੀ ਹਿੱਸਾ ਹੈ। ਅਜਿਹੀ ਕਾਰਜਸ਼ੈਲੀ ਖ਼ਤਮ ਹੋਣੀ ਚਾਹੀਦੀ ਹੈ।

# ਅਜੋਕੀ ਭਾਰਤੀ ਹਕੂਮਤ:ਬੇਅਸੂਲੀ ਤੇ ਬੇਸ਼ਰਮੀ ਦੀ ਸਿਖਰ

ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਲੋਕ-ਰਾਜ ਦਾ ਝੰਡਾ ਚੁੱਕੀ ਫਿਰਦੇ ਭਾਰਤ ਦੇ 'ਚੋਰ-ਰਾਜ' ਦਾ ਪਰਦਾ ਲੱਥਣ ਵਿਚ ਜੇ ਕੋਈ ਕਸਰ ਬਾਕੀ ਸੀ ਤਾਂ ਉਹ ਇਸ ਹਫਤੇ ਦੀਆਂ ਘਟਨਾਵਾਂ ਨੇ ਪੂਰੀ ਕਰ ਦਿੱਤੀ ਹੈ। ਭ੍ਰਿਸ਼ਟਾਚਾਰ ਦੀ ਸਿਖਰ ਦਾ ਖੁਲਾਸਾ ਕਈ ਵਾਰੀ ਪਹਿਲਾਂ ਵੀ ਹੁੰਦਾ ਵੇਖਿਆ ਸੀ, ਇਸ ਵਾਰੀ ਭ੍ਰਿਸ਼ਟਾਚਾਰੀਆਂ ਨਾਲ ਸਾਂਝ ਵਿਚ ਦੇਸ਼ ਨਾਲ ਬੇਵਫਾਈ ਦੀ ਉਹ ਹੱਦ ਵੇਖ ਲਈ ਹੈ, ਜਿਸ ਬਾਰੇ ਸੁਣ ਕੇ ਲੋਕ ਰਾਜ ਵਿਚ ਲੋਕ ਸ਼ਰਮ ਮਹਿਸੂਸ ਕਰ ਰਹੇ ਹਨ ਅਤੇ ਆਗੂ ਅਜੇ ਵੀ ਪੋਚੇ ਪਾ ਰਹੇ ਹਨ।

ਇੱਕ ਬੰਦਾ ਹੈ ਲਲਿਤ ਮੋਦੀ। ਕ੍ਰਿਕਟ ਦੀ ਖੇਡ ਵਿਚ ਜਦੋਂ ਉਹ ਅਤੇ ਸ਼ਸ਼ੀ ਥਰੂਰ ਪਹਿਲੀ ਵਾਰ ਚਰਚਾ ਵਿਚ ਆਏ ਤਾਂ, ਸ਼ਾਇਦ ਕੁਝ ਪਾਠਕਾਂ ਨੂੰ ਯਾਦ ਹੋਵੇ, ਅਸੀਂ ਉਨ੍ਹਾਂ ਦੋਵਾਂ ਬਾਰੇ 'ਗਲਤ ਮੋਦੀ ਤੇ ਸ਼ੱਕੀ ਥਰੂਰ' ਦਾ ਸੰਬੋਧਨ ਵਰਤਿਆ ਸੀ। ਸ਼ਸ਼ੀ ਥਰੂਰ ਬਾਅਦ ਵਿਚ ਛੇਤੀ ਹੀ ਸ਼ੱਕੀ ਸਾਬਤ ਹੋ ਗਿਆ ਤੇ ਜਿਸ ਪ੍ਰੇਮਿਕਾ ਪਿੱਛੇ ਸ਼ੱਕੀ ਬਣਿਆ ਸੀ, ਉਸ ਨਾਲ ਵਿਆਹ ਪਿੱਛੋਂ ਉਸ ਦੀ ਮੌਤ ਦੇ ਕੇਸ ਵਿਚ ਉਲਝ ਗਿਆ ਹੈ। ਭਾਜਪਾ ਉਸ ਨੂੰ ਕਾਂਗਰਸੀ ਹੋਣ ਕਰ ਕੇ ਭੰਡਦੀ ਇਹ ਗੱਲ ਲੁਕਾ ਜਾਂਦੀ ਹੈ ਕਿ ਜਿਸ ਨਰਿੰਦਰ ਮੋਦੀ ਨੇ ਉਦੋਂ ਸ਼ਸ਼ੀ ਥਰੂਰ ਨੂੰ 'ਸੌ ਕਰੋੜ ਦੀ ਗਰਲ ਫਰੈਂਡ' ਵਾਲਾ ਕਹਿ ਕੇ ਉਸ ਦਾ ਗੁੱਡਾ ਬੰਨ੍ਹਿਆ ਸੀ। ਜਦੋਂ ਉਸੇ ਨਰਿੰਦਰ ਮੋਦੀ ਨੇ ਸਫਾਈ ਮੁਹਿੰਮ ਸ਼ੁਰੂ ਕੀਤੀ ਤਾਂ ਆਪਣੇ 'ਨੌਂ-ਰਤਨ' ਚੁਣਨ ਵੇਲੇ ਉਸੇ ਸ਼ਸ਼ੀ ਥਰੂਰ ਦਾ ਨਾਂ ਉਨ੍ਹਾਂ ਵਿਚ ਸ਼ਾਮਲ ਕਰ ਲਿਆ ਸੀ। ਦੂਸਰੇ ਬੰਦੇ ਲਲਿਤ ਮੋਦੀ ਨੂੰ ਜਦੋਂ ਭਾਰਤ ਵਿਚ ਫਸਣ ਦਾ ਡਰ ਪਿਆ, ਉਸ ਨਾਲ ਸਾਂਝ ਵਾਲੇ ਸੱਜਣਾਂ ਨੇ ਕਿਹਾ ਕਿ ਤੂੰ ਫਸਿਆ ਤਾਂ ਸਾਰੇ ਫਸਾ ਦੇਵੇਂਗਾ, ਇਸ ਲਈ ਉਹ ਭਾਰਤ ਤੋਂ ਭੱਜ ਗਿਆ ਸੀ। ਸੱਦੇ ਜਾਣ ਉਤੇ ਉਹ ਦੇਸ਼ ਨਾ ਮੁੜਿਆ। ਪਿਛਲੀ ਸਰਕਾਰ ਨੇ ਉਸ ਦਾ ਪਾਸਪੋਰਟ ਰੱਦ ਕੀਤਾ ਤਾਂ ਕਾਨੂੰਨੀ ਚਾਰਾਜੋਈ ਕਰ ਕੇ ਬ੍ਰਿਟੇਨ ਵਿਚ ਟਿਕਿਆ ਰਿਹਾ ਸੀ।

ਪਿਛਲੇ ਹਫਤੇ ਦੇ ਬਖੇੜੇ ਦਾ ਮੁੱਢ ਲਲਿਤ ਮੋਦੀ ਤੋਂ ਬੱਝਾ ਹੈ। ਆਪਣੇ ਰਾਜ ਦਾ ਸਾਲ ਪੂਰਾ ਹੋਣ ਉਤੇ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਮੇਰੇ ਰਾਜ ਵਿਚ ਕੋਈ ਸਕੈਂਡਲ ਨਹੀਂ ਉਭਰਿਆ। ਮਸਾਂ ਇੱਕ ਮਹੀਨੇ ਅੰਦਰ ਸਕੈਂਡਲ ਉਭਰ ਪਿਆ ਹੈ। ਇਹ ਸਕੈਂਡਲ ਹੁਣ ਦਾ ਨਹੀਂ, ਪਿਛਲੇ ਇੱਕ ਸਾਲ ਵਿਚ, ਅਤੇ ਠੀਕ ਕਹੀਏ ਤਾਂ ਸਰਕਾਰ ਦੇ ਪਹਿਲੇ ਤਿੰਨ ਮਹੀਨਿਆਂ ਵਿਚ ਹੀ ਵਾਪਰ ਗਿਆ ਸੀ। ਕਹਿਣ ਤੋਂ ਭਾਵ ਹੈ ਕਿ ਮੋਦੀ ਰਾਜ ਦੇ ਮੁੱਢ ਨੂੰ ਹੀ ਸਿਓਂਕ ਲੱਗ ਗਈ ਸੀ।

ਲਲਿਤ ਮੋਦੀ ਕੋਲ ਬ੍ਰਿਟੇਨ ਵਿਚ ਟਿਕਣ ਦਾ ਹੱਕ ਸੀ, ਪਰ ਉਹ ਹੋਰ ਕਿਤੇ ਵੀ ਨਹੀਂ ਸੀ ਜਾ ਸਕਦਾ। ਉਸ ਨੇ ਪੁਰਤਗਾਲ ਜਾਣਾ ਸੀ ਅਤੇ ਬ੍ਰਿਟਿਸ਼ ਸਰਕਾਰ ਟਰੈਵਲ ਡਾਕੂਮੈਂਟ ਨਹੀਂ ਸੀ ਦੇਂਦੀ। ਉਸ ਨੂੰ ਭਾਰਤ ਸਰਕਾਰ ਦੀ ਸਹਿਮਤੀ ਦੀ ਲੋੜ ਸੀ। ਇੱਕ ਬ੍ਰਿਟਿਸ਼ ਐਮ ਪੀ ਇਹੋ ਜਿਹੇ ਕੰਮਾਂ ਵਿਚ ਮਦਦ ਕਰਨ ਨੂੰ ਤਿਆਰ ਹੋ ਗਿਆ। ਉਸ ਨੇ ਪਹਿਲਾਂ ਲਲਿਤ ਮੋਦੀ ਦੇ ਕਹੇ ਭਾਰਤੀ ਪਾਰਲੀਮੈਂਟ ਦੀ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਦੇ ਜੇਠ ਦਾ ਪੁੱਤਰ ਇੰਗਲੈਂਡ ਦੇ ਕਿਸੇ ਕਾਲਜ ਵਿਚ ਦਾਖਲ ਕਰਾਉਣ ਵਿਚ ਮਦਦ ਕੀਤੀ ਹੋਈ ਸੀ। ਉਦੋਂ ਉਸ ਦੀ ਮਦਦ ਕਾਰਨ ਓਸੇ ਵਿਰੋਧੀ ਧਿਰ ਦੀ ਪੁਰਾਣੀ ਆਗੂ, ਜਿਹੜੀ ਹੁਣ ਮੋਦੀ ਸਰਕਾਰ 'ਚ ਵਿਦੇਸ਼ ਮੰਤਰੀ ਬਣ ਚੁੱਕੀ ਸੀ, ਨੇ ਲਲਿਤ ਮੋਦੀ ਵਾਸਤੇ ਓਸੇ ਬ੍ਰਿਟਿਸ਼ ਐਮ ਪੀ ਰਾਹੀਂ ਟਰੈਵਲ ਡਾਕੂਮੈਂਟ ਦੀ ਹਾਮੀ ਭਰਨ ਦੇ ਨਾਲ ਬ੍ਰਿਟਿਸ਼ ਅਧਿਕਾਰੀਆਂ ਨੂੰ ਕਹਿ ਦਿੱਤਾ ਕਿ ਜੇ ਲਲਿਤ ਮੋਦੀ ਨੂੰ ਟਰੈਵਲ ਡਾਕੂਮੈਂਟ ਦੇ ਦਿੱਤੇ ਜਾਣ ਤਾਂ ਭਾਰਤ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ।

ਝਗੜਾ ਇਥੋਂ ਹੀ ਸ਼ੁਰੂ ਹੋਇਆ ਸੀ। ਸੁਸ਼ਮਾ ਸਵਰਾਜ ਨੂੰ ਇਹ ਹਾਮੀ ਭਰਨ ਵੇਲੇ ਪ੍ਰਧਾਨ ਮੰਤਰੀ, ਵਿੱਤ ਮੰਤਰੀ ਅਤੇ ਗ੍ਰਹਿ ਮੰਤਰੀ ਨਾਲ ਗੱਲ ਕਰਨੀ ਚਾਹੀਦੀ ਸੀ, ਪਰ ਨਹੀਂ ਕੀਤੀ ਗਈ। ਉਸ ਨੂੰ ਵਿਦੇਸ਼ ਸੈਕਟਰੀ ਅਤੇ ਬ੍ਰਿਟੇਨ ਵਿਚ ਬੈਠੇ ਭਾਰਤ ਦੇ ਹਾਈ ਕਮਿਸ਼ਨਰ ਨਾਲ ਵਿਚਾਰ ਕਰਨ ਦੀ ਲੋੜ ਸੀ, ਪਰ ਇਹ ਵੀ ਨਹੀਂ ਕੀਤਾ। ਲਲਿਤ ਮੋਦੀ ਨੂੰ ਕਿਹਾ ਜਾ ਸਕਦਾ ਸੀ ਕਿ ਪਹਿਲੀ ਸਰਕਾਰ ਨਾਲ ਤੇਰਾ ਵਿਰੋਧ ਵੀ ਹੋਵੇ ਤਾਂ ਉਹ ਹੁਣ ਨਹੀਂ ਰਹੀ, ਤੂੰ ਇੱਕ ਵਾਰੀ ਇਸ ਨਵੀਂ ਸਰਕਾਰ ਨੂੰ ਅਰਜ਼ੀ ਭੇਜ, ਅਸੀਂ ਵਿਚਾਰ ਕਰ ਲਵਾਂਗੇ। ਇਹ ਵੀ ਨਹੀਂ ਕੀਤਾ। ਬਰਤਾਨਵੀ ਅਧਿਕਾਰੀਆਂ ਨੂੰ ਸਿੱਧਾ ਹੀ ਕਹਿ ਦਿੱਤਾ ਕਿ ਟਰੈਵਲ ਡਾਕੂਮੈਂਟ ਦੇ ਦਿਓ, ਸਾਨੂੰ ਕੋਈ ਇਤਰਾਜ਼ ਨਹੀਂ। ਕਹਿੰਦੇ ਹਨ ਕਿ ਲਲਿਤ ਮੋਦੀ ਦੀ ਪਤਨੀ ਦਾ ਅਪਰੇਸ਼ਨ ਹੋਣਾ ਸੀ, ਪਰ ਇਹ ਦਲੀਲ ਇੱਕ ਹੱਦ ਤੱਕ ਹੀ ਠੀਕ ਸੀ, ਉਸ ਨੂੰ ਦੋ ਸਾਲ ਦਾ ਵੀਜ਼ਾ ਦੇ ਦਿੱਤਾ ਗਿਆ ਤੇ ਉਹ ਕਈ ਦੇਸ਼ਾਂ ਵਿਚ ਛੁੱਟੀਆਂ ਮਨਾਉਂਦਾ ਤੇ ਭਾਰਤ ਨੂੰ ਚਿੜਾਉਂਦਾ ਫਿਰਿਆ ਹੈ।



ਸੁਸ਼ਮਾ ਸਵਰਾਜ

ਵਿਦੇਸ਼ ਮੰਤਰੀ ਵਜੋਂ ਸੁਸ਼ਮਾ ਸਵਰਾਜ ਕਹਿੰਦੀ ਹੈ ਕਿ ਇਹ ਕੰਮ ਮਨੁੱਖੀ ਅਧਾਰ ਉਤੇ ਕੀਤਾ ਸੀ। ਉਸ ਦਾ ਕਹਿਣਾ ਗਲਤ ਹੈ। ਅਸਲ ਵਿਚ ਸੁਸ਼ਮਾ ਦਾ ਪਤੀ ਸਵਰਾਜ ਕੌਸ਼ਲ ਪਿਛਲੇ ਬਾਈ ਸਾਲਾਂ ਤੋਂ ਲਲਿਤ ਮੋਦੀ ਦਾ ਵਕੀਲ ਹੈ। ਸੁਸ਼ਮਾ ਦੀ ਧੀ ਬੰਸੁਰੀ ਸਵਰਾਜ ਓਸੇ ਲਲਿਤ ਮੋਦੀ ਦਾ ਕੇਸ ਲੜਨ ਵਾਲੇ ਵਕੀਲਾਂ ਦੀ ਟੀਮ ਵਿਚ ਹੈ। ਇਹ ਸਾਂਝ ਪੁਗਾਉਣ ਲਈ ਚੁੱਕਿਆ ਇੱਕ ਗੈਰ-ਕਾਨੂੰਨੀ ਕਦਮ ਸੀ।

ਕਾਂਗਰਸ ਸਰਕਾਰ ਵੇਲੇ ਕਾਨੂੰਨ ਮੰਤਰੀ ਕਪਿਲ ਸਿੱਬਲ ਨੇ ਕਾਪੀਰਾਈਟ ਐਕਟ ਦੀ ਸੋਧ ਪਾਰਲੀਮੈਂਟ ਵਿਚ ਪੇਸ਼ ਕਰਨੀ ਸੀ ਤਾਂ ਸੁਸ਼ਮਾ ਸਵਰਾਜ ਨੇ ਵਿਰੋਧੀ ਧਿਰ ਦੀ ਆਗੂ ਦੇ ਤੌਰ ਉਤੇ ਕਿਹਾ ਸੀ ਕਿ ਕਪਿਲ ਸਿੱਬਲ ਦਾ ਵਕੀਲ ਪੁੱਤਰ ਕਾਪੀਰਾਈਟ ਦਾ ਇੱਕ ਕੇਸ ਲੜ ਰਿਹਾ ਹੈ, ਅਸਲ ਵਿਚ ਕਪਿਲ ਸਿੱਬਲ ਆਪਣੇ ਪੁੱਤਰ ਪਿੱਛੇ ਅਹੁਦੇ ਦੀ ਦੁਰਵਰਤੋਂ ਕਰ ਰਿਹਾ ਹੈ। ਕਪਿਲ ਬੈਠ ਗਿਆ ਸੀ। ਹੁਣ ਉਹ ਹੀ ਕੰਮ ਸੁਸ਼ਮਾ ਸਵਰਾਜ ਨੇ ਆਪਣੇ ਪਤੀ ਅਤੇ ਧੀ ਦੇ ਕਾਰੋਬਾਰੀ ਹਿੱਤਾਂ ਖਾਤਰ ਕੀਤਾ ਹੈ। ਇਹੋ ਨਹੀਂ, ਅਦਾਲਤ ਨੇ ਜਦੋਂ ਸਰਕਾਰੀ ਪੱਖ ਦੀ ਢਿੱਲੀ ਪੈਰਵੀ ਕਾਰਨ ਲਲਿਤ ਮੋਦੀ ਦੇ ਕੇਸ 'ਚ ਉਸ ਦੇ ਹੱਕ ਵਿਚ ਫੈਸਲਾ ਦੇ ਦਿੱਤਾ ਤਾਂ ਨੱਬੇ ਦਿਨਾਂ ਵਿਚ ਉਸ ਫੈਸਲੇ ਨੂੰ ਚੁਣੌਤੀ ਦਿੱਤੀ



ਲਲਿਤ ਮੋਦੀ

ਜਾ ਸਕਦੀ ਸੀ, ਪਰ ਚੁਣੌਤੀ ਵੀ ਨਹੀਂ ਸੀ ਦਿੱਤੀ।

ਜਦੋਂ ਇਸ ਬਾਰੇ ਰੌਲਾ ਬਹੁਤ ਵਧ ਗਿਆ ਤਾਂ ਲਲਿਤ ਮੋਦੀ ਦੇ ਵਕੀਲ ਨੇ ਉਸ ਦਾ ਪੱਖ ਪੂਰਨ ਵਾਸਤੇ ਪ੍ਰੈਸ ਕਾਨਫਰੰਸ ਕਰ ਦਿੱਤੀ, ਪਰ ਇਸ ਵਿਚ ਉਸ ਨੇ ਨਵਾਂ ਖਿਲਾਰਾ ਪਾ ਦਿੱਤਾ। ਜਿਹੜੇ ਕਾਗਜ਼ ਉਸ ਨੇ ਪੱਤਰਕਾਰਾਂ ਨੂੰ ਫੜਾਉਣ ਦੀ ਕਾਹਲ ਕੀਤੀ, ਉਨ੍ਹਾਂ ਵਿਚ ਸ਼ਾਮਲ ਇੱਕ ਚਿੱਠੀ ਰਾਜਸਥਾਨ ਦੀ ਮੌਜੂਦਾ ਭਾਜਪਾ ਮੁੱਖ ਮੰਤਰੀ ਵਸੁੰਧਰਾ ਰਾਜੇ ਵੱਲੋਂ ਬਰਤਾਨਵੀ ਅਧਿਕਾਰੀਆਂ ਨੂੰ ਲਿਖੀ ਹੋਈ ਸੀ ਕਿ ਭਾਰਤ ਵਿਚ ਕੇਂਦਰ ਤੇ ਰਾਜਾਂ ਦੇ ਸਬੰਧ ਠੀਕ ਨਹੀਂ ਤੇ ਲਲਿਤ ਮੋਦੀ ਨੂੰ ਭਾਰਤ ਵਿਚ ਇਨਸਾਫ ਨਹੀਂ ਮਿਲ ਸਕਦਾ। ਨਾਲ ਵਸੁੰਧਰਾ ਰਾਜੇ ਨੇ ਇਹ ਵੀ ਲਿਖਿਆ ਸੀ ਕਿ ਮੇਰੀ ਇਸ ਚਿੱਠੀ ਬਾਰੇ ਕਿਸੇ ਨੂੰ ਜ਼ਾਹਰ ਨਾ ਕੀਤੀ ਜਾਵੇ, ਇਹ ਸਿਰਫ ਲਲਿਤ ਮੋਦੀ ਦੇ ਕੰਮ ਵਾਸਤੇ ਵਰਤੀ ਜਾਵੇ। ਗੁਨਾਹ ਭਾਵੇਂ ਸੁਸ਼ਮਾ ਸਵਰਾਜ ਦਾ ਵੀ ਛੋਟਾ ਨਹੀਂ, ਪਰ ਜਿਹੜਾ ਵੱਡਾ ਪਾਪ ਵਸੁੰਧਰਾ ਰਾਜੇ ਨੇ ਕੀਤਾ ਹੈ, ਉਸ ਦਾ ਹੋਰ ਕੋਈ ਮੁਕਾਬਲਾ ਹੀ ਨਹੀਂ ਕਰ ਸਕਦਾ। ਉਸ ਨੇ ਤਾਂ ਆਪਣੇ ਦੇਸ਼ ਦੀ ਪਿੱਠ ਵਿਚ ਛੁਰਾ ਮਾਰ ਦਿੱਤਾ ਹੈ।

ਭਾਰਤ ਵਿਚ ਕੋਈ ਮੰਤਰੀ ਹੋਵੇ ਜਾਂ ਮੁੱਖ ਮੰਤਰੀ ਤੇ ਜਾਂ ਫਿਰ ਪ੍ਰਧਾਨ ਮੰਤਰੀ, ਉਹ ਦੋ ਕਿਸਮ ਦੀ ਸਹੁੰ ਚੁੱਕ ਕੇ ਅਹੁਦਾ ਸੰਭਾਲਦਾ ਹੈ। ਦੂਸਰੀ ਸਹੁੰ ਉਸ ਅਹੁਦੇ ਦੇ ਭੇਦ ਗੁਪਤ ਰੱਖਣ ਦੀ ਹੁੰਦੀ ਹੈ, ਪਰ ਪਹਿਲੀ ਸਹੁੰ ਇਸ ਦੇਸ਼ ਨਾਲ ਵਫਾਦਾਰੀ ਦੀ ਹੁੰਦੀ ਹੈ, ਜਿਸ ਵਿਚ ਪੜ੍ਹਿਆ ਜਾਂਦਾ ਹੈ ਕਿ ਮੈਂ ਰੱਬ ਦੇ ਨਾਂ ਉਤੇ ਸੱਚੇ ਦਿਲੋਂ ਪ੍ਰਤਿਗਿਆ ਕਰ ਕੇ ਸਹੁੰ ਖਾਂਦਾ ਹਾਂ ਕਿ ਮੈਂ ਇਸ ਦੇਸ਼ ਦੇ ਸੰਵਿਧਾਨ ਪ੍ਰਤੀ ਪੂਰਾ ਭਰੋਸਾ ਤੇ ਸੱਚੀ ਵਫਾਦਾਰੀ ਰੱਖੂੰਗਾ। ਇਸ ਬੀਬੀ ਨੇ ਬੇਗਾਨੇ ਦੇਸ਼ ਦੀ ਸਰਕਾਰ ਨੂੰ ਆਪਣੇ ਦੇਸ਼ ਦੇ ਖਿਲਾਫ ਲਿਖ ਕੇ ਦੇ ਦਿੱਤਾ ਕਿ ਓਥੇ ਇਨਸਾਫ ਨਹੀਂ ਮਿਲਦਾ ਤੇ ਨਾਲ ਇਹ ਵੀ ਕਿ ਮੇਰੀ ਚਿੱਠੀ ਦਾ ਤੁਸੀਂ ਕਿਸੇ ਨੂੰ ਵੀ, ਮੇਰੇ ਦੇਸ਼ ਦੀ ਸਰਕਾਰ ਨੂੰ ਵੀ, ਪਤਾ ਨਾ ਲੱਗਣ ਦਿਓ। ਆਪਣੇ ਦੇਸ਼ ਨਾਲ ਇਹ ਸਿੱਧੀ ਬੇਵਫਾਈ ਹੈ, ਜਿਸ ਲਈ ਕਿਸੇ ਵੀ ਵਿਅਕਤੀ ਉਤੇ ਦੇਸ਼ ਧਰੋਹ ਦਾ ਮੁਕੱਦਮਾ ਦਰਜ ਕਰ ਕੇ ਉਸ ਨੂੰ ਜੇਲ੍ਹ ਵਿਚ ਸੁੱਟਿਆ ਜਾ ਸਕਦਾ ਹੈ। ਵਿਦੇਸ਼ ਬੈਠੇ ਬਹੁਤ ਸਾਰੇ ਲੋਕਾਂ ਨੇ ਸਿਰਫ ਓਥੇ ਨਾਗਰਿਕਤਾ ਲੈਣ ਲਈ ਇਹ ਲਿਖ ਦਿੱਤਾ ਕਿ ਭਾਰਤ ਵਿਚ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ, ਅੱਜ ਤੱਕ ਕਾਲੀ ਸੂਚੀ ਵਿਚ ਉਨ੍ਹਾਂ ਦੇ ਨਾਂ ਲਿਖੇ ਹੋਣ ਕਰ ਕੇ, ਉਨ੍ਹਾਂ ਨੂੰ ਭਾਰਤ ਦੇ ਵੀਜ਼ੇ ਨਹੀਂ ਦਿੱਤੇ ਜਾਂਦੇ, ਹਾਲਾਂਕਿ ਕੁਝ ਗਿਣਵੇਂ ਬੰਦਿਆਂ ਤੋਂ ਬਿਨਾਂ ਬਾਕੀਆਂ ਨੇ ਕਦੇ ਭਾਰਤ ਦੇ ਵਿਰੁੱਧ ਕੁਝ ਕੀਤਾ ਹੀ ਨਹੀਂ। ਐਨ ਉਹ ਕੁਝ ਇਸ ਬੀਬੀ ਨੇ ਕੀਤਾ ਹੈ ਤੇ ਉਹ ਇੱਕ ਰਾਜ ਵਿਚ ਮੁੱਖ ਮੰਤਰੀ ਬਣੀ ਬੈਠੀ ਹੈ, ਕਿਉਂਕਿ ਉਹ ਕੇਂਦਰ 'ਚ ਰਾਜ ਕਰਦੀ ਜ਼ੋਰਾਵਰ ਪਾਰਟੀ ਦੀ ਆਗੂ ਹੈ।

ਇਹ ਕੰਮ ਕੀਤਾ ਕਿਉਂ? ਸਿਰਫ ਮਾਇਆ ਦੇ ਲਾਲਚ ਵਿਚ। ਲਲਿਤ ਮੋਦੀ ਨੇ ਇੱਕ ਕੰਪਨੀ ਦੇ ਅਠਾਨਵੇਂ ਸੌ ਪੰਜਾਹ ਸ਼ੇਅਰ ਇਸ ਬੀਬੀ ਦੇ ਪੁੱਤਰ ਤੇ ਨੂੰਹ ਨੂੰ ਦਸ ਰੁਪਏ ਸ਼ੇਅਰ ਦੇ ਹਿਸਾਬ ਨਾਲ ਸਾਢੇ ਅਠਾਨਵੇਂ ਹਜ਼ਾਰ ਰੁਪਏ ਵਿਚ ਦੇ ਦਿੱਤੇ। ਜਾਣਕਾਰਾਂ ਮੁਤਾਬਕ ਕੰਪਨੀ ਨੇ ਸਾਰਾ ਸਾਲ ਕੰਮ ਕੋਈ ਨਹੀਂ ਕੀਤਾ ਤੇ ਬਿਨਾਂ ਕੰਮ ਕੀਤੇ ਉਸ ਕੰਪਨੀ ਦੇ ਸ਼ੇਅਰ ਦੀ ਕੀਮਤ ਦਸ ਰੁਪਏ ਤੋਂ ਵਧ ਕੇ ਦਸ ਹਜ਼ਾਰ ਰੁਪਏ ਪ੍ਰਤੀ ਸ਼ੇਅਰ ਹੋ ਗਈ ਅਤੇ ਵਸੁੰਧਰਾ ਬੀਬੀ ਦੇ ਪੁੱਤਰ ਨੂੰ ਇੱਕ ਲੱਖ ਰੁਪਏ ਤੋਂ ਘੱਟ ਮੁੱਲ ਦੇ ਸ਼ੇਅਰਾਂ ਬਦਲੇ 9 ਕਰੋੜ 85 ਲੱਖ ਰੁਪਏ ਦੀ ਜਾਇਦਾਦ ਮਿਲ ਗਈ। ਨਾਲ ਬਾਰਾਂ ਕਰੋੜ ਹੋਰ ਲਲਿਤ ਮੋਦੀ ਨੇ ਇਸ ਬੀਬੀ ਦੇ ਪੁੱਤਰ ਦੇ ਖਾਤੇ 'ਚ ਪਾ ਦਿੱਤੇ। ਏਡਾ ਮੋਟਾ ਮਾਲ ਲੈਣ ਪਿੱਛੋਂ ਜ਼ਮੀਰ ਦਾ ਸੌਦਾ ਕਰ ਕੇ ਲਲਿਤ ਮੋਦੀ ਲਈ ਗਲਤ ਕੰਮ ਕਰਨ ਵਾਲੀ ਬੀਬੀ ਕਿਸੇ ਭੁੱਖੇ ਨੰਗੇ ਟੱਬਰ 'ਚੋਂ ਨਹੀਂ, ਗਵਾਲੀਅਰ ਦੇ ਰਾਜ ਘਰਾਣੇ ਦੀ ਰਾਜਕੁਮਾਰੀ ਤੇ ਧੌਲਪੁਰ ਦੇ ਰਾਜ



ਵਸੁੰਧਰਾ ਰਾਜੇ

ਘਰਾਣੇ ਦੀ ਨੂੰਹ ਹੈ, ਲੋਕ ਉਸ ਨੂੰ 'ਮਹਾਰਾਣੀ ਸਾਹਿਬ' ਕਹਿਣ ਤੱਕ ਚਲੇ ਜਾਂਦੇ ਹਨ।

ਜਦੋਂ ਮੋਦੀ ਸਰਕਾਰ ਦਾ ਇੱਕ ਸਾਲ ਹੋਇਆ ਸੀ ਤਾਂ ਪ੍ਰਧਾਨ ਮੰਤਰੀ ਮੋਦੀ ਨੇ ਰਾਜਸਥਾਨ ਦੀ ਰੈਲੀ ਵਿਚ ਇਹ ਕਿਹਾ ਸੀ ਕਿ ਬੀਬੀ ਵਸੁੰਧਰਾ ਰਾਜੇ ਦੇ ਰਾਜ ਵਿਚ ਕਿਸੇ ਤਰ੍ਹਾਂ ਦਾ ਭ੍ਰਿਸ਼ਟਾਚਾਰ ਨਹੀਂ, ਭਾਈ-ਭਤੀਜਾਵਾਦ ਵੀ ਨਹੀਂ ਅਤੇ ਕੋਈ ਕਾਲਾ ਦਾਗ ਵੀ ਨਹੀਂ ਲੱਗਾ। ਉਸ ਰੈਲੀ ਨੂੰ ਤਿੰਨ ਹਫਤੇ ਨਹੀਂ ਲੰਘੇ ਤੇ ਭ੍ਰਿਸ਼ਟਾਚਾਰ ਦੇ ਨਾਲ ਭਾਈ-ਭਤੀਜਾਵਾਦ ਦੀ ਵੀ ਸਿਖਰ ਵਾਲਾ ਪੁੱਤਰ ਮੋਹ ਤੇ ਮੋਹ ਮਾਇਆ ਦਾ ਕੱਚਾ ਚਿੱਠਾ ਨਿਕਲ ਪਿਆ ਹੈ।

ਹੁਣ ਭਾਜਪਾ ਇਹ ਕਹਿੰਦੀ ਹੈ ਕਿ ਲਲਿਤ ਮੋਦੀ ਸਾਰਾ ਕਾਲਾ ਧੰਦਾ ਪਿਛਲੀ ਮਨਮੋਹਨ ਸਿੰਘ ਸਰਕਾਰ ਦੇ ਵਕਤ ਕਰ ਗਿਆ ਸੀ। ਇਹ ਗੱਲ ਸੋਲਾਂ ਆਨੇ ਠੀਕ ਹੈ, ਉਹ ਸਰਕਾਰ ਉਂਜ ਵੀ ਹੁਣ ਤੱਕ ਦੀ ਸਭ ਤੋਂ ਬਦਨਾਮੀ ਵਾਲੀ ਸਰਕਾਰ ਸਾਬਤ ਹੋਈ ਸੀ, ਪਰ ਇਸ ਨਾਲ ਕੁਝ ਹੋਰ ਗੱਲਾਂ ਜੁੜਦੀਆਂ ਹਨ। ਕ੍ਰਿਕਟ ਦੇ ਉਸ ਕਾਲੇ ਕਾਂਡ ਬਾਰੇ ਕ੍ਰਿਕਟ ਬੋਰਡ ਨੇ ਇੱਕ ਜਾਂਚ ਕਮੇਟੀ ਬਿਠਾਈ ਸੀ, ਜਿਸ ਨੇ ਭ੍ਰਿਸ਼ਟਾਚਾਰ ਦੀ ਜੜ੍ਹ ਲਲਿਤ ਮੋਦੀ ਨੂੰ ਮੰਨਿਆ ਸੀ ਅਤੇ ਸਾਰੀ ਭਾਜਪਾ ਉਦੋਂ ਉਸ ਕਮੇਟੀ ਦੀ ਜਾਂਚ ਰਿਪੋਰਟ ਨੂੰ ਠੀਕ ਮੰਨਦੀ ਸੀ। ਹੁਣ ਇਹ ਗੱਲ ਲੋਕਾਂ ਨੂੰ ਹੈਰਾਨੀ ਵਾਲੀ ਲੱਗੇਗੀ ਕਿ ਜਿਸ ਕਮੇਟੀ ਨੇ ਉਦੋਂ ਉਹ ਜਾਂਚ ਕਰ ਕੇ ਲਲਿਤ ਮੋਦੀ ਨੂੰ ਦੋਸ਼ੀ ਠਹਿਰਾਉਣ ਵਾਲੀ ਰਿਪੋਰਟ ਪੇਸ਼ ਕੀਤੀ ਸੀ, ਉਸ ਕਮੇਟੀ ਦਾ ਮੁਖੀ ਕੋਈ ਹੋਰ ਨਹੀਂ, ਅੱਜ ਦਾ ਭਾਜਪਾ ਲੀਡਰ ਤੇ ਕੇਂਦਰੀ ਖਜ਼ਾਨਾ ਮੰਤਰੀ ਅਰੁਣ ਜੇਤਲੀ ਸੀ ਤੇ ਓਸੇ ਦੇ ਦੋਸ਼ੀ ਠਹਿਰਾਏ ਹੋਏ ਲਲਿਤ ਮੋਦੀ ਉਤੇ ਭਾਜਪਾ ਹੁਣ ਛਤਰੀ ਤਾਣ ਖੜੋਤੀ ਹੈ। ਭਾਜਪਾ ਇਕੱਲੀ ਇਸ ਤਰ੍ਹਾਂ ਨਹੀਂ ਕਰ ਰਹੀ, ਇਸ ਦੇ ਪਿੱਛੇ ਖੜੇ ਆਰ ਐਸ ਐਸ ਵਾਲੇ ਬਹੁਤੇ ਮਹਾਂਪੁਰਸ਼ ਵੀ ਇਸ ਵਿਚ ਭਾਜਪਾ ਵਾਲੀ ਬੋਲੀ ਬੋਲ ਰਹੇ ਹਨ। ਜਦੋਂ ਹਾਲਾਤ ਏਦਾਂ ਦੇ ਹੋਣ, ਉਦੋਂ ਪੰਜਾਬੀ ਦਾ ਅਖਾਣ 'ਚੋਰ ਦੀ ਮਾਂ, ਕੋਠੀ ਵਿਚ ਸਿਰ' ਵਰਤਿਆ ਜਾਂਦਾ ਹੈ, ਪਰ ਭਾਰਤੀ ਲੋਕ-ਰਾਜ ਦੇ ਨਾਂ ਉਤੇ ਜਿਹੜਾ ਚੋਰ-ਰਾਜ ਹੁਣ ਚੱਲਦਾ ਪਿਆ ਹੈ, ਉਸ ਵਿਚ ਇਹੋ ਜਿਹੀ ਸ਼ਰਮ ਕਰਨ ਦੀ ਲੋੜ ਕਿਸੇ ਪਾਰਟੀ ਦੇ ਆਗੂ ਵੀ ਨਹੀਂ ਸਮਝਦੇ। ਉਹ ਜਾਣਦੇ ਹਨ ਕਿ ਲੋਕਾਂ ਦਾ ਚੇਤਾ ਬੜਾ ਥੋੜ੍ਹ-ਚਿਰਾ ਹੁੰਦਾ ਹੈ, ਬਾਹਲੀ ਚਿੰਤਾ ਕਰਨ ਦੀ ਲੋੜ ਨਹੀਂ।

## ਜੇਲ੍ਹ ਵਿਭਾਗ ਵੱਲੋਂ ਭੁੱਲਰ ਨੂੰ ਪੈਰੋਲ ਦੇਣ ਦਾ ਵਿਰੋਧ

**ਚੰਡੀਗੜ੍ਹ:** ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਪੈਰੋਲ ਉਤੇ ਰਿਹਾਅ ਕੀਤੇ ਜਾਣ ਸਬੰਧੀ ਸਿਆਸੀ ਦਬਾਅ ਵਧਣ ਦੇ ਬਾਵਜੂਦ ਪੰਜਾਬ ਜੇਲ੍ਹ ਵਿਭਾਗ ਨੇ ਰਾਇ ਦਿੱਤੀ ਹੈ ਕਿ ਇਸ ਮੌਕੇ ਉਸ ਨੂੰ ਪੈਰੋਲ ਨਹੀਂ ਦਿੱਤੀ ਜਾਣੀ ਚਾਹੀਦੀ, ਕਿਉਂਕਿ ਇਸ ਨਾਲ ਸੂਬੇ ਵਿਚ ਅਮਨ-ਕਾਨੂੰਨ ਦੀ ਸਮੱਸਿਆ ਪੈਦਾ ਹੋ ਸਕਦੀ ਹੈ। ਉਚ ਪੱਧਰੀ ਸੂਤਰਾਂ ਨੇ ਦੱਸਿਆ ਕਿ ਇਸ ਸਾਬਕਾ ਖਾੜਕੂ ਨੂੰ ਪੈਰੋਲ ਦੇਣ ਸਬੰਧੀ ਭਾਵੇਂ ਹਾਲੇ ਤੱਕ ਕੋਈ ਅੰਤਿਮ ਫੈਸਲਾ ਨਹੀਂ ਹੋਇਆ ਪਰ ਇਸ ਖਿਲਾਫ ਦੋ ਪੱਤਰ ਮਿਲਣ ਤੋਂ ਬਾਅਦ ਜੇਲ੍ਹ ਵਿਭਾਗ ਨੇ ਇਸ ਟਿੱਪਣੀ ਨਾਲ ਫਾਈਲ ਅੱਗੇ ਤੋਰ ਦਿੱਤੀ ਹੈ ਕਿ ਭੁੱਲਰ ਨੂੰ ਪੈਰੋਲ ਦੇਣ ਨਾਲ ਸੂਬੇ ਦੀ ਅਮਨ ਸ਼ਾਂਤੀ ਭੰਗ ਹੋ ਸਕਦੀ ਹੈ। ਇਸ ਫਾਈਲ ਨੂੰ ਵਿਚਾਰ ਲਈ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ ਕੋਲ ਭੇਜਿਆ ਜਾਵੇਗਾ। ਹਾਲ ਹੀ ਵਿਚ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਤਬਦੀਲ ਕੀਤੇ ਗਏ ਭੁੱਲਰ ਨੇ ਉਂਜ ਹਾਲੇ ਤੱਕ ਪੈਰੋਲ ਦੀ ਦਰਖਾਸਤ ਨਹੀਂ ਦਿੱਤੀ।

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਈਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ
ਕੈਲੀਫੋਰਨੀਆ

ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ
ਪ੍ਰਤੀ ਮੀਲ ਦਿੱਤੇ ਜਾਣਗੇ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

ਪੰਜਾਬ ਟਾਈਮਜ਼

ਸਨਿਚਰਵਾਰ, 27 ਜੂਨ 2015

# ਧਰਮ ਅਤੇ ਸਿਆਸਤ ਦੀ ਸਿਆਸਤ

ਗੁਰ-ਵਰੋਸਾਈ ਨਗਰੀ ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਜਸ਼ਨਾਂ ਦੌਰਾਨ ਸਿਆਸਤ ਇਕ ਵਾਰ ਫਿਰ ਧਰਮ ਨੂੰ ਪਛਾੜ ਕੇ ਅੱਗੇ ਲੰਘ ਗਈ। ਸੱਤਾ-ਨਸ਼ੀਨ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਸਾਖ ਨੂੰ ਅੱਜ ਕੱਲ੍ਹ ਖੋਰਾ ਲੱਗਾ ਹੋਇਆ ਹੈ ਅਤੇ ਸਮੇਂ ਦੇ ਹਾਕਮ ਆਪਣੀਆਂ ਗਲਤੀਆਂ ਅਤੇ ਆਪ-ਹੁਦਰੀਆਂ ਕਾਰਨ ਹੋਈਆਂ ਮੋਰੀਆਂ ਮੁੰਦਣ ਲਈ ਧਰਮ ਦੇ ਸਹਾਰੇ ਦੀ ਭਾਲ ਕਰ ਰਹੇ ਹਨ। ਇਸੇ ਕਰ ਕੇ ਸ੍ਰੀ ਅਨੰਦਪੁਰ ਸਾਹਿਬ, ਜਿਥੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਸਾਜਿਆ ਸੀ, ਨਾਲ ਸਬੰਧਤ ਇਹ ਜਸ਼ਨ ਸਿਰਫ ਦੋ ਪਾਰਟੀਆਂ ਦਾ ਸਮਾਗਮ ਬਣ ਕੇ ਰਹਿ ਗਿਆ। ਉਂਜ ਮੁੱਖ ਸਮਾਗਮ ਦੌਰਾਨ ਇਹ ਦੋਵੇਂ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਵੀ ਆਪਸ ਵਿਚ ਖਹਿਸਰਦੀਆਂ ਰਹੀਆਂ। ਜੱਗ ਜਾਣਦਾ ਹੈ ਕਿ ਪਿਛਲੇ ਸਮੇਂ ਤੋਂ ਇਨ੍ਹਾਂ ਪਾਰਟੀਆਂ ਦੇ ਰਿਸ਼ਤਿਆਂ ਵਿਚ ਫਿੱਕ ਪਈ ਹੈ। ਅਸਲ ਵਿਚ ਜਦੋਂ ਤੋਂ ਭਾਰਤੀ ਜਨਤਾ ਪਾਰਟੀ ਨੇ ਪੰਜਾਬ ਦੀ ਸਿਆਸਤ ਵਿਚ ਆਪਣੇ ਬਲਬੂਤੇ ਵਿਚਰਨ ਬਾਰੇ ਸੋਚਣਾ-ਵਿਚਾਰਨਾ ਅਰੰਭ ਕੀਤਾ ਹੈ, ਉਦੋਂ ਤੋਂ ਹੀ ਇਨ੍ਹਾਂ ਦੋਹਾਂ ਪਾਰਟੀਆਂ ਵਿਚਕਾਰ ਖਿੱਚੋਤਾਣ ਚੱਲ ਰਹੀ ਹੈ। ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਕਾਇਮੀ ਤੋਂ ਬਾਅਦ ਇਸ ਪਾਸੇ ਸਰਗਰਮੀ ਵਿਚ ਖੂਬ ਤੇਜ਼ੀ ਆਈ। ਬਾਅਦ ਵਿਚ ਮਹਾਂਰਾਸ਼ਟਰ, ਹਰਿਆਣਾ ਤੇ ਜੰਮੂ ਕਸ਼ਮੀਰ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਜਿੱਤਾਂ ਨੇ ਭਾਰਤੀ ਜਨਤਾ ਪਾਰਟੀ ਅਤੇ ਇਸ ਦੇ ਨੇਤਾਵਾਂ ਦਾ ਰੁਖ ਹੋਰ ਵੀ ਹਮਲਾਵਰ ਬਣਾ ਦਿੱਤਾ। ਇਹੀ ਨਹੀਂ, ਭਾਰਤੀ ਜਨਤਾ ਪਾਰਟੀ ਦੀ ਮਾਂ-ਪਾਰਟੀ ਆਰ.ਐਸ.ਐਸ. ਤਾਂ ਚਿਰਾਂ ਤੋਂ ਪੰਜਾਬ ਲਈ ਘਾਤ ਲਗਾਈ ਬੈਠੀ ਸੀ। ਇਹ ਜਥੇਬੰਦੀ ਰਾਸ਼ਟਰੀ ਸਿੱਖ ਸੰਗਤ ਅਤੇ ਆਪਣੀਆਂ ਹੋਰ ਜਥੇਬੰਦੀਆਂ ਤੇ ਸੰਸਥਾਵਾਂ ਰਾਹੀਂ ਪੰਜਾਬ ਵਿਚ ਚੁੱਪ-ਚੁਪੀਤੇ ਸਰਗਰਮੀ ਕਰ ਰਹੀ ਸੀ, ਹੁਣ ਜਦੋਂ ਕੇਂਦਰ ਵਿਚ ਆਰ.ਐਸ.ਐਸ. ਦੀ ਮਰਜ਼ੀ ਵਾਲੀ ਸਰਕਾਰ ਬਣ ਗਈ ਹੈ ਤਾਂ ਇਸ ਨੇ ਹੋਰ ਥਾਂਵਾਂ ਵਾਂਗ ਪੰਜਾਬ ਵਿਚ ਵੀ ਸਿਆਸਤ ਨੂੰ ਘੁਮਾਉਣਾ ਸ਼ੁਰੂ ਕਰ ਦਿੱਤਾ ਹੈ। ਸ਼ਹਿਰੀ ਪਿਛੋਕੜ ਵਾਲੀਆਂ ਮੰਨੀਆਂ ਜਾਂਦੀਆਂ ਇਹ ਦੋਵੇਂ ਜਥੇਬੰਦੀਆਂ-ਭਾਰਤੀ ਜਨਤਾ ਪਾਰਟੀ ਤੇ ਆਰ.ਐਸ.ਐਸ. ਅੱਜ ਕੱਲ੍ਹ ਪਿੰਡ ਪਿੰਡ ਪਹੁੰਚ ਚੁੱਕੀਆਂ ਹਨ। ਮੋਗਾ ਵਿਚ ਹੋਏ ਔਰਬਿਟ ਬੱਸ ਕਾਂਡ ਤੋਂ ਉਖੜਿਆ ਬਾਦਲ ਪਰਿਵਾਰ ਹੁਣ ਸਿਆਸੀ ਪਿੜ ਵਿਚ ਪੈਰ ਟਿਕਾਈ ਰੱਖਣ ਲਈ ਹੱਥ-ਪੈਰ ਮਾਰ ਰਿਹਾ ਹੈ। ਇਸੇ ਲਈ ਇਸ ਨੇ ਹੁਣ ਆਪਣਾ ਪੁਰਾਣਾ 'ਪੰਥਕ ਏਜੰਡਾ' ਸਾਹਮਣੇ ਲੈ ਆਂਦਾ ਹੈ। ਇਸੇ ਕਰ ਕੇ ਹੀ ਨਿਰੋਲ ਧਾਰਮਿਕ ਦਰਸ਼ਨ-ਦੀਦਾਰ ਯਾਤਰਾ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਸਮਾਗਮਾਂ ਨੂੰ ਇਸ ਨੇ ਸਿਆਸਤ ਦੀ ਭੇਟ ਚੜ੍ਹਾ ਦਿੱਤਾ ਹੈ। ਅਸਲ ਵਿਚ ਸਿਆਸੀ ਪਿੜ ਵਿਚ ਬਾਦਲ ਪਰਿਵਾਰ ਹੁਣ ਕਸੂਤਾ ਫਸ ਗਿਆ ਹੈ। ਇਸੇ ਕਰ ਕੇ ਇਕ ਪਾਸੇ ਤਾਂ ਉਸ ਨੂੰ ਵਿਰੋਧੀ ਧਿਰ ਨੂੰ ਪਛਾੜਨ ਲਈ ਪੰਥਕ ਏਜੰਡੇ ਨੂੰ ਮੁੜ ਆਪਣੇ ਝੋਲੇ ਵਿਚੋਂ ਕੱਢਣਾ ਪੈ ਰਿਹਾ ਹੈ, ਤੇ ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਵੱਲੋਂ ਕੀਤੀ ਜਾ ਰਹੀ ਸਿਆਸਤ ਕਰ ਕੇ ਵਾਰ ਵਾਰ ਕਹਿਣਾ ਪੈ ਰਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਧਰਮ ਨਿਰਪੱਖ ਸਿਆਸਤ ਦਾ ਮੁੱਦਈ ਹੈ। ਇਸ ਤੋਂ ਆਉਣ ਵਾਲੇ ਦਿਨਾਂ ਵਿਚ ਹੋਣ ਵਾਲੀ ਸਿਆਸਤ ਦੇ ਸੰਕੇਤ ਮਿਲ ਜਾਂਦੇ ਹਨ।

ਅਸਲ ਵਿਚ ਆਉਣ ਵਾਲੇ ਦਿਨਾਂ ਦੀ ਸਿਆਸਤ ਤਾਂ ਹੁਣ ਤਕਰੀਬਨ ਸਪਸ਼ਟ ਹੋ ਹੀ ਗਈ ਹੈ। ਕੇਂਦਰ ਦੀ ਮੋਦੀ ਸਰਕਾਰ ਨੇ ਇਕ ਵਾਰ ਤਾਂ ਸਮੁੱਚੇ ਮੁਲਕ ਵਿਚ ਹੀ ਨਹੀਂ ਸਗੋਂ ਸੰਸਾਰ ਭਰ ਵਿਚ ਯੋਗਾ ਦੀ ਹਨੇਰੀ ਲਿਆ ਦਿੱਤੀ ਹੈ। ਯੋਗਾ ਨੂੰ ਧਰਮ ਅਤੇ ਦੇਸ਼ ਭਗਤੀ ਨਾਲ ਜੋੜ ਕੇ ਜੋ ਘੁੱਟੀ ਲੋਕਾਂ ਨੂੰ ਪਿਲਾਈ ਜਾ ਰਹੀ ਹੈ, ਉਸ ਦੇ ਸਾਹਮਣੇ ਤਾਂ ਸ਼੍ਰੋਮਣੀ ਅਕਾਲੀ ਦਲ ਵਰਗੀ ਖੇਤਰੀ ਜਥੇਬੰਦੀ ਦੀ ਕੋਈ ਵੱਟੀ ਹੀ ਨਹੀਂ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਯੋਗਾ ਵਾਲੀ ਸਰਗਰਮੀ ਸੂਹ ਦੇ ਰਹੀ ਹੈ ਕਿ ਉਹ ਆਉਣ ਵਾਲੇ ਦਿਨਾਂ ਵਿਚ ਸਿਆਸਤ ਦੇ ਖੇਤਰ ਵਿਚ ਧਰਮ ਰਾਹੀਂ ਕਿਸ ਤਰ੍ਹਾਂ ਦਾ ਦਖਲ ਦੇਣ ਵਾਲੇ ਹਨ। ਮੋਦੀ ਅਤੇ ਉਨ੍ਹਾਂ ਦੇ ਸਾਥੀ ਆਗੂਆਂ ਨੇ ਯੋਗਾ ਦਿਵਸ ਨੂੰ ਘੱਟ-ਗਿਣਤੀਆਂ ਦੇ ਖਿਲਾਫ ਖੂਬ ਵਰਤਿਆ ਅਤੇ 21 ਜੂਨ ਨੂੰ ਕੌਮਾਂਤਰੀ ਯੋਗਾ ਦਿਵਸ ਮਨਾਉਣ ਤੱਕ ਘੱਟ-ਗਿਣਤੀ ਭਾਈਚਾਰਿਆਂ ਨੂੰ ਜਿਸ ਤਰ੍ਹਾਂ ਧੱਕ ਕੇ ਹਾਸ਼ੀਏ ਉਤੇ ਲਿਜਾਇਆ ਗਿਆ, ਉਹ ਨਵੇਂ ਸਿਰਿਓਂ ਸੋਚਣ-ਵਿਚਾਰਨ ਵਾਲਾ ਮਸਲਾ ਹੈ। ਇਸ ਮਾਮਲੇ ਵਿਚ ਸਭ ਤੋਂ ਵੱਡਾ ਸਵਾਲ ਤਾਂ ਇਹੀ ਹੈ ਕਿ ਇਸ ਦਾ ਮੁਕਾਬਲਾ ਕਿਸ ਤਰ੍ਹਾਂ ਕੀਤਾ ਜਾਵੇ। ਅੱਜ ਦੀ ਤਰੀਕ ਵਿਚ ਦੋਵੇਂ ਪਾਰਟੀਆਂ-ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਧਰਮ ਨੂੰ ਸਿਆਸਤ ਨਾਲ ਜੋੜ ਕੇ ਚੱਲ ਰਹੀਆਂ ਹਨ। ਮੀਰੀ-ਪੀਰੀ ਦੇ ਸਿਧਾਂਤ ਮੁਤਾਬਕ ਧਰਮ ਦਾ ਸਿਆਸਤ ਉਤੇ ਕੁੰਡਾ ਹੋਣਾ ਚਾਹੀਦਾ ਹੈ, ਪਰ ਹੁਣ ਜਦੋਂ ਮੋਦੀ ਵਰਗੇ ਆਗੂ ਸਿਆਸਤ ਦੇ ਪਿੜ ਵਿਚ ਨਿੱਤਰੇ ਹੋਏ ਹਨ ਅਤੇ ਹਰ ਮੁੱਦੇ ਉਤੇ, ਹਰ ਵਾਰ ਹੀ ਆਪਣੀ ਮਰਜ਼ੀ ਚਲਾ ਰਹੇ ਹਨ ਤਾਂ ਸੋਚਣਾ ਬਣਦਾ ਹੈ ਕਿ ਧਰਮ ਅਤੇ ਸਿਆਸਤ ਵਾਲੀ ਗੱਲ ਕਿਸ ਪਾਸੇ ਮੋੜਾ ਕੱਟੇਗੀ। ਜ਼ਾਹਿਰ ਹੈ ਕਿ ਧਰਮ ਅਤੇ ਸਿਆਸਤ ਦੇ ਖੇਤਰ ਵਿਚ ਵਿਚਰ ਰਹੇ ਸੰਜੀਦਾ ਲੋਕਾਂ ਨੂੰ ਅੱਜ ਪਹਿਲਾਂ ਦੇ ਸਮਿਆਂ ਨਾਲੋਂ ਕਿਤੇ ਵੱਡੀਆਂ ਵੰਗਾਰਾਂ ਪਈਆਂ ਹੋਈਆਂ ਹਨ, ਪਰ ਸਵਾਲ ਘੜੀ-ਮੁੜੀ ਉਹੀ ਸਾਹਮਣੇ ਆ ਰਿਹਾ ਹੈ ਕਿ ਸੰਜੀਦਾ ਸਿਆਸਤ ਲਈ ਥਾਂ ਹੁਣ ਹੈ ਕਿੱਥੇ? ਪਿਛਲੇ ਛੇ ਦਹਾਕਿਆਂ ਦੌਰਾਨ ਭਾਰਤੀ ਜਮਹੂਰੀਅਤ ਨੇ ਜਿਹੜਾ ਸਫਰ ਤੈਅ ਕੀਤਾ ਹੈ, ਉਸ ਵਿਚ ਆਮ ਬੰਦੇ ਦੀ ਔਕਾਤ ਹੁਣ ਵੋਟ ਤੱਕ ਸਿਮਟ ਗਈ ਹੈ। ਇਸ ਸੂਰਤ ਵਿਚ ਚੁਸਤ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੀਆ ਮੌਜਾਂ ਲੱਗੀਆਂ ਹੋਈਆ ਹਨ। ਸਗੋਂ ਹੁਣ ਤਾਂ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਵਿਚਲਾ ਫਰਕ ਵੀ ਮਿਟ ਗਿਆ ਹੈ। ਇਸੇ ਕਰ ਕੇ ਹੀ ਸਿਆਸਤ ਦਾ ਪਿੜ ਹੁਣ ਖੜੋਤ ਦਾ ਸ਼ਿਕਾਰ ਹੋ ਗਿਆ ਹੈ। ਇਸ ਖੜੋਤ ਨੂੰ ਇਕੋ ਹੱਲੇ ਤੋੜਨ ਵਾਲਾ ਤੰਤ ਅਜੇ ਕਿਤੇ ਨਜ਼ਰੀਂ ਨਹੀਂ ਪੈ ਰਿਹਾ। ਜ਼ਾਹਿਰ ਹੈ ਕਿ ਧਰਮ, ਸਿਆਸਤ ਅਤੇ ਕਾਰੋਬਾਰ ਦੀਆਂ ਸਿਆਸਤਾਂ ਤੋਂ ਅਗਾਂਹ ਵਾਲਾ ਕੋਈ ਪਿੜ ਮੱਲ ਕੇ ਹੀ ਇਸ ਖੜੋਤ ਦੇ ਮੋਛੇ ਲਾਹੇ ਜਾ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨੀਲਿਆਂ ਦੇ ਨਾਟਕ!*

'ਮੋਗਾ ਮੋਗਾ' ਸੀ ਹੋਈ ਪੰਜਾਬ ਅੰਦਰ, ਓਸ 'ਕਾਂਡ' ਨੂੰ ਇਉਂ ਦਬਾਉਣ ਲੱਗੇ।
ਠੂਠਾ ਦਿੱਲੀਓਂ ਖਾਲੀ ਹੀ ਮੁੜੀ ਜਾਂਦਾ, ਹੁੰਦੀ ਬੇਇੱਜ਼ਤੀ ਤਾਈਂ ਛੁਪਾਉਣ ਲੱਗੇ।
ਦੁਖੀ 'ਰਾਜ ਨਹੀਂ ਸੇਵਾ' ਤੋਂ ਲੋਕ ਸਾਰੇ, ਨਵੇਂ ਲਾਰਿਆਂ ਨਾਲ ਭਰਮਾਉਣ ਲੱਗੇ।
ਕਾਬੂ ਕਰਨ ਲਈ 'ਗਰਮ ਤੇ ਸਰਦ' ਦੋਵੇਂ, ਬੁਰਕਾ ਧਰਮ ਦਾ ਫੇਰ ਤੋਂ ਪਾਉਣ ਲੱਗੇ।
ਖੰਡੇ ਗੱਡ ਕੇ ਲਾ ਰਹੇ ਜੋੜ-ਮੇਲੇ, ਸ਼ਰਧਾ-ਭਾਵਨਾ 'ਕੈਸ਼' ਕਰਾਉਣ ਲੱਗੇ।
ਮੂੰਹ 'ਭਗਵਿਆਂ' ਲਾਇਆ ਨਾ 'ਨੀਲਿਆਂ' ਨੂੰ, ਰੁੱਸੇ ਪੰਥ ਨੂੰ ਫੇਰ ਪਤਿਆਉਣ ਲੱਗੇ!

# ਮੋਦੀ ਰਾਜ ਦੇ ਲਲਿਤ ਤੇ ਨਰੇਂਦਰ

**ਯੋਗ ਦਿਵਸ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਯੋਗ ਆਸਣ ਕਰਦੇ ਨਜ਼ਰ ਆਏ। ਕਸਰਤ ਕਰਦੇ ਮੌਜੂਦਾ ਪ੍ਰਧਾਨ ਮੰਤਰੀ ਮੋਦੀ ਦੀ ਤਸਵੀਰ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਨਾਲੋਂ ਵੱਖਰੀ ਹੈ: ਜਵਾਹਰ ਲਾਲ ਨਹਿਰੂ ਦੇ ਸੀਰਸ ਆਸਣ ਅਤੇ ਇੰਦਰਾ ਗਾਂਧੀ ਦੇ ਯੋਗ ਆਸਣਾਂ ਤੋਂ ਐਨ ਵੱਖਰੀ। ਉਹ ਆਪਣੀ ਸਿਹਤ ਦੀ ਫ਼ਿਕਰਮੰਦੀ ਦੇ ਆਸਣ ਕਰਦੇ ਸਨ, ਪਰ ਮੋਦੀ 'ਧਰਮ, ਦੇਸ਼ਭਗਤੀ, ਨੈਤਿਕਤਾ ਅਤੇ ਸਭਿਅਤਾ' ਦੇ 'ਆਲਮੀ ਸ਼ੰਖ ਨਾਦ' ਦੀ ਨੁਮਾਇੰਦਗੀ ਕਰ ਰਹੇ ਹਨ। ਜੇ ਸਭ ਤੋਂ ਵੱਧ ਖ਼ੂਨ ਦੀ ਕਮੀ ਦਾ ਸ਼ਿਕਾਰ ਲੋਕਾਂ ਦੇ ਮੁਲਕ ਭਾਰਤ ਵਿਚ ਸਿਹਤ ਮੁੱਦਿਆਂ ਦੀ ਗੱਲ ਹੋਵੇ ਤਾਂ ਆਵਾਮ ਲਈ ਖ਼ੁਸ਼ਖ਼ਬਰੀ ਹੋਵੇਗੀ। ਜੇ ਭਾਰਤ ਵਿਚ ਬਾਲ ਅਤੇ ਜਣੇਪਾ ਮੌਤਾਂ ਨੂੰ ਘੱਟ ਕਰਨ ਦੀ ਗੱਲ ਹੋਵੇ ਜਾਂ ਮੁਲਕ ਵਿਚ ਖੇਡ ਸਭਿਆਚਾਰ ਪੈਦਾ ਕਰਨ ਦਾ ਉਪਰਲਾ ਹੋਵੇ ਤਾਂ ਸਰਕਾਰ ਦਾ ਧੰਨਵਾਦੀ ਹੋਇਆ ਜਾ ਸਕਦਾ ਹੈ। ਜੇ ਯੋਗ ਨੂੰ ਯੋਗੀਆਂ ਰਾਹੀਂ ਧਰਮ ਦੀ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਮੁਲਕ ਦੀ ਸਿਹਤ ਨੂੰ ਇਸ ਤੋਂ ਖ਼ਤਰਾ ਹੈ।**

ਇਕੋ ਵੇਲੇ ਦੋ ਮੋਦੀਆਂ ਦੀ ਚਰਚਾ ਹੋ ਰਹੀ ਹੈ। ਇਕ ਨੇ ਯੋਗ ਨੂੰ ਕੌਮਾਂਤਰੀ ਪੱਧਰ ਉਤੇ ਪੇਸ਼ ਕੀਤਾ ਹੈ ਅਤੇ ਦੂਜਾ ਕ੍ਰਿਕਟ ਇਤਿਹਾਸ ਵਿਚ ਇੰਡੀਅਨ ਪ੍ਰੀਮੀਅਰ ਲੀਗ (ਆਈ.ਪੀ.ਐਲ.) ਦਾ ਅਧਿਆਏ ਜੋੜਨ ਤੋਂ ਬਾਅਦ ਇਲਜ਼ਾਮਾਂ ਦੇ ਘੇਰੇ ਵਿਚ ਹੈ। ਪਿਛਲੇ ਦਿਨੀਂ ਉਤਰੀ ਅਰਧ ਗੋਲੇ ਵਿਚ ਸਾਲ ਦੇ ਸਭ ਤੋਂ ਵੱਡੇ ਦਿਨ ਨੂੰ ਪਲੇਠੇ ਕੌਮਾਂਤਰੀ ਯੋਗ ਦਿਵਸ ਵਜੋਂ ਮਨਾਇਆ ਗਿਆ। ਇਸੇ ਦੌਰਾਨ ਲਲਿਤ ਮੋਦੀ ਦੀ 'ਮਨੁੱਖੀ ਆਧਾਰ' ਉਤੇ ਰਾਜਸਥਾਨ ਦੀ ਮੁੱਖ ਮੰਤਰੀ ਵਸੁੰਧਰਾ ਰਾਜੇ ਸਿੰਧਿਆ ਅਤੇ ਕੇਂਦਰੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵਲੋਂ ਕੀਤੀ ਗਈ ਇਮਦਾਦ ਦੀ ਚਰਚਾ ਵਿਚ ਹੈ। ਦੋ ਮੋਦੀਆਂ ਦੀ ਇਕੋ ਵੇਲੇ ਚਰਚਾ ਹੋਣਾ ਸਬੱਬ ਹੈ ਪਰ ਇਸ ਸਬੱਬ ਨਾਲ ਮੌਜੂਦਾ ਦੌਰ ਦੀਆਂ ਕਈ ਰਮਜ਼ਾਂ ਖੁੱਲ੍ਹਦੀਆਂ ਹਨ। ਦੋਵਾਂ ਦੀ ਜ਼ਿੰਦਗੀ ਵਿਚ ਕਈ ਗੱਲਾਂ ਇਕੋ ਜਿਹੀਆਂ ਹਨ।



ਦਲਜੀਤ ਅਮੀ
ਫੋਨ: +91-97811-21873

ਲਲਿਤ ਮੋਦੀ ਨੇ ਅਮੀਰ ਕਾਰੋਬਾਰੀਆਂ ਦੇ ਘਰ ਜੰਮਣ ਤੋਂ ਲੈ ਕੇ ਇੰਡੀਅਨ ਪ੍ਰੀਮੀਅਰ ਲੀਗ ਦੀ ਕਾਮਯਾਬੀ ਅਤੇ ਵਿੱਤੀ ਬੇਨੇਮੀਆਂ, ਗ਼ੈਰ-ਅਨੁਸ਼ਾਸਨੀ ਵਿਹਾਰ ਅਤੇ ਪੇਸ਼ੇਵਰ ਬੇਈਮਾਨੀ ਦੇ ਇਲਜ਼ਾਮਾਂ ਵਿਚ ਘਿਰਿਆ ਹੋਇਆ ਹੈ। ਤੀਹ ਸਾਲ ਪਹਿਲਾਂ ਲਲਿਤ ਮੋਦੀ ਨੇ ਉਤਰੀ ਕੈਰੋਲਾਈਨਾ ਵਿਚ ਨਸ਼ਿਆਂ ਦੀ ਤਸਕਰੀ, ਹਿੰਸਾ ਅਤੇ ਅਗਵਾ ਕਰਨ ਵਿਚ ਸ਼ਾਮਿਲ ਹੋਣ ਦੇ ਇਲਜ਼ਾਮ ਕਬੂਲ ਕੀਤੇ ਸਨ। ਪਾਂਡੀ ਤੋਂ ਇੰਡੀਅਨ ਪ੍ਰੀਮੀਅਰ ਲੀਗ ਦੇ ਬਾਨੀ ਕਮਿਸ਼ਨਰ ਹੋਣ ਤੱਕ ਦਾ ਸਫ਼ਰ ਖੇਡ ਪ੍ਰਬੰਧ ਨਾਲ ਜੁੜੇ ਕਈ ਅਹੁਦਿਆਂ ਅਤੇ ਕਾਰੋਬਾਰੀ ਪਹਿਲਕਦਮੀਆਂ ਰਾਹੀਂ ਤੈਅ ਹੋਇਆ ਹੈ। ਦੂਜੇ ਪਾਸੇ ਨਰੇਂਦਰ ਮੋਦੀ ਨੇ ਚਾਹ ਬਣਾਉਣ ਵਾਲੇ ਖੋਖੇ ਤੋਂ ਗੁਜਰਾਤ ਦੇ ਮੁੱਖ ਮੰਤਰੀ ਰਾਹੀਂ ਪ੍ਰਧਾਨ ਮੰਤਰੀ ਤੱਕ ਦਾ ਸਫ਼ਰ ਤੈਅ ਕੀਤਾ ਹੈ। ਉਨ੍ਹਾਂ ਦੇ ਇਸ ਸਫ਼ਰ ਵਿਚ ਗੁਜਰਾਤ ਵਿਚ ਮੁਸਲਮਾਨਾਂ ਦਾ ਕਤਲੇਆਮ ਅਤੇ ਆਪਣਾ ਰਾਹ ਸਾਫ਼ ਕਰਨ ਲਈ ਵਰਤੇ ਸਿਆਸੀ ਦਾਅਪੇਚ ਲਗਾਤਾਰ ਚਰਚਾ ਦਾ ਵਿਸ਼ਾ ਰਹੇ ਹਨ। ਦੋਵਾਂ ਮੋਦੀਆਂ ਵਿਚੋਂ ਨਰੇਂਦਰ ਨੂੰ ਤਿਆਗੀ ਅਤੇ ਲਲਿਤ ਨੂੰ ਭੋਗੀ ਵਜੋਂ ਪੇਸ਼ ਕਰਨ ਦੀ ਮਸ਼ਕ ਲਗਾਤਾਰ ਚੱਲਦੀ ਰਹਿੰਦੀ ਹੈ। ਨਰੇਂਦਰ ਦੀ ਸਿਆਸੀ ਕਾਮਯਾਬੀ ਵਿਚ ਉਸ ਦੀ ਵਪਾਰਕ ਬੁੱਧੀ ਅਤੇ ਲਲਿਤ ਦੀ ਕਾਰੋਬਾਰੀ ਚੜ੍ਹਾਈ ਵਿਚ ਉਸ ਦੇ ਸਿਆਸੀ ਗੁਰਾਂ ਦਾ ਜ਼ਿਕਰ ਜ਼ਰੂਰ ਆਉਂਦਾ ਹੈ।

ਇੰਡੀਅਨ ਪ੍ਰੀਮੀਅਰ ਲੀਗ ਅਤੇ ਯੋਗ ਦੇ ਹਵਾਲੇ ਨਾਲ ਕੁਝ ਗੱਲਾਂ ਮੌਜੂਦਾ ਦੌਰ ਦੇ ਕਈ ਪੱਖਾਂ ਨੂੰ ਉਭਾਰਦੀਆਂ ਹਨ। ਇੰਡੀਅਨ ਪ੍ਰੀਮੀਅਰ ਲੀਗ ਤੋਂ ਕਈ ਸਾਲ ਪਹਿਲਾਂ ਟਵੰਟੀ-20 ਓਵਰਾਂ ਦੀ ਕ੍ਰਿਕਟ ਦੇ ਤਜਰਬੇ ਚੱਲ ਰਹੇ ਸਨ। ਇਸੇ ਦੌਰਾਨ ਕ੍ਰਿਕਟ ਖੇਡ ਮੈਦਾਨ ਦੀ ਥਾਂ ਟੈਲੀਵਿਜ਼ਨ ਦੇ ਪਰਦੇ ਵਜੋਂ ਸਮਝੀ ਜਾ ਰਹੀ ਸੀ। ਇਸ਼ਤਿਹਾਰਬਾਜ਼ੀ ਲਈ ਇਹ ਖੇਡ ਬਹੁਤ ਢੁਕਵੀਂ ਬਣਦੀ ਸੀ। ਇਸ ਖੇਡ ਦੀ ਸਭ ਤੋਂ ਤੇਜ਼-ਤਰਾਰ ਵੰਨਗੀ ਵਿਚ ਵੀ ਇਸ਼ਤਿਹਾਰਬਾਜ਼ੀ ਦੀ ਥਾਂ ਹੈ। ਖੇਡ-ਮੈਦਾਨ ਦੇ ਬਾਹਰ ਹਰ ਕੋਨੇ ਉਤੇ ਇਸ਼ਤਿਹਾਰਬਾਜ਼ੀ ਕੀਤੀ ਜਾ ਸਕਦੀ ਹੈ। ਖੇਡ ਦੌਰਾਨ ਹਰ ਓਵਰ ਤੋਂ ਬਾਅਦ, ਹਰ ਵਿਕਟ ਗਿਰਨ ਤੋਂ ਬਾਅਦ, ਹਰ ਵਕਫ਼ੇ ਦੌਰਾਨ ਅਤੇ ਦੋ ਪਾਰੀਆਂ ਦੌਰਾਨ ਇਸ਼ਤਿਹਾਰਬਾਜ਼ੀ ਟੈਲੀਵਿਜ਼ਨ ਦਾ ਪੂਰਾ ਪਰਦਾ ਹਥਿਆ ਸਕਦੀ ਹੈ। ਮੋਦੀ ਦੌਰ ਨਾਲ ਡਿਜੀਟਲ ਤਕਨੀਕ ਰਾਹੀਂ ਟੈਲੀਵਿਜ਼ਨ ਰਾਹੀਂ ਜੋ ਮੈਚ ਦੀਆਂ ਤਫ਼ਸੀਲਾਂ ਖੇਡ ਮੈਦਾਨ ਉਤੇ ਉਕਰੀਆਂ ਜਾਣ ਲੱਗੀਆਂ ਤਾਂ ਇਸ਼ਤਿਹਾਰ ਵੀ ਉਕਰਿਆ ਜਾਣ ਲੱਗਿਆ। ਜੇ ਗੇਂਦਬਾਜ਼ ਵਾਲੇ ਸਿਰੇ ਉਤੇ ਮੈਚ ਦਾ ਵੇਰਵਾ ਉਭਰਦਾ ਹੈ ਤਾਂ ਵਿਕਟ-ਕੀਪਰ ਦੇ ਪਿਛੇ ਇਸ਼ਤਿਹਾਰ ਲਿਸ਼ਕਦਾ ਹੈ। ਚੱਲਦੇ ਮੈਚ ਦੌਰਾਨ ਵੀ ਇਸ਼ਤਿਹਾਰ ਟੈਲੀਵਿਜ਼ਨ ਦੇ ਪਰਦੇ ਵਿਚ ਆਪਣੇ ਖਾਨੇ ਮੱਲ ਸਕਦਾ ਹੈ। ਜੇ ਪਹਿਲਾਂ ਹੇਠਲੀਆਂ ਪੱਟੀਆਂ ਸ਼ੁਰੂ ਹੋਈਆਂ ਤਾਂ ਹੌਲੀ-ਹੌਲੀ ਇਹ ਪੱਟੀਆਂ ਲਗਾਤਾਰ ਚੱਲਣ ਲੱਗੀਆਂ। ਇਹ ਲਿਖਤ ਤੋਂ ਗ੍ਰਾਫਿਕਸ ਰਾਹੀਂ ਐਨੀਮੇਸ਼ਨ ਅਤੇ ਮਲਟੀਮੀਡੀਆ-ਵੀਡੀਓ ਤੱਕ ਪਹੁੰਚ ਗਈਆਂ। ਹੁਣ ਟੈਲੀਵਿਜ਼ਨ ਦਾ ਪਰਦਾ ਇਕੋ ਵੇਲੇ ਹੇਠਲੀ ਅਤੇ ਵੱਖੀ ਦੀ ਪੱਟੀ ਰਾਹੀਂ ਵੰਡਿਆ ਜਾਂਦਾ ਹੈ ਜਿਸ ਉਤੇ ਇਕੋ ਵੇਲੇ ਇਕ ਤੋਂ ਜ਼ਿਆਦਾ ਇਸ਼ਤਿਹਾਰ ਮੈਚ ਦੇ ਨਾਲ ਚੱਲਦੇ ਹਨ।

ਜਦੋਂ ਟਵੰਟੀ-20 ਕ੍ਰਿਕਟ ਨੂੰ ਤਿੰਨ ਘੰਟਿਆਂ ਦੇ ਮਨੋਰੰਜਨ ਵਜੋਂ ਫ਼ਿਲਮ ਵਾਂਗ ਪੇਸ਼ ਕੀਤਾ ਜਾਂਦਾ ਹੈ ਤਾਂ ਕੁਝ ਤਬਦੀਲੀਆਂ ਹੋਰ ਵਾਪਰਦੀਆਂ ਹਨ; ਜਿਵੇਂ ਟੈਲੀਵਿਜ਼ਨ ਪਰਦੇ ਦੇ ਖੂੰਜਿਆਂ ਅਤੇ ਕੰਨੀਆਂ ਵਿਚ ਇਸ਼ਤਿਹਾਰ ਆਉਂਦਾ ਹੈ ਉਸੇ ਤਰ੍ਹਾਂ ਖੇਡ-ਮੈਦਾਨ ਦੇ ਕੋਨਿਆਂ ਵਿਚ ਦੇਸੀ-ਵਿਦੇਸ਼ੀ ਗੀਤ-ਸੰਗੀਤ-ਨਾਚ ਆਉਂਦਾ ਹੈ। ਫ਼ਿਲਮ ਸਨਅਤ ਦੇ ਅਦਾਕਾਰ ਆਪਣੀ ਅਦਾਕਾਰੀ ਅਤੇ ਕਾਰੋਬਾਰ ਲਈ ਟਵੰਟੀ-20 ਨੂੰ ਨਵੇਂ ਮੰਚ ਵਜੋਂ ਪ੍ਰਵਾਨ ਕਰਦੇ ਹਨ। ਉਨ੍ਹਾਂ ਦੇ ਜਸ਼ਨ ਅਤੇ ਅਫ਼ਸੋਸ ਨਾਲ ਟਵੰਟੀ-20 ਦਿਲਕਸ਼ ਹੋ ਜਾਂਦਾ ਹੈ। ਸ਼ਿਲਪਾ ਸ਼ੈਟੀ ਅਤੇ ਪ੍ਰੀਤੀ ਜ਼ਿੰਟਾ ਤੋਂ ਲੈ ਕੇ ਸ਼ਾਹਰੁਖ ਖ਼ਾਨ ਤੱਕ ਕੈਮਰੇ ਲਈ ਢੁਕਵੀਆਂ ਥਾਂਵਾਂ ਉਤੇ ਬੈਠਦੇ ਹਨ ਅਤੇ ਲਗਾਤਾਰ ਸਰਗਰਮ ਰਹਿੰਦੇ ਹਨ। ਜੇ ਕਿਸੇ ਗੇਂਦਬਾਜ਼ ਜਾਂ ਬੱਲੇਬਾਜ਼ ਦਾ ਜਾਦੂ ਨਹੀਂ ਚੱਲਿਆ ਤਾਂ ਖੇਡ ਮੈਦਾਨ ਵਿਚਲੇ ਦਰਸ਼ਕਾਂ ਲਈ ਪੇਸ਼ਕਾਰੀਆਂ ਹਨ ਅਤੇ ਟੈਲੀਵਿਜ਼ਨ ਲਈ ਫ਼ਿਲਮ ਸਨਅਤ ਦੇ ਦਿਲਕਸ਼ੀ ਹੈ। ਲਲਿਤ ਮੋਦੀ ਦੇ ਦੌਰ ਵਿਚ ਕੈਰੀ ਪੈਕਰ ਦੇ ਤਿੰਨ ਦਹਾਕੇ ਤਜਰਬੇ ਪੁਰਾਣੇ ਯੁੱਗ ਦੀ ਕਹਾਣੀ ਲੱਗਣ ਲੱਗਦੇ ਹਨ। ਟਵੰਟੀ-20 ਖੇਡ ਪੰਨਿਆਂ ਤੋਂ ਪੇਜ-ਥ੍ਰੀ ਤੱਕ ਦਾ ਸਫ਼ਰ ਤੈਅ ਕਰਦਾ ਹੈ। ਦੇਰ ਰਾਤ ਤੱਕ ਚੱਲਦੇ ਜਸ਼ਨਾਂ ਦੀਆਂ ਸ਼ਰਾਬ, ਸ਼ਬਾਬ ਅਤੇ ਕਬਾਬ ਦੀਆਂ ਮਸਾਲੇਦਾਰ ਗੱਲਾਂ ਖ਼ਬਰਾਂ ਵਜੋਂ ਮਨੋਰੰਜਨ ਅਤੇ ਖ਼ਬਰੀਆ ਜਗਤ ਦਾ ਹਿੱਸਾ ਬਣਦੀਆਂ ਹਨ। ਖਿਡਾਰੀਆਂ ਦੀ ਸ਼ਰਾਬ ਪੀਣ ਦੀ ਸਮਰੱਥਾ, ਨੱਚਣ ਦਾ ਹੁਨਰ ਅਤੇ ਇਕ-ਰਾਤੀਆ-ਇਸ਼ਕ ਟਵੰਟੀ-20 ਦੇ ਬਾਹਰ ਇੰਡੀਅਨ ਪ੍ਰੀਮੀਅਰ ਲੀਗ ਦਾ ਪਸਾਰਾ ਕਰਦੇ ਹਨ। ਸੱਟੇਬਾਜ਼ਾਂ ਦੀ ਗ਼ੈਰ-ਕਾਨੂੰਨੀ ਸਰਗਰਮੀ ਵਧ ਜਾਂਦੀ ਹੈ ਅਤੇ 'ਭਰੋਸੇਯੋਗ' ਸੂਤਰਾਂ ਦੇ ਹਵਾਲੇ ਨਾਲ ਮੈਚ ਦੇ ਰੁਖ ਦਾ ਅੰਦਾਜ਼ਾ ਲਗਾਉਣ ਲਈ ਠੋਸ ਜਾਣਕਾਰੀ ਮੰਨੀ ਜਾਂਦੀ ਹੈ। ਸੱਟੇਬਾਜ਼ੀ ਵੀ ਲੜੀ-ਲੜੀ ਜਾਂ ਮੈਚ-ਮੈਚ ਦੀ ਥਾਂ ਓਵਰ-ਓਵਰ ਅਤੇ ਗੇਂਦ-ਗੇਂਦ ਦੀ ਤਫ਼ਸੀਲ ਤੱਕ ਪੁੱਜ ਜਾਂਦੀ ਹੈ। ਚੌਕਿਆਂ-ਛਿੱਕਿਆਂ ਉਤੇ ਲਗਦੀਆਂ ਸ਼ਰਤਾਂ ਨੋ-ਬਾਲ ਅਤੇ ਵਾਈਡ-ਬਾਲ ਨੂੰ ਆਪਣੇ ਘੇਰੇ ਵਿਚ ਲੈ ਲੈਂਦੀਆਂ ਹਨ। ਇਸ ਹਮਾਮ ਵਿਚ ਖਿਡਾਰੀ, ਪ੍ਰਬੰਧਕ, ਮਾਲਕ ਅਤੇ ਪਤਵੰਤੇ ਚਾਂਗਰਾਂ ਮਾਰ-ਮਾਰ ਕੇ ਨਹਾਉਂਦੇ ਹਨ। ਜਦੋਂ ਲਲਿਤ ਮੋਦੀ ਨੂੰ ਵਿੱਤੀ ਬੇਨੇਮੀਆਂ, ਗ਼ੈਰ-ਅਨੁਸ਼ਾਸਨੀ ਵਿਹਾਰ ਅਤੇ ਪੇਸ਼ੇਵਰ ਬੇਈਮਾਨੀ ਦੇ ਇਲਜ਼ਾਮਾਂ ਤਹਿਤ ਪਾਸੇ ਕੀਤਾ ਜਾਂਦਾ ਹੈ ਤਾਂ 'ਖੇਡ ਹਰ ਹੀਲੇ ਜਾਰੀ ਰਹਿਣੀ ਚਾਹੀਦੀ ਹੈ' ਦਾ ਬੋਲਾ ਸਿਆਸੀ ਗਲਿਆਰਿਆਂ ਤੋਂ ਜਮਹੂਰੀਅਤ ਦੇ ਤੀਜੇ ਥੰਮ੍ਹ ਰਾਹੀਂ ਗੂੰਜਦਾ ਹੈ। ਕ੍ਰਿਕਟ ਨੂੰ 'ਸਲੀਕੇਦਾਰਾਂ' ਦੀ ਖੇਡ ਵਜੋਂ ਬਹਾਲ ਕਰਨ ਦੀ ਮੰਗ ਹੁੰਦੀ ਰਹਿੰਦੀ ਹੈ।

ਨਰੇਂਦਰ ਮੋਦੀ ਦੇ ਉਭਾਰ ਅਤੇ ਪੇਸ਼ਕਾਰੀ ਵਿਚ ਲਲਿਤ ਮੋਦੀ ਦੀਆਂ ਜੁਗਤਾਂ ਕੰਮ ਆਉਂਦੀਆਂ ਹਨ। ਉਹ ਫ਼ਿਰਕੂ ਫ਼ਸਾਦਾਂ ਵਾਲੀ ਕੈਨਵਸ ਉਤੇ ਵਿਕਾਸ ਦਾ ਡਿਜੀਟਲ ਪਰਦਾ ਪਾਉਂਦਾ ਹੈ। ਆਰਥਿਕ ਸੁਧਾਰਾਂ ਦੇ ਭਾਰਤੀ ਕੈਰੀ ਪੈਕਰ ਡਾ. ਮਨਮੋਹਨ ਸਿੰਘ ਦੀਆਂ ਪਹਿਲਕਦਮੀਆਂ ਨੂੰ ਸਿਆਸਤ ਦਾ ਟਵੰਟੀ-20 ਰੂਪ ਬਣਾ ਕੇ ਧੁੰਧਲਾ ਕਰਦਾ ਹੈ। ਉਹ 'ਮੇਡ ਇੰਨ ਇੰਡੀਆ' ਵਿਚ ਸਿਰਫ਼ ਇਕ ਅੱਖਰ ('ਡੀ' ਦੀ ਥਾਂ 'ਕੇ') ਬਦਲ ਕੇ ਇਸ਼ਤਿਹਾਰਬਾਜ਼ੀ ਦੀ ਅਹਿਮੀਅਤ ਨੂੰ ਉਘਾੜਦਾ ਹੈ। ਉਸ ਦੀ ਇਸ ਜੁਗਤ ਸਾਹਮਣੇ 'ਠੰਡਾ ਮਤਲਬ ਕੋਕਾ ਕੋਲਾ' ਦਾ ਮੰਡੀ ਮੁਖੀ ਉਦਮੀ ਖਾਸਾ ਮੱਧਮ ਪੈ ਜਾਂਦਾ ਹੈ। ਉਸ ਦਾ 'ਪ੍ਰਧਾਨ ਸੇਵਕ' ਵਜੋਂ ਮੰਤਰੀਆਂ-ਸੰਤਰੀਆਂ ਨੂੰ ਨੁਮਾਇਸ਼ੀ ਬਣਾ ਦੇਣਾ ਨਿਮਰਤਾ ਦਾ ਖੁੱਲ੍ਹੀ ਮੰਡੀ ਦਾ ਆਪ-ਹੁਦਰਾ ਰੂਪ ਪੇਸ਼ ਕਰਦਾ ਹੈ। ਇਕੋ ਦਿਨ ਵਿਚ ਚਾਰ ਪੁਸ਼ਾਕਾਂ ਬਦਲ ਕੇ ਵਧ ਰਹੇ ਆਰਥਿਕ ਪਾੜੇ ਵਾਲੇ ਸਮਾਜ ਵਿਚ ਉਹ ਸਾਦਗੀ ਦੇ ਮਾਅਨੇ ਸਮਝਾਉਂਦਾ ਹੈ। ਇਸੇ ਕੜੀ ਵਿਚ 21 ਜੂਨ ਨੂੰ ਕੌਮਾਂਤਰੀ ਯੋਗ ਦਿਵਸ ਮਨਾਇਆ ਜਾਂਦਾ ਹੈ। ਇਕ ਪਾਸੇ ਯੋਗ ਨੂੰ ਆਲਮੀ ਵਿਰਾਸਤ ਵਜੋਂ ਪੇਸ਼ ਕੀਤਾ ਜਾਂਦਾ ਹੈ ਅਤੇ ਦੂਜੇ ਪਾਸੇ ਇਸ ਨੂੰ 'ਭਾਰਤੀ ਸੰਸਕ੍ਰਿਤੀ ਦੇ ਆਲਮੀ ਰਾਜ ਪਲਟੇ' ਵਜੋਂ ਪ੍ਰਚਾਰਿਆ ਜਾਂਦਾ ਹੈ। ਸੁਆਲ ਯੋਗ ਦੀ ਕਸਰਤ ਵਜੋਂ ਅਹਿਮੀਅਤ ਦਾ ਨਹੀਂ ਹੈ ਸਗੋਂ ਇਸ ਦੀ ਪੇਸ਼ਕਾਰੀ ਨਾਲ ਜੁੜੀ ਸੋਚ ਦਾ ਹੈ।

**ਦੋ ਮਿਸਾਲਾਂ:** ਗੋਰਖਪੁਰ ਤੋਂ ਭਾਜਪਾ ਦੇ ਸੰਸਦ ਮੈਂਬਰ ਅਦਿਤਯਨਾਥ ਯੋਗੀ ਨੇ ਯੋਗ ਦਿਵਸ ਦੀ ਸਰਕਾਰੀ ਮਸ਼ਕ ਉਤੇ ਸੁਆਲ ਕਰਨ ਵਾਲਿਆਂ ਘੱਟ-ਗਿਣਤੀਆਂ ਨੂੰ ਜੁਆਬ ਦਿੱਤਾ ਹੈ, "ਵਿਰੋਧ ਕਰਨ ਵਾਲੇ ਮੁਲਕ ਤੋਂ ਬਾਹਰ ਜਾਓ ਜਾਂ ਸਮੁੰਦਰ ਵਿਚ ਡੁੱਬ ਮਰੋ।" ਰਾਸ਼ਟਰੀ ਸਵੈਮਸੇਵਕ ਸੰਘ ਦੇ ਆਗੂ ਰਾਮ ਮਾਧਵ ਨੇ ਯੋਗ ਦਿਵਸ ਦੇ ਸਮਾਗਮਾਂ ਵਿਚੋਂ ਗ਼ੈਰ-ਹਾਜ਼ਰ ਰਹੇ ਹਾਮਿਦ ਅੰਸਾਰੀ ਨੂੰ ਟਵਿੱਟਰ ਰਾਹੀਂ ਸੁਆਲ ਕੀਤੇ ਜਿਨ੍ਹਾਂ ਦਾ ਫ਼ਿਰਕੂ ਖਾਸਾ ਬਿਆਨ ਕਰਨ ਦੀ ਲੋੜ ਨਹੀਂ। ਬਾਅਦ ਵਿਚ ਉਨ੍ਹਾਂ ਨੇ ਇਹ ਦੋਵੇਂ ਟਵੀਟ ਮਿਟਾ ਦਿੱਤੇ ਕਿਉਂਕਿ ਹਾਮਿਦ ਅੰਸਾਰੀ ਦੀ ਸਿਹਤ ਖ਼ਰਾਬ ਹੋਣ ਦੀ ਖ਼ਬਰ ਨਾਗਪੁਰ ਪਹੁੰਚ ਗਈ ਸੀ।

ਯੋਗ ਦਿਵਸ ਦੇ ਸਮਾਗਮਾਂ ਵਿਚ ਪ੍ਰਧਾਨ ਮੰਤਰੀ ਯੋਗ ਆਸਣ ਕਰਦੇ ਨਜ਼ਰ ਆਏ। ਕਸਰਤ ਕਰਦੇ ਮੌਜੂਦਾ ਪ੍ਰਧਾਨ ਮੰਤਰੀ ਦੀ ਤਸਵੀਰ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਤਸਵੀਰਾਂ ਨਾਲੋਂ ਵੱਖਰੀ ਹੈ: ਜਵਾਹਰ ਲਾਲ ਨਹਿਰੂ ਦੇ ਸੀਰਸ ਆਸਣ ਅਤੇ ਇੰਦਰਾ ਗਾਂਧੀ ਦੇ ਯੋਗ ਆਸਣਾਂ ਤੋਂ ਵੱਖਰੀ ਹੈ। ਉਹ ਆਪਣੀ ਸਿਹਤ ਦੀ ਫ਼ਿਕਰਮੰਦੀ ਦੇ ਆਸਣ ਕਰਦੇ ਸਨ, ਪਰ ਨਰੇਂਦਰ ਮੋਦੀ 'ਧਰਮ, ਦੇਸ਼ਭਗਤੀ, ਨੈਤਿਕਤਾ ਅਤੇ ਸਭਿਅਤਾ' ਦੇ 'ਆਲਮੀ ਸ਼ੰਖ ਨਾਦ' ਦੀ ਨੁਮਾਇੰਦਗੀ ਕਰ ਰਹੇ ਹਨ। ਜੇ ਸਭ ਤੋਂ ਵੱਧ ਖ਼ੂਨ ਦੀ ਕਮੀ ਦਾ ਸ਼ਿਕਾਰ ਲੋਕਾਂ ਦੇ ਮੁਲਕ ਵਿਚ ਸਿਹਤ ਮੁੱਦਿਆਂ ਦੀ ਗੱਲ ਹੋਵੇ ਤਾਂ ਆਵਾਮ ਲਈ ਖ਼ੁਸ਼ਖ਼ਬਰੀ ਹੋਵੇਗੀ। ਜੇ ਸਾਡੇ ਮੁਲਕ ਵਿਚ ਬਾਲ ਅਤੇ ਜਣੇਪਾ ਮੌਤਾਂ ਨੂੰ ਘੱਟ ਕਰਨ ਦੀ ਗੱਲ ਹੋਵੇ ਜਾਂ ਮੁਲਕ ਵਿਚ ਖੇਡ ਸਭਿਆਚਾਰ ਪੈਦਾ ਕਰਨ ਦਾ ਉਪਰਲਾ ਹੋਵੇ ਤਾਂ ਸਰਕਾਰ ਦਾ ਧੰਨਵਾਦੀ ਹੋਇਆ ਜਾ ਸਕਦਾ ਹੈ। ਜੇ ਯੋਗ ਨੂੰ ਯੋਗੀਆਂ ਰਾਹੀਂ ਧਰਮ ਦੀ ਪ੍ਰਾਪਤੀ ਵਜੋਂ ਪੇਸ਼ ਕੀਤਾ ਜਾਂਦਾ ਹੈ ਤਾਂ ਮੁਲਕ ਦੀ ਸਿਹਤ ਨੂੰ ਇਸ ਤੋਂ ਖ਼ਤਰਾ ਹੈ।

ਯੋਗ ਦੀ ਸਰਕਾਰੀ ਮਸ਼ਕ ਨੂੰ ਇਸ ਦੇ ਅਲੰਬਰਦਾਰਾਂ ਦੀ ਸਿਆਸਤ ਤੋਂ ਵੱਖ ਕਰ ਕੇ ਨਹੀਂ ਸਮਝਿਆ ਜਾ ਸਕਦਾ। ਉਹ ਲੋਕਾਂ ਦੀ 'ਠੰਡੇ' ਦੀ ਲੋੜ ਨੂੰ ਆਪਣੀ ਬੋਤਲ ਦੀ ਮੰਡੀ ਨਾਲ ਜੋੜ ਰਹੇ ਹਨ। ਲੋਕਾਂ ਨੇ ਕਸਰਤ ਕਰਨੀ ਹੈ ਕਿਉਂਕਿ ਤੰਦਰੁਸਤ ਦਿਮਾਗ਼ ਤੰਦਰੁਸਤ ਸਰੀਰ ਵਿਚ ਵਾਸ ਕਰਦਾ ਹੈ। ਲੋਕਾਂ ਨੇ ਖੇਡਣਾ ਹੈ ਕਿਉਂਕਿ ਜੇ ਖ਼ੁਰਾਕ ਪਹਿਲਾ ਤਾਂ ਖੇਡ ਮਨੁੱਖ ਦਾ ਉਤਮ ਸਕੂਨ ਹੈ। ਖੁੱਲ੍ਹੀ ਮੰਡੀ ਦੇ ਦੌਰ ਵਿਚ ਮੋਦੀਆਂ ਦਾ ਉਦਮੀ ਖਾਸਾ ਸਮਝਣਾ ਬਹੁਤ ਜ਼ਰੂਰੀ ਹੈ। ਇਸ ਦੌਰ ਵਿਚ ਲਲਿਤ ਖੇਡ ਭਾਵਨਾ ਉਤੇ ਸਵਾਰ ਹੁੰਦਾ ਹੈ ਤਾਂ ਨਰੇਂਦਰ ਦੇਸ਼ ਭਗਤੀ ਦਾ ਰਥਵਾਨ ਬਣਦਾ ਹੈ।

# ਬਹੁ-ਬਿਧ ਪ੍ਰਤਿਭਾ ਦਾ ਝਲਕਾਰਾ ਜਗਜੀਤ ਸਿੰਘ ਆਨੰਦ

*ਜਗਜੀਤ ਸਿੰਘ ਆਨੰਦ (28 ਦਸੰਬਰ 1921-19 ਜੂਨ 2015) ਆਪਣੇ ਹਿੱਸੇ ਦਾ ਸਫਰ ਮੁਕੰਮਲ ਕਰ ਕੇ ਸਦਾ ਸਦਾ ਲਈ ਤੁਰ ਗਿਆ ਹੈ। ਇਸ ਸਫਰ ਦੌਰਾਨ ਉਹ ਸਦਾ ਸਫਰ ਵਿਚ ਰਿਹਾ; ਇਹ ਭਾਵੇਂ ਸਿਆਸਤ ਦਾ ਖੇਤਰ ਸੀ, ਸਾਹਿਤ ਦਾ, ਤੇ ਜਾਂ ਫਿਰ ਪੱਤਰਕਾਰੀ ਦਾ। 'ਚੇਤੇ ਦੀ ਚੰਗੇਰ' ਅਤੇ 'ਚੇਤਾ ਚੋਗ ਚੁਗੇ' ਵਰਗੀਆਂ ਮੌਲਿਕ ਵਾਰਤਕ ਰਚਨਾਵਾਂ ਦੇ ਨਾਲ ਨਾਲ ਉਹਨੇ ਕਈ ਅਹਿਮ ਪੋਥੀਆਂ ਦਾ ਤਰਜਮਾ ਕੀਤਾ। ਤਰਜਮਾ ਕਰਦਿਆਂ ਉਹ ਰਚਨਾ ਦੀ ਰੂਹ ਤਕ ਪੁੱਜ ਕੇ ਪੰਜਾਬੀ ਮੁਹਾਵਰੇ ਤੇ ਮਾਹੌਲ ਦਾ ਠੁੱਕ ਬੰਨ੍ਹਦਾ ਸੀ। ਇਸ ਮਾਮਲੇ ਵਿਚ ਜੂਲੀਅਰ ਫਿਊਚਿਕ ਦੀ ਸੰਸਾਰ ਪ੍ਰਸਿੱਧ ਕਿਤਾਬ 'ਫਾਂਸੀ ਦੇ ਤਖਤੇ ਤੋਂ' ਦਾ ਕਿੱਸਾ ਸਭ ਤੋਂ ਵੱਧ ਦਿਲਚਸਪ ਹੈ। ਫਿਊਚਿਕ ਨੇ ਇਹ ਕਿਤਾਬ ਕਾਲ ਕੋਠੜੀ ਵਿਚ ਚੋਰੀ ਛੁਪੇ ਲਿਖੀ ਸੀ, ਤੇ ਆਨੰਦ ਨੇ ਜਦੋਂ ਇਸ ਦਾ ਤਰਜਮਾ ਕੀਤਾ, ਉਹ ਖੁਦ ਜੇਲ੍ਹ ਵਿਚ ਸੀ, ਤੇ ਫਿਊਚਿਕ ਵਾਂਗ ਚੋਰੀ ਛੁਪੇ ਹੀ ਸਾਰੀ ਸਮੱਗਰੀ ਜੇਲ੍ਹ ਵਿਚੋਂ ਬਾਹਰ ਨਿਕਲਦੀ ਸੀ। ਇਸ ਤਰ੍ਹਾਂ ਦੀਆਂ ਸੈਆਂ ਕਹਾਣੀਆਂ ਆਨੰਦ ਦੇ ਜੀਵਨ ਨਾਲ ਜੁੜੀਆਂ ਹੋਈਆਂ ਹਨ। ਉਸ ਦੀ ਸਬੂਤੀ ਵਿਦਾਈ 'ਤੇ ਅਸੀਂ ਸ਼ਰਧਾਂਜਲੀ ਵਜੋਂ ਕਹਾਣੀਕਾਰ ਵਰਿਆਮ ਸਿੰਘ ਸੰਧੂ ਦਾ ਲੇਖ ਛਾਪ ਰਹੇ ਹਾਂ। -ਸੰਪਾਦਕ*

ਜਗਜੀਤ ਸਿੰਘ ਆਨੰਦ ਦੀ ਵੱਡ-ਆਕਾਰੀ ਤੇ ਬਹੁਪਾਸਾਰੀ ਅਲੋਕਾਰ ਸ਼ਖ਼ਸੀਅਤ ਦੀਆਂ ਰੁਚੀਆਂ, ਝੁਕਾਵਾਂ ਤੇ ਜੀਵਨ ਸਰਗਰਮੀਆਂ ਦੀ ਤਰਤੀਬ ਭਾਵੇਂ ਸਿਆਸਤ ਤੋਂ ਤੁਰ ਕੇ, ਪੱਤਰਕਾਰੀ ਵਿਚੋਂ ਹੁੰਦੀ ਹੋਈ ਸਾਹਿਤਕਾਰੀ ਤੱਕ ਪੁੱਜਦੀ ਹੈ ਪਰ ਇਹ ਤਰਤੀਬ ਵੱਖੋ-ਵੱਖ ਖਾਨਿਆਂ ਵਿਚ ਵੰਡੀ ਹੋਈ ਨਹੀਂ, ਸਗੋਂ ਇਸ ਦੇ ਰੰਗ ਇਕ ਖੇਤਰ ਤੋਂ ਦੂਜੇ ਖੇਤਰ ਵਿਚ ਪਿਘਲਦੇ, ਘੁਲਦੇ ਤੇ ਲਿਸ਼ਕਦੇ ਨਜ਼ਰ ਆਉਂਦੇ ਹਨ। ਵਿਭਿੰਨ ਖੇਤਰਾਂ ਵਿਚ ਜੁੜਵਾਂ ਤੇ ਜਾਨਦਾਰ ਕੰਮ ਕਰ ਕੇ ਆਪਣੀ ਕਿਰਤ ਕਮਾਈ ਨਾਲ ਉਸ ਨੇ ਅਜਿਹਾ ਬੁਲੰਦ ਆਪਾ ਸਿਰਜਿਆ ਕਿ ਪੰਜਾਬੀ ਜਨ-ਜੀਵਨ ਵਿਚ ਉਸ ਜਿਹੀ ਬਹੁ-ਬਿਧ ਪ੍ਰਤਿਭਾ ਵਾਲਾ ਉਹ 'ਅਨੋਖਾ ਤੇ ਇਕੱਲਾ' ਸ਼ਖ਼ਸ ਹੋ ਨਿਬੜਿਆ।

ਦਹਾਕਿਆਂ ਤੋਂ ਹਰ ਅਗਾਂਹਵਧੂ ਸਿਆਸੀ ਸਮਾਜੀ ਤੇ ਸਾਹਿਤਕ-ਸਭਿਆਚਾਰਕ ਲਹਿਰ ਦਾ ਉਸ ਨੂੰ ਨੇੜਲਾ, ਗਹਿ-ਗੱਚ ਤੇ ਪ੍ਰਮਾਣਿਕ ਅਨੁਭਵ ਸੀ ਕਿਉਂਕਿ ਉਸ ਨੇ ਇਹ ਇਤਿਹਾਸ ਆਪਣੇ ਜਿਸਮ ਅਤੇ ਜਾਨ ਉਤੇ ਹੰਢਾਇਆ ਸੀ ਤੇ ਇਸ ਨੂੰ ਉਸਾਰਨ, ਬਣਾਉਣ ਅਤੇ ਬਦਲਣ ਵਿਚ ਵਿਤੋਂ ਵੱਧ ਟਿੱਲ ਵੀ ਲਾਇਆ ਸੀ। ਸਾਡੇ ਵਾਂਗ ਸ਼ਾਇਦ ਜਗਜੀਤ ਸਿੰਘ ਆਨੰਦ ਨੂੰ ਵੀ ਇਸ ਗੱਲ ਦਾ ਝੋਰਾ



**ਵਰਿਆਮ ਸਿੰਘ ਸੰਧੂ**
**ਫੋਨ: 41-918-5212**

ਹੋਵੇ ਕਿ ਜੇ ਉਹ ਭੱਜ-ਨੱਸ ਵਾਲੀ ਆਪਣੀ ਸਿਆਸੀ ਜ਼ਿੰਦਗੀ ਵਿਚੋਂ ਕੁਝ ਸਮਾਂ ਚੁਰਾ ਕੇ ਤੇ ਬਚਾ ਕੇ ਆਪਣੀਆਂ ਰਗਾਂ ਵਿਚ ਦੌੜਦੇ ਤੇ ਅੱਖਾਂ ਵਿਚੋਂ ਟਪਕਦੇ ਇਸ ਸਦੀ ਦੇ ਸੁਰਖ ਇਤਿਹਾਸ ਨੂੰ ਕਲਾਤਮਕ ਸੰਜਮ ਵਿਚ ਬੰਨ੍ਹ ਕੇ ਮਹਾਂ-ਕਾਵਿਕ ਪੱਧਰ ਦੀ ਕੋਈ ਰਚਨਾ ਕਰ ਜਾਂਦਾ ਤਾਂ ਉਹ ਰਚਨਾ ਸਮੁੱਚੇ ਭਾਰਤੀ ਸਾਹਿਤ ਦਾ ਸ਼ਾਹਕਾਰ ਹੋ ਨਿੱਬੜਨੀ ਸੀ; ਭਾਵੇਂ ਅਸੀਂ ਜਾਣਦੇ ਹਾਂ ਕਿ ਇਸ ਸਮੇਂ ਉਸ ਦੇ ਅਣਕੀਤੇ ਉਤੇ ਝੂਰਨ ਦਾ ਬਹਾਨਾ ਵੀ ਤਾਂ ਸਾਨੂੰ ਉਸ ਦੇ ਕੀਤੇ ਹੋਏ ਨੂੰ ਵਾਚਣ ਅਤੇ ਜਾਚਣ ਉਪਰੰਤ ਉਸ ਦੀ ਅਥਾਹ ਸਮਰੱਥਾ ਤੇ ਸੰਭਾਵਨਾ ਦੀ ਝਲਕ ਪੈਣ ਤੋਂ ਹੀ ਮਿਲਿਆ।

ਆਨੰਦ ਦਿਮਾਗ ਵਲੋਂ ਉਮਰ ਭਰ ਮਾਰਕਸੀ-ਲੈਨਿਨੀ ਵਿਚਾਰਧਾਰਾ ਨੂੰ ਕੱਟੜਤਾ ਦੀ ਹੱਦ ਤੱਕ ਪ੍ਰਣਾਇਆ ਸਿਰੜੀ, ਸਿਦਕੀ ਤੇ ਸਰਗਰਮ ਸਿਆਸੀ ਸੰਗਰਾਮੀਆ ਰਿਹਾ ਅਤੇ ਸਿਆਸਤ ਹਮੇਸ਼ਾ ਉਸ ਦੀ ਪਹਿਲੀ ਪਸੰਦ ਰਹੀ ਪਰ ਦਿਲ ਦੀਆਂ ਧੁਰ ਡੂੰਘਾਣਾਂ 'ਚੋਂ ਉਹ ਸੰਵੇਦਨਸ਼ੀਲ ਸਾਹਿਤਕਾਰ ਅਤੇ ਸੂਖਮ ਬਿਰਤੀਆਂ ਵਾਲਾ ਭਾਵੁਕ ਮਨੁੱਖ ਰਿਹਾ। ਆਪਣੇ ਵਿਚਾਰਾਂ ਅਤੇ ਅਸੂਲਾਂ ਉਪਰ ਲੋਹ-ਪੁਰਸ਼ ਬਣ ਕੇ ਪਹਿਰਾ ਦੇਣ ਵਾਲਾ ਤੇ ਜਾਨ ਤਲੀ 'ਤੇ ਧਰ ਕੇ, ਬੇਖੌਫ ਹੋ ਕੇ ਰੱਬ ਦਾ ਸਾਂਢੂ ਬਣੇ ਧੱਕੜ-ਧਾਵੀਆਂ ਨਾਲ ਪੰਜਾ ਪਾਉਣ ਵਾਲਾ ਆਨੰਦ ਭਾਵੁਕ ਪਲਾਂ ਵਿਚ ਫਿੱਸ ਫਿੱਸ ਪੈਂਦਾ ਤੇ ਉਹਦੀ ਪਹਿਲੇ ਪਲ ਦੀ ਪਥਰੀਲੀ ਸਖਤੀ ਦੂਜੇ ਪਲ ਅੱਥਰੂਆਂ ਦੀ ਚਾਂਦੀ ਝਾਲ ਬਣ ਕੇ ਉਹਦੀਆਂ ਅੱਖਾਂ ਵਿਚ ਲਿਸ਼ਕ ਉਠਦੀ। ਸ਼ਾਇਦ ਇਹੋ ਦਰਦ-ਮੰਦ ਦਿਲ ਹੀ ਸੀ ਜਿਸ ਨੇ ਉਸ ਜਿਹੇ ਸੁੱਖਾਂ-ਲੱਧੇ, ਦੁੱਧ-ਮੱਖਣਾਂ ਨਾਲ ਪਾਲੇ, ਮਾਪਿਆਂ ਦੇ ਲਾਡਲੇ ਪੁੱਤਰ ਨੂੰ ਦੀਨ-ਦੁਖੀਆਂ ਦੇ ਭਲੇ ਲਈ ਲੜੀ ਜਾਣ ਵਾਲੀ ਜੰਗ ਦੇ ਮੁਹਰੈਲ ਦਸਤੇ ਦਾ ਸਿਪਾਹੀ ਬਣਾ ਦਿੱਤਾ।

ਆਪਣੇ ਵਿਚਾਰਾਂ ਸਮੇਤ ਦੁਨੀਆਂ ਉਤੇ ਛਾ ਜਾਣ ਦਾ ਅਮੋੜ ਵੇਗ ਭਰ ਜੁਆਨੀ ਵਿਚ ਹੀ ਉਹਦੇ ਬੋਲਾਂ ਅਤੇ ਲਿਖਤਾਂ ਵਿਚੋਂ ਡੁੱਲ੍ਹ ਡੁੱਲ੍ਹ ਪੈਣ ਲੱਗਾ। ਆਪਣੀ ਲਿਖਣ ਅਤੇ ਬੋਲਣ ਯੋਗਤਾ ਨਾਲ ਚਕਾਚੌਂਧ ਕਰ ਸਕਣ ਵਾਲੀ ਇਸ ਕਾਮਿਲ ਪ੍ਰਤਿਭਾ ਦਾ ਕਮਾਲ ਹੀ ਸੀ ਕਿ ਵੀਹ ਸਾਲ ਦੀ ਛੋਟੀ ਉਮਰ ਵਿਚ ਹੀ ਉਹ ਕਮਿਊਨਿਸਟ ਪਾਰਟੀ ਦੀ ਪੰਜਾਬ ਸੂਬਾ ਕਮੇਟੀ ਦਾ ਮੈਂਬਰ ਬਣ ਗਿਆ ਤੇ ਛੇਤੀ ਹੀ ਪਾਰਟੀ ਪਰਚੇ ਦੀ ਸੰਪਾਦਕੀ ਵੀ ਸੰਭਾਲ ਲਈ। ਫਿਰ ਰੂਪੋਸ਼ਵਾਸਾਂ, ਜੇਲ੍ਹ ਯਾਤਰਾਵਾਂ ਅਤੇ ਲੰਮੀਆਂ ਭੁੱਖ ਹੜਤਾਲਾਂ ਦਾ ਅਮੁੱਕ ਸਿਲਸਿਲਾ ਚੱਲਿਆ ਤੇ ਜ਼ਿੰਮੇਵਾਰੀਆਂ ਅਤੇ ਅਹੁਦੇਦਾਰੀਆਂ ਦਾ ਘੇਰਾ ਅਤੇ ਕੱਦ ਵੀ ਚੌੜਾ ਤੇ ਉਚਾ ਹੁੰਦਾ ਗਿਆ। ਉਹ ਕਮਿਊਨਿਸਟ ਪਾਰਟੀ ਦੀ ਨੈਸ਼ਨਲ ਕੌਂਸਲ ਦਾ ਮੈਂਬਰ ਵੀ ਬਣਿਆ ਤੇ ਵਰਲਡ ਪੀਸ ਕੌਂਸਲ ਦਾ ਮੈਂਬਰ ਵੀ, ਪਰ ਪੰਜਾਬੀ ਦੇ ਸਾਹਿਤਕ ਤੇ ਸਭਿਆਚਾਰਕ ਹਲਕਿਆਂ ਵਿਚ ਉਹਨੇ ਹਮੇਸ਼ਾ ਸਭਿਆਚਾਰਕ ਮਾਮਲਿਆਂ ਦਾ ਵਜ਼ੀਰ ਬਣ ਕੇ ਆਪਣੀ ਗੱਲ ਰੱਖੀ ਅਤੇ ਮੰਨਵਾਈ। ਹੀਰਾ ਸਿੰਘ ਦਰਦ ਅਤੇ ਹੋਰਨਾਂ ਨਾਲ ਰਲ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀਆ ਪ੍ਰਧਾਨਗੀਆਂ ਸਕੱਤਰੀਆਂ ਦੇ ਫੈਸਲੇ ਵੀ ਉਸ ਦੀ ਮਰਜ਼ੀ ਨਾਲ ਹੀ ਹੁੰਦੇ-ਹਵਾਏ ਆਏ ਹਨ।

ਪੰਜਾਬੀ ਭਾਸ਼ਾ ਦੀ ਠੁੱਕ ਬਣਾਈ ਰੱਖਣ ਅਤੇ ਇਸ ਨੂੰ ਸੰਸਕ੍ਰਿਤ ਦੇ ਹਮਲੇ ਤੋਂ ਬਚਾਈ ਰੱਖਣ ਲਈ ਵਿਸ਼ੇਸ਼ ਸਮੇਂ ਵਿਚ ਚਲਾਈ ਗਈ ਲਹਿਰ ਦਾ ਵੀ ਉਹ ਮੁੱਖ ਆਗੂ ਅਤੇ ਬੁਲਾਰਾ ਰਿਹਾ। ਪਾਰਟੀ ਦੇ ਅੰਦਰ ਅਤੇ ਬਾਹਰ ਹਮੇਸ਼ਾ ਹੀ ਉਸ ਨੇ ਆਪਣੇ ਵਿਚਾਰਾਂ ਅਤੇ ਅਸੂਲਾਂ ਉਪਰ ਦ੍ਰਿੜ ਅਤੇ ਬੇਲਚਕ ਲੜਾਈ ਲੜੀ, ਪਰ ਇਸ ਲੜਾਈ ਵਿਚ ਸਭ ਤੋਂ ਕਾਰਗਰ ਹਥਿਆਰ ਉਸ ਦੀ ਕਲਮ ਹੀ ਰਹੀ।

ਕਲਮ ਦੀ ਨੋਕ ਵਿਚੋਂ ਛਲਕ-ਛਲਕ ਤੇ ਡੁੱਲ੍ਹ ਡੁੱਲ੍ਹ ਪੈਂਦੀਆਂ ਪੱਤਰਕਾਰੀ ਤੇ ਸਾਹਿਤਕ ਰਚਨਾਵਾਂ ਵਿਚੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਹਦੇ ਮਨ ਦੀਆਂ ਤਹਿਆਂ ਅੰਦਰ ਧੁਰ ਡੂੰਘਾਣਾਂ ਵਿਚ ਸੰਵੇਦਨਸ਼ੀਲਤਾ ਤੇ ਸਾਹਿਤਕਾਰੀ ਦਾ ਜੋ ਰੰਗ-ਬ-ਰੰਗਾ ਸਰ-ਚਸ਼ਮਾ ਝਰ ਝਰ, ਝੰਮ ਝੰਮ ਲਿਸ਼ਕਦਾ ਤੇ ਕਲ ਕਲ ਵਗਦਾ ਪਿਆ ਹੈ, ਉਹਦੇ ਰੰਗਾਂ ਦੀ ਬਦੌਲਤ ਹੀ ਉਹਦੇ ਖੁਸ਼ਕ ਸਿਧਾਂਤਕ ਪ੍ਰਵਚਨ ਵੀ ਸੁਣਨ ਤੇ ਪੜ੍ਹਨ ਯੋਗ, ਮਾਨਣ ਤੇ ਮੰਨਣ ਯੋਗ ਬਣ ਜਾਂਦੇ।

'ਜੰਗ-ਏ-ਆਜ਼ਾਦੀ' ਤੋਂ ਲੈ ਕੇ 'ਨਵਾਂ ਜ਼ਮਾਨਾ' ਦੀ ਮੁੱਖ ਸੰਪਾਦਕੀ ਤੱਕ ਵਿਚਕਾਰਲੇ ਕਈ ਦਹਾਕੇ ਉਹ ਅਨੇਕਾਂ ਅਖ਼ਬਾਰਾਂ ਨਾਲ ਜੁੜਿਆ ਰਿਹਾ। ਆਪਣੀ ਗੱਲ ਨੂੰ ਤਰਕਸੰਗਤ, ਫੈਸਲਾਕੁਨ ਤੇ ਪ੍ਰਭਾਵਸ਼ਾਲੀ ਢੰਗ ਨਾਲ ਨਿਡਰ ਹੋ ਕੇ ਦੋ-ਟੁੱਕ ਅੰਦਾਜ਼ ਵਿਚ ਕਹਿਦਿਆਂ ਉਸ ਨੇ ਪੱਤਰਕਾਰੀ ਦੇ ਖੇਤਰ ਵਿਚ ਅਜਿਹੀ ਨਿਵੇਕਲੀ ਸ਼ੈਲੀ ਨੂੰ ਜਨਮ ਦਿੱਤਾ ਜਿਸ ਵਿਚ ਸਿਧਾਂਤ ਦੀ ਅਡੋਲਤਾ ਹੈ, ਵਿਅੰਗ ਦੀ ਤੇਜ਼ ਧਾਰ ਵੀ ਹੈ ਅਤੇ ਵਿਰੋਧੀ ਨੂੰ ਚੀਰ ਕੇ ਰੱਖ ਦੇਣ ਵਾਲੀ ਕਾਟਵੀਂ ਤਾਕਤ ਵੀ ਤੇ ਸਭ ਤੋਂ ਵੱਧ ਉਸ ਦੀਆਂ ਲਿਖਤਾਂ ਵਿਚ ਸ਼ਬਦਾਂ/ਵਾਕੰਸ਼ਾਂ ਦੇ ਜੁੜਵੇਂ ਤੇ ਵਿਰੋਧੀ ਜੁੱਟਾਂ ਦੀਆਂ ਬਾਜ਼ੀਆਂ ਪੈਂਦੀਆਂ ਵੇਖਣ ਦਾ ਆਪਣਾ ਵਿਲੱਖਣ ਸਾਹਿਤਕ ਸੁਆਦ ਵੀ ਹੁੰਦਾ ਹੈ। ਮਸਲਿਆਂ ਅਤੇ ਵਰਤਾਰਿਆਂ ਨੂੰ ਆਪਣੀ ਬਿਬੇਕ-ਬੁੱਧੀ ਨਾਲ ਸਮਝਣ/ਸਮਝਾਉਣ ਅਤੇ ਦਰਪੇਸ਼ ਅਹੁਰਾਂ ਦਾ ਇਲਾਜ ਲੱਭਦੀ ਉਹਦੀ ਲੁਕਮਾਨੀ ਲਿਆਕਤ ਦਰਿਆ ਵਾਂਗ ਵਾਕਾਂ ਵਿਚ ਵਗਦੀ ਜਾਂਦੀ। ਉਹ ਸ਼ਬਦਾਂ ਦੇ ਆਡੰਬਰ ਖੜ੍ਹੇ ਕਰ ਕੇ ਧੁੰਦ-ਖਿਲਾਰਨ ਦੀ ਥਾਂ ਸ਼ਬਦਾਂ ਨੂੰ ਚਿਰਾਗਾਂ ਵਾਂਗ ਬਾਲ ਕੇ ਦਿਲ ਦਿਮਾਗ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੌਸ਼ਨ ਕਰੀ ਜਾਂਦਾ। ਸਮੱਸਿਆ ਭਾਵੇਂ ਕੌਮੀ ਜਾਂ ਕੌਮਾਂਤਰੀ ਪੱਧਰ ਨਾਲ ਜੁੜਵੀਂ ਸਿਆਸਤ ਦੀ ਹੁੰਦੀ ਜਾਂ ਭਾਸ਼ਾ, ਸਾਹਿਤ ਤੇ ਸਭਿਆਚਾਰ ਨਾਲ ਸਬੰਧਤ ਕੋਈ ਸਥਾਨਕ ਮੁੱਦਾ, ਉਹਨੇ ਸਦਾ ਪੂਰੇ ਅਧਿਕਾਰ ਨਾਲ ਗੱਲ ਕੀਤੀ। ਅੱਖਰਾਂ ਦੇ ਅੱਖਰ ਉਹਦੇ ਨਿੱਕੇ ਨਿੱਕੇ ਹੱਥਾਂ ਵਿਚੋਂ ਡਿੰਗ ਡਿੰਗ ਵੀ ਪੈਂਦੇ, ਤੇ ਡਿੰਗਦੇ ਵੀ ਐਨ ਠੀਕ ਟਿਕਾਣੇ ਉਪਰ, ਮਣਕੇ ਤੇ ਮਣਕਾ ਠਾਹ ਮਣਕਾ ਵਾਂਗ। ਦਲੀਲਾਂ ਦੀ ਇਹ ਪੂਰੀ ਦੀ ਪੂਰੀ ਸੰਗਲੀ ਸ਼ਬਦਾਂ ਦੇ ਸੁਹਜ ਨਾਲ ਇੰਜ ਸਵਾਰੀ ਹੁੰਦੀ ਕਿ ਉਹ ਉਹਦੀਆਂ ਰੀਝਾਂ, ਜਜ਼ਬਿਆਂ, ਸੋਚ ਅਤੇ ਸਿਧਾਂਤ ਨਾਲ ਗੁੰਦੀ ਹੋਈ ਮਾਲਾ ਵਾਂਗ ਲੱਗਦੀ। ਸਬੰਧਤ ਮਸਲੇ ਦੀਆਂ ਅੱਖਾਂ ਵਿਚ ਸਿੱਧਾ ਝਾਕਦਾ ਹੋਇਆ ਉਹ ਪੈਂਦੀ ਸੱਟੇ ਉਹਨੂੰ ਧੌਣੋਂ ਫੜਦਾ ਤੇ ਪੈਰਾਂ ਤੱਕ ਹਿਲਾ ਦਿੰਦਾ। ਨਾ ਉਹ ਇਧਰ-ਉਧਰ ਦੀਆਂ ਸੁਣਦਾ, ਨਾ ਮਾਰਦਾ। ਉਹਦਾ ਨਿਸ਼ਾਨਾ ਤਾਂ ਸਦਾ 'ਚਿੜੀ ਦੀ ਅੱਖ' ਉਪਰ ਹੀ ਹੁੰਦਾ। ਕਦੀ-ਕਦੀ ਕਿ ਮੇਰੇ ਵਾਂਗ ਹੋਰ ਲੋਕ ਵੀ ਕਿਤੇ ਕਿਤੇ ਉਸ ਨਾਲ ਸਹਿਮਤ ਨਾ ਹੁੰਦੇ ਪਰ ਉਹਦੇ ਗੱਲ ਕਹਿਣ ਦੇ ਅੰਦਾਜ਼ ਉਪਰ ਉਦੋਂ ਵੀ ਸਦਕੇ ਜਾਣ ਨੂੰ ਜੀ ਕਰਦਾ ਤੇ ਆਪ-ਮੁਹਾਰੇ ਉਸ ਦੇ 'ਅੰਦਾਜ਼ੇ-ਬਿਆਂ' ਵਾਸਤੇ 'ਵਾਹ! ਵਾਹ!!' ਨਿਕਲ ਜਾਂਦਾ। ਉਂਜ ਜਿਹੜਾ ਬੰਦਾ ਉਹਦੀ ਲਿਖਤ ਪੜ੍ਹ ਕੇ ਇਕ ਵਾਰ 'ਵਾਹ! ਵਾਹ!!' ਕਹਿ ਉਠੇ, ਉਸ ਦਾ ਉਸ ਨੂੰ ਦੁਬਾਰਾ ਪੜ੍ਹਨ ਨੂੰ ਜੀ ਜ਼ਰੂਰ ਕਰਦਾ ਹੈ। ਜੋ ਦੁਬਾਰਾ ਪੜ੍ਹਨ ਲੱਗ ਜਾਵੇਗਾ, ਉਹਦੀ ਆਨੰਦ ਦੇ ਜਾਲ ਵਿਚ ਫਸ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਆਨੰਦ ਦੀ ਕਲਮ ਦੀ ਪਾਰਸ-ਛੋਹ, ਪੱਤਰਕਾਰੀ ਨੂੰ ਤਾਂ ਸਾਹਿਤਕਾਰੀ ਦਾ ਰੰਗ ਚਾੜ੍ਹਦੀ ਸੀ ਪਰ ਜਦੋਂ ਮਨ-ਚਿੱਤ ਬਿਰਤੀ ਨੂੰ ਇਕਾਗਰ ਕਰ ਕੇ ਉਹ ਕੋਈ ਮੌਲਿਕ ਲੇਖ ਲਿਖ ਰਿਹਾ ਉਲਝੀਆਂ ਹੋਈਆਂ ਤੰਦਾਂ ਵੀ ਸੁਲਝਾ ਰਿਹਾ ਹੁੰਦਾ ਹੈ ਤੇ ਮਨੁੱਖੀ ਮਨ ਉਤੇ ਡੂੰਘੀ ਅੰਤਰ-ਝਾਤ ਵੀ ਪਾ ਰਿਹਾ ਹੁੰਦਾ ਹੈ। ਉਹਦਾ ਆਪਣੇ ਅੰਦਰਲੇ ਜਗਤ ਸਮੇਤ ਬਾਹਰਲੇ ਜਗਤ ਦੇ ਤੱਥਾਂ, ਘਟਨਾਵਾਂ ਤੇ ਪਾਤਰਾਂ ਪ੍ਰਤੀ ਮੁਲੰਕਣੀ ਰਵੱਈਆ ਉਨ੍ਹਾਂ ਸਭ ਨੂੰ ਲੋੜੀਂਦੀ ਮੁਹੱਬਤ ਵਾਂਗ ਨਾਲ-ਨਾਲ ਜਚਵੀਂ ਦੂਰੀ ਤੋਂ ਵੀ ਨਿਹਾਰਦਾ ਹੈ।

ਅਨੁਵਾਦ ਦਾ ਇਕ ਹੋਰ ਖੇਤਰ ਹੈ ਜਿਸ ਵਿਚ ਉਸ ਨੇ ਉਚ-ਦੁਮਾਲੜੇ ਕਲਾਕਾਰ ਵਜੋਂ ਆਪਣੇ ਆਪ ਨੂੰ ਸਥਾਪਤ ਕਰ ਕੇ ਆਪਣੀ ਨਿਵੇਕਲੀ ਪੈਂਠ ਬਣਾਈ ਤੇ ਪੰਜਾਬੀ ਜ਼ਬਾਨ ਨੂੰ ਭਰਪੂਰ ਅਮੀਰੀ ਬਖ਼ਸ਼ੀ। ਦਾਰਸ਼ਨਿਕ ਤੇ ਸਿਧਾਂਤਕ ਲਿਖਤਾਂ ਵਿਚ ਸੰਕਲਪਾਂ ਦੀ ਭਰਮਾਰ ਹੋਣ ਕਰ





ਜਗਜੀਤ ਸਿੰਘ ਆਨੰਦ ਦੀਆਂ ਦੋ ਤਸਵੀਰਾਂ।

ਹੁੰਦਾ ਜਾਂ ਆਪਣੇ ਚੇਤੇ ਦੀ ਚੰਗੇਰ ਵਿਚੋਂ ਕੋਈ ਪੂਣੀ ਛੋਹ ਰਿਹਾ ਹੁੰਦਾ ਤਾਂ ਉਸ ਦੀ ਕਰਤਾਰੀ ਪ੍ਰਤਿਭਾ ਦਾ ਜਲੌਅ ਵੇਖਣ ਵਾਲਾ ਹੀ ਹੁੰਦਾ। ਉਸ ਅੰਦਰ ਬੰਦ ਸੈਂਕੜੇ ਕਲੀਆਂ ਇਕ-ਦਮ ਜਿਵੇਂ ਚਟਕ ਕੇ ਫੁੱਲ ਬਣ ਜਾਂਦੀਆਂ। 'ਚੇਤੇ ਦੀ ਚੰਗੇਰ' ਉਸ ਦੀ ਅਜਿਹੀ ਹੀ ਵਿਲੱਖਣ ਸਿਰਜਣਾ ਹੈ ਜੋ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵੱਖਰੀ ਤੇ ਮਾਣਯੋਗ ਰੂਪ-ਵਿਧਾ ਬਣ ਚੁਕੀ ਹੈ। ਇਤਿਹਾਸ, ਜੀਵਨੀ ਤੇ ਗਲਪ ਦਾ ਮਿਸ਼ਰਣ ਇਹ ਲਿਖਤ ਸਾਧਾਰਨ ਦਿਸਦੇ ਪਰ ਮਹਾਂਮਹਿਮ ਪਾਤਰਾਂ ਦੇ ਅਣ-ਲਿਖੇ ਇਤਿਹਾਸ ਦੀ ਅਜਿਹੀ ਸਜਿੰਦ ਤੇ ਸੁਹਜੀਲੀ ਕਲਾਤਮਕ ਝਾਕੀ ਹੈ ਕਿ ਪਾਠਕ ਇਸ ਨੂੰ ਪੜ੍ਹਦਾ ਹੋਇਆ ਉਸ ਸਮੇਂ ਵਿਚ ਸਾਹ ਲੈਂਦਾ ਹੋਇਆ ਵੀ ਮਹਿਸੂਸ ਕਰਦਾ ਹੈ ਤੇ ਸਬੰਧਤ ਪਾਤਰਾਂ ਦੇ ਦਿਲ ਦੀ ਧੜਕਣ ਵੀ ਸੁਣ ਰਿਹਾ ਹੁੰਦਾ ਹੈ। ਇਸੇ ਸਮੇਂ ਉਹ ਇਤਿਹਾਸ ਦੀਆਂ

> ***ਬਲਰਾਜ ਸਾਹਨੀ ਨੇ ਜਗਜੀਤ ਸਿੰਘ ਆਨੰਦ ਦੁਆਰਾ ਅਨੁਵਾਦਿਤ ਕਿਤਾਬ 'ਮਾਰਕਸਵਾਦ ਲੈਨਿਨਵਾਦ ਦੇ ਮੂਲ ਸਿਧਾਂਤ' ਵਾਚਣ ਤੋਂ ਪਿੱਛੋਂ ਉਸ ਦੀ 'ਬਲਵਾਨ ਸ਼ੈਲੀ' ਨੂੰ ਖ਼ਿਰਾਜ-ਤਹਿਸੀਨ ਪੇਸ਼ ਕਰਦਿਆਂ ਦਿੱਤਾ ਸੀ: "...ਤੁਹਾਡਾ ਇਹ ਕਾਰਨਾਮਾ ਮੇਰੀਆਂ ਆਸ਼ਾਵਾਂ ਤੋਂ ਵੀ ਵੱਧ ਕਾਮਯਾਬ ਹੈ। ਤੁਸੀਂ ਅਵੱਸ਼ ਇਹ ਸੰਤੋਸ਼ ਮਨ ਵਿਚ ਰੱਖ ਸਕਦੇ ਹੋ ਕਿ ਤੁਸੀਂ ਐਸੀ ਖ਼ਿਦਮਤ ਅੰਜਾਮ ਦਿੱਤੀ ਹੈ ਜਿਸ ਲਈ ਪੰਜਾਬੀ ਭਾਸ਼ਾ ਅਤੇ ਪੰਜਾਬੀ ਜਨਤਾ ਤੁਹਾਨੂੰ ਬੜੇ ਹੀ ਪਿਆਰ ਤੇ ਸ਼ਰਧਾ ਨਾਲ ਯਾਦ ਕਰਿਆ ਕਰੇਗੀ।"***

ਕੇ ਇਨ੍ਹਾਂ ਦਾ ਉਲਥਾ ਕੋਈ ਸਹਿਜ ਕਾਰਜ ਨਹੀਂ, ਖ਼ਾਸ ਕਰ ਕੇ ਪੰਜਾਬੀ ਵਿਚ ਤਾਂ ਇਹ ਹੋਰ ਵੀ ਔਖਾ ਤੇ ਬਿਖੜਾ ਪੰਧ ਤੈਅ ਕਰਨ ਬਰਾਬਰ ਹੈ। ਸਾਡੇ ਵਿਦਵਾਨ ਤਾਂ ਹੁਣ ਤੱਕ ਰੋਜ਼ ਇਹ ਡੌਂਡੀ ਪਿੱਟਦੇ ਆ ਰਹੇ ਹਨ ਕਿ ਸਾਡੀ ਜ਼ਬਾਨ ਵਿਚ ਤਕਨੀਕੀ ਤੇ ਸੰਕਲਪੀ ਸ਼ਬਦਾਂ ਨੂੰ ਉਲਥਾਉਣ ਲਈ ਸਾਵੇਂ ਤੁਲਦੇ ਸ਼ਬਦਾਂ ਦੀ ਡਾਢੀ ਅਣਹੋਂਦ ਹੈ, ਪਰ ਜਗਜੀਤ ਸਿੰਘ ਆਨੰਦ ਦੀ ਪੰਜਾਬੀ ਜ਼ਬਾਨ ਉਤੇ ਕਮਾਲ ਦੀ ਪਕੜ ਤੇ ਡੂੰਘੀ ਤੋਂ ਡੂੰਘੀ ਚੁੱਭੀ ਮਾਰ ਕੇ ਭਾਸ਼ਾ ਦੇ ਅਖੁੱਟ ਖ਼ਜ਼ਾਨੇ ਵਿਚੋਂ ਲੋੜੀਂਦਾ ਸ਼ਬਦ ਲੱਭ ਲਿਆਉਣ ਦਾ ਲੰਮਾ ਦਮ ਤੇ ਸੂਝ-ਸਮਰੱਥਾ ਹੀ ਸੀ ਕਿ ਉਹਦੇ ਕੀਤੇ ਅਨੁਵਾਦ ਇੰਨੇ ਸਹਿਜ ਅਤੇ ਪੰਜਾਬੀ ਮੁਹਾਵਰੇ ਦੇ ਇੰਨੇ ਨੇੜੇ ਹਨ ਕਿ ਬਲਰਾਜ ਸਾਹਨੀ ਜਿਹੇ ਪੰਜਾਬੀ ਜ਼ਬਾਨ ਦੇ ਆਸ਼ਕ ਨੂੰ ਮੈਂ ਆਪਣੇ ਵਲੋਂ ਗਵਾਹ ਵਜੋਂ ਭੁਗਤਾ ਸਕਦਾ ਹਾਂ। ਬਲਰਾਜ ਸਾਹਨੀ ਨੇ ਆਪਣਾ ਇਹ ਲਿਖਤੀ ਬਿਆਨ ਆਨੰਦ ਦੀ ਅਨੁਵਾਦਿਤ ਪੁਸਤਕ 'ਮਾਰਕਸਵਾਦ-ਲੈਨਿਨਵਾਦ ਦੇ ਮੂਲ ਸਿਧਾਂਤ' ਵਾਚਣ ਤੋਂ ਪਿੱਛੋਂ ਉਸ ਦੀ 'ਬਲਵਾਨ ਸ਼ੈਲੀ' ਨੂੰ ਖਿਰਾਜ-ਤਹਿਸੀਨ ਪੇਸ਼ ਕਰਦਿਆਂ ਦਿੱਤਾ ਸੀ, "...ਤੁਹਾਡਾ ਇਹ ਕਾਰਨਾਮਾ ਮੇਰੀਆਂ ਆਸ਼ਾਵਾਂ ਤੋਂ ਵੀ ਵੱਧ ਕਾਮਯਾਬ ਹੈ। ਤੁਸੀਂ ਅਵੱਸ਼ ਇਹ ਸੰਤੋਸ਼ ਮਨ ਵਿਚ ਰੱਖ ਸਕਦੇ ਹੋ ਕਿ ਤੁਸੀਂ ਐਸੀ ਖ਼ਿਦਮਤ ਅੰਜਾਮ ਦਿੱਤੀ ਹੈ ਜਿਸ ਲਈ ਪੰਜਾਬੀ ਭਾਸ਼ਾ ਅਤੇ ਪੰਜਾਬੀ ਜਨਤਾ ਤੁਹਾਨੂੰ ਬੜੇ ਹੀ ਪਿਆਰ ਤੇ ਸ਼ਰਧਾ ਨਾਲ ਯਾਦ ਕਰਿਆ ਕਰੇਗੀ।"

ਸਿਧਾਂਤਕ ਜਾਂ ਦਾਰਸ਼ਨਿਕ ਲਿਖਤਾਂ ਦਾ ਅਨੁਵਾਦ ਤਾਂ ਪਾਰਟੀ ਲੋੜਾਂ ਦੀ ਮਜਬੂਰੀ ਦੀ ਉਪਜ ਵੀ ਹੋ ਸਕਦਾ ਹੈ ਪਰ ਸੰਸਾਰ ਦੀਆਂ ਜਿਨ੍ਹਾਂ ਮਹਾਨ ਸਾਹਿਤਕ ਰਚਨਾਵਾਂ ਨੇ ਉਸ ਨੂੰ 'ਸਵਾਦ ਗੜੁੱਚ' ਕਰ ਦਿੱਤਾ ਹੋਵੇ, ਉਨ੍ਹਾਂ ਦਾ ਅਨੁਵਾਦ ਤਾਂ ਉਨ੍ਹਾਂ ਮਹੱਤਵਪੂਰਨ ਲਿਖਤਾਂ ਦੀ ਰਚਨਾਤਮਕ ਵਡਿਆਈ ਪ੍ਰਤੀ ਉਹਦੀ ਭਿੱਜੀ ਹੋਈ ਰੂਹ ਦਾ ਪਰਤਵਾਂ ਹੁੰਗਾਰਾ ਹੈ। ਆਨੰਦ ਦੇ ਕੀਤੇ ਅਨੁਵਾਦਾਂ ਦੀ ਕਲਾਤਮਕ ਖ਼ੂਬੀ ਇਹ ਹੈ ਕਿ ਅਨੁਵਾਦਤ ਰਚਨਾ ਮੌਲਿਕ ਰਚਨਾ ਵਾਂਗ ਹੀ ਜੀਵੰਤ ਲੱਗਦੀ ਹੈ। ਉਹ ਇੰਨੀ ਚੰਗੀ ਤਰ੍ਹਾਂ 'ਪੰਜਾਬੀਆਈ' ਗਈ ਹੁੰਦੀ ਹੈ ਕਿ ਉਸ ਵਿਚ ਪੇਸ਼ ਪਾਤਰ, ਮਾਹੌਲ ਤੇ ਮਾਨਸਿਕਤਾ ਸਾਡੀ ਅਤਿ ਨੇੜੇ ਦੀਆਂ ਯਾਦਾਂ ਵਿਚ ਵੱਸੀ ਝਾਕੀ ਲੱਗਦੇ ਹਨ। ਜਦੋਂ ਆਨੰਦ ਨੇ 'ਸਤਰੰਗੀ ਪੀਂਘ' ਦੀ ਅਨੁਵਾਦਤ ਕਾਪੀ ਖ਼ੁਸ਼ਵੰਤ ਸਿੰਘ ਦੀ ਮਾਂ ਲੇਡੀ ਸੋਭਾ ਸਿੰਘ ਨੂੰ ਦਿੱਤੀ ਤਾਂ ਉਹ ਪੜ੍ਹਨ ਪਿੱਛੋਂ ਅਗਲੀ ਕਿਸੇ ਮਿਲਣੀ ਸਮੇਂ ਆਨੰਦ ਨੂੰ ਲਾਡ ਨਾਲ ਕਹਿਣ ਲੱਗੀ:

"ਮਿੰਨਾ! ਜਾਤਕ ਤਾਂ ਤੂੰ ਡਾਢਾ ਚੰਗੈ...ਕਿਤਾਬ ਵੀ ਸੋਹਣੀ ਲਿਖੀ ਆ ਪਰ ਨਾਂ ਇਹ ਕਿਹੜੇ ਭੈੜੇ-ਭੈੜੇ ਲਿਖ ਦਿੱਤੇ ਨੀ...ਕੋਈ ਮੀਸ਼ਾ ਐ ਕੋਈ ਕੀ ਐ...।"

ਅਸਲ ਵਿਚ ਉਹ ਆਨੰਦ ਦੀ ਉਸ ਅਨੁਵਾਦਤ ਰਚਨਾ ਨੂੰ ਉਹਦੀ ਮੌਲਿਕ ਰਚਨਾ ਹੀ ਸਮਝ ਰਹੀ ਸੀ ਅਤੇ ਭੋਲੇ-ਭਾ ਹੀ ਆਨੰਦ ਦੇ ਅਨੁਵਾਦ ਕਰਨ ਦੀ ਕਲਾ ਦੀ ਵਡਿਆਈ ਕਰਦਿਆਂ ਅਸਿੱਧੇ ਤੌਰ 'ਤੇ ਕਹਿ ਗਈ ਸੀ ਕਿ ਉਹਦਾ ਅਨੁਵਾਦ ਮੌਲਿਕ ਲਿਖਤ ਤੋਂ ਕਿਵੇਂ ਵੀ ਘੱਟ ਨਹੀਂ। ਬਲਰਾਜ ਸਾਹਨੀ ਵਾਂਗ ਇਹ ਉਹਦੀ ਅਨੁਵਾਦ-ਯੋਗਤਾ ਨੂੰ ਦੂਜਾ ਵੱਡਾ ਖਿਰਾਜ-ਤਹਿਸੀਨ ਹੈ।

ਸਰਸਵਤੀ ਵਲੋਂ ਤਹਿਰੀਰ ਦੇ ਇਲਾਵਾ ਉਨੇ ਹੀ ਉਚੇ ਪੱਧਰ 'ਤੇ ਤਕਰੀਰ ਦੇ ਗੁਣ ਨਾਲ ਵਰੋਸਾਇਆ ਆਨੰਦ ਉਨ੍ਹਾਂ ਵਿਰਲੇ ਭਾਗਵਾਨ ਲੋਕਾਂ ਵਿਚੋਂ ਇਕ ਸੀ ਜਿਨ੍ਹਾਂ ਦੇ ਸ਼ਬਦਾਂ ਵਿਚ ਸਰੋਤਿਆਂ ਨੂੰ ਕੀਲ ਕੇ ਰੱਖਣ ਤੇ ਆਪਣੇ ਨਾਲ ਵਹਾ ਕੇ ਲੈ ਜਾਣ ਦੀ ਬੇਮਿਸਾਲ ਸਮਰੱਥਾ ਸੀ। ਉਮਰੋਂ ਛੋਟਾ ਪਰ ਅਕਲੋਂ 'ਬਾਬਾ ਬੁੱਢਾ' ਤੀਖਣ ਬੁੱਧ ਤੇ ਹੱਸਾਸ ਨੌਜੁਆਨ ਆਨੰਦ ਪਹਿਲੀਆਂ ਤੋਂ ਹੀ ਆਪਣੇ ਬੋਲਾਂ ਦੀ ਤਾਕਤ ਦਾ ਮੁਜ਼ਾਹਰਾ ਕਰਦਿਆਂ ਆਪਣੀ ਜਮਾਤ ਦੇ ਪ੍ਰੋਫੈਸਰਾਂ ਨਾਲ ਨਹੁੰ-ਖੁਰ ਲੈਣ ਲਗ ਪਿਆ ਸੀ ਤੇ ਚੇਲਾ ਹੁੰਦਿਆਂ ਵੀ ਗੁਰੂ ਬਣ ਕੇ ਉਸ ਨੇ ਆਪਣੇ ਗੁਰੂਆਂ ਨੂੰ ਵੀ ਚੇਲਾ ਬਣਾ ਧਰਿਆ ਸੀ। ਪ੍ਰੋ. ਫਰੈਂਕ ਠਾਕੁਰ ਦਾਸ ਤੇ ਪ੍ਰੋ. ਐਰਿਕ ਸਿਪਨੀਅਨ ਨੂੰ ਜਮਾਤਾਂ ਵਿਚ ਬਹਿਸ ਕਰ ਕੇ ਹੀ ਉਸ ਨੇ ਲੈਨਿਨ ਦੇ ਮਾਰਗ 'ਤੇ ਲੈ ਆਂਦਾ ਸੀ। ਉਂਜ ਉਸ ਦੀ ਇਸ ਜਾਦੂ-ਬਿਆਨੀ ਨੇ ਪਿਛਲੀ ਸਾਰੀ ਉਮਰ ਪਤਾ ਨਹੀਂ ਕਿੰਨੇ ਲੋਕਾਂ ਨੂੰ 'ਉਧਰੋਂ' ਪੁੱਟ ਕੇ 'ਇਧਰ' ਲਾਇਆ।

ਦੂਜੇ ਰਾਜਾਂ ਅਤੇ ਬਦੇਸ਼ਾਂ ਵਿਚੋਂ ਆਏ ਪ੍ਰਸਿੱਧ ਆਗੂਆਂ ਵਲੋਂ ਪੰਜਾਬ ਦੇ ਵੱਖ-ਵੱਖ ਜਲਸਿਆਂ ਵਿਚ ਦਿੱਤੇ ਭਾਸ਼ਣਾਂ ਦੇ ਆਨੰਦ ਦੇ ਮੂੰਹੋਂ ਸੁਣੇ ਜਾਨਦਾਰ ਤੇ ਪ੍ਰਭਾਵਸ਼ਾਲੀ ਅਨੁਵਾਦਾਂ ਦੀ ਚਰਚਾ ਤਾਂ ਦੰਦ-ਕਥਾਵਾਂ ਵਾਂਗ ਅੱਜ ਤੱਕ ਹੁੰਦੀ ਹੈ। ਅਗਲੇ ਦੀ ਕੀਤੀ ਗੱਲ ਨੂੰ ਚੇਤੇ ਵਿਚ ਵਸਾ ਕੇ ਨਾਲ ਦੇ ਨਾਲ ਢੁਕਵੇਂ ਸ਼ਬਦ ਤਲਾਸ਼ਣੇ ਤੇ ਉਨ੍ਹਾਂ ਨੂੰ ਗੂੜ੍ਹੀ ਪੰਜਾਬੀ-ਪੁੱਠ ਦੇ ਕੇ ਇੰਨੇ ਪ੍ਰਭਾਵਸ਼ਾਲੀ ਢੰਗ ਨਾਲ ਕਹਿਣਾ ਕਿ ਲੋਕ 'ਅਸ਼! ਅਸ਼!!' ਕਰ ਉਠਦੇ।

ਲੋਕਾਂ ਮੂੰਹੋਂ ਆਪ-ਮੁਹਾਰੇ 'ਵਾਹ! ਵਾਹ!!' ਕਢਵਾ ਸਕਣ ਪਿੱਛੋਂ ਪੰਜਾਬੀ ਬੋਲੀ ਦੀ ਅਥਾਹ ਅਮੀਰੀ, ਸਮਰੱਥਾ ਤੇ ਸੰਭਾਵਨਾ ਵਿਚ ਉਸ ਦਾ ਅਟੁੱਟ ਵਿਸ਼ਵਾਸ ਹੈ। ਇਹ ਵਿਸ਼ਵਾਸ ਕੋਈ ਉਲਾਰ ਭਾਵੁਕ ਉਛਾਲ ਨਹੀਂ ਸਗੋਂ ਉਸ ਨੂੰ ਪੜ੍ਹਨ ਤੇ ਸੁਣਨ ਵਾਲੇ ਜਾਣਦੇ ਹਨ ਕਿ ਜਿਵੇਂ ਜਾਦੂਗਰ ਆਪਣੇ ਅੰਦਰੋਂ ਰੰਗਦਾਰ ਕਾਗਜ਼ਾਂ ਦੇ ਟੁਕੜਿਆਂ ਨੂੰ ਲੜੀ ਬਣਾ ਕੇ ਹੌਲੀ ਹੌਲੀ ਕੱਢੀ ਜਾਂਦਾ ਹੈ...ਕੱਢੀ ਜਾਂਦਾ ਹੈ ਤੇ ਵੇਖਣ ਵਾਲਿਆਂ ਨੂੰ ਚਕ੍ਰਿਤ ਕਰੀ ਜਾਂਦਾ ਹੈ, ਇੰਜ ਹੀ ਜਦੋਂ ਆਨੰਦ ਬੋਲ ਜਾਂ ਲਿਖ ਰਿਹਾ ਹੁੰਦਾ ਤਾਂ ਸ਼ਬਦਾਂ ਦੀਆਂ ਸਤਰੰਗੀਆਂ ਲੜੀਆਂ ਲੱਛਿਆਂ ਦੇ ਲੱਛੇ ਬਣ ਕੇ ਉਸ ਅੰਦਰੋਂ ਨਿਕਲੀ ਆਉਂਦੀਆਂ। ਇਸ ਵਿਚ ਉਸ ਨੂੰ ਔਖ ਤਾਂ ਕੀ ਹੋਣੀ ਸੀ ਸਗੋਂ ਸ਼ਬਦ ਤਾਂ ਉਹਦੀ ਹਜ਼ੂਰੀ ਵਿਚ ਹੱਥੀਂ-ਬੱਧੇ ਗੁਲਾਮ ਵਾਂਗ ਸਿਰ ਝੁਕਾਈ ਖੜੋਤੇ ਨਜ਼ਰ ਆਉਂਦੇ। ਸਮੇਂ ਦੀ ਧੂੜ ਵਿਚ ਗੁੰਮ-ਗੁਆਚ ਗਏ ਕਈ ਸ਼ਬਦਾਂ ਉਹ ਅਛੋਪਲੇ ਜਿਹੇ ਹੀ ਮਨ ਦੇ ਕਿਸੇ ਖੂੰਜੇ ਵਿਚੋਂ ਪੁੱਟ ਲਿਆਉਂਦਾ ਤੇ ਉਨ੍ਹਾਂ ਨੂੰ ਮਾਂਜ ਸਵਾਰ ਕੇ ਆਪਣੀ ਤਹਿਰੀਰ ਜਾਂ ਤਕਰੀਰ ਵਿਚ ਇੰਜ ਜੜਦਾ ਕਿ ਉਨ੍ਹਾਂ ਦੇ ਅਰਥਾਂ ਦੀ ਲਿਸ਼ਕ ਸਾਡੇ ਧੁਰ ਅੰਦਰ ਕੌਂਧ ਜਾਂਦੀ ਹੈ। ਜੜ੍ਹਤ-ਫੱਬਤ ਤੇ ਤਰਤੀਬ ਦੀ ਖ਼ੂਬਸੂਰਤੀ ਤੋਂ ਇਲਾਵਾ ਉਨ੍ਹਾਂ ਸ਼ਬਦਾਂ ਵਿਚ ਤਾਜ਼ੀ ਵਾਹੀ ਵੱਤਰ ਭੋਇੰ ਦੀ ਮਹਿਕ ਵੀ ਆਉਂਦੀ ਹੈ। ਕਈ ਵਾਰ ਅਸਲੋਂ ਮਾਮੂਲੀ ਦਿਸਦੇ ਸ਼ਬਦ ਉਹਦੀ ਛੋਹ ਪਾ ਕੇ 'ਜੱਟੀਓਂ ਹੀਰ' ਹੋ ਜਾਂਦੇ।

ਸ਼ਬਦਾਂ ਨੂੰ ਬਣਾਉਣ, ਲਿਸ਼ਕਾਉਣ ਤੇ ਨਚਾਉਣ ਵਾਲੇ ਇਸ ਪ੍ਰਸਿੱਧ ਕਲਾਕਾਰ ਦੀ ਵਿਰਾਟਤਾ ਨੂੰ ਮੇਰੇ ਜਿਹੇ ਸਾਧਾਰਨ ਬੰਦੇ ਵਲੋਂ ਕਲਾਵੇ ਵਿਚ ਲੈ ਸਕਣਾ ਵੱਸੋਂ ਤੇ ਵਿਤੋਂ ਬਾਹਰੀ ਗੱਲ ਹੈ। ਆਪਣੀ ਇਸ ਸੀਮਾ ਨੂੰ ਮੈਂ ਸਵੀਕਾਰ ਕਰਦਾ ਹਾਂ।

# ਸ਼ਕਤੀ ਪ੍ਰਦਰਸ਼ਨ ਬਣ ਕੇ ਰਹਿ ਗਿਆ ਸਥਾਪਨਾ ਦਿਵਸ ਸਮਾਗਮ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਸਮਾਗਮ ਅਕਾਲੀ-ਭਾਜਪਾ ਦਾ ਸਿਆਸੀ ਸ਼ੋਅ ਬਣ ਕੇ ਰਹਿ ਗਿਆ। ਧਰਮ ਨੂੰ ਸਿਆਸਤ ਲਈ ਵਰਤਣ ਦੇ ਸੁਆਲਾਂ ਦਾ ਸਾਹਮਣਾ ਕਰ ਰਹੇ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਭ ਸਿਆਸੀ ਪਾਰਟੀਆਂ ਤੇ ਧਾਰਮਿਕ ਸ਼ਖ਼ਸੀਅਤਾਂ ਨੂੰ ਸੱਦਾ ਦੇਣ ਦੀ ਦਲੀਲ ਰਾਹੀਂ ਜਵਾਬ ਦੇਣ ਦੀ ਕੋਸ਼ਿਸ਼ ਕੀਤੀ। ਪਰ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਵੀ ਨਾ ਸੱਦਣ ਪਿੱਛੇ ਇਸ ਪ੍ਰੋਗਰਾਮ ਨੂੰ ਖ਼ਾਸ ਸਿਆਸੀ ਜਮਾਤਾਂ ਤੱਕ ਸੀਮਤ ਰੱਖਣ ਦੀ ਮਨਸ਼ਾ ਨੂੰ ਹੋਰ ਪੁਖ਼ਤਾ ਕਰਦੀ ਹੈ। ਕਿਸੇ ਪਾਰਟੀ ਦਾ ਨਾਂ ਲਏ ਬਿਨਾਂ ਦਿੱਲੀ ਤੇ ਹੋਰ ਸ਼ਹਿਰਾਂ ਵਿਚ 84 ਦੇ ਸਿੱਖ ਕਤਲੇਆਮ ਦੇ ਜ਼ਿਕਰ ਰਾਹੀਂ ਸਿਆਸੀ ਸੰਕੇਤ ਦੇਣ ਦੀ ਕੋਸ਼ਿਸ਼ ਹੋਈ। ਸਰਬੱਤ ਦੇ ਭਲੇ ਦੇ ਸਿੱਖੀ ਸਿਧਾਂਤ ਤੇ ਗੁਰੂ ਤੇਗ ਬਹਾਦਰ ਦੀ ਕੁਰਬਾਨੀ ਨੂੰ ਸਲਾਮ ਵੀ ਆਪਣੀ ਸਿਆਸੀ ਮਕਸਦ ਤੱਕ ਸੀਮਤ ਕਰ ਦਿੱਤਾ ਗਿਆ। ਮਨੁੱਖੀ ਅਧਿਕਾਰਾਂ ਦੇ ਦਾਇਰੇ ਵਿਚੋਂ ਗੁਜਰਾਤ ਦੇ ਦੰਗਿਆਂ ਤੇ ਹੋਰ ਫ਼ਿਰਕੇਦਾਰਾਨਾ ਘਟਨਾਵਾਂ ਬਾਰੇ ਸੁਚੇਤ ਰੂਪ ਵਿਚ ਚੁੱਪ ਰਹਿਣ ਨੂੰ ਤਰਜੀਹ ਦਿੱਤੀ ਗਈ। ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਇਕ ਇਕ ਘੱਟ ਗਿਣਤੀ ਧਰਮ ਦਾ ਜ਼ਿਕਰ ਕਰਕੇ ਦੇਸ਼ ਦੀ ਪੁਰਾਤਨ ਸੱਭਿਆਚਾਰਕ ਮਹਾਨਤਾ ਪ੍ਰਗਟਾਉਂਦਿਆਂ ਇਸ ਮੌਕੇ ਮੋਦੀ ਸਰਕਾਰ ਉਤੇ ਘੱਟ ਗਿਣਤੀਆਂ ਨੂੰ ਨਜ਼ਰਅੰਦਾਜ਼ ਕਰਨ ਦੇ ਲੱਗ ਰਹੇ ਇਲਜ਼ਾਮਾਂ ਦੇ ਜਵਾਬ ਦੇਣ ਦੀ ਕੋਸ਼ਿਸ਼ ਕੀਤੀ।

ਰਾਜਨਾਥ ਸਿੰਘ ਆਪਣਾ ਧਰਮ ਨਿਰਪੱਖਤਾ ਦਾ ਦਾਅਵਾ ਪੁਖ਼ਤਾ ਕਰਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਮੁਲਕ ਦੇ ਬੱਚੇ-ਬੱਚੇ ਨੂੰ ਅਹਿਸਾਸ ਹੈ ਕਿ ਖ਼ਾਲਸਾ ਪੰਥ ਦੀਆਂ ਕੁਰਬਾਨੀਆਂ ਸਦਕਾ ਹੀ ਇਸ ਮੁਲਕ ਤੇ ਇਸ ਦਾ ਅਮੀਰ ਸੱਭਿਆਚਾਰ ਬਰਕਰਾਰ ਹੈ। ਉਨ੍ਹਾਂ ਮੁੱਖ ਮੰਤਰੀ ਵੱਲੋਂ ਧਰਮ ਨਿਰਪੱਖਤਾ ਦਾ ਢੰਡੋਰਾ ਪਿੱਟਣ ਦੇ ਜਵਾਬ ਵਿਚ ਕਿਹਾ ਕਿ ਅਕਾਲੀ ਦਲ ਜਾਂ ਸਿੱਖਾਂ ਨੂੰ ਕੋਈ ਵੀ ਫਿਰਕਾਪ੍ਰਸਤ ਨਹੀਂ ਕਹਿ ਸਕਦਾ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਕਿਹਾ ਕਿ ਹਿੰਦੂ ਧਰਮ ਦੀ ਰਾਖੀ ਲਈ ਗੁਰੂ ਤੇਗ ਬਹਾਦਰ ਜੀ ਆਪਣਾ ਬਲੀਦਾਨ ਦੇਣ ਲਈ ਇਸ ਧਰਤੀ ਤੋਂ ਹੀ ਰਵਾਨਾ ਹੋਏ।। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸਾਰਾ ਜ਼ੋਰ ਆਪਣੀ ਪਾਰਟੀ ਦੇ ਧਰਮ ਨਿਰਪੱਖ ਅਕਸ ਨੂੰ ਉਭਾਰਨ ਉਤੇ ਹੀ ਲੱਗਿਆ ਰਿਹਾ।। ਉਨ੍ਹਾਂ ਕਿਹਾ ਕਿ ਅਫਸੋਸ ਇਸ ਗੱਲ ਦਾ ਹੈ ਕਿ ਸਿੱਖਾਂ ਦੀ ਵਿਚਾਰਧਾਰਾ ਨੂੰ ਸਮਝਿਆ ਨਹੀਂ ਜਾ ਰਿਹਾ। ਮੁਲਕ ਨੂੰ ਆਜ਼ਾਦ ਕਰਵਾਉਣ, ਇਸ ਦੀ ਰੱਖਿਆ ਕਰਨ ਤੇ ਦੇਸ਼ ਦੀ ਨਵ-ਉਸਾਰੀ ਵਿਚ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਨੂੰ ਕੁਝ ਸ਼ਕਤੀਆਂ ਵੱਲੋਂ ਫਿਰਕਾਪ੍ਰਸਤ ਗਰਦਾਨ ਕੇ ਲਗਾਤਾਰ ਬਦਨਾਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅਕਾਲੀ-ਭਾਜਪਾ ਦਰਮਿਆਨ ਕਿਸੇ ਵੀ ਕਿਸਮ ਦਾ ਕੋਈ ਮਤਭੇਦ ਨਹੀਂ ਹੈ। ਸਿੱਖ ਕੈਦੀਆਂ ਦਾ ਪੰਜਾਬ ਵਿਚ ਕੀਤਾ ਤਬਾਦਲਾ ਇਨਸਾਨੀਅਤ ਦੇ ਆਧਾਰ ਉਤੇ ਤੇ ਮੁਲਕ ਦੇ ਕਾਨੂੰਨ ਅਨੁਸਾਰ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸਿੱਖ ਕਤਲੇਆਮ ਨੂੰ 30 ਸਾਲਾਂ ਦਾ ਲੰਮਾ ਸਮਾਂ ਬੀਤਣ ਤੋਂ ਬਾਅਦ ਵੀ ਕੌਮ ਨੂੰ ਇਨਸਾਫ਼ ਦੀ ਉਡੀਕ ਹੈ। ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਆਪਣੇ ਇਤਿਹਾਸ ਤੋਂ ਪ੍ਰੇਰਨਾ ਤੇ ਸੇਧ ਲੈਣ ਵਾਲੀਆਂ ਕੌਮਾਂ ਤੇ ਮੁਲਕ ਹੀ ਤਰੱਕੀ ਕਰਦੇ ਹਨ। ਛੱਤੀਸਗੜ੍ਹ ਦੇ ਰਾਜਪਾਲ ਬਲਰਾਮ ਜੀ ਦਾਸ ਟੰਡਨ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੀ ਇਤਿਹਾਸਕ ਧਰਤੀ ਖਾਲਸਾ ਪੰਥ ਦੀ ਸਾਜਨਾ ਦੇ ਮਹਾਨ ਕੌਤਕ ਦੀ ਗਵਾਹ ਹੈ, ਜਿਸ ਨੇ ਪੂਰੇ ਮੁਲਕ ਦੀ ਤਕਦੀਰ ਬਦਲ ਦਿੱਤੀ। ਯੋਗ ਗੁਰੂ ਬਾਬਾ ਰਾਮਦੇਵ ਨੇ ਆਪਣੇ ਬਹੁਤ ਹੀ ਸੰਖੇਪ ਭਾਸ਼ਣ ਵਿਚ ਕਿਹਾ ਕਿ ਹਿੰਦੂ ਧਰਮ ਦੀ ਹੋਂਦ ਸਿਰਫ ਤੇ ਸਿਰਫ ਸਿੱਖਾਂ ਵੱਲੋਂ ਕੀਤੀਆਂ ਲਾਸਿਮਾਲ ਕੁਰਬਾਨੀਆਂ ਸਦਕਾ ਹੀ ਕਾਇਮ ਰਹਿ ਸਕੀ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸੂਬੇ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਨੇ ਹਮੇਸ਼ਾ ਜਬਰ, ਜ਼ੁਲਮ ਤੇ ਬੇਇਨਸਾਫੀ ਵਿਰੁੱਧ ਜੂਝ ਮਰਨ ਦਾ ਸੁਨੇਹਾ ਦਿੱਤਾ ਹੈ ਤੇ ਬਹਾਦਰ ਪੰਜਾਬੀਆਂ ਨੇ ਹਰ ਮੋਰਚੇ ਉਤੇ ਦੇਸ਼ ਦੀ ਅਗਵਾਈ ਕੀਤੀ ਹੈ। ਉਨ੍ਹਾਂ ਕਿਹਾ ਕਿ ਆਜ਼ਾਦੀ ਦੀ ਲੜਾਈ ਵਿਚ 90 ਫੀਸਦੀ ਸਿੱਖਾਂ ਨੇ ਫਾਂਸੀ ਦੇ ਰੱਸੇ ਚੁੰਮ ਕੇ ਜਿੱਥੇ ਸ਼ਹਾਦਤ ਦਿੱਤੀ, ਉਥੇ ਕਾਲੇ ਪਾਣੀ ਦੀ ਸਜ਼ਾ ਕੱਟਣ ਵਾਲੇ ਆਜ਼ਾਦੀ ਘੁਲਾਟੀਆਂ ਵਿਚ ਵੀ 85 ਫੀਸਦੀ ਸਿੱਖ ਸਨ। ਇਸ ਤੋਂ ਇਲਾਵਾ ਸਿਰਫ ਦੋ ਫੀਸਦੀ ਆਬਾਦੀ ਹੋਣ ਦੇ ਬਾਵਜੂਦ ਪੰਜਾਬੀਆਂ ਨੇ ਦੇਸ਼ ਦੇ ਅਨਾਜ ਭੰਡਾਰ ਵਿਚ 60 ਫੀਸਦੀ ਯੋਗਦਾਨ ਦੇ ਕੇ ਦੇਸ਼ ਦੀ ਅਨਾਜ ਸੁਰੱਖਿਆ ਆਪਣੀ ਮਿਹਨਤ ਨਾਲ ਕਾਇਮ ਕੀਤੀ। ਸ. ਬਾਦਲ ਨੇ ਕਿਹਾ ਕਿ ਹੁਣ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਬਣਨ ਪਿੱਛੋਂ ਪੰਜਾਬ ਵਾਸੀਆਂ ਨੂੰ ਉਮੀਦ ਬੱਝੀ ਹੈ ਕਿ ਪੰਜਾਬ ਨਾਲ ਹੁੰਦੇ ਆ ਰਹੇ ਵਿਤਕਰਿਆਂ ਦਾ ਅੰਤ ਹੋਵੇਗਾ ਤੇ ਉਨ੍ਹਾਂ ਨੂੰ ਇਨਸਾਫ਼ ਮਿਲੇਗਾ। ਪੰਜਾਬ ਵਾਸੀ ਭੀਖ ਨਹੀਂ ਸਗੋਂ ਆਪਣੇ ਹੱਕ ਮੰਗ ਰਹੇ ਹਨ।



## ਇਕੱਠ ਵਿਚ ਨਾ ਦਿੱਸੇ ਭਾਜਪਾ ਆਗੂ

ਮੁੱਖ ਸਮਾਗਮ ਵਿਚ ਸਟੇਜ ਉੱਪਰ ਤਾਂ ਭਾਜਪਾ ਲੀਡਰਸ਼ਿਪ ਹਾਵੀ ਰਹੀ ਪਰ ਪੰਡਾਲ ਵਿਚ ਹਾਜ਼ਰੀ ਨਾ ਦੇ ਬਰਾਬਰ ਰਹੀ। ਮੁੱਖ ਸਟੇਜ ਉੱਪਰ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਭਾਜਪਾ ਪ੍ਰਧਾਨ ਅਮਿਤ ਸ਼ਾਹ, ਗ੍ਰਹਿ ਮੰਤਰੀ ਭਾਰਤ ਰਾਜਨਾਥ ਸਿੰਘ, ਕੌਮੀ ਸੀਨੀਅਰ ਮੀਤ ਪ੍ਰਧਾਨ ਅਵਿਨਾਸ਼ ਰਾਏ ਖੰਨਾ, ਪੰਜਾਬ ਪ੍ਰਧਾਨ ਕਮਲ ਸ਼ਰਮਾ, ਕੇਂਦਰੀ ਰਾਜ ਮੰਤਰੀ ਵਿਜੇ ਸਾਂਪਲਾ, ਪੰਜਾਬ ਦੇ ਵਜ਼ੀਰ ਮਦਨ ਮੋਹਨ ਮਿੱਤਲ ਤੇ ਭਗਤ ਚੂਨੀ ਲਾਲ ਤੋਂ ਇਲਾਵਾ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੱਟਰ ਵੀ ਸੁਸ਼ੋਭਿਤ ਸਨ। ਇਸ ਹਿਸਾਬ ਨਾਲ ਸਟੇਜ ਉੱਪਰ ਭਾਜਪਾ ਆਗੂਆਂ ਦਾ ਦਬਦਬਾ ਨਜ਼ਰ ਆ ਰਿਹਾ ਸੀ, ਪਰ ਪੰਜਾਬ ਸਰਕਾਰ ਵਿਚ ਭਾਈਵਾਲ ਹੋਣ ਦੇ ਬਾਵਜੂਦ ਇਕੱਠ ਵਿਚ ਭਾਜਪਾ ਦੀ ਹਾਜ਼ਰੀ ਨਾ ਦੇ ਬਰਾਬਰ ਸੀ। ਕਿਸੇ ਵੀ ਹਲਕੇ ਤੋਂ ਭਾਜਪਾ ਵਿਧਾਇਕ ਬੱਸਾਂ ਲੈ ਕੇ ਨਹੀਂ ਸਨ ਪੁੱਜੇ।

## ਸਥਾਪਨਾ ਸਮਾਗਮ: ਕੁਝ ਝਲਕੀਆਂ

- ਹੋਰ ਪਾਰਟੀਆਂ ਸਮਾਗਮ ਤੋਂ ਦੂਰ ਹੀ ਰਹੀਆਂ।
- ਪੰਥਕ ਪੱਤਾ ਖੇਡਣ ਦੇ ਦੋਸ਼ਾਂ ਉਤੇ ਵਾਰ-ਵਾਰ ਸਫਾਈ ਦਿੰਦੇ ਨਜ਼ਰ ਆਏ ਬਾਦਲ
- ਕੇਂਦਰੀ ਆਗੂਆਂ ਵੱਲੋਂ ਪੰਜਾਬ ਲਈ ਕੋਈ ਐਲਾਨ ਨਾ ਕੀਤਾ
- ਇਕੱਠ ਵਿਚ ਨਜ਼ਰ ਨਾ ਆਏ ਭਾਰਤੀ ਜਨਤਾ ਪਾਰਟੀ ਦੇ ਆਗੂ
- ਪੰਡਾਲ ਵਿਚੋਂ ਸਿਰਫ਼ ਅਕਾਲੀਆਂ ਦੇ ਬੋਲਣ ਸਮੇਂ ਹੀ ਨਾਅਰੇ ਲਗਦੇ ਰਹੇ
- ਤੋਲ-ਮੋਲ ਕੇ ਹੀ ਭਾਸ਼ਣ ਦਿੰਦੇ ਨਜ਼ਰ ਆਏ ਕੇਂਦਰੀ ਆਗੂ।

## ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਪੁੱਛ-ਪ੍ਰਤੀਤ ਨਾ ਹੋਈ

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਮੁੱਖ ਸਟੇਜ ਉੱਪਰ ਬਿਠਾਇਆ ਵੀ ਨਹੀਂ ਗਿਆ। ਉਹ ਧਾਰਮਿਕ ਸੰਤ ਮਹਾਂਪੁਰਸ਼ਾਂ ਵਾਲੀ ਸਟੇਜ ਉੱਪਰ ਬੈਠੇ ਤੇ ਉਥੋਂ ਹੀ ਸੰਬੋਧਨ ਕੀਤਾ ਪਰ ਬਾਅਦ ਵਿਚ ਕਿਵੇਂ ਨਾ ਕਿਵੇਂ ਅਖੀਰ ਮੁੱਖ ਸਮਾਗਮ ਦੇ ਸਟੇਜ ਦੇ ਕਿਨਾਰੇ ਉਪਰ ਆ ਬੈਠੇ ਸਨ। ਸਮਾਗਮ ਦੀ ਮੁੱਖ ਸਟੇਜ ਉਪਰੋਂ ਸ਼੍ਰੋਮਣੀ ਕਮੇਟੀ ਪ੍ਰਧਾਨ ਦਾ ਕਿਸੇ ਨੇ ਨਾਂ ਤੱਕ ਨਹੀਂ ਲਿਆ।

# ਵਿਰਾਸਤ-ਏ-ਖਾਲਸਾ ਪ੍ਰਾਜੈਕਟ ਲਈ ਕੇਂਦਰੀ ਫੰਡ ਮਿਲਣੇ ਬੰਦ

**ਬਠਿੰਡਾ:** ਵਿਰਾਸਤ-ਏ-ਖਾਲਸਾ ਪ੍ਰਾਜੈਕਟ ਨੂੰ ਕੇਂਦਰੀ ਫੰਡ ਮਿਲਣੇ ਬੰਦ ਹੋ ਗਏ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਪ੍ਰੋਜੈਕਟ ਵਾਸਤੇ ਫੰਡ ਲੈਣ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਪੱਤਰ ਵੀ ਲਿਖਿਆ ਹੈ ਪਰ ਹਾਲੇ ਤੱਕ ਮੋਦੀ ਸਰਕਾਰ ਨੇ ਕੋਈ ਪੈਸਾ ਨਹੀਂ ਘੱਲਿਆ। ਸ੍ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ ਤੋਂ ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ



ਅਨੁਸਾਰ 1998-99 ਵਿਚ ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਹੈਰੀਟੇਜ ਕੰਪਲੈਕਸ ਦੀ ਸ਼ੁਰੂਆਤ ਕੀਤੀ ਸੀ। ਕੇਂਦਰ ਦੀ ਤਤਕਾਲੀ ਐਨ.ਡੀ.ਏ. ਸਰਕਾਰ ਨੇ ਪ੍ਰੋਜੈਕਟ ਵਾਸਤੇ 31 ਕਰੋੜ ਰੁਪਏ ਦਿੱਤੇ ਹਨ ਤੇ ਉਸ ਮਗਰੋਂ ਯੂ.ਪੀ.ਏ. ਸਰਕਾਰ ਨੇ 45.68 ਕਰੋੜ ਰੁਪਏ ਦੇ ਫੰਡ ਦਿੱਤੇ।

ਪੰਜਾਬ ਸਰਕਾਰ ਵੱਲੋਂ ਤਕਰੀਬਨ ਪੌਣੇ ਦੋ ਸੌ ਕਰੋੜ ਰੁਪਏ ਖਰਚੇ ਜਾ ਚੁੱਕੇ ਹਨ। ਵੇਰਵਿਆਂ ਅਨੁਸਾਰ ਪ੍ਰੋਜੈਕਟ ਦੀ ਮੁੱਢਲੀ ਲਾਗਤ ਕੀਮਤ 224 ਕਰੋੜ ਰੁਪਏ ਸੀ ਜੋ ਹੁਣ ਵਧ ਕੇ 327 ਕਰੋੜ ਰੁਪਏ ਹੋ ਗਈ ਹੈ। ਪਹਿਲੇ ਫੰਡ ਤਾਂ ਕੇਂਦਰ ਨੇ ਜਾਰੀ ਕਰ ਦਿੱਤੇ ਪਰ ਵਧੀ ਲਾਗਤ ਤਹਿਤ 34.40 ਕਰੋੜ ਰੁਪਏ ਦੀ ਹਿੱਸੇਦਾਰੀ ਦਿੱਤੀ ਨਹੀਂ।

ਸ. ਬਾਦਲ ਨੇ ਸਭ ਤੋਂ ਪਹਿਲਾਂ 18 ਅਕਤੂਬਰ, 2012 ਨੂੰ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਕੇਂਦਰ ਦੀ ਫੰਡ ਜਾਰੀ ਕਰਨ ਬਦਲੇ ਜ਼ੋਰਦਾਰ ਸ਼ਲਾਘਾ ਕੀਤੀ ਤੇ ਪ੍ਰੋਜੈਕਟ ਲਈ ਹੋਰ ਫੰਡ ਮੰਗੇ। ਫਿਰ ਉਨ੍ਹਾਂ ਦੋ ਦਸੰਬਰ, 2012 ਨੂੰ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ 34.40 ਕਰੋੜ ਰੁਪਏ ਮੰਗੇ। ਤੀਸਰੀ ਦਫ਼ਾ ਉਨ੍ਹਾਂ ਕੇਂਦਰੀ ਸੱਭਿਆਚਾਰਕ ਮਾਮਲੇ ਮੰਤਰੀ ਨੂੰ 11 ਅਪਰੈਲ, 2013 ਨੂੰ ਪੱਤਰ ਲਿਖ ਕੇ ਕੇਂਦਰੀ ਫੰਡ ਮੰਗੇ। ਜਦੋਂ ਐਨ.ਡੀ.ਏ. ਸਰਕਾਰ ਬਣੀ ਤਾਂ ਮੁੱਖ ਮੰਤਰੀ ਨੇ ਸ੍ਰੀ ਮੋਦੀ ਨੂੰ ਪੱਤਰ ਲਿਖ ਕੇ ਫੰਡ ਮੰਗੇ ਜੋ ਕਿ ਹਾਲੇ ਤੱਕ ਨਹੀਂ ਮਿਲੇ।

ਸਰਕਾਰੀ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਵਿਰਾਸਤ-ਏ-ਖਾਲਸਾ ਦੇ ਇਮਾਰਤਸਾਜ਼ਾਂ ਤੇ ਡਿਜ਼ਾਈਨਰਾਂ ਨੂੰ 27.27 ਕਰੋੜ ਰੁਪਏ ਦੀ ਅਦਾਇਗੀ ਕੀਤੀ ਹੈ। ਮੁੱਖ ਆਰਕੀਟੈਕਟ ਮੋਸ਼ੇ ਸ਼ੈਫਦੀ ਨੂੰ 10.12 ਕਰੋੜ ਤੇ ਸਹਾਇਕ ਆਰਕੀਟੈਕਟ ਅਸ਼ੋਕ ਧਵਨ ਨੂੰ 3.04 ਕਰੋੜ ਰੁਪਏ ਦਿੱਤੇ ਹਨ।

ਸ੍ਰੀ ਅਨੰਦਪੁਰ ਸਾਹਿਬ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਫਸਰ ਐਨ.ਪੀ.ਐਸ. ਰੰਧਾਵਾ ਦਾ ਕਹਿਣਾ ਸੀ ਕਿ ਕੇਂਦਰ ਸਰਕਾਰ ਨੇ ਹਾਲੇ ਤੱਕ 34.40 ਕਰੋੜ ਦੀ ਹਿੱਸੇਦਾਰੀ ਵਾਲੇ ਫੰਡ ਜਾਰੀ ਨਹੀਂ ਕੀਤੇ ਤੇ ਹੁਣ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਇਸ ਸਬੰਧੀ ਪੱਤਰ ਵੀ ਲਿਖਿਆ ਹੈ। ਪ੍ਰਾਜੈਕਟ ਦਾ ਦੂਸਰਾ ਪੜਾਅ ਅਪਰੈਲ 2016 ਤੱਕ ਮੁਕੰਮਲ ਹੋ ਜਾਵੇਗਾ।

# ਸਿੱਖਾਂ ਦੇ ਗੁਣ ਗਾ ਕੇ ਚਲਦੇ ਬਣੇ ਦਿੱਲੀ ਵਾਲੇ ਪ੍ਰਾਹੁਣੇ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦੇ 350 ਸਾਲ ਪੂਰੇ ਹੋਣ ਦੇ ਅਤਿ-ਪ੍ਰਚਾਰੇ ਸਮਾਗਮ ਸਮਾਪਤ ਹੋ ਗਏ ਹਨ। ਸਰਕਾਰ ਤੇ ਅਕਾਲੀ ਦਲ ਨੇ ਇਨ੍ਹਾਂ ਸਮਾਗਮਾਂ ਨੂੰ ਸਫ਼ਲ ਬਣਾਉਣ ਤੇ ਕੇਂਦਰ ਦੀ ਸੀਨੀਅਰ ਲੀਡਰਸ਼ਿਪ ਨੂੰ ਬੁਲਾਉਣ ਲਈ ਪੂਰਾ ਟਿੱਲ ਲਾਇਆ ਹੋਇਆ ਸੀ। ਸਮਾਗਮਾਂ ਵਿਚ ਦਿੱਲੀ ਤੋਂ ਪੁੱਜੇ ਵੱਡੇ ਲੀਡਰ ਤੇ ਹਰ ਧਰਮ ਦੇ ਆਗੂਆਂ ਪੰਜਾਬ ਲਈ ਕੋਈ ਐਲਾਨ ਨਾ ਕੀਤਾ, ਸਿਰਫ਼ ਸਿੱਖਾਂ ਦੀ ਵਡਿਆਈ ਕਰਦੇ ਜੋਸ਼ੀਲੇ ਭਾਸ਼ਣ ਦੇ ਕੇ ਆਪਣੀ ਹਾਜ਼ਰੀ ਭਰੀ।

ਪ੍ਰਧਾਨ ਮੰਤਰੀ ਦੇ ਸਮਾਗਮ ਵਿਚ ਆਉਣ ਦੀ ਸੰਭਾਵਨਾ ਨੂੰ ਲੈ ਕੇ ਪੰਜਾਬ ਨੂੰ ਕਿਸੇ ਨਾ ਕਿਸੇ ਤਰ੍ਹਾਂ ਦਾ ਰਾਹਤ ਪੈਕੇਜ ਦਿੱਤੇ ਜਾਣ ਦੀ ਚਰਚਾ ਵੀ ਸ਼ੁਰੂ ਹੋ ਗਈ ਸੀ, ਪਰ ਉਨ੍ਹਾਂ ਵੱਲੋਂ ਇਨਕਾਰ ਕੀਤੇ ਜਾਣ ਬਾਅਦ ਭਾਵੇਂ ਆਸ ਤਾਂ ਘੱਟ ਹੀ ਸੀ ਪਰ ਫਿਰ ਵੀ ਕੇਂਦਰੀ ਨੇਤਾਵਾਂ ਦੇ ਆਉਣ ਨਾਲ ਕੁਝ ਨਾ ਕੁਝ ਦਿੱਤੇ ਜਾਣ ਦੀ ਚਰਚਾ ਸੀ। ਵਰਨਣਯੋਗ ਹੈ ਕਿ 300 ਸਾਲਾ ਖਾਲਸਾ ਸਾਜਨਾ ਸਮਾਗਮ ਵਿਚ ਆਏ ਪ੍ਰਧਾਨ ਮੰਤਰੀ ਅਟੱਲ ਬਿਹਾਰੀ ਵਾਜਪਾਈ ਨੇ ਹੋਰ ਕਈ ਪ੍ਰੋਜੈਕਟਾਂ ਦੇ ਇਲਾਵਾ 100 ਕਰੋੜ ਦੀ ਗ੍ਰਾਂਟ ਦਿੱਤੀ ਪਰ ਇਨ੍ਹਾਂ ਸਮਾਗਮਾਂ ਵਿਚ ਕੇਂਦਰੀ ਨੇਤਾਵਾਂ ਨੇ ਸਿੱਖਾਂ ਦੀ ਭੂਮਿਕਾ ਦੀ ਸਰਾਹਨਾ ਕਰਨ ਵਿਚ ਕਸਰ ਤਾਂ ਕੋਈ ਨਹੀਂ ਛੱਡੀ, ਪਰ ਅਨੰਦਪੁਰ ਸਾਹਿਬ ਜਾਂ ਪੰਜਾਬ ਲਈ ਕਿਸੇ ਵੀ ਤਰ੍ਹਾਂ ਦੀ ਰਾਹਤ ਦੇਣ ਬਾਰੇ ਪੂਰੀ ਤਰ੍ਹਾਂ ਮੁੱਠੀ ਹੀ ਘੁੱਟ ਲਈ। ਇਕ ਸੀਨੀਅਰ ਅਕਾਲੀ ਨੇਤਾ ਕਹਿ ਰਹੇ ਸਨ ਕਿ ਹੁਣ ਤਾਂ ਇਹ ਗੱਲ ਪੂਰੀ ਤਰ੍ਹਾਂ ਸੱਚੀ ਸਾਬਤ ਹੋਣ ਲੱਗੀ ਹੈ ਕਿ ਮੌਜੂਦਾ ਕੇਂਦਰ ਸਰਕਾਰ ਵੀ ਪੰਜਾਬ ਦੀਆਂ ਸਮੱਸਿਆਵਾਂ ਖਾਸ ਕਰ ਕਰਜ਼ਾ ਤੇ ਖੇਤੀ ਸੰਕਟ ਹੱਲ ਕਰਨ ਬਾਰੇ ਭੋਰਾ ਵੀ ਫਿਕਰਮੰਦ ਨਹੀਂ।

ਇੰਨੇ ਵੱਡੇ ਸਮਾਗਮ ਵਿਚ ਪੰਜਾਬ ਦੇ ਹਿੱਤਾਂ ਉਤੇ ਗੱਲ ਕਰਨ ਦੀ ਝਿਜਕ ਵੀ ਰੜਕਦੀ ਰਹੀ। ਅਕਾਲੀ ਆਗੂ ਖ਼ੁਦ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਸਭ ਤੋਂ ਵੱਡੇ ਮੁੱਦਈ ਕਹਾਉਣ ਦੀ ਸਫ਼ਾਈ ਦਿੰਦੇ ਹੀ ਨਜ਼ਰ ਆਏ। ਕੇਂਦਰੀ ਆਗੂਆਂ ਨੇ ਪੰਜਾਬ ਨੂੰ ਕੁਝ ਦੇਣਾ ਤਾਂ ਕੀ ਸੀ, ਸਗੋਂ ਰਾਜਨਾਥ ਸਿੰਘ ਆਪਣੇ ਭਾਸ਼ਣ ਵਿਚ ਮਿੱਠੀ ਝਿੜਕ ਜ਼ਰੂਰ ਦੇ ਗਏ।

ਰਾਜਨਾਥ ਸਿੰਘ ਨੇ ਕਿਹਾ ਕਿ 'ਪੰਜਾਬ ਬਹੁਤ ਚੰਗਾ ਹੈ ਪਰ ਜਦੋਂ ਇਥੋਂ ਦੀ ਧਾਰਮਕ ਨਗਰੀ ਵਿਚ ਨਸ਼ੇ ਵਿਕਣ ਦੀਆਂ ਰਿਪੋਰਟਾਂ ਆਉਂਦੀਆਂ ਹਨ ਤਾਂ ਮਨ ਬਹੁਤ ਦੁਖੀ ਹੁੰਦਾ ਹੈ। ਸੂਤਰ ਦੱਸਦੇ ਹਨ ਕਿ ਇਸ ਸਮਾਗਮ ਵਿਚ ਇਕੱਲੇ ਪੁਲਿਸ ਮਹਿਕਮੇ ਦਾ ਹੀ ਖ਼ਰਚਾ 70 ਤੋਂ 80 ਲੱਖ ਰੁਪਏ ਹੋ ਗਿਆ।

(ਸਥਾਪਨਾ ਦਿਵਸ ਬਾਰੇ ਹੋਰ ਖਬਰਾਂ ਸਫਾ 16-17 ਉਤੇ ਵੇਖੋ)



## ਆਨੰਦਪੁਰ ਸਾਹਿਬ ਨੂੰ ਨਾ ਮਿਲਿਆ ਕੋਈ ਤੋਹਫ਼ਾ

**ਸ੍ਰੀ ਅਨੰਦਪੁਰ ਸਾਹਿਬ:** ਅਨੰਦਪੁਰ ਸਾਹਿਬ ਵਿਖੇ 350 ਸਾਲਾ ਸਥਾਪਨਾ ਦਿਵਸ ਸਮਾਗਮਾਂ ਮੌਕੇ ਸੂਬਾਈ ਤੇ ਕੇਂਦਰੀ ਲੀਡਰਸ਼ਿਪ ਨੇ ਪਵਿੱਤਰ ਨਗਰੀ ਲਈ ਕੋਈ ਪ੍ਰੋਜੈਕਟ ਨਹੀਂ ਐਲਾਨਿਆ। ਇਸ ਕਰਕੇ ਇਥੋਂ ਦੇ ਵਾਸੀਆਂ ਤੇ ਸਥਾਨਕ ਆਗੂਆਂ ਦੀਆਂ ਆਸਾਂ ਉਤੇ ਪਾਣੀ ਫਿਰ ਗਿਆ ਹੈ।

ਜ਼ਿਕਰਯੋਗ ਹੈ ਕਿ ਜਦੋਂ ਤੋਂ ਪੰਜਾਬ ਸਰਕਾਰ ਨੇ ਇਸ ਸਮਾਗਮ ਨੂੰ ਵੱਡੇ ਪੱਧਰ ਉਤੇ ਮਨਾਉਣ ਦੇ ਯਤਨ ਸ਼ੁਰੂ ਕੀਤੇ ਹਨ, ਉਦੋਂ ਤੋਂ ਹੀ ਅਧਿਕਾਰੀਆਂ ਵੱਲੋਂ ਕਈ ਤਰ੍ਹਾਂ ਦੀਆਂ ਸਕੀਮਾਂ ਘੜੀਆਂ ਜਾਣ ਲੱਗ ਪਈਆਂ ਸਨ। ਜਦੋਂ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪੁੱਜੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਭਾਸ਼ਣ ਖ਼ਤਮ ਹੋਇਆ ਤਾਂ ਲੋਕਾਂ ਦੇ ਪੱਲੇ ਨਿਰਾਸ਼ਾ ਹੀ ਪਈ।

ਸਮਾਗਮਾਂ ਨੂੰ ਮਨਾਉਣ ਲਈ ਤਿਆਰੀਆਂ ਸ਼ੁਰੂ ਹੋਣ ਤੋਂ ਬਾਅਦ ਕਈ ਵਾਰੀ ਆਗੂਆਂ ਦੇ ਬਿਆਨ ਆਏ ਸਨ ਕਿ ਅਨੰਦਪੁਰ ਸਾਹਿਬ ਵਿਚ ਆਫੀਸਰਜ਼ ਸਿਖਲਾਈ ਸੰਸਥਾ, ਮਨੋਰੰਜਨ ਪਾਰਕ ਤੇ ਹੋਰ ਕਈ ਪ੍ਰੋਜੈਕਟਾਂ ਦਾ 19 ਜੂਨ ਨੂੰ ਐਲਾਨ ਹੋ ਸਕਦਾ ਹੈ ਪਰ ਪੂਰੇ ਸਮਾਗਮ ਦੌਰਾਨ ਨਾ ਹੀ ਕਿਸੇ ਆਗੂ ਨੇ ਕੋਈ ਪ੍ਰੋਜੈਕਟ ਸ਼ੁਰੂ ਕਰਨ ਦੀ ਗੱਲ ਆਖੀ ਤੇ ਨਾ ਹੀ ਕੋਈ ਭਰੋਸਾ ਦੁਆਇਆ। ਅਕਾਲੀ-ਭਾਜਪਾ ਆਗੂ ਇਕ ਦੂਜੇ ਪ੍ਰਤੀ ਵਫ਼ਾਦਾਰੀ ਦਾ ਭਰੋਸਾ ਹੀ ਦਿਵਾਉਂਦੇ ਰਹੇ।

# Dhillon Truck Stop
## Dhillon Road Service

Interstate 40, exit 356, San Jon, NM




ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 575-815-8536

# H K TRANSPORT INC

*Division of HK Incorporated*
1401 West Ray St, Indianapolis, IN 46221
Ph: 317-408-3211, web: www.hktransportinc.com



## ਓਨਰ ਅਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ ਹੈ

ਸਾਰੀਆਂ 48 ਸਟੇਟਾਂ ਲਈ, ਡਰਾਈ ਫਰੇਟ, 100% ਨੋ ਟੱਚ, ਬਰੈਂਡ ਨਿਊ ਟਰੱਕ/ਟਰੇਲਰ, ਡਾਇਰੈਕਟ ਡਿਪੋਜ਼ਿਟ, ਮੈਡੀਕਲ ਸਹੂਲਤਾਂ ਅਤੇ 5000 ਡਾਲਰ ਸਾਈਨ-ਇਨ ਬੋਨਸ

| ਓਨਰ ਅਪਰੇਟਰਾਂ ਲਈ | ਡਰਾਈਵਰਾਂ ਲਈ |
|---|---|
| *92% ਫਲੈਟ ਡਿਸਪੈਚ<br>*30 ਸੈਂਟ/ਗੈਲਨ ਤੱਕ ਫਿਊਲ ਡਿਸਕਾਊਂਟ<br>*ਬਰੈਂਡ ਨਿਊ ਟਰੇਲਰ<br>*ਨੈਸ਼ਨਲ ਟਾਇਰ ਰਿਬੇਟ ਪ੍ਰੋਗਰਾਮ | *48 ਸੈਂਟ ਤੱਕ ਪ੍ਰਤੀ ਮੀਲ<br>*95% ਲੋਡ ਯਾਰਡ 'ਚ ਹੁੱਕ ਐਂਡ ਡਰਾਪ<br>*ਵਧੀਆ ਅਤੇ ਸਾਫ ਸੁਥਰੇ ਟਰੱਕ |

*ਡਰਾਈਵਰਾਂ ਅਤੇ ਓਨਰ ਅਪਰੇਟਰਾਂ ਲਈ ਡਾਇਰੈਕਟ ਡਿਪਾਜ਼ਿਟ ਅਤੇ ਵੀਕਲੀ ਪੇਅ*

*ਲੋੜੀਂਦੀ ਯੋਗਤਾ:*
■ਕਲਾਸ ਏ ਸੀ ਡੀ ਐਲ ਅਤੇ ਸਾਫ-ਸੁਥਰਾ ਰਿਕਾਰਡ ਹੋਵੇ ■ਉਮਰ ਘੱਟੋ ਘੱਟ 23 ਸਾਲ
■ਘੱਟੋ ਘੱਟ 2 ਸਾਲ ਦਾ ਓ ਟੀ ਆਰ ਅਤੇ ਕੁਲ 5 ਸਾਲ ਦਾ ਤਸਦੀਕਯੋਗ ਤਜ਼ਰਬਾ ਹੋਵੇ।

*ਤੁਸੀਂ ਸਾਡੇ 'ਲੀਜ਼ ਟੂ ਬਾਈ' ਪ੍ਰੋਗਰਾਮ ਦਾ ਲਾਭ ਵੀ ਉਠਾ ਸਕਦੇ ਹੋ*
*ਡਾਇਰੈਕਟ ਡਿਪਾਜ਼ਿਟ ਅਤੇ ਪੰਪ 'ਤੇ ਫਿਊਲ ਰਿਬੇਟ*

**ਸੰਪਰਕ ਕਰੋ: ਫੋਨ 317-408-3211**
ਜਾਂ ਵੈਬ ਸਾਈਟ www.hktransportinc.com 'ਤੇ ਅਰਜੀ ਭਰੋ

PRE-MED COURSES AT MANIPAL UNIVERSITY, INDIA

MD PROGRAM AT AMERICAN UNIVERSITY OF ANTIGUA

American University of Antigua (AUA) College of Medicine, a division of Manipal Global Education Services, is proud to announce an articulation agreement with Manipal University!



Manipal University is offering a 3-year BSc in Biosciences at Manipal University in Manipal, India. Through this agreement with AUA College of Medicine, students who satisfactorily complete the first two years of the Manipal BSc degree will be automatically accepted into AUA's MD program.

**Send in your application for the August 2015 class today!**

*For more information, please visit:*
**www.ManipalBSCtoMD.org**

manipalglobal
AMERICAN UNIVERSITY of ANTIGUA




# ਨਿਆਰੀ ਕ੍ਰਾਂਤੀ ਦੀ ਧਰਤੀ ਅਨੰਦਪੁਰ ਸਾਹਿਬ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਦੇ 350 ਸਾਲ 19 ਜੂਨ ਨੂੰ ਪੂਰੇ ਹੋ ਗਏ ਹਨ। ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਵੱਡੇ ਇਤਿਹਾਸਕ ਫ਼ੈਸਲਿਆਂ ਤੇ ਕ੍ਰਾਂਤੀਕਾਰੀ ਬਦਲਾਅ ਦਾ ਮੁੱਢ ਬੰਨ੍ਹਣ ਵਾਲੀ ਧਰਤੀ ਹੈ। ਹਿੰਦੁਸਤਾਨ ਦੇ ਨਵੇਂ ਭਵਿੱਖ ਦੀ ਬਣਤਰ ਦਾ ਖਾਕਾ ਇਸੇ ਧਰਤੀ ਉਤੇ ਖਿੱਚਿਆ ਗਿਆ ਸੀ। ਇਸੇ ਧਰਤੀ ਉਤੇ ਸਿੱਖੀ ਦੇ ਬਹੁਤ ਸਾਰੇ ਮੁੱਢਲੇ ਸਿਧਾਂਤ ਤੇ ਸੰਕਲਪ, ਵਿਹਾਰਕ ਪੱਧਰ ਉਤੇ ਸਥਾਪਤ ਹੋਏ ਸਨ। ਇਤਿਹਾਸ ਦੇ ਪੰਨਿਆਂ ਉਤੇ ਇਹ ਹਕੀਕਤ ਦਰਜ ਹੈ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ, ਧਰਮ ਦੀ ਆਜ਼ਾਦੀ ਨੂੰ ਬਹਾਲ ਕਰਾਉਣ ਲਈ ਕੁਰਬਾਨੀ ਦੇਣ ਦਾ ਫ਼ੈਸਲਾ ਗੁਰੂ ਤੇਗ ਬਹਾਦਰ ਸਾਹਿਬ ਨੇ ਇਸੇ ਧਰਤੀ ਉਤੇ ਕੀਤਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਥੇ ਹੀ ਖਾਲਸਾ ਪੰਥ ਦੀ ਸਾਜਨਾ ਕੀਤੀ।

ਅਨੰਦਪੁਰ ਸਾਹਿਬ ਦੀ ਸਥਾਪਨਾ ਗੁਰੂ ਸਾਹਿਬਾਨ ਵੱਲੋਂ ਆਪਣੇ ਜੀਵਨ ਵਿਚ ਸਿੱਖ ਧਰਮ ਤੇ ਪੰਥ ਦੀ ਪ੍ਰਫੁੱਲਤਾ ਲਈ ਵਸਾਏ ਗਏ ਕਰਤਾਰਪੁਰ, ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਅੰਮ੍ਰਿਤਸਰ, ਤਰਨਤਾਰਨ ਤੇ ਕੀਰਤਪੁਰ ਸਾਹਿਬ ਨਗਰਾਂ ਦੀ ਸਥਾਪਨਾ ਦੀ ਚਲਾਈ ਗਈ ਲੜੀ ਦਾ ਵੀ ਇਕ ਸਿਖਰ ਹੈ। ਅਨੰਦਪੁਰ ਸਾਹਿਬ ਦੀ ਨੀਂਹ 19 ਜੂਨ 1665 ਨੂੰ ਗੁਰੂ ਤੇਗ ਬਹਾਦਰ ਸਾਹਿਬ ਵੱਲੋਂ ਭੋਰਾ ਸਾਹਿਬ ਦੇ ਸਥਾਨ ਉਤੇ ਸਮੇਂ ਦੀ ਪਰੰਪਰਾ ਅਨੁਸਾਰ ਮੋੜ੍ਹੀ ਗੱਡ ਕੇ ਰੱਖੀ ਗਈ ਸੀ। ਗੁਰੂ ਨਾਨਕ ਦੇਵ ਜੀ ਦਾ ਜਨਮ ਪਾਕਿਸਤਾਨ ਵਿਚ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਵਿਖੇ ਹੋਇਆ ਸੀ, ਪਰ ਉਨ੍ਹਾਂ ਨੇ ਆਦਰਸ਼ਕ ਸਮਾਜਿਕ ਰਿਸ਼ਤਿਆਂ ਤੇ ਸਫ਼ਲ ਜੀਵਨ ਦਿਸ਼ਾ ਦੇਣ ਵਾਲਾ ਪਹਿਲਾ ਨਗਰ ਕਰਤਾਰਪੁਰ ਵਸਾਇਆ ਸੀ। ਇਨ੍ਹਾਂ ਹੀ ਲੀਹਾਂ ਉਤੇ ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਸ੍ਰੀ ਅੰਮ੍ਰਿਤਸਰ, ਤਰਨਤਾਰਨ, ਕੀਰਤਪੁਰ ਸਾਹਿਬ ਤੇ ਅਨੰਦਪੁਰ ਸਾਹਿਬ ਨਗਰਾਂ ਦੀ ਸਥਾਪਨਾ ਕੀਤੀ ਗਈ। ਇਸ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਨਾਲ ਗੁਰੂ ਸਾਹਿਬਾਨ ਦੇ ਬਹੁਪਰਤੀ ਰਿਸ਼ਤਿਆਂ ਦੀ ਸਾਂਝ ਤੇ ਪੰਥ ਤੇ ਮਨੁੱਖਤਾ ਨੂੰ ਇਨ੍ਹਾਂ ਨਗਰਾਂ ਰਾਹੀਂ ਦਿੱਤਾ ਜਾਣ ਵਾਲਾ ਵਿਸ਼ਵਵਿਆਪੀ ਸੰਦੇਸ਼ ਤੇ ਉਸ ਅਨੁਸਾਰ ਹੀ ਪੰਥ ਦਾ ਭਵਿੱਖ ਦਾ ਕਾਰਜ ਏਜੰਡਾ ਉਲੀਕਣਾ ਮਹੱਤਵਪੂਰਨ ਬਣ ਜਾਂਦਾ ਹੈ।


ਗੁਰੂ ਤੇਗ ਬਹਾਦਰ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਉਪਰੰਤ 1665 ਵਿਚ ਅਨੰਦਪੁਰ ਸਾਹਿਬ ਦੀ ਸਥਾਪਨਾ ਕੀਤੀ ਸੀ। ਅਨੰਦਪੁਰ ਸਾਹਿਬ ਦੀ ਸਥਾਪਨਾ ਸਿੱਖੀ ਦੇ ਵੱਡੇ ਮਕਸਦਾਂ ਦੀ ਪੂਰਤੀ ਲਈ ਆਪਣੇ ਆਪ ਵਿਚ ਇਕ ਮੀਲ ਪੱਥਰ ਸੀ। ਸਮਾਜ ਦੇ ਹਰ ਵਰਗ ਤੇ ਕਿੱਤੇ ਨਾਲ ਸਬੰਧਤ ਲੋਕਾਂ ਦਾ ਇਥੇ ਆ ਕੇ ਵੱਸਣਾ, ਘਰਾਂ ਦੀ ਉਸਾਰੀ, ਬਾਜ਼ਾਰ, ਗਲੀਆਂ, ਧਾਰਮਿਕ ਸਰਗਰਮੀਆਂ ਲਈ ਭੋਰਾ ਸਾਹਿਬ ਸਮੇਤ ਹੋਰ ਸਥਾਨਾਂ ਦੀ ਉਸਾਰੀ, ਸਿੱਖ ਸੰਗਤਾਂ ਦਾ ਅਨੰਦਪੁਰ ਸਾਹਿਬ ਗੁਰੂ ਦਰਸ਼ਨਾਂ ਲਈ ਆਉਣਾ, ਗੁਰੂ ਪਰਿਵਾਰ ਦੇ ਮਹਿਲਾਂ ਤੇ ਮਾਤਾ ਗੁਜਰੀ ਜੀ ਦਾ ਆਈ ਸੰਗਤ ਦੀ ਟਹਿਲ ਸੇਵਾ ਕਰਨਾ, ਧਰਮ ਪ੍ਰਚਾਰ ਲਈ ਗੁਰੂ ਸਾਹਿਬ ਵੱਲੋਂ ਪੰਜਾਬ ਤੇ ਪੰਜਾਬ ਤੋਂ ਬਾਹਰ ਲੰਮੇ ਪ੍ਰਚਾਰ ਦੌਰਿਆਂ ਉਤੇ ਜਾਣਾ ਆਦਿ ਸਭ ਇਥੋਂ ਦੇ ਇਤਿਹਾਸ ਦੇ ਰੌਸ਼ਨ ਪਹਿਲੂ ਹਨ। ਇਥੋਂ ਹੀ ਗੁਰੂ ਤੇਗ ਬਹਾਦਰ ਸਾਹਿਬ ਧਰਮ ਹੇਤ ਮਜ਼ਲੂਮਾਂ ਦੀ ਰਾਖੀ ਲਈ ਸ਼ਹਾਦਤ ਪ੍ਰਾਪਤ ਕਰਨ ਵਾਸਤੇ ਦਿੱਲੀ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਪਟਨਾ ਸਾਹਿਬ ਵਿਖੇ 1666 ਵਿਚ ਹੋਇਆ ਸੀ। ਅਨੰਦਪੁਰ ਸਾਹਿਬ ਉਨ੍ਹਾਂ ਦੀ ਕਰਮ ਭੂਮੀ ਸੀ। ਆਪਣੀ ਰਚਨਾ 'ਬਚਿੱਤਰ ਨਾਟਕ' ਵਿਚ ਉਹ ਅਨੰਦਪੁਰ ਸਾਹਿਬ ਨੂੰ 'ਮਦ੍ਰ ਦੇਸ਼' ਦੇ ਰੂਪ ਵਿਚ ਬਿਆਨ ਕਰਦੇ ਹਨ।

ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਸਾਜਿਆ ਗਿਆ ਸੀ, ਉਸ ਦੀ ਪੂਰਨਤਾ ਵਿਚ ਅਨੰਦਪੁਰ ਸਾਹਿਬ ਦੀ ਇਤਿਹਾਸਕ ਮਹੱਤਤਾ ਤੇ ਇਸ ਦੇ ਇਲਾਹੀ ਯੋਗਦਾਨ ਦੇ ਵੱਖ-ਵੱਖ ਪੱਧਰ ਤੇ ਨਕਸ਼ ਖ਼ਾਲਸਾ ਪੰਥ ਦੀ ਚੇਤਨਾ ਵਿਚ ਹਰ ਪਲ ਵੱਸੇ ਰਹਿੰਦੇ ਹਨ। ਇਸੇ ਲਈ ਅਨੰਦਪੁਰ ਸਾਹਿਬ ਨੂੰ ਸਿੱਖ ਬੌਧਿਕਤਾ, ਵਿਦਵਤਾ ਤੇ ਵਕਤ ਦੇ ਵਿਦਵਾਨਾਂ ਦਾ ਕੇਂਦਰ ਬਣਾਉਣਾ ਤੇ ਇਸ ਨਗਰ ਨੂੰ 'ਮਾਡਲ ਸਿਟੀ ਸਟੇਟ' ਵਾਂਗ ਵਿਕਸਤ ਕਰਨਾ, ਇਸ ਸ਼ਹਿਰ ਦੀ ਰੱਖਿਆ ਲਈ ਅਪਣਾਏ ਗਏ ਯੁੱਧਨੀਤਕ ਪੈਂਤੜੇ, ਪੰਜ ਕਿਲ੍ਹਿਆਂ ਦੀ ਉਸਾਰੀ, ਅਨੰਦਪੁਰ ਸਾਹਿਬ ਨੂੰ ਇਕ ਸ਼ਕਤੀਸ਼ਾਲੀ ਵਪਾਰਕ-ਆਰਥਿਕ-ਸਭਿਆਚਾਰਕ-ਰਾਜਨੀਤਿਕ ਤੇ ਨਵੀਂ ਕ੍ਰਾਂਤੀ ਦੇ ਕੇਂਦਰ ਵਜੋਂ ਵਿਕਸਿਤ ਕਰਨਾ ਅਜਿਹੇ ਕਰਮ ਤੇ ਜੀਵਨ ਦਿਸ਼ਾਵਾਂ ਹਨ, ਜਿਨ੍ਹਾਂ ਨੂੰ ਖ਼ਾਲਸਾ ਪੰਥ ਨੇ ਆਪਣੇ ਚੇਤੇ ਵਿਚ ਵਸਾਇਆ ਹੋਇਆ ਹੈ। ਅਪਰੈਲ 1999 ਵਿਚ ਖ਼ਾਲਸਾ ਪੰਥ ਦੀ ਸਾਜਨਾ ਦੇ 300ਵੇਂ ਵਰ੍ਹੇ ਨੂੰ ਪੰਥ ਨੇ ਪੂਰੇ ਖ਼ਾਲਸਈ ਜਲੌਅ ਵਿਚ ਮਨਾਇਆ ਸੀ। ਇਸ ਤੋਂ ਪੰਥ ਨੂੰ ਸਿੱਖੀ ਉਦੇਸ਼ਾਂ ਨੂੰ ਪ੍ਰਾਪਤ ਕਰਨ ਲਈ ਨਵੀਂ ਪ੍ਰੇਰਨਾ ਮਿਲੀ ਸੀ।

## ਚੱਕ ਨਾਨਕੀ ਤੋਂ ਅਨੰਦਪੁਰ ਸਾਹਿਬ

ਸ੍ਰੀ ਅਨੰਦਪੁਰ ਸਾਹਿਬ ਨਗਰ ਦੀ ਸਥਾਪਨਾ ਦਾ ਮੁੱਢ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਬੰਨ੍ਹਿਆ ਸੀ। ਸ੍ਰੀ ਕੀਰਤਪੁਰ ਸਾਹਿਬ ਤੋਂ ਅੱਠ ਕਿਲੋਮੀਟਰ ਦੂਰ ਕਹਿਲੂਰ ਦੇ ਰਾਜੇ ਤੋਂ ਗੁਰੂ ਸਾਹਿਬ ਨੇ ਆਪ ਮਾਖੋਵਾਲ ਪਿੰਡ ਦਾ ਥੇਹ ਖਰੀਦਿਆ ਸੀ। ਫਿਰ ਬਾਬਾ ਬੁੱਢਾ ਜੀ ਦੇ ਵੰਸ਼ਜ ਬਾਬਾ ਗੁਰਦਿੱਤਾ ਜੀ ਪਾਸੋਂ ਨੀਂਹ ਰਖਵਾਈ ਸੀ ਤੇ ਨਵੀਂ ਵਸੋਂ ਦਾ ਨਾਂ ਆਪਣੀ ਪੂਜਨੀਕ ਮਾਤਾ ਦੇ ਨਾਂ ਉਤੇ 'ਚੱਕ ਨਾਨਕੀ' ਰੱਖਿਆ ਸੀ। ਭੰਗਾਣੀ ਦੇ ਯੁੱਧ ਵਿਚ ਫੈਸਲਾਕੁੰਨ ਜਿੱਤ ਹਾਸਲ ਕਰਨ ਤੋਂ ਬਾਅਦ ਜਦੋਂ ਗੁਰੂ ਗੋਬਿੰਦ ਸਿੰਘ ਜੀ ਪਉਂਟਾ ਸਾਹਿਬ ਤੋਂ 'ਚੱਕ ਨਾਨਕੀ' ਆਏ ਤਾਂ ਉਨ੍ਹਾਂ ਨੇ ਆਪ ਇਸ ਨਗਰ ਦਾ ਨਾਂ 'ਆਨੰਦਪੁਰ' ਰੱਖਿਆ। ਨਗਰ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਕਿਲ੍ਹਿਆਂ ਦੀ ਉਸਾਰੀ ਕੀਤੀ ਗਈ ਤੇ ਫਿਰ ਹੌਲੀ-ਹੌਲੀ ਇਹ ਨਗਰ ਵੱਡੀਆਂ ਇਤਿਹਾਸਕ ਸਰਗਰਮੀਆਂ ਦਾ ਕੇਂਦਰ ਬਣ ਗਿਆ।

## ਅਨੰਦਪੁਰ ਸਾਹਿਬ ਦੇ ਇਤਿਹਾਸਕ ਕਿਲ੍ਹੇ



ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਵਰੋਸਾਈ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਉਸਾਰੇ ਗਏ ਪੰਜ ਵਿਰਾਸਤੀ ਕਿਲ੍ਹਿਆਂ ਜਿਨ੍ਹਾਂ ਵਿਚ ਕਿਲਾ ਲੋਹਗੜ੍ਹ ਸਾਹਿਬ, ਕਿਲਾ ਫ਼ਤਹਿਗੜ੍ਹ ਸਾਹਿਬ, ਕਿਲਾ ਹੋਲਗੜ੍ਹ ਸਾਹਿਬ, ਕਿਲਾ ਤਾਰਾਗੜ੍ਹ ਸਾਹਿਬ ਤੇ ਕਿਲਾ ਅਨੰਦਗੜ੍ਹ ਸਾਹਿਬ ਦਾ ਵਿਸ਼ੇਸ਼ ਮਹੱਤਵ ਹੈ। ਇਨ੍ਹਾਂ ਵਿਚੋਂ ਕਿਲਾ ਅਨੰਦਪੁਰ ਸਾਹਿਬ ਇਕ ਮੁੱਖ ਕਿਲ੍ਹਾ ਸੀ। ਇਸ ਕਿਲ੍ਹੇ ਦੇ ਨਾਂ 'ਤੇ ਹੀ ਸ਼ਹਿਰ ਦਾ ਨਾਂ ਅਨੰਦਪੁਰ ਰੱਖਿਆ ਗਿਆ। ਸਾਰੇ ਕਿਲ੍ਹਿਆਂ ਦਾ ਨਿਰਮਾਣ ਗੁਰੂ ਜੀ ਨੇ ਮੁਗਲਾਂ ਤੇ ਪਹਾੜੀ ਰਾਜਿਆਂ ਤੋਂ ਸੁਰੱਖਿਆ ਲਈ ਕੀਤਾ ਸੀ।

## ਖੰਡਾ ਬਣਿਆ ਖਿੱਚ ਦਾ ਕੇਂਦਰ



ਪੰਜ ਪਿਆਰਾ ਪਾਰਕ ਵਿਚ ਸੁਸ਼ੋਭਿਤ ਖ਼ਾਲਸਾ ਦੀ ਨਿਰਾਲੀ ਸ਼ਾਨ ਦਾ ਪ੍ਰਤੀਕ 81 ਫੁੱਟ ਉੱਚਾ ਖੰਡਾ ਸੰਗਤਾਂ ਲਈ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਔਰਤਾਂ, ਬੱਚੇ, ਬਜ਼ੁਰਗ ਹਰ ਵਰਗ ਤੇ ਹਰ ਉਮਰ ਦੇ ਲੋਕਾਂ ਨੂੰ ਇਹ ਖੰਡਾ ਆਪਣੇ ਵੱਲ ਖਿੱਚ ਰਿਹਾ ਹੈ। ਬਹੁਤ ਹੀ ਮਾਣ ਤੇ ਸ਼ਾਨ ਨਾਲ ਸਿਰ ਉੱਚਾ ਕਰਕੇ ਸੰਗਤਾਂ ਜਦੋਂ ਇਸ ਚਮਚਮਾਉਂਦੇ ਖੰਡੇ ਨੂੰ ਦੇਖਦੀਆਂ ਹਨ ਤਾਂ ਉਹ ਸਿੱਖੀ ਦੀ ਵਿਲੱਖਣ ਪਛਾਣ ਉਤੇ ਮਾਣ ਮਹਿਸੂਸ ਕਰਦੀਆਂ ਹਨ। ਨਾਲ ਹੀ ਉਨ੍ਹਾਂ ਦੇ ਜ਼ਹਿਨ ਵਿਚ ਗੌਰਵਮਈ ਸਿੱਖ ਇਤਿਹਾਸ ਤੇ ਗੁਰੂ ਸਾਹਿਬਾਨ ਦੀਆਂ ਕੁਰਬਾਨੀਆਂ ਦੀ ਯਾਦ ਆਪ ਮੁਹਾਰੇ ਤਾਜ਼ੀ ਹੋ ਜਾਂਦੀ ਹੈ। ਖੰਡੇ ਦੇ ਨਾਲ ਹੀ ਫੁਹਾਰਿਆਂ ਦੀਆਂ ਗਗਨਚੁੰਬੀ ਉੱਠਦੀਆਂ ਬੁਛਾਰਾਂ ਵੀ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੀਆਂ ਹਨ। ਸ਼ਾਮ ਸਮੇਂ ਤਾਂ ਰੰਗ-ਬਰੰਗੀਆਂ ਰੌਸ਼ਨੀਆਂ ਵਿਚ ਇਹ ਪਾਣੀ ਦੀਆਂ ਬੁਛਾਰਾਂ ਅਲੌਕਿਕ ਨਜ਼ਾਰਾ ਪੇਸ਼ ਕਰਦੀਆਂ ਹਨ।

## ਕੀਰਤਪੁਰ ਸਾਹਿਬ ਪਤਾਲਪੁਰੀ



ਸ੍ਰੀ ਅਨੰਦਪੁਰ ਸਾਹਿਬ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਕੀਰਤਪੁਰ ਸਾਹਿਬ ਵਿਚ ਗੁਰਦੁਆਰਾ ਸ੍ਰੀ ਕੀਰਤਪੁਰ ਸਾਹਿਬ ਸਥਿਤ ਹੈ। ਸਿੱਖ ਪੰਥ ਵਿਚ ਅੰਤਿਮ ਸਸਕਾਰ ਤੋਂ ਬਾਅਦ ਅਸਥੀਆਂ ਤਾਰਨ ਦਾ ਕੰਮ ਸ੍ਰੀ ਕੀਰਤਪੁਰ ਸਾਹਿਬ ਵਿਚ ਹੁੰਦਾ ਹੈ। ਜੋ ਸੰਗਤ ਸ੍ਰੀ ਅਨੰਦਪੁਰ ਸਾਹਿਬ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਆਉਂਦੀ ਹੈ ਉਹ ਇਥੇ ਵੀ ਦਰਸ਼ਨ ਕਰਨ ਲਈ ਰੁਕਦੀ ਹੈ।

## ਬਾਉਲੀ ਸਾਹਿਬ ਦਾ ਮਿੱਠਾ ਪਾਣੀ

ਇਹ ਬਾਉਲੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਚਲੀ ਆ ਰਹੀ ਹੈ ਜਿਸ ਦਾ ਪਾਣੀ ਕਾਫੀ ਮਿੱਠਾ ਹੈ। ਗੁਰਦੁਆਰਾ ਸਾਹਿਬ ਵਿਚ ਪੱਕਣ ਵਾਲਾ ਲੰਗਰ ਇਸੇ ਦੇ ਪਾਣੀ ਤੋਂ ਹੀ ਤਿਆਰ ਹੁੰਦਾ ਹੈ। ਬਾਉਲੀ ਤੱਕ ਪਹੁੰਚਣ ਲਈ 132 ਪੌੜੀਆਂ ਬਣਾਈਆਂ ਗਈਆਂ ਹਨ। ਇਸ ਦੇ ਨਾਲ ਹੀ ਭਾਈ ਜੀਵਨ ਸਿੰਘ ਦਾ ਗੁਰਦੁਆਰਾ ਬਣਿਆਂ ਹੋਇਆ ਹੈ।

## ਅਫਗਾਨਿਸਤਾਨ ਦੀ ਮੀਨਾਕਾਰੀ

ਗੁਰਦੁਆਰਾ ਭੋਰਾ ਸਾਹਿਬ ਵਿਚ ਕੀਤੇ ਜਾ ਰਹੇ ਨਵੀਨੀਕਰਨ ਲਈ ਕਾਰ ਸੇਵਾ ਸੰਤ ਅਵਤਾਰ ਸਿੰਘ ਟਿੱਬੀ ਸਾਹਿਬ ਹੈਡ ਦਰਬਾਰ ਰੋਪੜ ਨੂੰ ਦਿੱਤੀ ਗਈ ਹੈ। ਮਕਰਾਣੇ ਦੇ ਪ੍ਰਸਿੱਧ ਮੀਨਾਕਾਰਾਂ ਦੀ ਟੀਮ ਦੇ 80 ਮੈਂਬਰ ਸਵੇਰੇ ਅੱਠ ਵਜੇ ਤੋਂ ਅੱਧੀ ਰਾਤ ਇਸ ਕੰਮ ਵਿਚ ਜੁਟੇ ਰਹਿੰਦੇ ਹਨ। ਇਥੇ ਇਸਤੇਮਾਲ ਕੀਤੀਆਂ ਗਈਆਂ ਪੱਤੀਆਂ ਅਫਗਾਨਿਸਤਾਨ, ਜਰਮਨੀ, ਦੱਖਣੀ ਅਮਰੀਕਾ ਤੋਂ ਆਈਆਂ ਹਨ। ਬਾਬਾ ਜੀ ਨੇ ਦੱਸਿਆ ਕਿ ਮੀਨਾਕਾਰੀ ਦਾ ਜੋ ਕੰਮ ਚਾਰ ਮਹੀਨੇ ਵਿਚ ਹੋਇਆ ਹੈ ਜੇ ਰੁਟੀਨ ਵਿਚ ਕੀਤਾ ਜਾਂਦਾ ਤਾਂ ਚਾਰ ਸਾਲ ਲੱਗ ਜਾਂਦੇ। ਭੋਰਾ ਸਾਹਿਬ ਦੀ ਖੁਦਾਈ ਦੌਰਾਨ ਇਕ ਇਤਿਹਾਸਕ ਖੂਹ ਮਿਲਿਆ ਹੈ। ਇਹ 70 ਫੁੱਟ ਡੂੰਗਾ ਹੈ। ਜਿਸ ਵਿਚ 16 ਫੁੱਟ 'ਤੇ ਪਾਣੀ ਹੈ।

# ਅਨੰਦਪੁਰ ਸਾਹਿਬ 'ਚ ਲੱਗੀਆਂ ਸਥਾਪਨਾ ਦਿਵਸ ਦੀਆਂ ਰੌਣਕਾਂ

**ਸ੍ਰੀ ਅਨੰਦਪੁਰ ਸਾਹਿਬ (ਬਿਊਰੋ):** ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਤ ਤਿੰਨ ਦਿਨਾਂ ਸਮਾਗਮ ਖਾਲਸਈ ਜਾਹੋ-ਜਲਾਲ ਨਾਲ ਸਮਾਪਤ ਹੋ ਗਏ। ਤਿੰਨ ਦਿਨਾਂ ਸਮਾਗਮਾਂ ਵਿਚ ਅਤਿ ਦੀ ਗਰਮੀ ਦੇ ਬਾਵਜੂਦ ਦੇਸਾਂ-ਵਿਦੇਸਾਂ ਵਿਚੋਂ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ। ਸਮਾਗਮ ਵਿਚ ਉਘੀਆਂ ਧਾਰਮਿਕ ਤੇ ਸਿਆਸੀ ਸ਼ਖਸੀਅਤਾਂ ਪੁੱਜੀਆਂ ਸਨ। ਇਨ੍ਹਾਂ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਬਾਬਾ ਬਲਵੀਰ ਸਿੰਘ, ਗਿਆਨੀ ਹਰਨਾਮ ਸਿੰਘ ਖਾਲਸਾ, ਬਾਬਾ ਰਾਮ ਦੇਵ ਤੋਂ ਇਲਾਵਾ ਈਸਾਈ ਧਰਮ, ਬੁੱਧ ਧਰਮ ਤੇ ਇਸਲਾਮ ਧਰਮ ਦੇ ਆਗੂ ਵੀ ਹਾਜ਼ਰ ਸਨ। ਸਮਾਗਮ ਵਿਚ ਸ਼ੰਕਰਾਚਾਰੀਆ ਸੁਆਮੀ ਨਿਸ਼ਚਿੰਦਾ ਨੰਦ ਸਰਸਵਤੀ ਮਹਾਰਾਜ ਵੀ ਪੁੱਜੇ।

ਇਸ ਮੌਕੇ ਕੇਸਰੀ ਦਸਤਾਰਾਂ-ਦੁਪੱਟੇ ਤੇ ਥਾਂ-ਥਾਂ ਲੱਗੀਆਂ ਝੰਡੀਆਂ ਖਾਲਸਈ ਜਾਹੋ-ਜਲਾਲ ਦਾ ਵੱਖਰਾ ਹੀ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਸੰਗਤਾਂ ਵੱਲੋਂ ਆਪੋ-ਆਪਣੇ ਵਾਹਨਾਂ ਉਤੇ ਵੀ ਕੇਸਰੀ ਝੰਡੀਆਂ ਲਗਾ ਕੇ ਜਿਥੇ ਇਸ ਪਵਿੱਤਰ ਅਸਥਾਨ ਪ੍ਰਤੀ ਆਪਣੀ ਅਥਾਹ ਸ਼ਰਧਾ ਦਾ ਪ੍ਰਗਟਾਵਾ ਕੀਤਾ ਗਿਆ, ਉਥੇ ਉਨ੍ਹਾਂ ਦੇ ਖ਼ਾਲਸਾ ਰੰਗ ਵਿਚ ਰੰਗੇ ਹੋਣ ਦਾ ਵੀ ਇਹ ਸਪੱਸ਼ਟ ਪ੍ਰਮਾਣ ਸੀ। ਉਧਰ ਪਹਿਲਾਂ ਹੀ ਦੁੱਧ-ਚਿੱਟੇ ਰੰਗ ਵਿਚ ਨਹਾਈ ਸ੍ਰੀ ਅਨੰਦਪੁਰ ਸਾਹਿਬ ਦੀ ਸਮੁੱਚੀ ਨਗਰੀ ਵੀ ਅਲੌਕਿਕ ਨਜ਼ਾਰਾ ਪੇਸ਼ ਕਰ ਰਹੀ ਹੈ ਤੇ ਰਾਤ ਸਮੇਂ ਰੰਗ-ਬਰੰਗੀਆਂ ਰੌਸ਼ਨੀਆਂ ਨਾਲ ਇਹ ਨਜ਼ਾਰਾ ਬੇਹੱਦ ਖ਼ੂਬਸੂਰਤ ਹੋ ਜਾਂਦਾ ਹੈ, ਜੋ ਸੰਗਤਾਂ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਹੈ। ਸਮਾਗਮਾਂ ਵਿਚ ਸ਼ਮੂਲੀਅਤ ਕਰਨ ਲਈ ਪੰਜਾਬ ਤੇ ਹੋਰਨਾਂ ਰਾਜਾਂ ਤੋਂ 100 ਦੇ ਕਰੀਬ ਨਗਰ ਕੀਰਤਨ ਖਾਲਸੇ ਦੀ ਧਰਤੀ ਉਤੇ ਪੁੱਜੇ।

ਗੁਰਦੁਆਰਾ ਭੋਰਾ ਸਾਹਿਬ ਵਿਖੇ ਹਜ਼ਾਰਾਂ ਦੀ ਤਾਦਾਦ ਵਿਚ ਸੰਗਤ ਦੀ ਹਾਜ਼ਰੀ ਵਿਚ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੇਸ-ਵਿਦੇਸ ਦੀ ਸੰਗਤ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਅਨੰਦਪੁਰ ਸਾਹਿਬ ਦੀ ਸਿਰਜਣਾ ਸਿੱਖ ਇਤਿਹਾਸ ਦਾ ਗੌਰਵਮਈ ਵਿਰਸਾ ਹੈ। ਇਹ ਸਿੱਖ ਪੰਥ ਦਾ ਉਹ ਮਹਾਨ ਕੇਂਦਰ ਹੈ ਜਿਸ ਦੇ ਜ਼ਰੇ-ਜ਼ਰੇ ਨੂੰ ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ, ਚਾਰ ਸਾਹਿਬਜ਼ਾਦਿਆਂ, ਪੰਜ ਪਿਆਰਿਆਂ ਤੇ ਸਿੰਘਾਂ ਦੀ ਚਰਨਛੋਹ ਪ੍ਰਾਪਤ ਹੈ। ਇਸ ਨਗਰ ਦਾ ਨਾਮ ਗੁਰੂ ਤੇਗ ਬਹਾਦਰ ਨੇ ਆਪਣੀ ਮਾਤਾ ਦੇ ਨਾਮ ਉਤੇ 'ਚੱਕ ਨਾਨਕੀ' ਰੱਖਿਆ ਸੀ। ਇਥੇ ਹੀ ਦਸਮੇਸ਼ ਪਿਤਾ ਨੇ ਖਾਲਸੇ ਦੀ ਸਾਜਨਾ ਕੀਤੀ। ਉਨ੍ਹਾਂ ਇਸ ਮੌਕੇ ਦਿੱਤੇ ਸੰਦੇਸ਼ ਵਿਚ ਕਿਹਾ ਕਿ ਅੱਜ ਇਸ ਮਹਾਨ ਪਵਿੱਤਰ ਨਗਰੀ ਦਾ ਨਾਮ ਪੂਰੇ ਵਿਸ਼ਵ ਵਿਚ ਪ੍ਰਸਿੱਧ ਹੈ। ਕੇਸਾਂ ਦੀ ਮਹਾਨਤਾ ਨੂੰ ਦਰਸਾਉਂਦਾ ਤਖ਼ਤ ਕੇਸਗੜ੍ਹ ਸਾਹਿਬ ਗੁਰੂ ਪਿਆਰਿਆਂ ਨੂੰ ਖਾਲਸੇ ਦੀ ਰਹਿਣੀ-ਬਹਿਣੀ ਤੇ ਉੱਚ ਖਾਲਸਈ ਜੀਵਨ ਦੀ ਕਮਾਈ ਕਰਕੇ ਜ਼ਿੰਦਗੀ ਦੇ ਰਣ ਖੇਤਰ ਵਿਚ ਜੂਝਣ ਲਈ ਵੰਗਾਰ ਪਾਉਂਦਾ ਰਹੇਗਾ। ਅਨੰਦਪੁਰ ਸਾਹਿਬ ਦੀ ਧਰਤੀ ਆਪਣੇ ਆਪ ਵਿਚ ਹੀ ਅਜਿਹਾ ਵਿਰਾਸਤੀ ਸਥਾਨ ਹੈ ਜੋ ਇਤਿਹਾਸ ਦੀਆਂ ਯਾਦਗਾਰਾਂ ਸਾਂਭੀ ਬੈਠਾ ਹੈ। ਇਹ ਉਹ ਸਥਾਨ ਹੈ ਜਿਸ ਦੀ ਵਿਰਾਸਤ ਖਤਮ ਹੋ ਰਹੀਆਂ ਮਨੁੱਖੀ ਕਦਰਾਂ ਕੀਮਤਾਂ ਨੂੰ ਸਾਂਭਣ ਦਾ ਸੱਦਾ ਦਿੰਦੀ ਹੈ।

ਇਸ ਪਵਿੱਤਰ ਅਵਸਰ ਉਤੇ ਹਰ ਸਿੱਖ ਦਾ ਫ਼ਰਜ਼ ਬਣਦਾ ਹੈ ਕਿ ਉਹ ਗੁਰੂ ਗੋਬਿੰਦ ਸਿੰਘ ਵੱਲੋਂ ਖਾਲਸਾ ਪੰਥ ਦੀ ਸਾਜਨਾ ਸਬੰਧੀ ਕੀਤੇ ਐਲਾਨਨਾਮੇ ਉਤੇ ਅਮਲ ਕਰਕੇ ਗੁਰੂ ਸਾਹਿਬ ਦੇ ਸਪੁੱਤਰ ਤੇ ਸਪੁੱਤਰੀਆਂ ਬਣ ਕੇ ਅਨੰਦਪੁਰ ਸਾਹਿਬ ਦੇ ਵਾਸੀ ਬਣਨ। ਉਨ੍ਹਾਂ ਪੰਜਾਬੀ ਭਾਸ਼ਾ ਤੇ ਗੁਰਮੁਖੀ ਲਿੱਪੀ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਸਿੱਖ ਗੁਰੂ ਸਾਹਿਬਾਨ ਦੀ ਪੰਜਾਬੀਆਂ ਨੂੰ ਮਹਾਨ ਦੇਣ ਹੈ। ਅੱਜ ਦੇ ਸਮੇਂ ਵਿਚ ਭੁਲੇਖਿਆਂ ਵਿਚ ਫਸੇ ਬਹੁਤੇ ਪਰਿਵਾਰਾਂ ਦੇ ਬੱਚੇ ਦੂਜੀਆਂ ਭਾਸ਼ਾਵਾਂ ਨੂੰ ਤਰਜੀਹ ਦੇ ਰਹੇ ਹਨ। ਇਹ ਵਰਤਾਰਾ ਅਫ਼ਸੋਸਜਨਕ ਹੈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਥਾਪਨਾ ਸਮਾਗਮਾਂ ਵਿਚ ਹਾਜ਼ਰੀ ਭਰਨ ਵਾਲੀਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਛੇਤੀ ਹੀ ਪਟਨਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਦਾ 350 ਸਾਲਾ ਪ੍ਰਕਾਸ਼ ਦਿਹਾੜੇ ਦੀ ਸ਼ਤਾਬਦੀ ਮਨਾਈ ਜਾਣੀ ਹੈ। ਇਸ ਤੋਂ ਪਹਿਲਾਂ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਦੁਨੀਆ ਭਾਵੇਂ ਕੁਝ ਵੀ ਕਹੇ ਪਰ ਇਕ ਗੱਲ ਸਾਫ ਹੈ ਕਿ ਖਾਲਸਾ ਪੰਥ ਤੇ ਸਿੱਖਾਂ ਵੱਲੋਂ ਇਸ ਰਾਸ਼ਟਰ ਦੀ ਅਖੰਡਤਾ, ਇਤਿਹਾਸ, ਸੱਭਿਆਚਾਰ ਲਈ ਕੀਤੀਆਂ ਕੁਰਬਾਨੀਆਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੀ ਬਹਾਦਰੀ ਸਿੱਖ ਭਾਈਚਾਰੇ ਵਿਚ ਦੇਖਣ ਨੂੰ ਮਿਲਦੀ ਹੈ ਉਸ ਦੀ ਵਿਸ਼ਵ ਵਿਚ ਕੋਈ ਦੂਜੀ ਉਦਾਹਰਣ ਨਹੀਂ ਮਿਲੇਗੀ ਜਿਨ੍ਹਾਂ ਨੇ ਖ਼ੁਦ ਕੁਰਬਾਨੀਆਂ ਹੀ ਨਹੀਂ ਕੀਤੀਆਂ ਸਗੋਂ ਉਨ੍ਹਾਂ ਦੇ ਬੱਚਿਆਂ ਨੇ ਇਸ ਦੇਸ਼ ਦੀ ਅਖੰਡਤਾ ਤੇ ਸਭਿਆਚਾਰ ਦੀ ਰਾਖੀ ਵੀ ਕੀਤੀ। ਸਿੱਖ ਗੁਰੂਆਂ ਨੇ ਜ਼ੁਲਮ ਤੇ ਉਨ੍ਹਾਂ ਲੋਕਾਂ ਨੂੰ ਮੂੰਹ ਤੋੜ ਜਵਾਬ ਦੇਣ ਦਾ ਸੰਦੇਸ਼ ਦਿੱਤਾ ਤੇ ਪਾਠ ਪੜ੍ਹਾਇਆ ਹੈ ਜਿਹੜੇ ਦੇਸ਼ ਦੀ ਅਖੰਡਤਾ ਤੇ ਧਰਮ ਨਿਰਪੱਖ ਢਾਂਚੇ ਦੀ ਉਲੰਘਣਾ ਕਰਦੇ ਹਨ।

ਉਨ੍ਹਾਂ ਕਿਹਾ ਕਿ ਬਹਾਦਰ ਸਿੱਖਾਂ ਤੇ ਪੰਜਾਬੀਆਂ ਵੱਲੋਂ ਇਸ ਰਾਸ਼ਟਰ ਦੀ ਖਾਤਰ ਕੁਰਬਾਨੀਆਂ ਦੇਣ ਦਾ ਇਤਿਹਾਸ ਭਰਿਆ ਪਿਆ ਹੈ। ਸ਼ੇਰਸ਼ਾਹ ਸੂਰੀ, ਮਹਾਰਾਣਾ ਪ੍ਰਤਾਪ, ਛੱਤਰਪਤੀ ਸ਼ਿਵਾਜੀ ਤੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਾਲਮਾਂ ਖਿਲਾਫ ਲੜਾਈ ਦੀਆਂ ਮਿਸਾਲਾਂ ਕਾਇਮ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਲਾਲਾ ਲਾਜਪਤ ਰਾਏ ਤੇ ਸ਼ਹੀਦ ਭਗਤ ਸਿੰਘ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਕਿਵੇਂ ਭੁੱਲ ਸਕਦੇ ਹਾਂ ਜਿਨ੍ਹਾਂ ਇਸ ਦੇਸ਼ ਦੀ ਆਜ਼ਾਦੀ ਖਾਤਰ ਫਾਂਸੀ ਦੇ ਫੰਧਿਆਂ ਨੂੰ ਹੱਸਦੇ ਹੋਏ ਚੁੰਮਿਆ।




## ਜਥੇਦਾਰ ਵਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਸੱਦਾ

ਗੁਰਦੁਆਰਾ ਭੋਰਾ ਸਾਹਿਬ ਵਿਖੇ ਵੱਡੀ ਗਿਣਤੀ ਵਿਚ ਜੁੜੀ ਸੰਗਤ ਦੀ ਹਾਜ਼ਰੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੇਸ-ਵਿਦੇਸ ਦੀਆਂ ਸੰਗਤਾਂ ਨੂੰ ਸੰਦੇਸ਼ ਦਿੰਦਿਆਂ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਸਿਰਜਣਾ ਸਿੱਖ ਇਤਿਹਾਸ ਦਾ ਗੌਰਵਮਈ ਵਿਰਸਾ ਹੈ। ਜਿਸ ਦੇ ਜ਼ਰੇ-ਜ਼ਰੇ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਗੁਰੂ ਗੋਬਿੰਦ ਸਿੰਘ, ਚਾਰ ਸਾਹਿਬਜ਼ਾਦੇ, ਪੰਜ ਪਿਆਰੇ ਤੇ ਬੇਅੰਤ ਸਿੰਘਾਂ ਦੀ ਚਰਨ ਛੋਹ ਪ੍ਰਾਪਤ ਹੈ। ਉਨ੍ਹਾਂ ਕਿਹਾ ਕਿ ਇਸ ਧਰਤ ਸੁਹਾਵੀ ਤੋਂ ਨਸ਼ਿਆਂ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਗਈ ਸੀ ਸੋ ਅੱਜ ਵੀ ਲੋੜ ਹੈ ਕਿ ਪੰਜਾਬ ਨੂੰ ਨਸ਼ਾ ਮੁਕਤ ਕਰੀਏ।

## ਗਰਮਖਿਆਲੀਆਂ ਵੱਲੋਂ ਖਾਲਿਸਤਾਨ ਪੱਖੀ ਨਾਅਰੇ

**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਸਰਕਾਰ ਨੇ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਮੌਕੇ ਭਾਵੇਂ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਕੀਤੇ ਸਨ ਪਰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਮੰਚ ਤੋਂ ਸੰਬੋਧਨ ਕਰਨ ਦੌਰਾਨ ਪੰਡਾਲ ਵਿਚ 'ਰਾਜਨਾਥ ਵਾਪਸ ਜਾਓ, ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲੱਗਣ ਨਾਲ ਪੁਲਿਸ ਤੇ ਸੁਰੱਖਿਆ ਏਜੰਸੀਆਂ ਦੇ ਪ੍ਰਬੰਧਾਂ ਦੀ ਫੂਕ ਨਿਕਲ ਗਈ। ਜਿਉਂ ਹੀ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਮੰਚ ਤੋਂ ਸੰਗਤ ਨੂੰ ਸੰਬੋਧਨ ਕਰਨ ਲੱਗੇ ਤਾਂ ਅਕਾਲੀ ਦਲ (ਅੰਮ੍ਰਿਤਸਰ) ਦੇ ਕਾਰਕੁਨ ਨੇ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ ਤੇ ਗ੍ਰਹਿ ਮੰਤਰੀ ਨੂੰ ਭਾਸ਼ਣ ਰੋਕਣਾ ਪਿਆ।। ਭਾਵੇਂ ਪੰਡਾਲ ਦੇ ਅੰਦਰ ਹਰ ਬਲਾਕ ਵਿਚ ਵੱਡੀ ਗਿਣਤੀ ਸੁਰੱਖਿਆ ਬਲ ਤਾਇਨਾਤ ਸਨ ਪਰ ਇਹ ਕਾਰਕੁਨ ਨਾਅਰੇਬਾਜ਼ੀ ਕਰਨ ਵਿਚ ਸਫ਼ਲ ਹੋ ਗਏ। ਪੁਲਿਸ ਨੂੰ ਨਾਅਰੇਬਾਜ਼ੀ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਅਨੰਦਪੁਰ ਸਾਹਿਬ ਵਿਚ ਬੰਦ ਕਰਨਾ ਪਿਆ। ਮੁਜ਼ਾਹਰਾਕਾਰੀਆਂ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਤੇ ਕਰਨੈਲ ਸਿੰਘ ਨਾਰੀਕੇ, ਦਫ਼ਤਰ ਸਕੱਤਰ ਰਣਜੀਤ ਸਿੰਘ ਚੀਮਾ, ਹਰਭਜਨ ਸਿੰਘ ਕਸ਼ਮੀਰੀ, ਕੁਲਦੀਪ ਸਿੰਘ ਭਾਗੋਵਾਲ, ਯੂਥ ਪ੍ਰਧਾਨ ਰਣਦੇਵ ਸਿੰਘ ਦੇਬੀ, ਗੁਰਨੈਬ ਸਿੰਘ ਸੰਗਰੂਰ ਤੇ ਜਸਵੰਤ ਸਿੰਘ ਚੀਮਾ ਆਦਿ ਸ਼ਾਮਲ ਸਨ।

## ਸਿੱਖ ਮਸਲਿਆਂ ਦੇ ਹੱਲ ਬਾਰੇ ਵੀ ਉਠੀ ਆਵਾਜ਼

**ਸ੍ਰੀ ਅਨੰਦਪੁਰ ਸਾਹਿਬ:** ਸਥਾਪਨਾ ਦਿਵਸ ਮੌਕੇ ਧਾਰਮਿਕ ਸਮਾਗਮ ਦੌਰਾਨ ਸਿੱਖ ਜਥੇਬੰਦੀਆਂ ਨੇ ਸਿੱਖ ਮਸਲਿਆਂ ਦੇ ਹੱਲ ਲਈ ਆਵਾਜ਼ ਬੁਲੰਦ ਕੀਤੀ। ਸੰਤ ਸਮਾਜ ਸਮੇਤ ਗਰਮਖਿਆਲੀ ਤੇ ਹੋਰ ਵੱਖ-ਵੱਖ ਸੰਗਠਨਾਂ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬੇਨਤੀ ਕੀਤੀ ਕਿ ਉਹ ਜਦੋਂ ਵੀ ਵਿਦੇਸ਼ਾਂ ਵਿਚ ਜਾਂਦੇ ਹਨ ਤਾਂ ਸਿੱਖਾਂ ਨਾਲ ਸਬੰਧਿਤ ਮੁੱਦਿਆਂ ਨੂੰ ਹੱਲ ਕਰਵਾਉਣ। ਸੰਤ ਸਮਾਜ ਦੇ ਮੁਖੀ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਉਹ ਕੇਂਦਰੀ ਮੰਤਰੀ ਰਾਜਨਾਥ ਸਿੰਘ ਸਮੇਤ ਕੇਂਦਰ ਸਰਕਾਰ ਦਾ ਇਸ ਪਾਸੇ ਧਿਆਨ ਦਿਵਾਉਣਾ ਚਾਹੁੰਦੇ ਹਨ ਕਿ



ਸਿੱਖ ਕੌਮ ਨੂੰ ਫਿਰਕਾਪ੍ਰਸਤ ਤੇ ਅਤਿਵਾਦੀਆਂ ਵਜੋਂ ਵਿਖਾਇਆ ਜਾ ਰਿਹਾ ਹੈ, ਜਦੋਂ ਕਿ ਸਿੱਖ ਧਰਮ ਇਕ ਨਿਰਪੱਖ ਧਰਮ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਸਾਕਾ ਨੀਲਾ ਤਾਰਾ 1984 ਤੇ ਜੋਧਪੁਰ ਜੇਲ੍ਹ ਵਿਚ ਕਈ ਸਾਲਾਂ ਤੋਂ ਬੰਦ ਸਿੱਖਾਂ ਦੇ ਮਸਲਿਆਂ ਵੱਲ ਧਿਆਨ ਦਿਵਾਉਂਦੇ ਹੋਏ ਉਨ੍ਹਾਂ ਸਰਕਾਰ ਤੋਂ ਸਿੱਖ ਕੈਦੀਆਂ ਦੀ ਰਿਹਾਈ ਦੀ ਮੰਗ ਕੀਤੀ।

## ਮੁੱਖ ਮਾਰਗਾਂ ਉਤੇ ਉਸਾਰੇ ਜਾਣਗੇ ਪੰਜ ਯਾਦਗਾਰੀ ਗੇਟ

**ਸ੍ਰੀ ਅਨੰਦਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਨੂੰ ਸਮਰਪਤ ਕੀਤੇ ਵਿਰਾਸਤੀ ਕਾਰਜਾਂ ਦੇ ਪ੍ਰੋਜੈਕਟ ਅਧੀਨ ਖਾਲਸੇ ਦੀ ਜਨਮ ਭੂਮੀ ਵਿਖੇ ਪੰਜ ਪਿਆਰਿਆਂ ਦੀ ਯਾਦ ਨੂੰ ਸਮਰਪਤ ਉਨ੍ਹਾਂ ਦੇ ਨਾਮ ਉਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਮਿਲਾਉਣ ਵਾਲੇ ਮਾਰਗਾਂ ਤੇ ਪੰਜ ਯਾਦਗਾਰੀ ਗੇਟਾਂ ਦੀ ਉਸਾਰੀ ਕਰਵਾਈ ਜਾਵੇਗੀ। ਉਨ੍ਹਾਂ ਦੀ ਯਾਦ ਨੂੰ ਸਮਰਪਤ ਇਕ ਯਾਦਗਾਰੀ ਹਾਲ ਤੇ ਸ਼੍ਰੋਮਣੀ ਕਮੇਟੀ ਵੱਲੋਂ ਯਾਤਰੂਆਂ ਦੀ ਰਿਹਾਇਸ਼ ਲਈ ਉਸਾਰੀ ਜਾ ਰਹੀ ਐਨ.ਆਰ.ਆਈ. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਰਾਂ ਦੀਆਂ ਪੰਜ ਮੰਜ਼ਲਾਂ ਵੀ ਪੰਜ ਪਿਆਰਿਆਂ ਦੇ ਨਾਂ ਨੂੰ ਸਮਰਪਤ ਹੋਣਗੀਆਂ। ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਵੱਲੋਂ ਵਰੋਸਾਈ ਪਵਿੱਤਰ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਵੱਲੋਂ ਉਸਾਰੇ ਗਏ ਪੰਜ ਵਿਰਾਸਤੀ ਕਿਲ੍ਹਿਆਂ ਦੀ ਪੁਰਾਤਨ ਦਿੱਖ ਨੂੰ ਬਹਾਲ ਕਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਵੱਲੋਂ ਸ਼ੁਰੂ ਕਰਵਾਈ ਕਾਰ ਸੇਵਾ ਜਾਰੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਕਿਲ੍ਹਾ ਲੋਹਗੜ੍ਹ ਸਾਹਿਬ ਦਾ ਰਸਮੀ ਉਦਘਾਟਨ ਕਰਦਿਆਂ ਕਿਹਾ ਕਿ ਕਾਰ ਸੇਵਾ ਵਾਲਿਆਂ ਸੰਤ ਮਹਾਂਪੁਰਸ਼ਾਂ ਦੇ ਸਹਿਯੋਗ ਦੇ ਨਾਲ ਵੱਡੇ ਪੱਧਰ ਉਤੇ ਸ਼ੁਰੂ ਕੀਤੇ ਗਏ ਕਾਰ ਸੇਵਾ ਦੇ ਪ੍ਰੋਜੈਕਟ ਜਲਦੀ ਹੀ ਸੰਪੂਰਨ ਹੋ ਜਾਣਗੇ।

## ਲਾਡਲੀਆਂ ਫੌਜਾਂ ਨੇ ਵਿਖਾਏ ਜੌਹਰ



**ਕੀਰਤਪੁਰ ਸਾਹਿਬ:** ਸ੍ਰੀ ਅਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਸਮਾਗਮਾਂ ਮੌਕੇ ਗੁਰੂ ਦੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਵੱਲੋਂ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੀ ਅਗਵਾਈ ਵਿਚ ਪੁਰਾਤਨ ਚਰਨ ਗੰਗਾ ਸਟੇਡੀਅਮ ਵਿਖੇ ਘੋੜ ਸਵਾਰੀ, ਨੇਜੇਬਾਜ਼ੀ ਦੇ ਜੌਹਰ ਦਿਖਾ ਕੇ ਪੁਰਾਣੀਆਂ ਯਾਦਾਂ ਨੂੰ ਤਾਜ਼ਾ ਕਰਵਾਇਆ। ਇਸ ਤੋਂ ਪਹਿਲਾਂ ਗੁਰੂ ਕੇ ਮਹਿਲ ਗੁਰਦੁਆਰਾ ਭੋਰਾ ਸਾਹਿਬ ਵਿਖੇ ਇਕੱਤਰ ਸਮੂਹ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਗੁਰੂ ਚਰਨਾਂ ਵਿਚ ਅਰਦਾਸ ਕੀਤੀ ਗਈ।

ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ 96 ਕਰੋੜੀ ਦੇ ਮੁਖੀ ਬਾਬਾ ਬਲਬੀਰ ਸਿੰਘ, ਤਰਨਾ ਦਲ ਹਰੀਆਂ ਵੇਲਾਂ ਦੇ ਜਥੇਦਾਰ ਬਾਬਾ ਨਿਹਾਲ ਸਿੰਘ, ਤਰਨਾ ਦਲ ਬਾਬਾ ਬਕਾਲਾ ਵੱਲੋਂ ਜਥੇਦਾਰ ਮੱਖਣ ਸਿੰਘ, ਤਰਨਾ ਦਲ ਬਿੱਧੀਚੰਦ ਤੋਂ ਬਾਬਾ ਅਵਤਾਰ ਸਿੰਘ, ਜਥੇਦਾਰ ਬਾਬਾ ਨਾਗਰ ਸਿੰਘ, ਬਾਬਾ ਮਾਨ ਸਿੰਘ ਮੜੀਆਂ ਵਾਲੇ, ਬਾਬਾ ਜੋਗਾ ਸਿੰਘ ਕਰਨਾਲ ਸਮੇਤ ਵੱਡੀ ਗਿਣਤੀ ਵਿਚ ਨਿਹੰਗ ਜਥੇਬੰਦੀਆਂ ਦੇ ਜਥੇਦਾਰ ਹਾਜ਼ਰ ਸਨ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਿੱਖ ਕੌਮ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਾਨੂੰ ਬਾਣੀ ਤੇ ਬਾਣੇ ਦੇ ਧਾਰਨੀ ਬਣਨਾ ਚਾਹੀਦਾ ਹੈ ਤਾਂ ਜੋ ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਖਾਤਮਾ ਕਰ ਸਕੀਏ।

## ਨਾਟਕ 'ਹਿੰਦ ਦੀ ਆਵਾਜ਼'ਦੀ ਵਿਲੱਖਣ ਪੇਸ਼ਕਾਰੀ

**ਸ੍ਰੀ ਅਨੰਦਪੁਰ ਸਾਹਿਬ:** ਵਿਰਾਸਤ-ਏ-ਖਾਲਸਾ ਦੇ ਆਡੀਟੋਰੀਅਮ ਵਿਖੇ ਨਾਟਕ 'ਹਿੰਦ ਦੀ ਆਵਾਜ਼' ਖੇਡਿਆ ਗਿਆ। ਇਸ ਵਿਚ ਅਦਾਕਾਰਾਂ ਨੇ ਆਪਣੀ ਵਿਲੱਖਣ ਪੇਸ਼ਕਾਰੀ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਸਿੱਖ ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਉਜਾਗਰ ਕੀਤਾ। ਨਾਟਕ ਵਿਚ ਨਾਮਵਰ ਅਦਾਕਾਰ ਸ੍ਰੀਮਤੀ ਨੀਨਾ ਟਿਵਾਣਾ, ਸ੍ਰੀਮਤੀ ਨਿਰਮਲ ਰਿਸ਼ੀ, ਮਨਪਾਲ ਟਿਵਾਣਾ ਸਮੇਤ ਹੋਰਨਾਂ ਨੇ ਬਿਹਤਰੀਨ ਅਦਾਕਾਰੀ ਕੀਤੀ। ਇਹ ਨਾਟਕ ਉੱਘੇ ਨਾਟਕਕਾਰ ਤੇ ਮਰਹੂਮ ਅਦਾਕਾਰ ਹਰਪਾਲ ਟਿਵਾਣਾ ਨੇ ਲਿਖਿਆ ਤੇ ਮਰਹੂਮ ਗਜ਼ਲਗੋ ਜਗਜੀਤ ਸਿੰਘ ਨੇ ਇਸ ਨੂੰ ਸੰਗੀਤ ਦਿੱਤਾ ਸੀ। ਅਦਾਕਾਰਾਂ ਦੀ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਖਿਆ ਕਿ ਅਜਿਹੇ ਯਤਨ ਸਾਡੀ ਨੌਜਵਾਨੀ ਪੀੜ੍ਹੀ ਨੂੰ ਆਪਣੇ ਅਮੀਰ ਵਿਰਸੇ ਬਾਰੇ ਜਾਣੂ ਕਰਵਾਉਣ ਵਿਚ ਬਹੁਤ ਸਹਾਈ ਹੁੰਦੇ ਹਨ।




# ਜਪਾਨੀ 'ਗੁੱਡੀ' ਦਾ ਭਾਰਤਨਾਟਯਮ

**ਕਲਾ ਪਰਿਕਰਮਾ**

*ਭਾਰਤ ਦੀਆਂ ਵੱਖ ਵੱਖ ਕਲਾਵਾਂ ਨੇ ਸੰਸਾਰ ਭਰ ਉਤੇ ਆਪਣਾ ਅਸਰ ਛੱਡਿਆ ਹੈ। ਐਤਕੀਂ ਅਸੀਂ ਜਪਾਨ ਦੀ ਅਜਿਹੀ ਔਰਤ ਦੀ ਕਹਾਣੀ ਬਿਆਨ ਕਰ ਰਹੇ ਹਾਂ ਜਿਸ ਨੇ ਭਾਰਤ ਦਾ ਪ੍ਰਸਿੱਧ ਨਾਚ ਭਾਰਤਨਾਟਯਮ ਆਪਣੇ ਦਿਲ ਵਿਚ ਵਸਾਇਆ ਅਤੇ ਫਿਰ ਵਾਪਸ ਲੋਕਾਂ ਦੇ ਸਪੁਰਦ ਕੀਤਾ। ਇਸ ਔਰਤ ਦਾ ਨਾਂ ਹੈ ਦਯਾ ਤੋਮੀਕੋ। ਦਯਾ ਅੱਜ ਕੱਲ੍ਹ ਜਪਾਨ ਦੀ ਓਸਾਕਾ ਯੂਨੀਵਰਸਿਟੀ ਵਿਚ ਪੜ੍ਹਾਉਂਦੀ ਹੈ ਅਤੇ ਉਥੇ ਨਾਚ ਸਕੂਲ ਵੀ ਚਲਾ ਰਹੀ ਹੈ। -ਸੰਪਾਦਕ*



**ਨਵੀਂ ਦਿੱਲੀ ਵਿਚ ਸਟੇਜ ਉਤੇ ਭਾਰਤਨਾਟਯਮ ਪੇਸ਼ ਕਰ ਰਹੀ ਜਪਾਨੀ 'ਗੁੱਡੀ' ਦਯਾ ਤੋਮੀਕੋ।**





ਗੱਲ 25 ਵਰ੍ਹੇ ਪਹਿਲਾਂ ਦੀ ਹੈ। ਸਟੇਜ ਉਤੇ ਬੈਠੇ ਗਵੱਈਏ ਨੇ ਜਦੋਂ ਮੋਹਨ ਗੀਤਮ 'ਵਰਵੀਨਾ' ਛੇੜਿਆ ਤਾਂ ਸਾਫ ਪਤਾ ਲੱਗ ਰਿਹਾ ਸੀ ਕਿ ਇਹ ਕੁੜੀ ਭਾਰਤੀ ਨਹੀਂ, ਕਿਸੇ ਹੋਰ ਦੇਸ ਦੀ ਵਾਸੀ ਹੈ; ਪਰ ਸਟੇਜ ਉਤੇ ਜੋ ਕੁਝ ਪ੍ਰਗਟ ਹੋ ਰਿਹਾ ਸੀ, ਸਭ ਦਾ ਧਿਆਨ ਉਧਰ ਹੀ ਸੀ। ਸਟੇਜ ਉਤੇ ਨੱਚ ਰਹੀ ਇਹ 'ਗੁੜੀਆ' ਜਪਾਨ ਤੋਂ ਸੀ ਅਤੇ ਇਹਦਾ ਨਾਂ ਸੀ ਦਯਾ ਤੋਮੀਕੋ। ਬੱਸ ਉਸ ਦਿਨ ਤੋਂ ਬਾਅਦ ਦਯਾ ਤੋਮੀਕੋ ਦਾ ਸਮੁੱਚਾ ਜੀਵਨ ਹੀ ਬਦਲ ਗਿਆ ਅਤੇ ਉਹ ਨਾਚ ਨੂੰ ਸਮਰਪਿਤ ਹੋ ਗਈ। ਸੋ, ਦਯਾ ਤੋਮੀਕੋ ਸਟੇਜ ਉਤੇ ਭਾਰਤਨਾਟਯਮ ਨੱਚ ਰਹੀ ਸੀ। ਇਸ ਗੱਲ ਨੂੰ ਭਾਵੇਂ ਹੁਣ ਢਾਈ ਦਹਾਕੇ ਬੀਤ ਗਏ ਹਨ, ਪਰ ਦਯਾ ਤੋਮੀਕੋ ਨੂੰ ਬਚਪਨ ਵਿਚ ਹੀ ਨਾਚ ਨਾਲ ਬੜਾ ਲਗਾਅ ਸੀ। ਬਾਅਦ ਵਿਚ ਇਹ ਲਗਾਅ ਭਾਰਤਨਾਟਯਮ ਵਿਚ ਬਦਲ ਗਿਆ ਅਤੇ ਉਹ ਗੁਰੂ ਦੀ ਤਲਾਸ਼ ਵਿਚ ਭਾਰਤ ਪੁੱਜ ਗਈ। ਭਾਰਤ ਵਿਚ ਘੁੰਮਦਿਆਂ ਅਤੇ ਲੋਕਾਂ ਨੂੰ ਪੁੱਛਦਿਆਂ-ਦੱਸਦਿਆਂ ਉਸ ਦੀ ਮੁਲਾਕਾਤ ਧਨੰਜਯਨ ਜੋੜੀ ਨਾਲ ਹੋ ਗਈ। ਸ਼ਾਂਤਾ ਧਨੰਜਯਨ ਅਤੇ ਵੀ.ਪੀ. ਧਨੰਜਯਨ ਉਸ ਨੂੰ ਚੇਨਈ (ਤਾਮਿਲ ਨਾਡੂ) ਵਿਚ ਮਿਲੇ ਸਨ ਅਤੇ ਹੁਣ ਗਾਹੇ-ਬਗਾਹੇ ਦਯਾ ਤੋਮੀਕੋ ਦੇ ਚੇਨਈ ਦੇ ਚੱਕਰ ਲੱਗਦੇ ਰਹਿੰਦੇ ਹਨ, ਸਗੋਂ ਕਹਿਣਾ ਚਾਹੀਦਾ ਹੈ ਕਿ ਦਯਾ ਜਪਾਨ ਬੈਠੀ ਚੇਨਈ ਪੁੱਜਣ ਦੀਆਂ ਸਕੀਮਾਂ ਘੜਦੀ ਰਹਿੰਦੀ ਹੈ ਅਤੇ ਆਪਣੀ ਇਸ ਯਾਤਰਾ ਲਈ ਪੈਸੇ ਵੀ ਜੋੜਦੀ ਰਹਿੰਦੀ ਹੈ। ਆਰੰਭ ਵਿਚ ਦਯਾ ਨੇ ਭਾਰਤਨਾਟਯਮ ਤੋਂ ਇਲਾਵਾ ਉਡੀਸੀ, ਮਨੀਪੁਰੀ ਤੇ ਕੁਝ ਹੋਰ ਨਾਚਾਂ ਦੀ ਸਿਖਲਾਈ ਸ਼ੁਰੂ ਕੀਤੀ ਸੀ, ਪਰ ਬਾਅਦ ਵਿਚ ਉਸ ਨੇ ਸਾਰਾ ਧਿਆਨ ਭਾਰਤਨਾਟਯਮ ਉਤੇ ਲਾ ਦਿੱਤਾ। ਅਜਹਾ ਉਸ ਨੇ ਧਨੰਜਯਨ ਜੋੜੀ ਦੇ ਕਹਿਣ 'ਤੇ ਕੀਤਾ ਸੀ। ਇਸ ਲਈ ਅੱਜ ਵੀ ਜਦੋਂ ਉਸ ਦੀ ਪਛਾਣ ਅਤੇ ਮਾਨਤਾ ਦੀ ਗੱਲ ਤੁਰਦੀ ਹੈ ਤਾਂ ਉਹ ਸਭ ਤੋਂ ਪਹਿਲਾਂ ਇਸ ਧਨੰਜਯਨ ਜੋੜੀ ਨੂੰ ਹੀ ਯਾਦ ਕਰਦੀ ਹੈ। ਅਸਲ ਵਿਚ ਇਸ ਜੋੜੀ ਨੇ ਉਸ ਨੂੰ ਨਾਚ ਹੀ ਨਹੀਂ ਸਿਖਾਇਆ, ਸਗੋਂ ਇਸ ਨਾਚ ਅਤੇ ਹੋਰ ਕਲਾਵਾਂ ਨਾਲ ਜੁੜੀਆਂ ਗੱਲਾਂ ਤੋਂ ਵੀ ਵਾਕਿਫ ਕਰਵਾਇਆ। ਇਹ ਸਾਰਾ ਕੁਝ ਗੁਰੂ ਤੋਂ ਬਗੈਰ ਸੰਭਵ ਨਹੀਂ ਸੀ। ਉਂਜ ਇਹ ਗੱਲਾਂ ਸਮਝਣ-ਸਮਝਾਉਣ ਵਿਚ ਉਸ ਨੂੰ ਬਹੁਤੀ ਔਖ ਨਹੀਂ ਹੋਈ, ਕਿਉਂਕਿ ਉਸ ਨੇ ਉਦੋਂ ਤੱਕ ਬੁੱਧਵਾਦ ਅਤੇ ਭਾਰਤੀ ਮਿਥਿਹਾਸ ਤੇ ਇਤਿਹਾਸ ਬਾਰੇ ਕਾਫੀ ਕੁਝ ਪੜ੍ਹ ਲਿਆ ਸੀ। ਇਸ ਲਈ ਮਿਥਿਹਾਸ, ਇਤਿਹਾਸ ਅਤੇ ਨਾਚ ਦੀਆਂ ਕੜੀਆਂ ਅਗਾਂਹ ਆਪਸ ਵਿਚ ਲਗਾਤਾਰ ਜੁੜਦੀਆਂ ਗਈਆਂ ਅਤੇ ਉਸ ਦਾ ਗਿਆਨ ਹੋਰ ਮੋਕਲਾ ਹੁੰਦਾ ਗਿਆ। ਉਹ ਧਨੰਜਯਨ ਜੋੜੀ ਦੀ ਸਿਖਾਉਣ ਪ੍ਰਕਿਰਿਆ ਤੋਂ ਵੀ ਬੜੀ ਮੁਤਾਸਰ ਹੋਈ। ਇਹ ਜੋੜੀ ਹਰ ਨੁਕਤੇ ਦੀਆਂ ਤਹਿਆਂ ਫਰੋਲਦੀ ਸੀ ਅਤੇ ਹੌਲੀ ਹੌਲੀ ਨੁਕਤੇ ਅਗਾਂਹ ਖੁੱਲ੍ਹਦੇ ਜਾਂਦੇ ਸਨ ਜਿਸ ਤਰ੍ਹਾਂ ਹਵਾ ਵਿਚ ਉਡਦਾ ਕੋਈ ਜਹਾਜ਼ ਮਲਕ ਦੇਣੀ ਬੱਦਲਾਂ ਤੋਂ ਪਾਰ ਹੋ ਜਾਂਦਾ ਹੈ। ਫਿਰ ਧਨੰਜਯਨ ਜੋੜੀ ਨੇ ਦਯਾ ਨੂੰ ਚੇਨਈ ਦੇ ਨਾਲ ਨਾਲ ਦਿੱਲੀ ਅਤੇ ਕੋਲਕਾਤਾ ਵਿਚ ਵੀ ਸਟੇਜ ਉਤੇ ਆਪਣੀ ਕਲਾ ਦੇ ਜੌਹਰ ਦਿਖਾਉਣ ਦਾ ਮੌਕਾ ਦਿੱਤਾ। ਉਹ ਇਸ ਇਮਤਿਹਾਨ ਵਿਚ ਵੀ ਪਾਸ ਹੋ ਗਈ। ਫਿਰ ਬਹੁਤ ਛੇਤੀ ਉਸ ਦੀ ਗਿਣਤੀ ਚੋਟੀ ਦੀਆਂ ਨਾਚ ਕਲਾਕਾਰਾਂ ਵਿਚ ਹੋਣ ਲੱਗ ਪਈ।

ਅੱਜ ਕੱਲ੍ਹ ਦਯਾ ਜਪਾਨ ਵਿਚ ਨਾਚ ਸਕੂਲ ਚਲਾ ਰਹੀ ਹੈ। ਉਂਜ ਉਹ ਓਸਾਕਾ ਯੂਨੀਵਰਸਿਟੀ ਵਿਚ ਪੜ੍ਹਾਉਂਦੀ ਹੈ। ਉਸ ਦਾ ਕਹਿਣਾ ਹੈ ਕਿ ਕਲਾ ਦੀ ਕੋਈ ਹੱਦ-ਸਰਹੱਦ ਨਹੀਂ ਹੁੰਦੀ। ਹਵਾ ਅਤੇ ਪੰਛੀਆਂ ਵਾਂਗ ਕਲਾ ਵੀ ਅਨੰਤ ਸਫਰ ਕਰਦੀ ਹੈ।

***-ਜਗਜੀਤ ਸਿੰਘ ਸੇਖੋਂ***

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜੁਲਾਈ 2015 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-175



*ਧਰਮੀ ਬੰਦਾ ਵਾਹਲਾ ਹੋ ਗਿਆ, ਗੁਰੂਆਂ ਤੋਂ ਵੱਧ ਚੇਲੇ।*
*ਪੀਰਾਂ ਦੀਆਂ ਮਜ਼ਾਰਾਂ ਉਤੇ ਫਿਰ ਰੋਜ਼ ਲੱਗਣ ਮੇਲੇ।*
*ਚੁੰਨੀਆਂ ਬੰਨ੍ਹ ਕੇ ਬਾਂਸ ਨਾਲ, ਤੇ ਅੰਦਰ ਰੱਖੀਆਂ ਆਸਾਂ।*
*ਡਗਾ ਢੋਲ 'ਤੇ ਮਾਰ ਕੇ ਬਾਬਾ, ਕਰਦਾ ਏ ਅਰਦਾਸਾਂ।*

### ਕੈਪਸ਼ਨ ਮੁਕਾਬਲਾ-173



ਮਸਾਂ ਮਸਾਂ ਤਾਂ ਛੁੱਟੀਆਂ ਹੋਈਆਂ
ਨੱਚੀਏ ਟੱਪੀਏ ਭੰਗੜੇ ਪਾਈਏ।
ਮਸੂਰੀ-ਸ਼ਿਮਲਾ ਦੂਰ ਨੇ ਪਹੁੰਚੇ
ਨਾਨਕਿਆਂ ਦਾ ਦਰ ਖੜਕਾਈਏ।
ਦਿਨ ਤਪਦੇ ਨੇ ਭੱਠੀ ਵਾਂਗੂੰ
ਵਿਚ ਖਾਲ਼ਾਂ ਦੇ ਧੁੰਮ ਮਚਾਈਏ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਪਹਿਲਾਂ ਮਨ 'ਚੋਂ ਡਰ ਕੱਢਣ ਲਈ
ਨੱਕੋ ਨੱਕ ਭਰੀ ਆਡ 'ਚ ਵੜਨਾ।
ਦੂਜਾ ਸੰਗ ਪਾਣੀ ਅਠਖੇਲੀਆਂ ਕਰਕੇ
ਮਾਰ ਛਾਲਾਂ ਨਹਿਰ 'ਚ ਤਰਨਾ।
ਠੇਲ ਲੱਕੜੀ ਦੀ ਬੇੜੀ ਦਰਿਆ ਵਿਚ
ਸੀਨਾ ਜ਼ੋਰ ਅਜ਼ਮਾਈ ਕਰਨਾ।
ਫਿਰ ਅਥਾਹ ਸਮੁੰਦਰ 'ਚ ਗੋਤੇ ਲਾ ਕੇ
ਗੁੱਝੇ ਭੇਦ ਸਾਗਰ ਦੇ ਲੱਭਣਾ।
'ਨੂਰਪੁਰੀ' ਜੋ ਕਰਦੇ ਹਿੰਮਤ
ਘਾਲ ਕਮਾਈਆਂ ਕਰ ਜਾਂਦੇ ਨੇ।
ਡਰੂ ਲੋਕ ਰਹਿ ਜਾਂਦੇ ਤੱਕਦੇ
ਸਿਰੜ ਵਾਲੇ ਨਾਂ ਰੌਸ਼ਨ ਕਰ ਜਾਂਦੇ ਨੇ।

***-ਸੇਵਾ ਸਿੰਘ ਨੂਰਪੂਰੀ***
***ਸੈਨ ਹੋਜ਼ੇ, ਕੈਲੀਫੋਰਨੀਆ।***

---

ਪ੍ਰਦੂਸ਼ਣ ਹੋਇਆ ਸਤਲੁਜ ਦਾ ਪਾਣੀ
ਡਿੱਗ ਸੀਵਰੇਜ ਦੇ ਪਾਣੀ
ਰੰਗ ਕੀਤਾ ਗੰਧਲਾ।
ਸਤਲੁਜ ਹੈ ਸਾਡਾ ਇਤਿਹਾਸਕ ਵਿਰਸਾ
ਅੰਤਾਂ ਦੀ ਹੈ ਮੁਹੱਬਤ ਸਾਨੂੰ।
ਲੈ ਲਓ ਮੌਜ ਬਹਾਰਾਂ
ਲੈ ਲਓ ਗੋਤੇ ਇਸੇ 'ਚ
ਜੋ ਆੜ ਵਿਚ ਸਤਲੁਜ 'ਚੋਂ ਡਿਗਦਾ।
ਸੰਭਾਲ ਲਓ ਇਹ ਅਣਮੁੱਲਾ ਤੋਹਫਾ
ਇਹ ਹੈ ਸਾਡੀ ਵਿਰਾਸਤ।

***-ਦਰਸ਼ਨ ਪਾਲ ਦੋਸਾਂਝ***

## ਵਿਅੰਗ

ਚਿੱਟੇ ਚੋਲੇ, ਗੋਗੜ ਵੱਡੀ,
ਬਾਬੇ ਹੇਠਾਂ ਓਢੀ ਗੱਡੀ।
ਸਹੀ ਰਾਗ ਗਾਉਣ ਨਾ ਜਾਣੇ
ਬੱਸ ਧਾਰਨਾ ਸਿੱਧੀ ਛੱਡੀ।
ਲੋਕਾਂ ਸਾਹਵੇਂ ਸ਼ਾਕਾਹਾਰੀ
ਛੁਪ ਕੇ ਖਾਵੇ ਮੱਛੀ-ਡੱਡੀ।
ਸੰਗਤ ਨੂੰ ਸੋਫੀ ਫੁਰਮਾਨ
ਘਰੇ ਪੀਂਦਾ ਘਰ ਦੀ ਕੱਢੀ।
ਕਹਿ ਬ੍ਰਹਮਚਾਰੀ ਛੜੇ ਸਾਧ ਨੇ
ਚੇਲੀ ਬਣਾਈ ਸੁੰਦਰ ਨੱਢੀ।

***-ਜੁਗਰਾਜ ਗਿੱਲ, ਸ਼ਾਰਲਟ***
***ਫੋਨ: 704-257-6693***

# ... ਤੇ ਹੁਣ ਕਰਮਾਂ ਸੇਤੀ ਰਹਿ ਗਈ ਖੇਤੀ

**ਚੰਡੀਗੜ੍ਹ:** ਪੰਜਾਬ ਦੇ ਕਿਸਾਨਾਂ ਵਿਚ ਖੁਦਕੁਸ਼ੀਆਂ ਦਾ ਰੁਝਾਨ ਦਿਨ-ਬ-ਦਿਨ ਵਧਦਾ ਜਾ ਰਿਹਾ ਹੈ। ਪਿਛਲੇ ਦਿਨੀਂ ਵੱਖ-ਵੱਖ ਜ਼ਿਲ੍ਹਿਆਂ, ਜਿਨ੍ਹਾਂ ਵਿਚ ਮੁਕਤਸਰ ਸਾਹਿਬ, ਤਰਨਤਾਰਨ, ਫਾਜ਼ਿਲਕਾ, ਫਤਹਿਗੜ੍ਹ ਸਾਹਿਬ, ਲੁਧਿਆਣਾ, ਕਪੂਰਥਲਾ ਤੇ ਮਾਨਸਾ ਆਦਿ ਸ਼ਾਮਲ ਹਨ, ਪਿੰਡਾਂ ਦੇ ਕਿਸਾਨਾਂ ਨੇ ਜ਼ਿੰਦਗੀ ਤੋਂ ਬੇਜ਼ਾਰ ਹੋ ਕੇ ਇਸ ਨੂੰ ਛੱਡ ਦੇਣਾ ਹੀ ਬਿਹਤਰ ਸਮਝਿਆ। ਆਰਥਿਕ ਤੰਗੀ ਹੀ ਇਨ੍ਹਾਂ ਖੁਦਕੁਸ਼ੀਆਂ ਦਾ ਮੁੱਖ ਕਾਰਨ ਬਣ ਰਹੀ ਹੈ। ਇਸ ਸਾਲ ਬੇਮੌਸਮੀ ਬਾਰਸ਼ ਕਾਰਨ ਫਸਲ ਦੀ ਬਰਬਾਦੀ ਪਿਛੋਂ ਇਸ ਰੁਝਾਨ ਵਿਚ ਇਕਦਮ ਵਾਧਾ ਹੋਇਆ ਹੈ। ਪਿਛਲੇ ਡੇਢ ਮਹੀਨੇ ਵਿਚ ਤਕਰੀਬਨ 36 ਕਿਸਾਨਾਂ ਨੇ ਮੌਤ ਗਲੇ ਲਾ ਲਈ।

ਹਾਲਤ ਇਥੋਂ ਤੱਕ ਪਹੁੰਚ ਗਈ ਹੈ ਕਿ ਪਿਛਲੇ ਦਿਨੀਂ ਜਿਸ ਸੁਰਜੀਤ ਸਿੰਘ ਨਾਂ ਦੇ ਕਿਸਾਨ ਨੇ ਫਤਹਿਗੜ੍ਹ ਸਾਹਿਬ ਵਿਚ ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਅੱਗੇ ਆਪਣੇ ਦੁਖੜੇ ਫਰੋਲੇ ਸਨ, ਉਸ ਨੇ ਵੀ ਖੁਦਕੁਸ਼ੀ ਕਰ ਲਈ ਹੈ, ਕਿਉਂਕਿ ਉਹ ਵੀ ਤਕਰੀਬਨ ਸੱਤ ਲੱਖ ਰੁਪਏ ਦਾ ਕਰਜ਼ਾਈ ਸੀ ਤੇ ਬੇਮੌਸਮੀ ਬਾਰਸ਼ ਨਾਲ ਬਰਬਾਦ ਹੋਈ ਫ਼ਸਲ ਕਾਰਨ ਕਰਜ਼ਾ ਚੁਕਾਉਣ ਤੋਂ ਬੇਵੱਸ ਸੀ। ਕੁਝ ਸਮਾਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਰਾਹੀਂ ਪੰਜਾਬ ਵਿਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਬਾਰੇ ਇਕ ਸਰਵੇਖਣ ਕਰਵਾਇਆ ਗਿਆ ਸੀ।

ਇਸ ਸਰਵੇਖਣ ਦਾ ਮੰਤਵ 2000 ਤੋਂ 2010 ਦਰਮਿਆਨ ਹੋਈਆਂ ਖੁਦਕੁਸ਼ੀਆਂ ਦੇ ਅੰਕੜੇ ਤੇ ਵੇਰਵੇ ਇਕੱਤਰ ਕਰਨਾ ਸੀ। ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਸੀ ਕਿ ਉਕਤ ਸਮੇਂ ਦੌਰਾਨ ਤਕਰੀਬਨ 5000 ਕਿਸਾਨਾਂ ਤੇ ਖੇਤ ਮਜ਼ਦੂਰਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਤੇ ਇਨ੍ਹਾਂ ਵਿਚੋਂ 3000 ਖੁਦਕੁਸ਼ੀਆਂ ਬਠਿੰਡਾ ਤੇ ਸੰਗਰੂਰ ਦੇ ਦੋ ਜ਼ਿਲ੍ਹਿਆਂ ਵਿਚ ਹੀ ਹੋਈਆਂ ਹਨ। ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਵਿਚੋਂ 38 ਫ਼ੀਸਦੀ 20 ਤੋਂ 30 ਸਾਲ ਦੇ ਨੌਜਵਾਨ ਸਨ। 60 ਫ਼ੀਸਦੀ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਕਾਰਨ ਕਰਜ਼ਾ ਸੀ। ਖੁਦਕੁਸ਼ੀ ਕਰਨ ਵਾਲੇ ਵਿਅਕਤੀਆਂ ਵਿਚੋਂ 47 ਫੀਸਦੀ ਲੋਕ ਅਨਪੜ੍ਹ ਸਨ। ਉਕਤ ਸਮੇਂ ਦੌਰਾਨ ਤਕਰੀਬਨ ਹਰ ਸਾਲ 500 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਤੇ ਇਸ ਤਰ੍ਹਾਂ ਹਰ ਦੋ ਦਿਨਾਂ ਵਿਚ ਤਿੰਨ ਕਿਸਾਨ ਖੁਦਕੁਸ਼ੀ ਕਰਦੇ ਰਹੇ।ਪਰ ਪਿਛਲੇ ਇਕ ਸਾਲ ਵਿਚ ਇਸ ਵਿਚ ਤੇਜ਼ੀ ਆਈ ਹੈ।


ਹੁਣ ਤਾਂ ਹਰ ਦੋ ਦਿਨਾਂ ਬਾਅਦ ਨਹੀਂ, ਸਗੋਂ ਹਰ ਰੋਜ਼ ਤਕਰੀਬਨ ਦੋ ਤੋਂ ਤਿੰਨ ਕਿਸਾਨਾਂ ਵੱਲੋਂ ਖੁਦਕੁਸ਼ੀ ਕਰਨ ਦੀਆਂ ਖ਼ਬਰਾਂ ਆ ਰਹੀਆਂ ਹਨ। ਇਸ ਦੇ ਬਾਵਜੂਦ ਕਿਸਾਨੀ ਦੇ ਇਸ ਦੁਖਾਂਤ ਨੂੰ ਕਿਸੇ ਵੀ ਪੱਧਰ ਉਤੇ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਇੰਦਰਜੀਤ ਸਿੰਘ ਜੇਜੀ, ਜਿਨ੍ਹਾਂ ਨੇ ਮਾਲਵੇ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਗਹਿਰੀ ਜਾਂਚ-ਪੜਤਾਲ ਕੀਤੀ ਹੈ ਤੇ ਇਸ ਬਾਰੇ ਇਕ ਪੁਸਤਕ ਵੀ ਲਿਖੀ ਹੈ, ਦਾ ਦਾਅਵਾ ਹੈ ਕਿ ਪਿਛਲੇ ਕੁਝ ਸਾਲਾਂ ਦੌਰਾਨ ਸੰਗਰੂਰ ਜ਼ਿਲ੍ਹੇ ਦੀਆਂ ਮੂਨਕ ਤੇ ਲਹਿਰਾ ਤਹਿਸੀਲਾਂ ਤੇ ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਬਲਾਕ ਵਿਚ ਹੀ 2300 ਤੋਂ ਵੱਧ ਕਿਸਾਨ ਤੇ ਬੇਜ਼ਮੀਨੇ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ। ਉਨ੍ਹਾਂ ਅਨੁਸਾਰ ਮੂਨਕ ਨੇੜਲੇ ਪਿੰਡ ਬਲਰਾਂ ਵਿਚ ਹੀ 93 ਦੇ ਕਰੀਬ ਖੁਦਕੁਸ਼ੀਆਂ ਹੋਈਆਂ ਹਨ।

ਖੁਦਕੁਸ਼ੀਆਂ ਦਾ ਵੱਡਾ ਕਾਰਨ ਖੇਤੀ ਉਤਪਾਦਨ ਦੀਆਂ ਲਗਾਤਾਰ ਵਧਦੀਆਂ ਹੋਈਆਂ ਲਾਗਤਾਂ ਤੇ ਇਸ ਮੁਤਾਬਕ ਉਨ੍ਹਾਂ ਨੂੰ ਸਰਕਾਰਾਂ ਤੇ ਨਿੱਜੀ ਵਪਾਰੀਆਂ ਵੱਲੋਂ ਲਾਭਕਾਰੀ ਭਾਅ ਦਾ ਨਾ ਦਿੱਤੇ ਜਾਣਾ ਹੈ। ਇਸ ਤੋਂ ਇਲਾਵਾ ਸ਼ਾਹੂਕਾਰਾਂ ਤੇ ਆੜ੍ਹਤੀਆਂ ਵੱਲੋਂ ਉਨ੍ਹਾਂ ਨੂੰ ਵਧੇਰੇ ਵਿਆਜ ਉਤੇ ਕਰਜ਼ੇ ਤੇ ਹੋਰ ਘਰੇਲੂ ਵਰਤੋਂ ਦੀਆਂ ਵਸਤਾਂ ਉਨ੍ਹਾਂ ਦੇ ਗਲ ਮੜ੍ਹ ਕੇ ਕੀਤਾ ਜਾ ਰਿਹਾ ਅੰਨ੍ਹਾ ਸ਼ੋਸ਼ਣ ਵੀ ਇਸ ਲਈ ਜ਼ਿੰਮੇਵਾਰ ਹੈ। ਕਿਸਾਨਾਂ ਦੀਆਂ ਖੁਦਕੁਸ਼ੀਆਂ ਦੇ ਕੁਝ ਕਾਰਨ ਦੇਸ਼ ਭਰ ਵਿਚ ਸਾਂਝੇ ਹਨ ਤੇ ਕੁਝ ਕਾਰਨ ਵੱਖ-ਵੱਖ ਰਾਜਾਂ ਵਿਚ ਵੱਖੋ-ਵੱਖਰੇ ਵੀ ਹਨ।

ਪੰਜਾਬ ਵਿਚ ਅਕਾਲੀ ਭਾਜਪਾ ਸਰਕਾਰ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਦੱਸਦੀ ਆ ਰਹੀ ਹੈ ਪਰ ਉਸ ਦੀਆਂ ਨੀਤੀਆਂ ਕਿਸਾਨ ਪੱਖੀ ਨਹੀਂ ਰਹੀਆਂ। ਸਰਕਾਰ ਵੱਲੋਂ ਹਾਲ ਹੀ ਵਿਚ ਵਧਾਏ ਟੈਕਸਾਂ ਕਾਰਨ ਪੰਜਾਬ ਦੇ ਕਿਸਾਨਾਂ ਨੂੰ ਤਕਰੀਬਨ ਡੇਢ ਸੌ ਕਰੋੜ ਰੁਪਏ ਦੀ ਵਾਧੂ ਮਾਰ ਪਵੇਗੀ। ਬਿਜਲੀ ਸੈੱਸ ਤੇ ਸਟੈਂਪ ਡਿਊਟੀ ਵਿਚ ਕੀਤਾ ਵਾਧਾ ਇਸ ਤੋਂ ਵੱਖ ਹੈ।

## ਆਰਥਿਕ ਤੰਗੀ ਦੇ ਮਾਰੇ ਕਿਸਾਨਾਂ ਨੇ ਫੜਿਆ ਖੁਦਕੁਸ਼ੀਆਂ ਦਾ ਰਾਹ





ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਪਿੰਡ ਦਾਦੂ ਮਾਜਰਾ ਦੇ ਕਿਸਾਨ ਸੁਰਜੀਤ ਸਿੰਘ ਦੇ ਪਰਿਵਾਰ ਦੇ ਜੀਆਂ ਨਾਲ ਦੁੱਖ ਵੰਡਾਉਂਦੇ ਹੋਏ।

## ਇਕ ਦਹਾਕੇ ਵਿਚ 6926 ਕਿਸਾਨਾਂ ਨੇ ਮੌਤ ਗਲੇ ਲਾਈ

ਪੰਜਾਬ ਦੀਆਂ ਤਿੰਨੋਂ ਯੂਨੀਵਰਸਿਟੀਆਂ ਵੱਲੋਂ ਇਕੱਤਰ ਕੀਤੇ ਅੰਕੜਿਆਂ ਅਨੁਸਾਰ ਸੂਬੇ ਵਿਚ ਪਿਛਲੇ ਇਕ ਦਹਾਕੇ ਦੌਰਾਨ ਖੇਤੀ ਖੇਤਰ ਵਿਚ ਖੁਦਕੁਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 6926 ਸੀ, ਜਿਨ੍ਹਾਂ ਵਿਚੋਂ 3954 ਕਿਸਾਨ ਸਨ ਤੇ 2972 ਬੇਜ਼ਮੀਨੇ ਮਜ਼ਦੂਰ ਸਨ। ਇਨ੍ਹਾਂ ਵਿਚੋਂ 74 ਫ਼ੀਸਦੀ ਕਿਸਾਨਾਂ ਤੇ 58.6 ਫੀਸਦੀ ਬੇਜ਼ਮੀਨੇ ਮਜ਼ਦੂਰਾਂ ਨੇ ਭਾਰੀ ਕਰਜ਼ੇ ਕਾਰਨ ਖੁਦਕੁਸ਼ੀ ਕੀਤੀ ਸੀ।



ਦੱਸਣਯੋਗ ਹੈ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕੀਤੇ ਗਏ ਛੇ ਜ਼ਿਲ੍ਹਿਆਂ, ਜਿਨ੍ਹਾਂ ਵਿਚ ਮਾਨਸਾ, ਸੰਗਰੂਰ, ਬਰਨਾਲਾ, ਮੋਗਾ, ਲੁਧਿਆਣਾ ਤੇ ਬਠਿੰਡਾ ਸ਼ਾਮਲ ਹਨ, ਦੇ ਸਰਵੇਖਣ ਦੌਰਾਨ 6126 ਕਿਸਾਨ-ਮਜ਼ਦੂਰਾਂ ਵੱਲੋਂ ਖੁਦਕੁਸ਼ੀਆਂ ਕਰਨ ਦੇ ਮਾਮਲੇ ਸਾਹਮਣੇ ਆਏ ਹਨ ਜਦੋਂਕਿ ਖੁਦਕੁਸ਼ੀਆਂ ਦੇ ਬਾਕੀ 798 ਮਾਮਲੇ ਰਾਜ ਦੇ ਬਾਕੀ ਜ਼ਿਲ੍ਹਿਆਂ ਵਿਚੋਂ ਸਾਹਮਣੇ ਆਏ ਹਨ।

ਅਸਲ ਵਿਚ ਇਹ ਛੇ ਜ਼ਿਲ੍ਹੇ ਨਰਮਾ ਪੱਟੀ ਵਾਲੇ ਹਨ, ਜਿਥੇ ਕਰਜ਼ਿਆਂ ਤੋਂ ਪਰੇਸ਼ਾਨ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕਰਨ ਦਾ ਰੁਝਾਨ ਭਾਰੂ ਹੈ। ਹੁਣ ਇਨ੍ਹਾਂ ਯੂਨੀਵਰਸਿਟੀਆਂ ਨੂੰ ਮਾਰਚ 2013 ਤੱਕ ਦੇ ਅੰਕੜੇ ਇਕੱਠੇ ਕਰਨ ਲਈ ਨਵੇਂ ਸਿਰਿਓਂ ਸਰਵੇਖਣ ਕਰਨ ਲਈ ਕਿਹਾ ਗਿਆ ਹੈ।

## ਕਿਸਾਨ ਖੁਦਕੁਸ਼ੀਆਂ ਦੇ ਕਾਰਨ...

ਕੇਂਦਰੀ ਗ੍ਰਹਿ ਮੰਤਰਾਲੇ ਅਨੁਸਾਰ ਖੁਫੀਆ ਵਿੰਗ (ਆਈ.ਬੀ) ਨੇ ਆਪਣੀ ਰਿਪੋਰਟ ਵਿਚ ਖੁਲਾਸਾ ਕੀਤਾ ਹੈ ਕਿ ਪੰਜਾਬ ਵਿਚ ਵਧ ਰਹੇ ਕਰਜ਼ੇ ਦੇ ਭਾਰ ਤੇ ਫਸਲਾਂ ਦੀ ਘੱਟ ਰਹੀ ਪੈਦਾਵਾਰ ਖੁਦਕੁਸ਼ੀ ਦਾ ਕਾਰਨ ਬਣ ਰਹੀ ਹੈ। ਰਿਪੋਰਟ ਵਿਚ ਫਸਲਾਂ ਦੇ ਸਰਕਾਰੀ ਭਾਅ ਘੱਟ ਹੋਣ, ਮੌਨਸੂਨ ਦੀ ਗੜਬੜੀ ਤੇ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਖੁਦਕੁਸ਼ੀ ਦੇ ਕਾਰਨਾਂ ਵਿਚ ਸ਼ਾਮਲ ਕੀਤਾ ਹੈ।

ਮਾਰਚ ਤੇ ਅਪਰੈਲ ਮਹੀਨੇ ਵਿਚ ਹੋਈਆਂ ਬੇਮੌਸਮੀਆਂ ਬਾਰਸ਼ਾਂ, ਤੇਜ਼ ਹਵਾਵਾਂ ਤੇ ਗੜੇਮਾਰੀ ਨਾਲ ਦੇਸ਼ ਭਰ ਵਿਚ ਵੱਡੀ ਪੱਧਰ ਉਤੇ ਕਣਕ, ਆਲੂ, ਸਰ੍ਹੋਂ ਤੇ ਫਲ-ਸਬਜ਼ੀਆਂ ਆਦਿ ਫ਼ਸਲਾਂ ਦੇ ਹੋਏ ਨੁਕਸਾਨ ਤੋਂ ਬਾਅਦ ਕਿਸਾਨ ਖੁਦਕੁਸ਼ੀਆਂ ਵਿਚ ਵਾਧਾ ਹੋਇਆ ਹੈ। ਪੰਜਾਬ ਦੇ ਕਿਸਾਨ ਸਿਰ 35 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਦੇ ਅੰਕੜੇ ਸੱਤਾਧਾਰੀ ਲੋਕਾਂ ਦੀ ਰੂਹ ਨੂੰ ਹਲੂਣਾ ਨਹੀਂ ਦੇ ਸਕੇ।

ਇਕ ਅੰਦਾਜ਼ੇ ਮੁਤਾਬਿਕ ਹਰ 30 ਮਿੰਟ ਬਾਅਦ ਇਕ ਕਿਸਾਨ ਭਾਰਤ ਵਿਚ ਖੁਦਕੁਸ਼ੀ ਕਰ ਰਿਹਾ ਹੈ। ਦੁਨੀਆ ਭਰ ਵਿਚੋਂ ਇਹ ਅੰਕੜਾ ਸਭ ਤੋਂ ਉੱਪਰ ਹੈ। ਮਾਹਿਰਾਂ ਦੀ ਮੰਨੀ ਜਾਵੇ ਤਾਂ ਕਿਸਾਨ ਤੇ ਖੇਤ ਮਜ਼ਦੂਰ ਦੀ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ। 70 ਫ਼ੀਸਦੀ ਆਬਾਦੀ ਪਿੰਡਾਂ ਵਿਚ ਰਹਿੰਦੀ ਹੈ ਜਿਸ ਵਿਚੋਂ ਵੱਡਾ ਹਿੱਸਾ ਦੀ ਰੋਜ਼ੀ-ਰੋਟੀ ਖੇਤੀ ਉਤੇ ਨਿਰਭਰ ਹੈ। ਦੇਸ਼ ਦੀ ਕੁੱਲ ਘਰੇਲੂ ਪੈਦਾਵਾਰ ਵਿਚ ਇਸ ਦਾ ਹਿੱਸਾ ਘਟ ਕੇ 13 ਫ਼ੀਸਦੀ ਰਹਿ ਗਿਆ ਹੈ।

## ਕਿਸਾਨ ਵਿਰੋਧੀ ਕੇਂਦਰੀ ਨੀਤੀਆਂ ਦਾ ਵਿਰੋਧ ਕਰੇ ਬਾਦਲ: ਜਾਖੜ

**ਅਬੋਹਰ:** ਕੇਂਦਰ ਸਰਕਾਰ ਵੱਲੋਂ ਝੋਨੇ ਦੇ ਸਮਰਥਨ ਮੁੱਲ ਵਿਚ ਮਾਮੂਲੀ ਵਾਧਾ ਕਰਨ ਉਤੇ ਮੁੱਖ ਮੰਤਰੀ ਦੀ ਚੁੱਪ ਦੱਸਦੀ ਹੈ ਕਿ ਕੇਂਦਰ ਵਿਚ ਉਨ੍ਹਾਂ ਦੀ ਸੁਣਨ ਵਾਲਾ ਕੋਈ ਨਹੀਂ ਹੈ। ਵਿਰੋਧੀ ਧਿਰ ਦੇ ਨੇਤਾ ਤੇ ਵਿਧਾਇਕ ਸੁਨੀਲ ਜਾਖੜ ਨੇ ਕਿਹਾ ਕਿ ਬੀਤੇ ਦਿਨੀਂ ਮੁੱਖ ਮੰਤਰੀ ਨੇ ਖੁਦ ਮੰਗ ਕੀਤੀ ਸੀ ਕਿ ਝੋਨੇ ਦਾ ਸਮਰਥਨ ਮੁੱਲ 2000 ਰੁਪਏ ਪ੍ਰਤੀ ਕੁਇੰਟਲ ਹੋਣਾ ਚਾਹੀਦਾ ਹੈ। ਪੰਜਾਬ ਵਿਚ ਕਿਸਾਨ ਖੁਦਕੁਸ਼ੀਆਂ ਕਰ ਰਹੇ ਹਨ, ਪਰ ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਵੱਲੋਂ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਤਾਂ ਦੇਣਾ ਦੂਰ, ਉਨ੍ਹਾਂ ਨਾਲ ਦੁੱਖ ਸਾਂਝਾ ਕਰਨ ਦਾ ਸਮਾਂ ਨਹੀਂ ਹੈ। ਦੂਜੇ ਪਾਸੇ ਕਾਂਗਰਸ ਦੇ ਰਾਸ਼ਟਰੀ ਨੇਤਾ ਰਾਹੁਲ ਗਾਂਧੀ ਪੰਜਾਬ ਆ ਕੇ ਕਰਜ਼ੇ ਹੇਠਾਂ ਦੱਬੇ ਕਿਸਾਨਾਂ ਦਾ ਹਾਲ ਪੁੱਛ ਰਹੇ ਹਨ। ਚੋਣਾਂ ਵਿਚ ਕਿਸਾਨਾਂ ਤੋਂ ਵੋਟ ਬਟੋਰਨ ਲਈ ਭਾਜਪਾ ਨੇ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਪਰ ਹੁਣ ਭਾਜਪਾ ਆਪਣੇ ਚੋਣ ਵਾਅਦਿਆਂ ਤੋਂ ਪਿੱਛੇ ਭੱਜ ਰਹੀ ਹੈ। ਜਾਖੜ ਨੇ ਮੁੱਖ ਮੰਤਰੀ ਨੂੰ ਯਾਦ ਦਿਵਾਇਆ ਕਿ ਕੇਂਦਰ ਵਿਚ ਕਾਂਗਰਸ ਸਰਕਾਰ ਵੇਲੇ ਝੋਨੇ ਦੀ ਫ਼ਸਲ ਦੇ ਮੁੱਲ ਵਿਚ ਵਾਧਾ ਕੀਤਾ ਸੀ ਤਾਂ ਮੁੱਖ ਮੰਤਰੀ ਨੇ ਕਿਸਾਨਾਂ ਨਾਲ ਵੱਡਾ ਮਜ਼ਾਕ ਦੱਸਿਆ ਸੀ, ਪਰ ਹੁਣ ਕੇਂਦਰ ਵਿਚ ਅਕਾਲੀ ਦਲ ਦੀ ਭਾਈਵਾਲ ਸਰਕਾਰ ਹੋਣ ਦੇ ਬਾਵਜੂਦ ਸਰਕਾਰ ਨੇ ਨਵੇਂ ਸਮਰਥਨ ਮੁੱਲ ਵਿਚ ਮਾਮੂਲੀ ਵਾਧਾ ਕੀਤਾ ਹੈ ਤਾਂ ਮੁੱਖ ਮੰਤਰੀ ਇਸ ਦਾ ਵਿਰੋਧ ਕਰਨ ਵਿਚ ਅਸਮਰਥ ਜਾਪ ਰਹੇ ਹਨ।

## ਫੰਡਾਂ ਦੀ ਤੋਟ ਨੇ ਡੱਕਿਆ ਖੁਦਕੁਸ਼ੀਆਂ ਬਾਰੇ ਸਰਵੇਖਣ ਦਾ ਰਾਹ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ 2011 ਤੇ 2014 ਦੌਰਾਨ ਕਿਸਾਨ ਖੁਦਕੁਸ਼ੀਆਂ ਬਾਰੇ ਸਰਵੇਖਣ ਦਾ ਦੂਜਾ ਪੜਾਅ ਸ਼ੁਰੂ ਕਰਨ ਲਈ ਤਿੰਨ ਯੂਨੀਵਰਸਿਟੀਆਂ ਸਰਕਾਰੀ ਫੰਡ ਉਡੀਕ ਰਹੀਆਂ ਹਨ। ਭਾਵੇਂ ਕਿ ਇਨ੍ਹਾਂ ਨੂੰ ਮਾਲ ਵਿਭਾਗ ਵੱਲੋਂ ਪੱਤਰ ਜਾਰੀ ਹੋ ਚੁੱਕਾ ਹੈ ਤੇ ਸਰਵੇਖਣ ਦੇ ਪਹਿਲੇ ਪੜਾਅ ਦੀ ਰਿਪੋਰਟ 2011 ਵਿਚ ਜਮ੍ਹਾਂ ਕਰਵਾ ਦਿੱਤੀ ਗਈ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੂਤਰਾਂ ਨੇ ਦੱਸਿਆ ਕਿ ਭਾਵੇਂ ਡੋਰ ਟੂ ਡੋਰ ਸਰਵੇ ਸ਼ੁਰੂ ਕਰਨ ਲਈ ਵਿਭਾਗੀ ਪੱਤਰ ਮਿਲ ਚੁੱਕਾ ਹੈ ਪਰ ਫੰਡ ਹਾਲੇ ਤੱਕ ਨਹੀਂ ਮਿਲਿਆ। ਮਾਲ ਵਿਭਾਗ ਵੱਲੋਂ ਪੱਤਰ ਵਿਚ ਕਿਹਾ ਗਿਆ ਹੈ ਕਿ ਹਰੇਕ ਯੂਨੀਵਰਸਿਟੀ ਨੂੰ ਸਰਵੇ ਕਰਵਾਉਣ ਲਈ 10 ਲੱਖ ਰੁਪਏ ਮਿਲਣਗੇ।

ਦੂਜੇ ਪੜਾਅ ਦਾ ਸਰਵੇਖਣ 2013 ਵਿਚ ਸ਼ੁਰੂ ਹੋਣਾ ਸੀ ਪਰ ਮਾਲ ਵਿਭਾਗ ਵੱਲੋਂ ਡੇਢ ਸਾਲ ਤੋਂ ਮਨਜ਼ੂਰੀ ਪੱਤਰ ਹੀ ਨਾ ਭੇਜਿਆ ਗਿਆ ਜੋ ਹੁਣ ਜੂਨ 2015 ਵਿਚ ਪ੍ਰਾਪਤ ਹੋਇਆ ਹੈ ਪਰ ਫਿਰ ਵੀ ਕੰਮ ਸ਼ੁਰੂ ਨਹੀਂ ਹੋ ਸਕਦਾ ਕਿਉਂਕਿ ਫੰਡ ਅਜੇ ਤੱਕ ਜਾਰੀ ਹੀ ਨਹੀਂ ਕੀਤੇ ਗਏ। ਇਹ ਜਾਣਕਾਰੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇਕ ਸੂਤਰ ਰਾਹੀਂ ਮਿਲੀ ਹੈ।

ਯੂਨੀਵਰਸਿਟੀ ਮਾਹਿਰਾਂ ਦਾ ਕਹਿਣਾ ਹੈ ਕਿ ਫੰਡਾਂ ਦੀ ਘਾਟ ਕਾਰਨ ਕੰਮ ਵਿਚ ਰੁਕਾਵਟ ਆ ਰਹੀ ਹੈ। ਪਿਛਲੀ ਵਾਰ ਇਕੱਲੀ ਖੇਤੀਬਾੜੀ ਯੂਨੀਵਰਸਿਟੀ ਨੂੰ ਛੇ ਜ਼ਿਲ੍ਹਿਆਂ ਦੇ ਸਰਵੇਖਣ ਲਈ 24 ਲੱਖ ਰੁਪਏ ਦਿੱਤੇ ਗਏ ਸਨ ਜਦੋਂ ਕਿ ਪੰਜਾਬ ਵਿਚ 22 ਜ਼ਿਲ੍ਹਿਆਂ ਦੇ ਸਰਵੇਖਣ ਦਾ ਬਜਟ 30 ਲੱਖ ਰੁਪਏ ਸੀ।

ਇਨ੍ਹਾਂ ਯੂਨੀਵਰਸਿਟੀਆਂ ਨੇ ਪਹਿਲੇ ਪੜਾਅ ਦੇ ਸਰਵੇਖਣ ਵਿਚ ਵਿਚ ਮਾਰਚ 2011 ਤੱਕ ਅੰਕੜੇ ਇਕੱਠੇ ਕਰਨ ਦਾ ਕੰਮ ਮੁਕੰਮਲ ਕਰ ਲਿਆ ਸੀ।

ਸਰਵੇਖਣ ਵਿਚ ਸਾਹਮਣੇ ਆਇਆ ਸੀ ਕਿ ਸੂਬੇ ਵਿਚ ਪਿਛਲੇ ਇਕ ਦਹਾਕੇ ਦੌਰਾਨ ਖੇਤੀ ਖੇਤਰ ਵਿਚ ਖੁਦਕੁਸ਼ੀਆਂ ਕਰਨ ਵਾਲੇ ਵਿਅਕਤੀਆਂ ਦੀ ਗਿਣਤੀ 6926 ਸੀ, ਜਿਨ੍ਹਾਂ ਵਿਚੋਂ 3954 ਕਿਸਾਨ ਸਨ ਤੇ 2972 ਬੇਜ਼ਮੀਨੇ ਮਜ਼ਦੂਰ ਸਨ। ਇਨ੍ਹਾਂ ਵਿਚੋਂ 74 ਫ਼ੀਸਦੀ ਕਿਸਾਨਾਂ ਤੇ 58.6 ਫੀਸਦੀ ਬੇਜ਼ਮੀਨੇ ਮਜ਼ਦੂਰਾਂ ਨੇ ਭਾਰੀ ਕਰਜ਼ੇ ਕਾਰਨ ਖੁਦਕੁਸ਼ੀ ਕੀਤੀ ਸੀ।

ਪੰਜਾਬ ਦੇ ਹਲਕਾ ਲਹਿਰਾਗਾਗਾ ਦਾ ਪੂਰਾ ਇਲਾਕਾ ਹੀ ਖੁਦਕੁਸ਼ੀਆਂ ਕਰਨ ਵਾਲੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਨਾਲ ਭਰਿਆ ਪਿਆ ਹੈ। ਸਰਕਾਰ ਨੇ ਸਾਲ 2000 ਤੋਂ ਲੈ ਕੇ ਸਾਲ 2009 ਤੱਕ ਹਲਕਾ ਲਹਿਰਾਗਾਗਾ ਦੇ ਤਕਰੀਬਨ 80 ਪਿੰਡਾਂ ਵਿਚ 395 ਖੇਤ ਮਜ਼ਦੂਰਾਂ ਤੇ ਕਿਸਾਨਾਂ ਵੱਲੋਂ ਖੁਦਕੁਸ਼ੀਆਂ ਕੀਤੇ ਜਾਣ ਦੀ ਸੂਚੀ ਜਾਰੀ ਕੀਤੀ ਹੈ ਜਿਨ੍ਹਾਂ ਨੂੰ ਸਹਾਇਤਾ ਵਜੋਂ ਦੋ-ਦੋ ਲੱਖ ਰੁਪਏ ਦੇ ਚੈੱਕ ਦਿੱਤੇ ਗਏ ਹਨ ਜਦੋਂਕਿ ਇਨ੍ਹਾਂ ਪਿੰਡਾਂ ਵਿਚ 2500 ਤੋਂ ਵੀ ਵੱਧ ਕਿਸਾਨ ਤੇ ਖੇਤ ਮਜ਼ਦੂਰ ਖੁਦਕੁਸ਼ੀਆਂ ਕਰ ਚੁੱਕੇ ਹਨ।।

## ਕਾਗ਼ਜ਼ਾਂ ਵਿਚ ਹੀ ਰਹਿ ਗਈ ਰਾਹਤ ਸਕੀਮ



ਪੰਜਾਬ ਸਰਕਾਰ ਨੇ 30 ਸਤੰਬਰ, 2013 ਨੂੰ ਜਾਰੀ ਪੱਤਰ ਰਾਹੀਂ ਸਰਵੇਖਣ ਤੇ ਉਸ ਸਰਵੇਖਣ ਦੀ ਰਿਪੋਰਟ ਦੇ ਆਧਾਰ ਉਤੇ ਖੁਦਕੁਸ਼ੀ ਪੀੜਤ ਕਿਸਾਨ ਪਰਿਵਾਰਾਂ ਨੂੰ ਮੁਆਵਜ਼ਿਆਂ ਦੀ ਗੱਲ ਕੀਤੀ ਸੀ ਤੇ ਉਸ ਤੋਂ ਬਾਅਦ 10 ਨਵੰਬਰ, 14 ਨੂੰ ਪੱਤਰ ਜਾਰੀ ਕਰਕੇ ਹੁਕਮ ਦਿੱਤਾ ਸੀ ਕਿ 31 ਮਾਰਚ, 2013 ਤੋਂ ਬਾਅਦ ਹੋਈਆਂ ਖੁਦਕੁਸ਼ੀਆਂ ਦੀ ਰਿਪੋਰਟ ਸਬੰਧਤ ਡੀ.ਸੀ. ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਹਰ ਮਹੀਨੇ ਸਰਕਾਰ ਨੂੰ ਭੇਜੇ ਪਰ ਸਰਕਾਰ ਦਾ ਇਹ ਫੈਸਲੇ ਮਹਿਜ਼ ਕਾਗਜ਼ਾਂ ਦਾ ਪੁਲੰਦਾ ਬਣਕੇ ਰਹਿ ਗਿਆ।

ਮਾਰਚ, 2009 ਵਿਚ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਦੇ ਫੈਸਲੇ ਅਨੁਸਾਰ ਪੀੜਤ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਣੀ ਸੀ, ਜਿਸ ਤਹਿਤ ਸਾਲ 2000 ਤੋਂ 2010 ਤੱਕ ਦੇ ਸਰਵੇਖਣ ਵਿਚ ਪੰਜਾਬ ਦੇ 6926 ਪੀੜਤ ਕਿਸਾਨ ਪਰਿਵਾਰਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਹਤ ਦਿੱਤੀ ਜਾਣੀ ਸੀ ਪਰ ਸਰਕਾਰ ਦੇ ਫੈਸਲੇ ਤੋਂ ਪੰਜ ਸਾਲ ਬਾਅਦ ਕਿਸਾਨਾਂ ਨੂੰ ਬਠਿੰਡੇ ਵਿਚ ਮੋਰਚਾ ਲਾ ਕੇ ਇਹ ਮੁਆਵਜ਼ਾ ਹਾਸਲ ਕਰਨਾ ਪਿਆ ਪਰ ਫਿਰ ਵੀ ਇਨ੍ਹਾਂ ਵਿਚੋਂ 4688 ਪੀੜਤਾਂ ਨੂੰ ਹੀ ਮੁਆਵਜ਼ਾ ਮਿਲਿਆ ਤੇ ਸਰਕਾਰ ਆਪਣੇ ਵਾਅਦੇ ਅਨੁਸਾਰ ਪੀੜਤ ਪਰਿਵਾਰਾਂ ਦੇ ਮੈਂਬਰਾਂ ਨੂੰ ਨੌਕਰੀ ਦੇਣੋਂ ਭੱਜ ਗਈ।

# ਹਰ ਰਾਤ ਪਿਛੋਂ ਆਉਂਦਾ ਹੈ ਪਹੁ-ਫੁਟਾਲਾ

## ਜੁਝਾਰੂ ਜਿਊੜੇ ਛਤਰਧਰ ਮਹਾਤੋ ਦੇ ਨਾਂ ਖੁੱਲ੍ਹਾ ਖ਼ਤ

*ਹੁਣੇ ਜਿਹੇ ਲਾਲਗੜ੍ਹ ਦੇ ਇਤਿਹਾਸਕ ਲੋਕ ਵਿਦਰੋਹ ਦੇ ਆਗੂ ਛਤਰਧਰ ਮਹਾਤੋ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਲਾਲਗੜ੍ਹ ਉਹ ਯੁੱਗ ਪਲਟਾਊ ਲਹਿਰ ਸੀ ਜਿਸ ਦੀ ਆਮਦ ਨਾਲ ਰਵਾਇਤੀ ਕਮਿਊਨਿਸਟ ਪਾਰਟੀਆਂ ਦਾ 'ਲਾਲ ਕਿਲ੍ਹਾ' ਲੜਖੜਾ ਗਿਆ ਜੋ ਸਥਾਪਤੀ ਦਾ ਅਨਿੱਖੜ ਅੰਗ ਬਣ ਕੇ ਇਨਕਲਾਬੀ ਤਬਦੀਲੀ ਦਾ ਏਜੰਡਾ ਕਦੋਂ ਦਾ ਤਿਆਗ ਚੁੱਕੀਆਂ ਸਨ। ਇਹ ਉਹ ਲਹਿਰ ਸੀ ਜਿਸ ਨੇ ਸਦੀਆਂ ਤੋਂ ਦੱਬੇ-ਕੁਚਲੇ ਅਵਾਮ ਨੂੰ ਅਸਲ ਜਮਹੂਰੀਅਤ ਦੇ ਦੀਦਾਰ ਕਰਵਾਏ। ਮੁੱਖਧਾਰਾ ਦੇ ਜਰਵਾਣਿਆਂ ਨੇ ਰਲ ਕੇ ਇਸ ਸੱਚੀ ਜਮਹੂਰੀਅਤ ਦੀਆਂ ਕੋਮਲ ਕਰੂੰਬਲਾਂ ਕੁਚਲ ਦਿੱਤੀਆਂ। ਇਸ ਲਹਿਰ ਦੇ ਨਾਇਕ ਛਤਰਧਰ ਨੂੰ ਮੁਖ਼ਾਤਿਬ ਇਹ ਖ਼ਤ ਲਾਲਗੜ੍ਹ ਦੇ ਸਮੂਹ ਸੂਰਮਿਆਂ ਦੀ ਬੀਰਗਾਥਾ ਹੈ ਜੋ ਅਸੀਂ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। -ਸੰਪਾਦਕ*

**ਸਬਿਆਸਾਚੀ ਗੋਸਵਾਮੀ**
**ਅਨੁਵਾਦ: ਬੂਟਾ ਸਿੰਘ**

ਛਤਰਧਰ, ਮੈਂ ਤੁਹਾਨੂੰ ਕਦੇ ਨਹੀਂ ਮਿਲਿਆ। ਲਾਲਗੜ੍ਹ ਲਹਿਰ ਦੇ ਉਥਲ-ਪੁਥਲ ਵਾਲੇ ਸਮਿਆਂ ਦੌਰਾਨ ਮੈਂ ਦੇਸ਼-ਧ੍ਰੋਹ ਦੇ ਇਲਜ਼ਾਮਾਂ ਤਹਿਤ ਜੇਲ੍ਹ ਵਿਚ ਸੀ। ਮੈਨੂੰ ਰਿਹਾਅ ਕਰਨ ਤੋਂ ਪਹਿਲਾਂ ਤੁਹਾਨੂੰ ਪੁਲਿਸ ਨੇ ਯੂ.ਏ.ਪੀ.ਏ. ਤਹਿਤ ਗ੍ਰਿਫ਼ਤਾਰ ਕਰ ਲਿਆ ਸੀ। ਸਾਨੂੰ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਸਾੜਿਆ ਗਿਆ। ਸਾਡੇ ਮੇਲਜੋਲ ਦਾ ਕੋਈ ਸਬੱਬ ਨਹੀਂ ਬਣਿਆ। ਫਿਰ ਵੀ ਜਦੋਂ ਮੈਂ ਤੁਹਾਨੂੰ, ਤੁਹਾਡੇ ਸੰਗੀ-ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਦਿੱਤੇ ਜਾਣ ਦੀ ਖ਼ਬਰ ਸੁਣੀ, ਮੇਰਾ ਮਨ ਉਦਾਸ ਹੋ ਗਿਆ। ਕੀ ਇਸ ਦੀ ਵਜ੍ਹਾ ਸਾਂਝੀ ਲੜਾਈ ਲੜਨ ਵਾਲਿਆਂ ਦੀ ਆਪਸੀ ਭਰਾਤਰੀ ਭਾਵਨਾ ਹੈ?

ਅਜੀਬ ਇਤਫ਼ਾਕ ਹੈ। ਇਕ ਪਾਸੇ, ਸਲਮਾਨ ਖ਼ਾਨ ਹੈ ਜਿਸ ਨੂੰ ਪੰਜ ਬੰਦਿਆਂ ਨੂੰ ਦਰੜ ਕੇ ਮਾਰ ਦੇਣ ਪਿਛੋਂ ਵੀ ਜੇਲ੍ਹ ਨਹੀਂ ਜਾਣਾ ਪਿਆ। ਉਹਦਾ ਮੁਕੱਦਮਾ ਲੰਮਾ ਚੱਲਿਆ, ਉਹ ਉਦੋਂ ਜ਼ਮਾਨਤ 'ਤੇ ਰਿਹਾ। ਤੇਰਾਂ ਸਾਲ ਪਿਛੋਂ ਉਹਨੂੰ ਮੁਜਰਿਮ ਕਰਾਰ ਦਿੱਤਾ ਗਿਆ। ਜੈਲਲਿਤਾ ਨੂੰ ਭ੍ਰਿਸ਼ਟਾਚਾਰ ਦੇ ਇਲਜ਼ਾਮਾਂ ਤੋਂ ਬਰੀ ਕਰ ਦਿੱਤਾ ਗਿਆ। ਦੂਜੇ ਪਾਸੇ, ਤੁਸੀਂ ਤੇ ਤੁਹਾਡੇ ਸੰਗੀ-ਸਾਥੀ ਕਾਲ ਕੋਠੜੀਆਂ ਵਿਚ ਉਮਰ ਕੈਦ ਭੁਗਤਣ ਦੀ ਇੰਤਜ਼ਾਰ ਕਰ ਰਹੇ ਹੋ। ਪਰਿਵਰਤਨ ਵਾਲੀ ਸਰਕਾਰ (ਮਮਤਾ ਸਰਕਾਰ) ਨੇ ਖੱਬੇ ਮੋਰਚੇ ਦੀ ਸਰਕਾਰ ਵਲੋਂ ਸ਼ੁਰੂ ਕੀਤਾ ਝੂਠੇ ਮਾਮਲਿਆਂ ਦਾ ਗੇੜ ਪੂਰਾ ਕਰ ਲਿਆ ਹੈ। ਸੱਚ ਤਾਂ ਇਹ ਹੈ ਕਿ ਤੁਹਾਨੂੰ ਤੇ ਤੁਹਾਡੇ ਸੰਗੀ-ਸਾਥੀਆਂ ਨੂੰ ਅੰਗਰੇਜ਼ਾਂ ਦੇ ਬਣਾਏ ਸਜ਼ਾ-ਵਿਧਾਨ ਤਹਿਤ ਮੁਜਰਿਮ ਠਹਿਰਾਇਆ ਗਿਆ ਹੈ; ਉਹ ਵੀ ਬਹੁਤ ਸਾਰੇ ਗਵਾਹਾਂ ਵਲੋਂ ਬਿਆਨ ਬਦਲ ਲੈਣ ਦੇ ਬਾਵਜੂਦ। ਬਹੁਤ ਵਾਰੀ ਜੱਜਾਂ ਦੇ ਤਬਾਦਲੇ ਹੋਏ। ਜੱਜ ਨੂੰ ਕੋਈ ਪ੍ਰਵਾਹ ਨਹੀਂ, ਢੱਠੇ ਖੂਹ ਵਿਚ ਪੈਣ ਅੰਗਰੇਜ਼ਾਂ ਤੋਂ ਪਿਛੋਂ ਦੇ ਰਾਜ ਦੌਰਾਨ ਸੁਪਰੀਮ ਕੋਰਟ ਵਲੋਂ ਦਿੱਤੀਆਂ ਵਿਆਖਿਆਵਾਂ ਅਤੇ ਤਰਮੀਮਾਂ!

ਤੁਸੀਂ ਸਿੱਧੂ ਕਾਨੂ ਤੇ ਬਿਰਸਾ ਮੁੰਡਾ ਦੀ ਵਿਰਾਸਤ ਜਾਰੀ ਰੱਖੀ ਹੈ। ਤੁਸੀਂ ਜਾਣਦੇ ਹੀ ਹੋ ਕਿ ਇਹ ਬ੍ਰਾਹਮਣਵਾਦੀ ਸਟੇਟ, ਆਦਿਵਾਸੀ ਲੋਕਾਂ ਵਲੋਂ ਉਠਾਈਆਂ ਮੰਗਾਂ ਨਹੀਂ ਮੰਨਦਾ। ਦਰਅਸਲ ਉਨ੍ਹਾਂ ਨੂੰ ਐਸਾ ਸਬਕ ਸਿਖਾਇਆ ਜਾਂਦਾ ਹੈ ਜੋ ਉਹ ਭੁੱਲ ਨਾ ਸਕਣ। ਘਿਨਾਉਣੀ ਮਿਸਾਲ ਕਾਇਮ ਕੀਤੀ ਜਾਂਦੀ ਹੈ ਤਾਂ ਜੋ ਆਦਿਵਾਸੀ, ਮੂਲਵਾਸੀਆਂ ਦੀਆਂ ਅਗਲੀਆਂ ਪੀੜ੍ਹੀਆਂ ਲੀਹ 'ਤੇ ਆ ਜਾਣ। ਲਿਹਾਜ਼ਾ, ਸ਼ਾਇਦ ਤੁਹਾਨੂੰ ਸ਼ੁਰੂ ਤੋਂ ਹੀ ਇੰਦਾਂ ਦੀ ਸਜ਼ਾ ਦੀ ਉਮੀਦ ਸੀ।

ਤੁਹਾਨੂੰ ਸੁਣਾਈ ਸਜ਼ਾ ਬਾਰੇ ਸੂਬੇ ਵਿਚ ਕੀ ਪ੍ਰਤੀਕਰਮ ਸਾਹਮਣੇ ਆਏ? ਸੱਤਾਧਾਰੀ ਪਾਰਟੀ ਨੇ ਖਚਰੀ ਖ਼ਾਮੋਸ਼ੀ ਬਣਾਈ ਰੱਖੀ। ਬੁੱਧਾਦੇਵ ਭੱਟਾਚਾਰੀਆ (ਸਾਬਕਾ ਮੁੱਖ ਮੰਤਰੀ ਤੇ ਸੀ.ਪੀ.ਐਮ. ਆਗੂ) ਆਪਣੇ ਸਹੀ ਸਿੱਧ ਹੋਣ ਦੀ ਲੋਰ 'ਚ ਗ਼ਲਤਾਨ ਸੀ। ਮੀਡੀਆ ਨੇ ਵੱਖਰੀ ਤਰ੍ਹਾਂ ਲਿਆ। ਪਰਿਵਰਤਨ ਪੱਖੀ ਬੁੱਧੀਜੀਵੀਆਂ ਨੇ ਸੁੰਨ ਹੋ ਜਾਣ ਦਾ ਢੌਂਗ ਰਚਿਆ। ਮਨੁੱਖੀ/ਜਮਹੂਰੀ ਹੱਕਾਂ ਦੇ ਕਾਰਕੁਨਾਂ ਨੇ ਜ਼ੋਰਦਾਰ ਮੁਜ਼ਾਹਰੇ ਕੀਤੇ। ਇਸ ਸਭ ਕਾਸੇ ਨੇ ਮੇਰਾ ਦਿਲ ਵਿਚ ਹਲਚਲ ਮਚਾ ਦਿੱਤੀ ਹੈ। ਹਜ਼ਾਰਾਂ ਸਵਾਲ ਮਨ ਵਿਚ ਆ ਰਹੇ ਹਨ।

ਨੇੜਲੇ ਬੀਤੇ ਵਿਚ, ਸਿੰਗੂਰ-ਨੰਦੀਗ੍ਰਾਮ-ਲਾਲਗੜ੍ਹ ਦੀਆਂ ਲਹਿਰਾਂ ਨੇ ਖੱਬੇ ਮੋਰਚੇ ਦੇ ਰਾਜ ਦਾ ਪਰਦਾ ਡੇਗ ਦਿੱਤਾ। ਅਨੁਜ ਪਾਂਡੇ (ਸੀ.ਪੀ.ਐਮ. ਆਗੂ) ਦੇ ਸ਼ਾਹੀ ਮਹੱਲ ਵਾਂਗ, ਖੱਬੇ ਮੋਰਚੇ ਦਾ 34 ਸਾਲ ਪੁਰਾਣਾ ਰਾਜ ਲੋਕਾਂ ਨੇ ਢਹਿ-ਢੇਰੀ ਕਰ ਦਿੱਤਾ। ਲੋਕ ਲਹਿਰ ਦੀ ਪਿੱਠ 'ਤੇ ਸਵਾਰ ਹੋ ਕੇ ਇਕ ਹੋਰ ਹਾਕਮ ਜਮਾਤੀ ਪਾਰਟੀ ਤ੍ਰਿਣਮੂਲ ਕਾਂਗਰਸ ਸੱਤਾਨਸ਼ੀਨ ਹੋ ਗਈ। ਸੱਤਾ ਦੀ ਵਾਗਡੋਰ ਸੰਭਾਲਦੇ ਸਾਰ ਹੀ, ਫ਼ਤਹਿ ਰੈਲੀ ਦੇ ਵਕਤ ਹੀ ਉਨ੍ਹਾਂ ਨੇ ਇਕ ਵਿਚਾਰ ਬਣਾਉਣ ਅਤੇ ਪ੍ਰਚਾਰਨ ਦਾ ਯਤਨ ਕੀਤਾ: ਕਿ ਇਹ ਬਦਲਾਓ ਉਨ੍ਹਾਂ ਦੀ ਮੁਖੀ ਆਗੂ ਦੀ ਬਦੌਲਤ ਆਇਆ ਹੈ। ਇਹ ਇਤਿਹਾਸ ਦੇ ਪੰਨਿਆਂ ਤੋਂ ਲੋਕਾਂ ਦਾ ਨਾਂ ਮਿਟਾਉਣ, ਇਸ ਦੀ ਥਾਂ ਆਪਣੀ ਆਗੂ ਦਾ ਨਾਂ ਲਿਆਉਣ ਦੇ ਯਤਨ ਦੀ ਸ਼ੁਰੂਆਤ ਸੀ। ਸ਼ਾਇਦ ਤੁਹਾਨੂੰ ਜੇਲ੍ਹ ਵਿਚ ਸਾੜਨ ਦੀ ਵਿਉਂਤ ਉਸੇ ਦਿਨ ਬਣ ਗਈ ਸੀ?

ਤੁਹਾਨੂੰ ਗ੍ਰਿਫ਼ਤਾਰ ਕਰ ਕੇ, ਪੁਲਿਸ ਮੁਖੀ ਨੇ ਸਾਨੂੰ ਤੁਹਾਡੀ ਕਰੋੜਾਂ ਦੀ ਜਾਇਦਾਦ, ਤੁਹਾਡੀਆਂ ਸ਼ਾਹੀ ਹਵੇਲੀਆਂ ਦੀ ਦੱਸ ਪਾਈ। ਤੁਹਾਡੇ ਕੋਲੋਂ ਜ਼ਬਤ ਕੀਤੇ ਸਮਾਨ ਵਿਚ ਇਨ੍ਹਾਂ ਦਾ ਕੋਈ ਜ਼ਿਕਰ ਨਹੀਂ ਹੈ। ਅੱਜ ਤੁਹਾਡੇ ਅਤੇ ਤੁਹਾਡੇ ਸੰਗੀ-ਸਾਥੀਆਂ ਦੇ ਸਕੇ-ਸਬੰਧੀ, ਪਤਨੀਆਂ, ਮਾਂਵਾਂ, ਬੱਚੇ ਕੰਗਾਲੀ ਦੀ ਜ਼ਿੰਦਗੀ ਜੀਅ ਰਹੇ ਹਨ, ਪਰ ਉਨ੍ਹਾਂ ਦੀ ਕਿਸ ਨੂੰ ਪ੍ਰਵਾਹ ਹੈ? ਪੱਛਮੀ ਬੰਗਾਲ ਦੀ ਜਮਹੂਰੀ ਜ਼ਮੀਰ ਨੇ ਇਕ ਵਾਰ ਵੀ ਮੰਗ ਨਹੀਂ ਕੀਤੀ ਕਿ ਪੁਲਿਸ ਮੁਖੀ ਦੇ ਬਿਆਨ ਦਾ ਸੱਚ ਸਾਹਮਣੇ ਲਿਆਂਦਾ ਜਾਵੇ! ਮੈਂ ਜਾਣਨਾ ਚਾਹੁੰਦਾ ਹਾਂ, ਲੋਕਾਂ ਦੀ ਜ਼ਮੀਰ ਦੇ ਰਖਵਾਲੇ ਬੁੱਧੀਜੀਵੀ ਜੋ ਤੁਹਾਡੇ ਨਾਲ ਮੁਲਾਕਾਤਾਂ ਕਰਨ ਲਾਲਗੜ੍ਹ ਜਾਂਦੇ ਰਹੇ, ਉਹ 'ਇਕ ਚੁੱਪ, ਸੌ ਸੁੱਖ' ਉਤੇ ਕਿਉਂ ਚੱਲ ਰਹੇ ਹਨ?

ਲਾਲਗੜ੍ਹ ਨਿਰੀ ਧਰਤ-ਹਿਲਾਊ ਲੋਕ ਲਹਿਰਾਂ ਵਿਚੋਂ ਇਕ ਨਹੀਂ ਸੀ ਜਿਸ ਨੇ ਪੱਛਮੀ ਬੰਗਾਲ ਦੀ ਸਰਕਾਰ ਬਦਲ ਦਿੱਤੀ; ਇਹ ਸ਼ਾਇਦ ਉਨ੍ਹਾਂ ਵਿਚੋਂ ਸਭ ਤੋਂ ਨਿਆਰੀ ਲਹਿਰ ਸੀ। ਤੁਸੀਂ ਅਤੇ ਤੁਹਾਡੇ ਸੰਗੀ-ਸਾਥੀ ਉਸ ਲਹਿਰ ਦਾ ਚਿਹਰਾ ਸੀ। ਵਿਅੰਗ ਇਹ ਹੈ ਕਿ ਪਰਿਵਰਤਨ ਸਰਕਾਰ ਤੁਹਾਨੂੰ ਸਾਰਿਆਂ ਨੂੰ ਜੇਲ੍ਹ ਵਿਚ ਸਾੜਨਾ ਚਾਹੁੰਦੀ ਹੈ! ਕੀ ਹਾਕਮ ਜਮਾਤ ਨੂੰ ਤੁਹਾਡੀ ਲਹਿਰ ਦੇ ਪਿੱਛੇ ਕੁਛ ਖ਼ਤਰਨਾਕ ਨਜ਼ਰ ਆਇਆ? ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕ ਲਹਿਰਾਂ ਦੇ ਇਤਿਹਾਸ ਵਿਚ ਲਾਲਗੜ੍ਹ ਲਹਿਰ ਬੇਮਿਸਾਲ ਸੀ। ਅੱਠ ਮਹੀਨੇ ਪੁਲਿਸ ਦਾ ਬਾਈਕਾਟ ਰਿਹਾ, ਉਸ ਅਰਸੇ 'ਚ ਲਹਿਰ ਸ਼ਾਂਤਮਈ ਚਲਦੀ ਰਹੀ। ਲਹਿਰ ਨੇ ਹੋਰ ਸਾਰੀਆਂ ਸਿਆਸੀ ਪਾਰਟੀਆਂ ਨੂੰ ਫਾਲਤੂ ਬਣਾ ਦਿੱਤਾ। ਟੈਗੋਰ ਦੇ ਲਫ਼ਜ਼ਾਂ 'ਚ, ਇਹ ਇਉਂ ਸੀ ਜਿਵੇਂ ਵਾਵਾ, ਉੜੇ ਨੂੰ ਪਛਾੜ ਕੇ ਅੱਗੇ ਲੰਘਣ ਦਾ ਯਤਨ ਕਰ ਰਿਹਾ ਸੀ। ਨਿਤਾਣੇ ਲੋਕਾਂ ਦੀ ਸਿਆਸਤ ਨੇ ਮੁੱਖਧਾਰਾ ਸਿਆਸਤ ਨੂੰ ਗੌਣ ਬਣਾ ਦਿੱਤਾ।


ਛਤਰਧਰ ਮਹਾਤੋ

ਭਾਰਤ ਦੇ ਇਤਿਹਾਸ ਵਿਚ ਹੋਰ ਕਿੰਨੀਆਂ ਲਹਿਰਾਂ ਹਨ ਜੋ ਐਨਾ ਲੰਮਾ ਸਮਾਂ ਚੱਲੀਆਂ? ਕਿੰਨੀਆਂ ਕੁ ਲਹਿਰਾਂ ਵਿਚ ਔਰਤਾਂ ਦੀ ਐਨੀ ਤਾਦਾਦ 'ਚ ਸ਼ਮੂਲੀਅਤ ਰਹੀ? ਸਭ ਤੋਂ ਅਹਿਮ, ਹਕੂਮਤ ਦੇ ਹਾੜ੍ਹੇ ਕੱਢਣ ਦੀ ਥਾਂ ਤੁਸੀਂ ਮੁਤਬਾਦਲ ਵਿਕਾਸ ਦਾ ਆਪਣਾ ਰਾਹ ਅਖ਼ਤਿਆਰ ਕੀਤਾ। ਤੁਸੀਂ ਵੱਖਰੇ ਢੰਗ ਨਾਲ ਜਿਉਣਾ ਚਾਹਿਆ, ਤੁਸੀਂ ਜ਼ਿੰਦਗੀ ਦੇ ਆਪਣੇ ਮਾਇਨੇ ਤਲਾਸ਼ਣਾ ਚਾਹੁੰਦੇ ਸੀ। ਕੀ ਇਹੀ ਜੁਰਮ ਸੀ? ਕੀ ਇਸੇ ਕਾਰਨ ਤੁਹਾਨੂੰ ਦੁਸ਼ਮਣ ਸਮਝਿਆ ਗਿਆ? ਤੁਸੀਂ ਨਹਿਰਾਂ ਬਣਾਈਆਂ। ਹਸਪਤਾਲ, ਅਨਾਜ ਗੋਦਾਮ, ਸਕੂਲ ਬਣਾਏ। ਆਪਣੇ ਪੈਰਾਂ 'ਤੇ ਖੜ੍ਹਨ ਦੀ ਮੁਤਬਾਦਲ ਵਿਕਾਸ ਦੀ ਦ੍ਰਿਸ਼ਟੀ ਮੁਲਕ ਦੀਆਂ ਹਾਕਮ ਜਮਾਤਾਂ ਨੂੰ ਗਵਾਰਾ ਨਹੀਂ ਸੀ। ਸਿੱਟੇ ਵਜੋਂ, ਸੂਬਾਈ ਪੁਲਿਸ ਅਤੇ ਕੇਂਦਰ ਦੀਆਂ ਹਥਿਆਰਬੰਦ ਬਲਾਂ ਦੀਆਂ ਸਾਂਝੀਆਂ ਕਾਰਵਾਈਆਂ ਦੇ ਪਹਿਲੇ ਦਿਨ ਤੋਂ ਹੀ ਤੁਹਾਡੇ ਵਲੋਂ ਚਲਾਏ ਜਾ ਰਹੇ ਸਕੂਲ ਅਤੇ ਹਸਪਤਾਲ ਤਬਾਹ ਕਰ ਦਿੱਤੇ ਗਏ। ਵਿਕਾਸ ਦੀ ਨਵੀਂ ਧਾਰਾ ਨੂੰ 'ਵਿਕਾਸ ਵਿਰੋਧੀ' ਦੱਸਿਆ ਗਿਆ। ਇਸ ਸਵਾਲ ਬਾਰੇ ਬਹਿਸ-ਵਿਚਾਰ ਨੂੰ ਕੋਈ ਥਾਂ ਨਹੀਂ ਦਿੱਤੀ ਗਈ। ਤੱਥ ਇਹ ਹੈ, ਵਿਕਾਸ ਦਾ ਇਹ ਮੁਤਬਾਦਲ ਨਮੂਨਾ ਉਸ ਵਿਕਾਸ ਦੇ ਵਣਜਾਰਿਆਂ ਲਈ ਸਭ ਤੋਂ ਖ਼ਤਰਨਾਕ ਪੈਗਾਮ ਸੀ ਜੋ ਵਿਸ਼ਵੀਕਰਨ ਦੀ ਦੇਣ ਹੈ। ਇਸੇ ਲਈ ਤੁਹਾਨੂੰ ਜੇਲ੍ਹ ਦੇ ਘਿਨਾਉਣੇ ਖਾਣੇ ਅਤੇ ਜੇਲ੍ਹ ਦੀ ਉਚੀ ਚਾਰਦੀਵਾਰੀ ਅੰਦਰਲੀਆਂ ਖੁੱਡਿਆਂ ਵਰਗੀਆਂ ਕੋਠੜੀਆਂ ਨਾਲ ਨਿਵਾਜਿਆ ਗਿਆ।

ਦਰਅਸਲ, ਅੱਜ ਕੱਲ੍ਹ ਜੋ ਕੋਈ ਵਿਸ਼ਵੀਕਰਨ ਦੇ 'ਵਿਕਾਸ' ਤੋਂ ਉਲਟ ਸਟੈਂਡ ਲੈਣ ਦੀ ਜੁਰਅਤ ਕਰਦਾ ਹੈ ਅਤੇ ਮੁਤਬਾਦਲ ਵਿਕਾਸ ਦੇ ਰਾਹ ਤੁਰਦਾ ਹੈ, ਜੋ ਸਵੈ-ਨਿਰਭਰਤਾ ਦਾ ਰਾਹ, ਵਿਦੇਸ਼ੀ ਸਰਮਾਏ ਦੀ ਮੁਥਾਜਗੀ ਦਾ ਬਦਲ ਹੈ, ਉਸ ਨੂੰ ਸਟੇਟ ਦਾ ਦੁਸ਼ਮਣ ਕਰਾਰ ਦਿੱਤੇ ਜਾਣ ਦਾ ਰਿਵਾਜ ਹੈ। ਰੋਸ ਪ੍ਰਗਟਾਉਣ ਵਾਲੇ ਉਪਰ ਟਾਡਾ, ਪੋਟਾ, ਮੋਕਾ, ਯੂ.ਏ.ਪੀ.ਏ. ਵਰਗੇ ਜ਼ਾਲਮ ਕਾਨੂੰਨ ਲਾ ਦਿੱਤੇ ਜਾਂਦੇ ਹਨ। ਤੁਸੀਂ ਵਿਰੋਧ ਕੀਤਾ। ਤੁਸੀਂ ਮੁਤਬਾਦਲ ਵਿਕਾਸ ਦੇ ਰਾਹ ਤੁਰਨ ਦਾ ਜੇਰਾ ਕੀਤਾ। ਇਹ ਹੈਰਾਨੀਜਨਕ ਨਹੀਂ ਕਿ ਤੁਹਾਨੂੰ ਇਸ ਮੁਲਕ ਦੀਆਂ ਹਰ ਵੰਨਗੀ ਦੀਆਂ ਹਾਕਮ ਜਮਾਤਾਂ ਨੇ ਸਟੇਟ ਵਿਰੋਧੀ ਕਰਾਰ ਦਿੱਤਾ। ਤੁਸੀਂ ਭਾਵੇਂ ਸਟੇਟ ਦੇ ਦੁਸ਼ਮਣ ਹੋ, ਪਰ ਆਪਾਂ ਸਾਰੇ ਮੁਲਕ ਦੇ ਦੁਸ਼ਮਣ ਨਹੀਂ ਹਾਂ: ਸਟੇਟ ਅਤੇ ਮੁਲਕ ਇਕੋ ਚੀਜ਼ ਨਹੀਂ ਹਨ। ਕੋਈ ਸਟੇਟ, ਜਾਂ ਇਸ ਦੇ ਸਿਆਸੀ ਆਗੂ ਜਾਂ ਇਸ ਦਾ ਪ੍ਰਸ਼ਾਸਨ ਮੁਲਕ ਨਹੀਂ ਹੁੰਦਾ। ਮੁਲਕ ਤਾਂ ਇਸ ਦੇ ਲੋਕ, ਹਾਂ ਮੁਲਕ ਦੇ ਲੋਕ ਹੁੰਦੇ ਹਨ; ਅਜਿਤ ਲੋਕ ਜਿਨ੍ਹਾਂ ਦੇ ਲਹੂ ਤੇ ਮੁੜ੍ਹਕੇ ਨੇ ਇਹ ਤਹਿਜ਼ੀਬ ਬਣਾਈ; ਜਿਨ੍ਹਾਂ ਦੀ ਊਰਜਾ ਇਸ ਤਹਿਜ਼ੀਬ ਨੂੰ ਰੁਸ਼ਨਾਉਂਦੀ ਹੈ, ਪਰ ਜੋ ਖ਼ੁਦ ਹਨੇਰੇ ਵਿਚ ਰਹਿੰਦੇ ਹਨ; ਜਿਨ੍ਹਾਂ ਨੂੰ ਦੋ ਡੰਗ ਦਾ ਖਾਣਾ ਨਸੀਬ ਨਹੀਂ ਹੁੰਦਾ। ਵਿਕਾਸ ਦੀ ਬੇਦੀ ਉਪਰ ਜਿਨ੍ਹਾਂ ਦੀ ਬਲੀ ਸਭ ਤੋਂ ਪਹਿਲਾਂ ਦਿੱਤੀ ਜਾਂਦੀ ਹੈ। ਜਦੋਂ ਵੱਡੇ ਡੈਮ, ਪਾਵਰ ਪਲਾਂਟ, ਰਸਾਇਣਕ ਸਨਅਤ ਦੇ ਧੁਰੇ ਉਸਾਰੇ ਜਾਂਦੇ ਹਨ ਤਾਂ ਉਹ ਲੋਕ ਉਜੜਨ ਵਾਲਿਆਂ ਦੇ ਪਹਿਲੇ ਕਾਫ਼ਲਿਆਂ ਵਿਚ ਹੁੰਦੇ ਹਨ ਜੋ ਲੋਕ ਇਸ ਮੁਲਕ ਦਾ ਮੂਲ, ਇਸ ਦੀ ਬੁਨਿਆਦ ਹਨ। ਉਨ੍ਹਾਂ ਦਾ ਵਿਕਾਸ ਮੁਲਕ ਦਾ ਵਿਕਾਸ ਹੈ। ਉਨ੍ਹਾਂ ਨੂੰ ਪ੍ਰੇਮ ਕਰਨਾ ਮੁਲਕ ਨੂੰ ਪ੍ਰੇਮ ਕਰਨਾ ਹੈ। ਲਿਹਾਜ਼ਾ ਸਟੇਟ ਦਾ ਦੁਸ਼ਮਣ ਅਤੇ ਮੁਲਕ ਦਾ ਦੁਸ਼ਮਣ ਉਲਟ ਲਫ਼ਜ਼ ਹਨ। ਤੁਹਾਨੂੰ ਤੇ ਤੁਹਾਡੇ ਸੰਗੀ-ਸਾਥੀਆਂ ਨੂੰ ਕਿਸੇ ਨਿੱਜੀ ਮੁਫ਼ਾਦ ਖ਼ਾਤਰ ਨਹੀਂ, ਸਗੋਂ ਮੂਲ ਲੋਕਾਂ ਦੇ ਮਾਣ-ਸਨਮਾਨ ਅਤੇ ਹੱਕਾਂ ਦੀ ਰਾਖੀ ਕਰਨ ਬਦਲੇ ਜੇਲ੍ਹ ਦੀ ਸਜ਼ਾ ਦਿੱਤੀ ਗਈ। ਸਟੇਟ ਦੀਆਂ ਅਦਾਲਤਾਂ ਤੁਹਾਨੂੰ ਸਜ਼ਾ ਦੇ ਸਕਦੀਆਂ ਹਨ, ਪਰ ਕੀ ਕੋਈ ਲੋਕਾਂ ਦੇ ਦਿਲਾਂ ਵਿਚ ਬਣੀ ਤੁਹਾਡੀ ਥਾਂ ਲੈ ਸਕਦਾ ਹੈ, ਖ਼ਾਸ ਕਰ ਕੇ ਲਾਲਗੜ੍ਹ ਅਤੇ ਜੰਗਲ ਮਹੱਲ ਦੇ ਲੋਕਾਂ ਦੇ ਦਿਲਾਂ ਵਿਚ?


ਅਜਿਹੇ ਵਕਤ ਆਉਂਦੇ ਹੁੰਦੇ ਹਨ ਜਦੋਂ ਲਹਿਰ ਲਹਾਓ 'ਚ ਹੁੰਦੀ ਹੈ। ਅਜਿਹੇ ਵਕਤਾਂ 'ਚ ਜ਼ਾਲਮ ਹੁਕਮਰਾਨਾਂ ਦੇ ਅਸਲ ਚਿਹਰੇ 'ਤੇ ਚਾੜ੍ਹੇ ਨਕਾਬ ਖ਼ੁਦ ਹੀ ਲੀਰੋ-ਲੀਰ ਹੋ ਜਾਂਦੇ ਹਨ। ਸ਼ਾਇਦ ਅੱਜ ਇਸੇ ਤਰ੍ਹਾਂ ਦਾ ਵਕਤ ਹੈ। ਇਹ ਅਭਾਗਾ ਵਕਤ ਹੈ ਜਦੋਂ ਵਿਰੋਧ ਪ੍ਰਗਟਾਉਣ ਵਾਲੀਆਂ ਆਵਾਜ਼ਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਅਜੀਬ ਜਿਹੇ ਘੁੱਪ-ਹਨੇਰੇ ਨੇ ਸਾਰਿਆਂ ਨੂੰ ਚੁਫੇਰਿਓਂ ਘੇਰਿਆ ਹੋਇਆ ਹੈ। ਕਲਾਕਾਰ, ਕਵੀ, ਲੇਖਕ ਇਨਾਮ-ਸਨਮਾਨ ਲੈਣ 'ਚ ਮਸਰੂਫ਼ ਹਨ। ਬੁੱਧੀਜੀਵੀ ਖ਼ਾਮੋਸ਼ ਹਨ। ਸਿਵਲ ਸੁਸਾਇਟੀ ਵਿਚ ਖੁੱਲ੍ਹ ਕੇ ਬੋਲਣ ਦਾ ਜੇਰਾ ਨਹੀਂ ਹੈ। ਸ਼ਾਇਦ ਇਹ ਝਿਜਕਦੀ ਵੀ ਹੈ, ਪਰ ਮੈਂ ਜਾਣਦਾ ਹਾਂ ਕਿ ਅਜਿਹੀ ਕੋਈ ਰਾਤ ਨਹੀਂ ਹੁੰਦੀ ਜੋ ਸਵੇਰ ਨਾ ਲੈ ਕੇ ਆਵੇ। ਸ਼ਾਇਦ (ਮਨੁੱਖੀ) ਹੱਕਾਂ ਦੇ ਕਾਰਕੁਨਾਂ ਵਲੋਂ ਤੁਹਾਡੀ ਬੇਸ਼ਰਤ ਰਿਹਾਈ ਲਈ ਕੱਢੀਆਂ ਜਾ ਰਹੀਆਂ ਜ਼ਬਰਦਸਤ ਰੈਲੀਆਂ ਉਸ ਪਹੁ-ਫੁਟਾਲੇ ਦੀ ਸੈਨਤ ਹਨ।

# 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ'

**ਸੁਰਿੰਦਰ ਸੋਹਲ**

ਨਕਸਲਬਾੜੀ ਲਹਿਰ ਨੇ ਪੂਰੇ ਭਾਰਤ ਦੇ ਨਾਲ ਨਾਲ ਪੰਜਾਬ ਦੀ ਰਾਜਨੀਤੀ, ਸਮਾਜਿਕ ਜੀਵਨ ਅਤੇ ਸਾਹਿਤ ਨੂੰ ਵੀ ਆਪਣੀ ਰੰਗਤ ਦਿੱਤੀ ਹੈ। 'ਹੇਮ ਜਯੋਤੀ' ਅਤੇ 'ਰੋਹਲੇ ਬਾਣ' ਵਰਗੇ ਰਸਾਲਿਆਂ ਨੇ ਪਾਠਕਾਂ ਵਿਚ ਨਵੀਂ ਰੋਸ਼ਨੀ ਲਿਆਂਦੀ। ਇਸ ਲਹਿਰ ਨੇ ਜਿੱਥੇ ਸੰਤ ਰਾਮ ਉਦਾਸੀ, ਜੈਮਲ ਪੱਡਾ, ਪਾਸ਼, ਲਾਲ ਸਿੰਘ ਦਿਲ, ਦਰਸ਼ਨ ਖਟਕੜ ਅਤੇ ਹਰਭਜਨ ਹਲਵਾਰਵੀ ਵਰਗੇ ਕਵੀ ਪੰਜਾਬੀਆਂ ਨੂੰ ਦਿੱਤੇ, ਉਥੇ ਗੁਰਸ਼ਰਨ ਸਿੰਘ (ਭਾਅ ਜੀ) ਵਰਗਾ ਪ੍ਰਤੀਬੱਧ ਨਾਟਕਕਾਰ ਵੀ ਦਰਸ਼ਕਾਂ ਦੇ ਸਾਹਮਣੇ ਉਭਾਰਿਆ। ਗਲਪ ਦੇ ਖੇਤਰ ਵਿਚ ਇਸ ਲਹਿਰ ਦੇ ਪ੍ਰਭਾਵ ਉਘੜਵੇਂ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ। ਕਹਾਣੀਆਂ ਦੇ ਨਾਲ ਨਾਲ 'ਲਹੂ ਦੀ ਲੋਅ' (ਜਸਵੰਤ ਸਿੰਘ ਕੰਵਲ), 'ਜੋ ਹਾਰੇ ਨਹੀਂ (ਤ੍ਰੈਲੜੀ)' (ਪ੍ਰੋ. ਹਰਭਜਨ ਸਿੰਘ), 'ਇਕ ਦਹਿਸ਼ਤਪਸੰਦ ਦੀ ਡਾਇਰੀ' (ਸੁਖਪਾਲ ਸੰਘੇੜਾ), 'ਰੁੱਤਾਂ ਲਹੂ ਲੁਹਾਣ' (ਮਹਿੰਦਰਪਾਲ ਧਾਲੀਵਾਲ), 'ਪੰਨਾ ਇਕ ਇਤਿਹਾਸ ਦਾ' (ਬਾਰੂ ਸਤਵਰਗ), 'ਦਸਤਾਵੇਜ਼' (ਪ੍ਰੇਮ ਪ੍ਰਕਾਸ਼) ਆਦਿ ਨਾਵਲਾਂ ਦੀ ਰਚਨਾ ਵੀ ਹੋਈ ਹੈ। ਅੱਜ ਵੀ ਇਨ੍ਹਾਂ ਨਾਵਲਾਂ ਨੂੰ ਪਾਠਕਾਂ ਵਲੋਂ ਮਿਲ ਰਿਹਾ ਭਰਪੂਰ ਹੁੰਗਾਰਾ ਇਸ ਗੱਲ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਜਨ-ਸਾਧਾਰਨ ਵਿਚ ਇਸ ਲਹਿਰ ਦਾ ਆਧਾਰ ਕਿਸੇ ਨਾ ਕਿਸੇ ਰੂਪ ਵਿਚ ਅਜੇ ਵੀ ਮੌਜੂਦ ਹੈ।

ਭਾਵੇਂ ਇਹ ਲਹਿਰ ਆਪਣੀ ਸਿਖਰ ਹੰਢਾ ਚੁੱਕੀ ਹੈ ਪਰ ਸਾਹਿਤ ਦੇ ਆਕਾਸ਼ ਉਪਰ ਇਸ ਦਾ ਪ੍ਰਭਾਵ ਅੱਜ ਤੱਕ ਵੀ ਕਿਸੇ ਨਾ ਕਿਸੇ ਚੰਨ-ਤਾਰੇ ਦੇ ਰੂਪ ਵਿਚ ਪ੍ਰਗਟ ਹੋ ਹੀ ਜਾਂਦਾ ਹੈ। ਡਾ. ਸੁਰਜੀਤ ਬਰਾੜ ਅਤੇ ਮਹਿੰਦਰਪਾਲ ਧਾਲੀਵਾਲ ਵਲੋਂ ਸੰਪਾਦਿਤ ਕਿਤਾਬ 'ਨਕਸਲਬਾੜੀ ਲਹਿਰ ਅਤੇ ਪੰਜਾਬੀ ਨਾਵਲ' ਇਸ ਰੋਸ਼ਨੀ ਦਾ ਮੂੰਹੋਂ ਬੋਲਦਾ ਸਬੂਤ ਹੈ।




ਨਕਸਲਬਾੜੀ ਲਹਿਰ ਦੇ ਇਤਿਹਾਸਕ ਪ੍ਰਸੰਗ ਵਿਚ ਪੰਜਾਬੀ ਨਾਵਲ ਦੀ ਪ੍ਰਾਪਤੀ ਦੇ ਮੱਦੇਨਜ਼ਰ ਇਸ ਪੁਸਤਕ ਵਿਚ ਡਾ. ਜਸਵਿੰਦਰ ਸਿੰਘ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਗੁਰਪਾਲ ਸਿੰਘ ਸੰਧੂ, ਹਰਜਿੰਦਰ ਪੰਧੇਰ, ਪ੍ਰੋ. ਮਾਨ ਸਿੰਘ ਢੀਂਡਸਾ, ਡਾ. ਰਾਜਿੰਦਰ ਪਾਲ ਸਿੰਘ ਬਰਾੜ, ਸੁਰਿੰਦਰ ਸੋਹਲ, ਡਾ. ਸੁਰਜੀਤ ਬਰਾੜ, ਡਾ. ਅਮਰ ਜਿਉਤੀ, ਡਾ. ਗੁਰਜੀਤ ਸਿੰਘ ਸੰਧੂ, ਡਾ. ਜਲੌਰ ਸਿੰਘ ਖੀਵਾ, ਪ੍ਰੋ. ਗੁਰਬਖ਼ਸ਼ ਸਿੰਘ ਸੱਚਦੇਵ, ਜਗਰਾਜ ਧੌਲਾ, ਕਰਮਜੀਤ ਜੋਗਾ, ਗੁਰਸ਼ਰਨ ਸਿੰਘ (ਭਾਅ ਜੀ), ਡਾ. ਮੀਨਾਕਸ਼ੀ ਰਾਠੌਰ, ਡਾ. ਮੋਹਨ ਸਿੰਘ ਤਿਆਗੀ, ਅਜਮੇਰ ਸਿੱਧੂ, ਹਰਿੰਦਰ ਸਿੰਘ ਬਰਾੜ ਅਤੇ ਸ਼ਬਦੀਸ਼ ਦੇ 23 ਲੇਖ ਸ਼ਾਮਿਲ ਕੀਤੇ ਗਏ ਹਨ।

ਇਨ੍ਹਾਂ ਲੇਖਾਂ ਵਿਚ ਪੰਜਾਬੀ ਵਿਚ ਰਚੇ ਗਏ ਨਾਵਲਾਂ ਦਾ ਬੜੀ ਦਿਆਨਤਦਾਰੀ ਨਾਲ ਮੁਲੰਕਣ ਕੀਤਾ ਗਿਆ ਹੈ। ਉਨ੍ਹਾਂ ਨਾਵਲਾਂ ਦੇ ਆਧਾਰ 'ਤੇ ਹੀ ਇਸ ਲਹਿਰ ਦੇ ਇਤਿਹਾਸ, ਪ੍ਰਾਪਤੀਆਂ, ਨਾਕਾਮੀਆਂ, ਪ੍ਰਤੀਬੱਧ ਯੋਧਿਆਂ ਦੀਆਂ ਵੀਰ-ਗਾਥਾਵਾਂ ਅਤੇ ਮੌਕਾਪ੍ਰਸਤ ਲੀਡਰਾਂ ਦੀਆਂ ਕੁਚਾਲਾਂ ਦਾ ਵਰਣਨ ਆਲੋਚਨਾਤਮਕ ਦ੍ਰਿਸ਼ਟੀ ਤੋਂ ਕਰਨ ਦੀ ਸਫਲ ਕੋਸ਼ਿਸ਼ ਕੀਤੀ ਗਈ ਹੈ।

ਨਾਵਲ ਦੇ ਰਚਨਹਾਰ ਤਾਂ ਸਿੱਧੇ ਤੌਰ 'ਤੇ ਹੀ ਇਸ ਲਹਿਰ ਦੇ ਰੁਕਨ ਰਹੇ ਹਨ। ਇਸ ਕਰਕੇ ਉਨ੍ਹਾਂ ਦੇ ਨਾਵਲਾਂ ਵਿਚ ਕਲਪਨਾ ਦੀ ਚਾਸ਼ਣੀ ਘੱਟ ਅਤੇ ਹਕੀਕਤ ਦਾ ਰੰਗ ਜ਼ਿਆਦਾ ਹੈ। ਇਸੇ ਕਰਕੇ ਇਹ ਨਾਵਲ ਕਦੇ ਕਦੇ ਗਲਪ ਦੀ ਸੀਮਾ ਨੂੰ ਤੋੜਦੇ ਹੋਏ, ਇਤਿਹਾਸਕਾਰੀ ਦਾ ਝਲਕਾਰਾ ਵੱਧ ਪੇਸ਼ ਕਰਦੇ ਹਨ।

ਇਸ ਪੁਸਤਕ ਦੇ ਲੇਖਕਾਂ ਨੇ ਨਕਸਲਬਾੜੀ ਲਹਿਰ ਨਾਲ ਸਬੰਧਿਤ ਨਾਵਲਾਂ ਦਾ ਅਧਿਐਨ ਬੜੀ ਬਾਰੀਕੀ ਨਾਲ ਕੀਤਾ ਹੈ। ਪੰਜਾਬੀ ਨਾਵਲ ਦੇ ਇਤਿਹਾਸ ਵਿਚ ਨਕਸਲਬਾੜੀ ਲਹਿਰ ਦੀ ਪਰਵਿਰਤੀ ਨਾਲ ਸਬੰਧਿਤ ਨਾਵਲਾਂ ਦਾ ਇਕ ਵੱਖਰਾ ਅਧਿਆਏ ਜੁੜਿਆ ਹੋਇਆ ਹੈ। ਭਾਈ ਵੀਰ ਸਿੰਘ ਤੋਂ ਸ਼ੁਰੂ ਹੋਇਆ ਨਾਵਲ, ਇਨ੍ਹਾਂ ਨਾਵਲਾਂ ਦੀ ਬਦੌਲਤ ਇਕ ਹੋਰ ਇਤਿਹਾਸਕ ਕਦਮ ਪੁੱਟਦਾ ਹੈ। ਕਾਲਜਾਂ-ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਪੰਜਾਬੀ ਨਾਵਲ ਦੀ ਇਤਿਹਾਸਕਾਰੀ ਵਿਚ ਦਿਲਚਸਪੀ ਰੱਖਣ ਵਾਲੇ ਪਾਠਕਾਂ ਅਤੇ ਵਿਦਵਾਨਾਂ ਵਾਸਤੇ ਇਹ ਇਕ ਤਰ੍ਹਾਂ ਨਾਲ ਤੋਹਫ਼ਾ ਸਾਬਿਤ ਹੁੰਦਾ ਹੈ।

ਡਾ. ਧਨਵੰਤ ਕੌਰ ਦੇ ਸ਼ਬਦਾਂ ਵਿਚ "ਡਾ. ਸੁਰਜੀਤ ਸਿੰਘ ਅਤੇ ਸ੍ਰੀ ਮਹਿੰਦਰਪਾਲ ਧਾਲੀਵਾਲ ਵਲੋਂ ਵਿਸ਼ੇਸ਼ ਤਰੱਦਦ ਅਤੇ ਉਚੇਰੀ ਸੂਝ ਨਾਲ ਸੰਪਾਦਿਤ ਇਹ ਪੁਸਤਕ ਪੰਜਾਬੀ ਸਾਹਿਤ, ਸਭਿਆਚਾਰ ਅਤੇ ਰਾਜਨੀਤੀ ਦੇ ਪ੍ਰਸੰਗ ਵਿਚ ਇਕ ਪ੍ਰਸ਼ੰਸਾਯੋਗ ਉਦਮ ਹੈ।"

ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ ਵਲੋਂ ਪ੍ਰਕਾਸ਼ਿਤ 232 ਸਫ਼ਿਆਂ ਦੀ ਕਿਤਾਬ ਦੀ ਕੀਮਤ 250 ਰੁਪਏ ਹੈ।

# ਪਾਕਿਸਤਾਨੀ ਜੇਲ੍ਹਾਂ ਵਿਚਲੇ ਭਾਰਤੀ ਕੈਦੀਆਂ ਦੀ ਪਛਾਣ ਲਈ ਸਰਗਰਮੀ

**ਚੰਡੀਗੜ੍ਹ:** ਪਾਕਿਸਤਾਨੀ ਜੇਲ੍ਹਾਂ ਵਿਚ ਬੰਦ 22 ਭਾਰਤੀਆਂ ਦੀ ਪਛਾਣ ਕਰਨ ਲਈ ਪੰਜਾਬ ਤੇ ਚੰਡੀਗੜ੍ਹ ਦੀ ਪੁਲਿਸ ਨੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਇਨ੍ਹਾਂ ਵਿਚੋਂ ਚਾਰ ਔਰਤਾਂ ਹਨ ਅਤੇ ਇਕ ਕੈਦੀ ਬੋਲਣ ਤੇ ਸੁਣਨ ਤੋਂ ਅਸਮਰੱਥ ਹੈ। ਇਨ੍ਹਾਂ ਕੈਦੀਆਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਮਦੂਰ ਰਮੇਸ਼ 21 ਸਾਲ ਦਾ ਹੈ ਜਦਕਿ ਰਸ-ਉਦ-ਦੀਨ ਦੀ ਉਮਰ 54 ਸਾਲ ਹੈ।

ਬੰਦੀਆਂ ਦੀ ਤਲਾਸ਼ ਕੇਂਦਰ ਸਰਕਾਰ ਦੇ ਪੱਧਰ 'ਤੇ ਅਕਤੂਬਰ 2014 ਤੋਂ ਸ਼ੁਰੂ ਹੋਈ ਸੀ ਜਦੋਂ ਪਾਕਿਸਤਾਨ ਵਿਚਲੇ ਭਾਰਤੀ ਹਾਈ ਕਮਿਸ਼ਨ ਨੂੰ ਉਥੋਂ ਦੀ ਸਰਕਾਰ ਨੇ 22 ਭਾਰਤੀਆਂ ਦੀ ਪਛਾਣ ਕਰਨ ਲਈ ਕਿਹਾ ਸੀ ਜਿਨ੍ਹਾਂ ਨੂੰ ਸਰਕਾਰ ਰਿਹਾਅ ਕਰਨਾ ਚਾਹੁੰਦੀ ਸੀ।

ਇਸ ਦੌਰਾਨ ਭਾਰਤੀ ਪੁਲਿਸ ਤੇ ਖੁਫ਼ੀਆ ਏਜੰਸੀਆਂ ਨੇ ਆਪਣੇ ਤੌਰ 'ਤੇ ਬੰਦੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ, ਪਰ ਹਾਲੇ ਤੱਕ ਇਨ੍ਹਾਂ ਦੇ ਕੁਝ ਵੀ ਹੱਥ ਪੱਲੇ ਨਹੀਂ ਪਿਆ। ਹੁਣ ਸਾਰੇ ਸੂਬਿਆਂ ਦੀ ਪੁਲਿਸ ਨੂੰ ਅਲਰਟ ਭੇਜਿਆ ਗਿਆ ਹੈ।

ਪੰਜਾਬ ਪੁਲਿਸ ਦੇ ਇੰਟੈਲੀਜੈਂਸ ਵਿੰਗ ਨੇ ਸਾਰੇ ਐਸ.ਐਸ.ਪੀਜ਼ ਨੂੰ ਆਪੋ-ਆਪਣੇ ਖੇਤਰਾਂ ਵਿਚ ਸੂਚਨਾ ਇਕੱਤਰ ਕਰਨ ਲਈ ਕਿਹਾ ਗਿਆ ਹੈ। ਚੰਡੀਗੜ੍ਹ ਪੁਲਿਸ ਨੇ ਕੁਝ ਅਖ਼ਬਾਰਾਂ ਵਿਚ ਇਸ਼ਤਿਹਾਰ ਵੀ ਜਾਰੀ ਕੀਤੇ ਹਨ।

# ਸੱਤਾ, ਆਵਾਮ ਅਤੇ ਐਮਰਜੈਂਸੀ

ਭਾਜਪਾ ਦੇ ਸੀਨੀਅਰ ਆਗੂ ਐਲ. ਕੇ. ਅਡਵਾਨੀ ਨੇ ਇਹ ਬਿਆਨ ਦੇ ਕੇ ਮੋਦੀ ਹਕੂਮਤ ਲਈ ਕਸੂਤੀ ਹਾਲਤ ਪੈਦਾ ਕਰ ਦਿੱਤੀ ਹੈ ਕਿ 'ਇਸ ਵਕਤ, ਉਹ ਤਾਕਤਾਂ ਹੋਰ ਤਕੜੀਆਂ ਹੋ ਗਈਆਂ ਹਨ ਜੋ ਜਮਹੂਰੀਅਤ ਨੂੰ ਕੁਚਲ ਸਕਦੀਆਂ ਹਨ।' ਉਸ ਮੁਤਾਬਿਕ ਭਵਿੱਖ ਵਿਚ ਉਸੇ ਤਰ੍ਹਾਂ ਦੇ ਜ਼ਾਹਰਾ ਤਾਨਾਸ਼ਾਹ ਹਾਲਾਤ ਦੁਬਾਰਾ ਬਣ ਸਕਦੇ ਹਨ ਜਿਸ ਦਾ ਸਾਹਮਣਾ ਹਿੰਦੁਸਤਾਨ ਨੂੰ 1970ਵਿਆਂ ਦੇ ਅੱਧ 'ਚ ਇੰਦਰਾ ਗਾਂਧੀ ਦੇ ਰਾਜ ਵਿਚ ਕਰਨਾ ਪਿਆ ਸੀ। ਉਦੋਂ ਇੰਦਰਾ ਗੁੱਟ ਵਲੋਂ ਨਾਗਰਿਕਾਂ ਦੇ ਰਸਮੀ ਸੰਵਿਧਾਨਕ ਹੱਕਾਂ ਦਾ ਗਲਾ ਘੁੱਟ ਕੇ ਸਿੱਧੀ ਤਾਨਾਸ਼ਾਹੀ ਲਾਗੂ ਕਰ ਦਿੱਤੀ

ਬੂਟਾ ਸਿੰਘ
ਫੋਨ: +91-94634-74342


ਗਈ ਸੀ। ਸਪਸ਼ਟ ਤੌਰ 'ਤੇ ਅਡਵਾਨੀ ਦੇ ਇਸ ਸਿਆਸੀ ਤੀਰ ਦਾ ਨਿਸ਼ਾਨਾ ਸੱਤਾਧਾਰੀ ਮੋਦੀ ਗੁੱਟ ਹੈ। ਲਿਹਾਜ਼ਾ, ਭਾਜਪਾ ਦੇ 'ਮਾਰਗ ਦਰਸ਼ਕ ਮੰਡਲ' ਦੇ ਸੀਨੀਅਰ ਮੈਂਬਰ ਦਾ ਇਹ ਬਿਆਨ ਮੋਦੀ ਗੁੱਟ ਲਈ ਨਵੀਂ ਸਿਰਦਰਦੀ ਬਣ ਗਿਆ ਹੈ ਜਿਨ੍ਹਾਂ ਨੂੰ ਆਪਣੇ ਕਾਰਪੋਰੇਟ-ਹਿੰਦੂਤਵੀ ਏਜੰਡੇ ਦੇ ਘਿਨਾਉਣੇ ਕਿਰਦਾਰ ਕਾਰਨ ਆਪਣਾ ਫਾਸ਼ੀਵਾਦੀ ਚਿਹਰਾ ਲੁਕੋਣਾ ਪਹਿਲਾਂ ਹੀ ਮੁਸ਼ਕਿਲ ਹੋਇਆ ਪਿਆ ਹੈ। ਨਿੱਤ ਨਵਾਂ ਝੂਠ ਵੀ ਉਨ੍ਹਾਂ ਲਈ ਬਹੁਤਾ ਮਦਦਗਾਰ ਸਾਬਤ ਨਹੀਂ ਹੋ ਰਿਹਾ। ਅਡਵਾਨੀ ਦੇ ਬਿਆਨ ਨਾਲ ਵਿਰੋਧੀ ਧਿਰ ਨੂੰ ਸੱਤਾਧਾਰੀ ਧਿਰ ਨੂੰ ਸਿਆਸੀ ਨਿਸ਼ਾਨਾ ਬਣਾਉਣ ਲਈ ਨਵਾਂ ਮੁੱਦਾ ਮਿਲ ਗਿਆ ਹੈ, ਪਰ ਬੁਨਿਆਦੀ ਸਵਾਲ ਤਾਂ ਇਹ ਹੈ ਕਿ ਮੁਲਕ ਦੇ ਆਵਾਮ ਲਈ ਇਸ ਪੇਸ਼ੀਨਗੋਈ ਦੇ ਸਿਆਸੀ ਮਾਇਨੇ ਕੀ ਹਨ?

ਮੁੱਖਧਾਰਾ ਸਿਆਸਤ ਦੀਆਂ ਪੈਰੋਕਾਰ ਅਤੇ ਨੰਗੇ ਅਨਿਆਂ 'ਤੇ ਟਿਕੇ ਇਸ ਸਮਾਜੀ-ਸਿਆਸੀ ਪ੍ਰਬੰਧ ਦੀਆਂ ਨੁਮਾਇੰਦਾ ਸਿਆਸੀ ਤਾਕਤਾਂ ਲਈ ਇਸ ਦੇ ਮਾਇਨੇ ਉਦੋਂ ਵੀ ਵੱਖਰੇ ਸਨ ਅਤੇ ਅੱਜ ਵੀ ਵੱਖਰੇ ਹਨ। ਮੁੱਖਧਾਰਾ ਤਾਕਤਾਂ ਲਈ ਐਮਰਜੈਂਸੀ ਦਾ ਮਤਲਬ ਮੁੱਖਧਾਰਾ ਵਿਰੋਧੀ ਧਿਰ ਦੇ ਆਪਣੇ ਹੱਕਾਂ ਨੂੰ ਕੁਚਲ ਦਿੱਤਾ ਜਾਣਾ ਸੀ। ਦੂਜੇ ਪਾਸੇ, ਇਸ ਅਨਮਨੁੱਖੀ ਸਮਾਜੀ-ਸਿਆਸੀ ਪ੍ਰਬੰਧ ਨੂੰ ਬਦਲਣ ਲਈ ਸਰਗਰਮ ਸਿਆਸੀ ਤਾਕਤਾਂ ਲਈ ਇਸ ਦੇ ਮਾਇਨੇ ਅਸਲੋਂ ਹੀ ਹੋਰ ਸਨ/ਹਨ। ਇਹ ਸੱਚ ਹੈ ਕਿ 25 ਜੂਨ 1975 ਨੂੰ ਇੰਦਰਾ ਗੁੱਟ ਵਲੋਂ ਐਲਾਨੀ ਹੰਗਾਮੀ ਹਾਲਤ ਦਾ ਸਿੱਧਾ ਨਤੀਜਾ ਉਨ੍ਹਾਂ ਰਸਮੀ ਸੰਵਿਧਾਨਕ ਹੱਕਾਂ ਦਾ ਖ਼ਾਤਮਾ ਕੀਤੇ ਜਾਣ ਵਿਚ ਨਿਕਲਿਆ ਸੀ ਜੋ ਮੁਲਕ ਦੇ ਨਾਗਰਿਕਾਂ ਨੂੰ ਮੌਜੂਦਾ ਸੰਵਿਧਾਨ ਤਹਿਤ ਦਿੱਤੇ ਗਏ ਹਨ। ਪੂਰੇ ਵੀਹ ਮਹੀਨੇ ਸੱਤਾਧਾਰੀ ਇੰਦਰਾ ਗੁੱਟ ਵਲੋਂ ਹੰਗਾਮੀ ਹਾਲਤ ਦੇ ਨਾਂ ਹੇਠ ਮਨਮਾਨੀਆਂ ਕੀਤੀਆਂ ਗਈਆਂ। ਜੁਡੀਸ਼ਰੀ ਨੂੰ ਪੂਰੀ ਤਰ੍ਹਾਂ ਕਬਜ਼ੇ ਵਿਚ ਲੈ ਕੇ ਮਨਮਰਜ਼ੀ ਦੇ ਫ਼ੈਸਲੇ ਕਰਵਾਏ ਗਏ। ਪ੍ਰੈੱਸ ਦੀ ਆਜ਼ਾਦੀ ਉਪਰ ਸੈਂਸਰਸ਼ਿਪ ਮੜ੍ਹ ਕੇ ਉਸ ਦੀ ਆਵਾਜ਼ ਕੁਚਲ ਦਿੱਤੀ ਗਈ। ਪੱਤਰਕਾਰਾਂ ਨੂੰ ਹਕੂਮਤ ਦੇ ਕਸੀਦੇ ਪੜ੍ਹਨ ਲਈ ਮਜਬੂਰ ਕੀਤਾ ਗਿਆ। ਸਰਕਾਰ ਤੇ ਸੱਤਾਧਾਰੀ ਧਿਰ ਦੀ ਆਲੋਚਨਾ ਕਰਨ ਵਾਲਿਆਂ ਦਾ ਮੂੰਹ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ। ਜਿਸ ਵਿਰੋਧੀ ਧਿਰ ਨੂੰ ਜਮਹੂਰੀਅਤ ਦਾ ਬਹੁਤ ਹੀ ਅਹਿਮ ਥੰਮ੍ਹ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਉਸ ਨੂੰ ਹਜ਼ਾਰਾਂ ਦੀ ਤਾਦਾਦ 'ਚ ਰਾਤੋ-ਰਾਤ ਗ੍ਰਿਫ਼ਤਾਰ ਕਰ ਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਇਹ ਹਾਲਤ ਦਾ ਇਕ ਪਹਿਲੂ ਸੀ।

ਇਸ ਦਾ ਦੂਜਾ ਪਹਿਲੂ ਹੋਰ ਵੀ ਖ਼ਤਰਨਾਕ ਸੀ। ਰਸਮੀ ਸੰਵਿਧਾਨਕ ਹੱਕਾਂ ਦਾ ਭੋਗ ਪਾ ਦਿੱਤੇ ਜਾਣ ਨਾਲ ਆਮ ਲੋਕਾਂ ਦੀ ਹਾਲਤ ਹੋਰ ਵੀ ਬਦਤਰ ਹੋ ਗਈ ਜਿਨ੍ਹਾਂ ਨੂੰ ਪਹਿਲਾਂ ਹੀ ਇਸ ਆਦਮਖ਼ੋਰ ਪ੍ਰਬੰਧ ਦੀ ਰੋਜ਼ਮਰ੍ਹਾ ਹਿੰਸਾ ਦਾ ਲਗਾਤਾਰ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਹੁਣ ਜਾਬਰ ਸਟੇਟ-ਮਸ਼ੀਨਰੀ ਰਸਮੀ ਸੰਵਿਧਾਨਕ ਜਵਾਬਦੇਹੀ ਤੋਂ ਪੂਰੀ ਤਰ੍ਹਾਂ ਮੁਕਤ ਵੀ ਸੀ ਅਤੇ ਸੱਤਾਧਾਰੀ ਧਿਰ ਦੇ ਹੱਥ-ਠੋਕੇ ਵਜੋਂ ਪੂਰੀ ਤਰ੍ਹਾਂ ਬੇਲਗਾਮ ਵੀ। ਇਸ ਦੌਰ ਵਿਚ ਆਮ ਲੋਕਾਂ 'ਤੇ ਜਿਸ ਕਦਰ ਵਿਆਪਕ ਪੱਧਰ 'ਤੇ ਜ਼ੁਲਮ ਢਾਹੇ ਗਏ, ਉਸ ਦੇ ਮੱਦੇਨਜ਼ਰ ਉਨ੍ਹਾਂ ਦਿਨਾਂ ਨੂੰ ਹਾਕਮ ਜਮਾਤੀ ਤਾਕਤਾਂ ਵੀ 'ਕਾਲਾ ਦੌਰ' ਦੇ ਨਾਂ ਨਾਲ ਯਾਦ ਕਰਦੀਆਂ ਹਨ।

ਇਹ ਗ਼ੌਰਤਲਬ ਹੈ ਕਿ ਜਿਵੇਂ ਅੱਜ ਮੁਲਕ ਨਾ ਹੱਲ ਹੋਣ ਵਾਲੇ ਆਰਥਿਕ ਸੰਕਟ ਵਿਚ ਘਿਰਿਆ ਹੋਇਆ ਹੈ, 1975 ਵਿਚ ਵੀ ਇਸੇ ਤਰ੍ਹਾਂ ਦੇ ਘੋਰ ਸੰਕਟ ਦੇ ਹਾਲਾਤ ਸਨ, ਪਰ ਅੱਜ ਦੇ ਹਾਲਾਤ ਐਮਰਜੈਂਸੀ ਦੇ ਹਾਲਾਤ ਨਾਲੋਂ ਇਕ ਪੱਖ ਤੋਂ ਕਾਫ਼ੀ ਵੱਖਰੇ ਵੀ ਹਨ। ਖੁੱਲ੍ਹੀ ਮੰਡੀ ਦੇ ਆਰਥਿਕ ਮਾਡਲ ਤਹਿਤ ਸਟੇਟ ਦੀ ਆਰਥਿਕ ਨੀਤੀ ਵਿਚ ਲੋਕਾਂ ਲਈ ਕਿਸੇ ਆਰਥਿਕ ਰਾਹਤ ਅਤੇ ਲੋਕ ਭਲਾਈ ਸਕੀਮਾਂ ਲਈ ਕੋਈ ਥਾਂ ਨਹੀਂ। ਇਹ ਲੋਕਾਂ ਦੇ ਵਿਨਾਸ਼ ਦੀ ਕੀਮਤ 'ਤੇ ਕਾਰਪੋਰੇਟ ਸਰਮਾਏਦਾਰੀ ਲਈ ਵੱਧ ਤੋਂ ਵੱਧ ਮੁਨਾਫ਼ੇ ਯਕੀਨੀ ਬਣਾਉਂਦੀ ਹੈ। ਲਿਹਾਜ਼ਾ ਮੌਜੂਦਾ ਆਰਥਿਕ ਮਾਡਲ ਅੰਦਰ ਹਕੂਮਤ ਦੇ ਖ਼ਿਲਾਫ਼ ਸਿਆਸੀ ਬੇਚੈਨੀ ਵਧਣ ਦੀ ਗੁੰਜਾਇਸ਼ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਹੈ। ਅੱਜ ਦੀ ਰਾਜਸੀ ਹਾਲਤ ਲਗਭਗ ਉਦੋਂ ਵਰਗੀ ਹੈ। ਉਦੋਂ ਇੰਦਰਾ ਗੁੱਟ ਨੇ ਅਖੌਤੀ ਚੁਣੀ ਹੋਈ ਸਰਕਾਰ ਦੇ ਸੰਵਿਧਾਨਕ ਅਮਲ ਨੂੰ ਖ਼ਤਮ ਕਰ ਕੇ ਆਪਣੀ ਜੁੰਡਲੀ ਦੇ ਹੱਥਾਂ ਵਿਚ ਤਾਨਾਸ਼ਾਹ ਤਾਕਤਾਂ ਕੇਂਦਰਤ ਕਰ ਲਈਆਂ ਸਨ। ਅੱਜ ਹਰ ਤਾਕਤ ਮੋਦੀ ਗੁੱਟ ਦੇ ਹੱਥ ਵਿਚ ਹੈ। ਉਦੋਂ 'ਇੰਦਰਾ ਇੰਡੀਆ ਹੈ, ਇੰਡੀਆ ਇੰਦਰਾ ਹੈ' ਦਾ ਨਾਅਰਾ ਪ੍ਰਚਲਤ ਸੀ, ਅੱਜ 'ਮੋਦੀ ਇੰਡੀਆ ਹੈ, ਇੰਡੀਆ ਮੋਦੀ ਹੈ' ਦਾ ਬੋਲਬਾਲਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹੰਗਾਮੀ ਹਾਲਤ ਦੇ ਐਲਾਨ ਨਾਲ ਸੱਤਾਧਾਰੀ ਧਿਰ ਦੀ ਮਰਜ਼ੀ ਹੀ ਕਾਨੂੰਨ ਹੁੰਦੀ ਹੈ। ਇਹ ਸ਼ਰੇਆਮ



*ਐਲ. ਕੇ. ਅਡਵਾਨੀ*

ਪੁਲਿਸ ਰਾਜ ਹੁੰਦਾ ਹੈ ਜਿਸ ਵਿਚ ਸਟੇਟ ਦੀ ਹਥਿਆਰਬੰਦ ਮਸ਼ੀਨਰੀ ਸਿੱਧੇ ਤੌਰ 'ਤੇ ਸੱਤਾਧਾਰੀ ਗੁੱਟ ਦੇ ਇਸ਼ਾਰੇ 'ਤੇ ਕੰਮ ਕਰਦੀ ਹੈ, ਪਰ ਆਮ ਬੰਦੇ ਲਈ ਤਾਂ ਸੰਵਿਧਾਨਕ ਹੱਕਾਂ ਦੀ ਉਦੋਂ ਵੀ ਕੋਈ ਖ਼ਾਸ ਅਹਿਮੀਅਤ ਨਹੀਂ ਹੁੰਦੀ ਜਦੋਂ ਐਮਰਜੈਂਸੀ ਨਾ ਲੱਗੀ ਹੋਵੇ; ਕਿਉਂਕਿ ਸੰਵਿਧਾਨ ਤਾਂ ਸਮਾਜ ਦੇ ਖ਼ਾਸ ਹਿੱਸਿਆਂ- ਲੁਟੇਰੀਆਂ ਜਾਬਰ ਜਮਾਤਾਂ, ਦੀ ਸੇਵਾ ਲਈ ਹੀ ਬਣਾਇਆ ਗਿਆ ਹੈ ਅਤੇ ਇਸ ਨੂੰ ਜਮਾਤੀ ਸਟੇਟ ਦੇ ਵੱਖ-ਵੱਖ ਹਿੱਸਿਆਂ ਵਲੋਂ ਇਸੇ ਮਨੋਰਥ ਨਾਲ ਅਮਲ ਵਿਚ ਲਿਆਂਦਾ ਜਾਂਦਾ ਹੈ। ਇਸ ਵਿਚ ਆਮ ਨਾਗਰਿਕਾਂ ਲਈ ਸੰਵਿਧਾਨਕ ਮੱਦਾਂ ਆਰਜ਼ੀ ਤੌਰ 'ਤੇ ਉਦੋਂ ਹੀ ਲਾਗੂ ਕੀਤੀਆਂ ਜਾਂਦੀਆਂ ਹਨ ਜਦੋਂ ਹੁਕਮਰਾਨ ਜਮਾਤ ਅੱਗੇ ਇਸ ਦਾ ਸਿਆਸੀ ਲਾਹਾ ਲੈਣ ਦੀ ਮਜਬੂਰੀ ਹੋਵੇ; ਜਾਂ ਫਿਰ ਜਿਥੇ ਲੋਕਾਂ ਦਾ ਜਥੇਬੰਦਕ ਦਬਾਅ ਸੱਤਾਧਾਰੀਆਂ ਅਤੇ ਸਟੇਟ-ਮਸ਼ੀਨਰੀ ਨੂੰ ਇਸ ਲਈ ਮਜਬੂਰ ਕਰ ਦੇਵੇ। ਦਲਿਤਾਂ, ਆਦਿਵਾਸੀਆਂ, ਧਾਰਮਿਕ ਘੱਟ-ਗਿਣਤੀਆਂ ਦੇ ਇਕ ਪਿੱਛੋਂ ਇਕ ਕਤਲੇਆਮ, ਬੇਕਸੂਰ ਨਿਹੱਥੇ ਲੋਕਾਂ ਦੇ ਧੜਾਧੜ ਫ਼ਰਜ਼ੀ ਪੁਲਿਸ ਮੁਕਾਬਲੇ, 'ਗੜਬੜ ਵਾਲੇ' ਇਲਾਕਿਆਂ ਵਿਚ ਬੇਸ਼ੁਮਾਰ ਲੋਕਾਂ ਨੂੰ ਲਾਪਤਾ ਕਰ ਦੇਣਾ ਅਤੇ ਅਣਪਛਾਤੇ ਕਹਿ ਕੇ ਦਫ਼ਨਾ ਦੇਣਾ, ਹਜ਼ਾਰਾਂ ਦੀ ਤਾਦਾਦ 'ਚ ਅੰਦਰੂਨੀ ਸੁਰੱਖਿਆ ਦੇ ਨਾਂ ਹੇਠ ਦਹਿ-ਹਜ਼ਾਰਾਂ ਲੋਕਾਂ ਨੂੰ ਟਾਡਾ, ਪੋਟਾ ਅਤੇ ਹੁਣ ਯੂ.ਏ.ਪੀ.ਏ. ਵਰਗੇ ਜ਼ਾਲਮ ਕਾਨੂੰਨਾਂ ਤਹਿਤ ਬਿਨਾ ਮੁਕੱਦਮੇ ਚਲਾਏ ਜੇਲ੍ਹਾਂ ਵਿਚ ਸਾੜਨਾ, ਲੋਕਾਂ ਦੇ ਪੂਰੀ ਤਰ੍ਹਾਂ ਸ਼ਾਂਤਮਈ ਜਮਹੂਰੀ ਘੋਲਾਂ ਉਪਰ ਬੇਤਹਾਸ਼ਾ ਜਬਰ ਢਾਹੁਣਾ, ਲਗਾਤਾਰ ਦਫ਼ਾ ਇਕ ਸੌ ਚੁਤਾਲੀ ਲਗਾਈ ਰੱਖਣਾ, ਮਨੀਪੁਰ-ਨਾਗਾਲੈਂਡ ਵਰਗੇ ਖੇਤਰਾਂ ਵਿਚ 1958 ਤੋਂ ਲੈ ਕੇ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਤਹਿਤ ਹਿੰਦੁਸਤਾਨੀ ਫ਼ੌਜ ਨੂੰ ਲੋਕਾਂ ਨੂੰ ਮਰਜ਼ੀ ਨਾਲ ਕੁਚਲ ਦੇਣ ਦੀ ਖੁੱਲ੍ਹ ਇਹ ਉਦੋਂ ਵੀ ਆਮ ਵਾਪਰ ਰਿਹਾ ਹੈ ਜਦੋਂ ਐਮਰਜੈਂਸੀ ਨਹੀਂ ਲਗਾਈ ਹੋਈ। ਸਟੇਟ ਦਾ ਇਹ ਵਤੀਰਾ ਆਵਾਮ ਲਈ ਇਕ ਵੱਖਰੀ ਤਰ੍ਹਾਂ ਦੀ ਅਣਐਲਾਨੀ ਐਮਰਜੈਂਸੀ ਹੈ।

ਅਡਵਾਨੀ ਜਦੋਂ ਐਮਰਜੈਂਸੀ ਦੀ ਸੰਭਾਵਨਾ ਦਾ ਸੰਕੇਤ ਦੇ ਰਿਹਾ ਹੈ, ਉਸ ਦੀ ਮਨਸ਼ਾ ਮੁਲਕ ਦੇ ਨਾਗਰਿਕਾਂ ਨੂੰ ਮੋਦੀ ਹਕੂਮਤ ਦੇ ਰੂਪ 'ਚ ਫਾਸ਼ੀਵਾਦ ਦੀ ਆਮਦ ਤੋਂ ਖ਼ਬਰਦਾਰ ਕਰਨਾ ਨਹੀਂ, ਸਗੋਂ ਮੋਦੀ ਗੁੱਟ ਲਈ ਸਿਰਦਰਦੀ ਖੜ੍ਹੀ ਕਰ ਕੇ ਆਪਣੀ ਕਿੜ ਕੱਢਣਾ ਹੈ। ਸੱਤਾ ਦਾ ਹੇਰਵਾ ਉਸ ਨੂੰ ਚੈਨ ਨਹੀਂ ਲੈਣ ਦਿੰਦਾ। ਭਗਵੇਂ ਬ੍ਰਿਗੇਡ ਦੀ ਸਰਕਾਰ ਬਣੀ ਹੋਵੇ ਅਤੇ ਜ਼ਿੰਦਗੀ ਦੇ ਇਸ ਆਖ਼ਰੀ ਪੜਾਅ 'ਤੇ ਆ ਕੇ ਉਸ ਦਾ ਪ੍ਰਧਾਨ ਮੰਤਰੀ ਬਣਨ ਦਾ ਸੁਪਨਾ ਸਾਕਾਰ ਨਾ ਹੋਵੇ, ਇਹ ਉਸ ਦੀ ਬਰਦਾਸ਼ਤ ਤੋਂ ਬਾਹਰ ਹੈ। ਇਹ ਗ਼ੌਰਤਲਬ ਹੈ ਕਿ ਜੇ ਸੱਤਾ ਦੀ ਵਾਗਡੋਰ ਖ਼ੁਦ ਅਡਵਾਨੀ ਦੇ ਹੱਥ ਹੁੰਦੀ, ਉਸ ਨੇ ਖ਼ੁਦ ਹਕੂਮਤ ਨੂੰ ਵਧੇਰੇ ਤੋਂ ਵਧੇਰੇ ਤਾਨਾਸ਼ਾਹ ਬਣਾਉਣ ਅਤੇ ਸੰਵਿਧਾਨਕ ਹੱਕਾਂ ਦਾ ਘਾਣ ਕਰਨ ਦੀ ਵਕਾਲਤ ਕਰਨੀ ਸੀ; ਜਿਵੇਂ ਉਹ ਪੰਜਾਬ ਮਸਲੇ ਨੂੰ ਫ਼ੌਜ ਲਗਾ ਕੇ 'ਹੱਲ' ਕਰਨ ਦੀ ਲਗਾਤਾਰ ਵਕਾਲਤ ਕਰਦਾ ਰਿਹਾ ਹੈ। ਅੱਜ ਉਸ ਦਾ ਹੰਗਾਮੀ ਹਾਲਤ ਦੀ ਸੰਭਾਵਨਾ ਬਾਰੇ ਫ਼ਿਕਰਮੰਦ ਹੋਣ ਦਾ ਢੌਂਗ ਇਹੀ ਸਾਬਤ ਕਰਦਾ ਹੈ ਕਿ ਸੱਤਾ ਤੋਂ ਲਾਂਭੇ ਹੋਣ ਵਕਤ ਹਾਕਮ ਜਮਾਤਾਂ ਦੇ ਇਨ੍ਹਾਂ ਸਿਆਸੀ ਨੁਮਾਇੰਦਿਆਂ ਦੀ ਜ਼ੁਬਾਨ ਕਿਵੇਂ ਬਦਲ ਜਾਂਦੀ ਹੈ।

ਦੂਜੇ ਪਾਸੇ, ਹਕੀਕਤ ਇਹ ਹੈ ਕਿ ਮੋਦੀ ਵਰਗੇ ਘਿਨਾਉਣੇ ਤਾਨਾਸ਼ਾਹ ਅਤੇ ਕਾਰਪੋਰੇਟ ਸਰਮਾਏਦਾਰੀ ਦੇ ਐਨੇ ਪ੍ਰਭਾਵਸ਼ਾਲੀ ਹਿਤੈਸ਼ੀ ਦੇ ਹੁੰਦਿਆਂ ਹੁਕਮਰਾਨ ਜਮਾਤ ਨੂੰ ਹੁਣ ਅਡਵਾਨੀ ਵਰਗੇ 'ਲੋਹਪੁਰਸ਼' ਦੀ ਲੋੜ ਨਹੀਂ ਰਹੀ। ਆਪਣੀ ਇਸੇ ਸਿਆਸੀ ਤੌਰ 'ਤੇ ਹਾਸ਼ੀਆਗ੍ਰਸਤ ਹੋਂਦ ਦਾ ਗੁੱਸਾ ਉਹ ਜਦੋਂ ਵੀ ਮੌਕਾ ਮਿਲੇ ਆਨੇ-ਬਹਾਨੇ ਕੱਢਦਾ ਰਹਿੰਦਾ ਹੈ। ਅਜਿਹਾ ਕਰਦੇ ਹੋਏ ਉਹ ਇਕ ਕੌੜੀ ਸਚਾਈ ਉਪਰ ਨਿਹਾਇਤ ਬੇਈਮਾਨੀ ਨਾਲ ਪਰਦਾ ਪਾ ਰਿਹਾ ਹੈ ਕਿ ਇਸ ਮੁਲਕ ਦੇ ਆਵਾਮ ਲਈ ਤਾਂ ਇਹ ਨਿਜ਼ਾਮ ਪਹਿਲਾਂ ਹੀ ਇਕ ਹੱਦ ਤਕ ਅਣਐਲਾਨੀ ਐਮਰਜੈਂਸੀ ਹੈ। ਲੋਕਾਂ ਦੇ ਸੰਵਿਧਾਨਕ ਅਤੇ ਜਮਹੂਰੀ ਹੱਕਾਂ ਦਾ ਘਾਣ ਆਮ ਗੱਲ ਹੈ। ਨਿਆਂਪ੍ਰਣਾਲੀ ਪੂਰੀ ਤਰ੍ਹਾਂ ਸੱਤਾਧਾਰੀ ਜਮਾਤ ਦੀ ਜੇਬ ਵਿਚ ਹੈ। ਇੱਕਾ-ਦੁੱਕਾ ਫ਼ੈਸਲਿਆਂ ਨੂੰ ਛੱਡ ਕੇ ਜੁਡੀਸ਼ਰੀ ਨੂੰ ਲੋਕਾਂ ਨਾਲ ਹੋ ਰਹੀ ਘੋਰ ਬੇਇਨਸਾਫ਼ੀ ਦੀ ਕੋਈ ਪ੍ਰਵਾਹ ਹੀ ਨਹੀਂ। ਅਤਿ ਘਿਨਾਉਣੇ ਕਤਲੇਆਮਾਂ ਦੇ ਮੁਜਰਿਮਾਂ ਨੂੰ ਬਰੀ ਕਰ ਦੇਣ ਜਾਂ ਕਲੀਨ ਚਿੱਟਾਂ ਦੇਣ ਦੇ ਉਪਰੋਥਲੀ ਫ਼ੈਸਲੇ ਨਿਆਂਪ੍ਰਬੰਧ ਦੇ ਪੂਰੀ ਤਰ੍ਹਾਂ ਹੁਕਮਰਾਨ ਧਿਰ ਦੀ ਮੁੱਠੀ 'ਚ ਹੋਣ ਦਾ ਜ਼ਾਹਰਾ ਸਬੂਤ ਹਨ। ਮੁੱਖਧਾਰਾ ਮੀਡੀਆ ਪੂਰੀ ਬੇਹਯਾਈ ਨਾਲ ਕਾਰਪੋਰੇਟ ਸਰਮਾਏਦਾਰੀ ਅਤੇ ਸਥਾਪਤੀ ਦੀ ਸੇਵਾ 'ਚ ਲੱਗਿਆ ਹੋਇਆ ਹੈ। ਇਸ ਵਿਚ ਲੋਕਾਂ ਦੇ ਅਸਲ ਮਸਲਿਆਂ ਅਤੇ ਸਰੋਕਾਰਾਂ ਦੀ ਚਰਚਾ ਨੂੰ ਕੋਈ ਥਾਂ ਦਿੱਤੀ ਹੀ ਨਹੀਂ ਜਾਂਦੀ। ਮੁੱਖਧਾਰਾ ਸੰਵਾਦ ਮਹਿਜ਼ ਖੁੱਲ੍ਹੀ ਮੰਡੀ ਦਾ ਪ੍ਰਚਾਰਕ ਹੈ ਜੋ ਇਸ ਆਰਥਿਕ ਮਾਡਲ ਦੇ ਤਬਾਹਕੁਨ, ਵਿਨਾਸ਼ਕਾਰੀ ਕਿਰਦਾਰ 'ਤੇ ਪਰਦਾ ਪਾ ਕੇ ਇਸ ਨੂੰ ਤਰੱਕੀ ਦਾ ਬੇਮਿਸਾਲ ਨਮੂਨਾ ਬਣਾ ਕੇ ਪੇਸ਼ ਕਰਦੀ ਹੈ।

ਲਿਹਾਜ਼ਾ, ਜਦੋਂ ਐਮਰਜੈਂਸੀ ਨਹੀਂ ਲੱਗੀ ਹੁੰਦੀ, ਉਦੋਂ ਮੁੱਖਧਾਰਾ ਵਿਰੋਧੀ ਧਿਰ ਨੂੰ ਕੋਈ ਮੁਸ਼ਕਿਲ ਨਹੀਂ ਆਉਂਦੀ, ਕਿਉਂਕਿ ਉਸ ਨੂੰ ਸੱਤਾਧਾਰੀ ਧਿਰ ਵਲੋਂ ਪਾਰਲੀਮੈਂਟਰੀ ਸਿਆਸਤ ਦਾ ਦੋਸਤਾਨਾ ਮੈਚ ਖੇਡਣ ਦੀ ਇਜਾਜ਼ਤ ਹੁੰਦੀ ਹੈ। ਡੂੰਘੇ ਸਿਆਸੀ ਸੰਕਟ 'ਚ ਘਿਰੀ ਸੱਤਾਧਾਰੀ ਧਿਰ ਆਪਣੀ ਡਾਵਾਂਡੋਲ ਹਾਲਤ ਨੂੰ ਸਥਿਰ ਕਰਨ ਲਈ ਵਿਰੋਧੀ ਧਿਰ ਤੋਂ ਇਹ ਅਧਿਕਾਰ ਖੋਹ ਲੈਂਦੀ ਹੈ ਅਤੇ ਆਵਾਮ ਦੀ ਜਥੇਬੰਦਕ ਹੱਕ-ਜਤਾਈ ਨੂੰ ਕੁਚਲਣ ਲਈ ਜਾਬਰ ਢੰਗਾਂ ਦਾ ਇਸਤੇਮਾਲ ਹੋਰ ਵੀ ਵਿਆਪਕ ਪੈਮਾਨੇ 'ਤੇ ਸ਼ੁਰੂ ਕਰ ਦਿੰਦੀ ਹੈ। ਹੰਗਾਮੀ ਹਾਲਤ ਦੇ ਖ਼ਤਰੇ ਬਾਰੇ ਐਲ.ਕੇ. ਅਡਵਾਨੀ ਦੇ ਬਿਆਨ ਵਿਚ ਇਹ ਹਕੀਕਤ ਗ਼ਾਇਬ ਹੈ।

# ਸ਼ਰਧਾ ਅਤੇ ਸੁਸ਼ਾਸਨ

## ਧਾਰਮਿਕ ਸਮਾਗਮਾਂ 'ਤੇ ਸਿਆਸਤ ਦੀ ਹਕੀਕਤ

ਯਾਦਗਾਰਾਂ ਉਸਾਰਨ ਅਤੇ ਯਾਦਗਾਰੀ ਦਿਨ ਮਨਾਉਣ ਦੀ ਰਾਜਨੀਤੀ ਆਪਣੀ ਕਸ਼ਿਸ਼ ਗੁਆਉਣ ਲੱਗੀ ਹੈ। ਆਨੰਦਪੁਰ ਸਾਹਿਬ ਦੇ 350 ਸਾਲਾ ਸਥਾਪਨਾ ਦਿਵਸ ਜਸ਼ਨਾਂ ਦੇ ਸਿਖ਼ਰ ਵਜੋਂ ਇਸ ਸ਼ੁੱਕਰਵਾਰ ਨੂੰ ਹੋਏ ਮਹਾਂ-ਸਮਾਗਮ ਤੋਂ ਇਹੀ ਸੰਕੇਤ ਮਿਲਦਾ ਹੈ। ਇਹ ਉਹ ਦਿਨ ਸੀ ਜਦੋਂ ਗੁਰਇਤਿਹਾਸ ਦਾ ਅਹਿਮ ਅੰਗ ਮੰਨੀ ਜਾਂਦੀ ਪਾਵਨ ਨਗਰੀ ਵਿਚ ਸੰਗਤਾਂ ਦੀ ਠਾਠਾਂ ਮਾਰਦੀ ਇਕੱਤਰਤਾ ਹੋਣੀ ਚਾਹੀਦੀ ਸੀ, ਪਰ ਅਜਿਹਾ ਕੁਝ ਨਹੀਂ ਹੋਇਆ। ਹੁਕਮਰਾਨ ਅਕਾਲੀ ਦਲ ਅਤੇ

ਸੁਰਿੰਦਰ ਸਿੰਘ ਤੇਜ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਯਤਨਾਂ ਅਤੇ ਸਰਕਾਰੀ ਸਰਪ੍ਰਸਤੀ ਦੇ ਬਲਬੂਤੇ 'ਮਹਾਂ-ਸਮਾਗਮ' ਦੇ ਪੰਡਾਲ ਵਿਚ ਤਾਂ ਇਕੱਠ ਜੁਟਾਉਣ ਵਿਚ ਕਾਮਯਾਬ ਹੋ ਗਏ, ਪਰ ਇਸ ਪੰਡਾਲ ਤੋਂ ਬਾਹਰ ਗੁਰਦੁਆਰਿਆਂ ਜਾਂ ਹੋਰ ਇਤਿਹਾਸਕ ਥਾਵਾਂ 'ਤੇ ਗ਼ੈਰ-ਸਿਆਸੀ ਸੰਗਤ ਦੀ ਹਾਜ਼ਰੀ ਮਹੀਨ ਹੀ ਰਹੀ। ਭਰਵੇਂ ਸਰਕਾਰੀ ਪ੍ਰਚਾਰ ਅਤੇ ਤਿੰਨ ਰੋਜ਼ਾ ਸਮਾਪਤੀ ਸਮਾਗਮ ਨੂੰ ਉਤਸਵੀ ਮਹਾਂਕੁੰਭ ਵਰਗਾ ਸਰੂਪ ਪ੍ਰਦਾਨ ਕਰਨ ਦੇ ਯਤਨਾਂ ਨੂੰ ਬਹੁਤਾ ਬੂਰ ਨਹੀਂ ਪਿਆ। ਹੋਲੇ ਮਹੱਲੇ ਮੌਕੇ ਹੁੰਦੇ ਇਕੱਠ ਵਰਗਾ ਜਲੌਅ ਗਾਇਬ ਰਿਹਾ। ਇਸ ਦਾ ਅਸਰ ਸ਼ਹਿਰ, ਖ਼ਾਸਕਰ ਦੁਕਾਨਦਾਰਾਂ ਦੀ ਆਰਥਿਕਤਾ ਉਤੇ ਫੌਰੀ ਤੌਰ 'ਤੇ ਪੈਣਾ ਸੁਭਾਵਿਕ ਹੀ ਸੀ।

350ਵੇਂ ਸਥਾਪਨਾ ਦਿਵਸ ਨੂੰ ਵਸੀਹ ਪੈਮਾਨੇ 'ਤੇ ਮਨਾਉਣ ਦਾ ਪ੍ਰੋਗਰਾਮ ਭਾਵੇਂ ਪਿਛਲੇ ਸਾਲ ਹੀ ਉਲੀਕਿਆ ਜਾ ਚੁੱਕਾ ਸੀ, ਫਿਰ ਵੀ ਇਨ੍ਹਾਂ ਨੂੰ ਨਵੀਂ ਤਰਜ਼ ਦੇਣ ਅਤੇ 1999 ਦੇ ਖ਼ਾਲਸਾ ਤ੍ਰੈਸ਼ਤਾਬਦੀ ਜਸ਼ਨਾਂ ਵਾਂਗ ਸਿੱਖ ਸੰਗਤ ਨੂੰ ਆਕਰਸ਼ਿਤ ਕਰਨ ਦਾ ਪ੍ਰੋਗਰਾਮ ਸ਼ਾਇਦ ਮੋਗਾ ਔਰਬਿਟ ਕਾਂਡ ਦੀ ਪੈਦਾਇਸ਼ ਸੀ।

ਔਰਬਿਟ ਕਾਂਡ ਤੋਂ ਉਪਜੇ ਲੋਕ ਰੋਹ ਨੂੰ ਮੱਠਾ ਪਾਉਣ ਅਤੇ ਨਾਂਹ-ਮੁਖੀ ਪ੍ਰਚਾਰ ਦਾ ਮੁੱਖ ਮੋੜਨ ਲਈ ਸਰਕਾਰ ਨੇ ਪਹਿਲਾਂ ਪਾਵਨ ਨਿਸ਼ਾਨੀਆਂ ਦੀ ਦਰਸ਼ਨ ਦੀਦਾਰੇ ਯਾਤਰਾ ਕਾਹਲੀ ਨਾਲ ਆਰੰਭੀ ਅਤੇ ਫਿਰ ਇਸ ਯਾਤਰਾ ਨੂੰ ਆਨੰਦਪੁਰ ਸਾਹਿਬ ਸਥਾਪਨਾ ਦਿਵਸ ਸਮਾਗਮਾਂ ਤਕ ਖਿੱਚਣਾ ਵਾਜਬ ਸਮਝਿਆ। ਅਜਿਹਾ ਕਰਦਿਆਂ ਉਹ ਸ਼ਾਇਦ ਭੁੱਲ ਗਈ ਕਿ ਸ਼ਰਧਾ, ਸੁਸ਼ਾਸਨ ਦਾ ਬਦਲ ਨਹੀਂ। ਉਂਜ ਵੀ, ਇਤਿਹਾਸਕ ਤਿੱਥ-ਤਿਉਹਾਰਾਂ ਨਾਲ ਜੁੜੇ ਉਤਸਵ ਕਦੇ ਕਦਾਈਂ ਸੋਭਦੇ ਹਨ, ਹਰ ਰੁੱਤ ਅਤੇ ਹਰ ਹਾਲਾਤ ਵਿਚ ਨਹੀਂ। ਪੰਜਾਬ ਵਿਚ ਹਾਲਾਤ ਉਤਸਵੀ ਮਾਹੌਲ ਲਈ ਸਾਜ਼ਗਾਰ ਨਹੀਂ। ਦੋ ਫ਼ਸਲਾਂ ਦੇ ਨੁਕਸਾਨ ਨੇ ਦਿਹਾਤੀ ਅਰਥਚਾਰੇ ਨੂੰ ਬੇਹਾਲ ਕਰ ਦਿੱਤਾ ਹੈ। ਇਸ ਦਾ ਅਸਰ ਅਰਥਚਾਰੇ ਦੇ ਹੋਰਨਾਂ ਸ਼ੋਹਬਿਆਂ 'ਤੇ ਵੀ ਪਿਆ ਹੈ। ਜਦੋਂ ਚੜ੍ਹਦੀਆਂ ਕਲਾਂ ਦੀ ਮੁਦਈ ਕਿਸਾਨੀ ਖ਼ੁਦਕੁਸ਼ੀਆਂ ਦੇ ਰਾਹ ਪੈ ਗਈ ਹੋਵੇ, ਉਦੋਂ ਸੰਕਟ ਦੀ ਗਹਿਰਾਈ ਦੀ ਸੋਝੀ ਹਾਕਮਾਂ ਨੂੰ ਸਭ ਤੋਂ ਪਹਿਲਾਂ ਹੋਣੀ ਚਾਹੀਦੀ ਹੈ, ਪਰ ਪੰਜਾਬ ਵਿਚ ਸ਼ਰਧਾ ਦੀ ਚਾਸ਼ਨੀ ਨੂੰ ਹਰ ਮਰਜ਼ ਦੀ ਦਵਾ ਮੰਨ ਲੈਣ ਦਾ ਵਰਤਾਰਾ ਸ਼ਾਇਦ ਰਾਜ ਪ੍ਰਬੰਧ ਦਾ ਦਸਤੂਰ ਬਣ ਚੁੱਕਾ ਹੈ।

ਧਰਮ ਆਧਾਰਿਤ ਪਾਰਟੀ ਹੋਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਧਰਮ ਨਿਰਪੇਖ ਪਾਰਟੀ ਹੋਣ ਦਾ ਦਾਅਵਾ ਕਰਦਾ ਹੈ। ਉਹ ਸਿੱਖ ਸਿਧਾਂਤ ਮੁਤਾਬਿਕ ਮੀਰੀ ਪੀਰੀ ਦੇ ਸੰਕਲਪ ਤੇ ਧਰਮ ਨਿਰਪੇਖਤਾ ਦੇ ਪ੍ਰਚਲਣ ਵਿਚ ਕੋਈ ਟਕਰਾਅ ਨਾ ਹੋਣ ਅਤੇ ਦੋਵੇਂ ਸੰਕਲਪ ਇੱਕ ਦੂਜੇ ਦੇ ਪੂਰਕ ਹੋਣ ਦਾ ਤਰਕ ਵੀ ਦਿੰਦਾ ਹੈ, ਪਰ ਅਜਿਹਾ ਦ੍ਰਿਸ਼ਟੀਕੋਣ ਕਿਸੇ ਵੀ ਸਰਕਾਰ ਨੂੰ ਇਹ ਹੱਕ ਵੀ ਨਹੀਂ ਦਿੰਦਾ ਕਿ ਉਹ ਨਿਰੋਲ ਧਾਰਮਿਕ ਅਨੁਸ਼ਠਾਨਾਂ ਦੀ ਸਪਾਂਸਰ ਤੇ ਪ੍ਰਬੰਧਕ ਬਣ ਬੈਠੇ। ਬਾਦਲ ਸਰਕਾਰ ਨੇ ਆਪਣੇ ਪਿਛਲੇ ਕਾਰਜਕਾਲ ਦੌਰਾਨ ਰਾਜ ਪ੍ਰਬੰਧ ਵਿਚਲੇ ਨਿਘਾਰ ਨੂੰ ਵਿਰਸੇ ਤੇ ਵਿਰਾਸਤ ਦੀ ਸੰਭਾਲ ਦੇ ਬਹਾਨੇ ਯਾਦਗਾਰਾਂ ਦੀ ਉਸਾਰੀ ਨਾਲ ਢਕਣ ਦੀ ਕੋਸ਼ਿਸ਼ ਕੀਤੀ ਸੀ। ਇਸ ਰਣਨੀਤੀ ਦੇ ਤਹਿਤ ਚੱਪੜਚਿੜੀ ਵਿਖੇ ਬਾਬਾ ਬੰਦਾ ਬਹਾਦਰ ਸਮਾਰਕ, ਰੋਹੀੜਾ (ਜ਼ਿਲ੍ਹਾ ਸੰਗਰੂਰ) ਵਿਚ ਵੱਡਾ ਘੱਲੂਘਾਰਾ ਸਮਾਰਕ, ਕਾਹਨੂੰਵਾਨ ਵਿਚ ਛੋਟਾ ਘੱਲੂਘਾਰਾ ਸਮਾਰਕ ਅਤੇ ਹੋਰ ਕਈ ਯਾਦਗਾਰਾਂ ਉਸਾਰਨ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਹੁਣ ਵੀ ਜਾਰੀ ਹੈ। ਇਹ ਨੀਤੀ 2012 ਦੀਆਂ ਵਿਧਾਨ ਸਭਾ ਚੋਣਾਂ ਵਿਚ ਕੁਝ ਕਾਰਗਰ ਵੀ ਸਾਬਤ ਹੋਈ, ਪਰ ਇਸ ਨੂੰ ਹੋਰ ਲੰਮਾ ਖਿੱਚੀ ਜਾਣਾ ਹੁਣ ਗ਼ੈਰ-ਲਾਹੇਵੰਦ ਸਾਬਤ ਹੋ ਰਿਹਾ ਹੈ। ਨਵੀਆਂ ਯਾਦਗਾਰਾਂ ਦੀ ਉਸਾਰੀ ਦੀ ਹੋੜ ਵਿਚ ਪੁਰਾਣੀਆਂ ਯਾਦਗਾਰਾਂ ਨੂੰ ਪਹਿਲਾਂ ਹੀ ਵਿਸਾਰਿਆ ਜਾ ਰਿਹਾ ਹੈ। ਫਿਰੋਜ਼ਸ਼ਾਹ ਵਿਚ ਐਂਗਲੋ-ਸਿੱਖ ਜੰਗੀ ਯਾਦਗਾਰ ਦੀ ਬਦਹਾਲੀ 'ਤੇ ਕੇਂਦਰੀ ਮੰਤਰੀ ਮੇਨਕਾ ਗਾਂਧੀ ਵੱਲੋਂ ਪ੍ਰਗਟਾਈ ਨਾਖੁਸ਼ੀ ਤੇ ਮਾਯੂਸੀ ਇਸ ਦੀ ਇਕ ਮਿਸਾਲ ਹੈ। ਉਂਜ ਵੀ, ਪੰਜਾਬ ਦੇ ਸਾਰੇ ਪ੍ਰਾਚੀਨ ਨਗਰਾਂ ਵਿਚ ਵਿਰਾਸਤੀ ਇਮਾਰਤਾਂ ਦੀ ਹਾਲਤ ਖੰਡਰਾਂ ਵਰਗੀ ਹੈ, ਪਰ ਸਰਕਾਰ ਇਨ੍ਹਾਂ ਦੀ ਮਾਮੂਲੀ ਮੁਰੰਮਤ ਲਈ ਫੰਡ ਦੇਣ ਦੀ ਸਥਿਤੀ ਵਿਚ ਨਹੀਂ ਜੋ ਉਸ ਦੀ ਵਿਰਸੇ ਪ੍ਰਤੀ ਵਚਨਬੱਧਤਾ 'ਤੇ ਸਵਾਲ ਖੜ੍ਹੇ ਕਰਦਾ ਹੈ।

ਸੈਕੂਲਰ ਜਮਹੂਰੀਅਤ ਵਿਚ ਧਾਰਮਿਕ ਸਮਾਗਮਾਂ ਤੇ ਤਿੱਥ-ਤਿਉਹਾਰਾਂ ਦੀ ਮੇਜ਼ਬਾਨੀ ਸਰਕਾਰ ਦੀ ਜ਼ਿੰਮੇਵਾਰੀ ਨਹੀਂ ਹੋਣੀ ਚਾਹੀਦੀ। ਅਜਿਹੇ ਕਾਰਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਹੋਰਨਾਂ ਧਰਮਾਂ ਦੀਆਂ ਨੁਮਾਇੰਦਾ ਸੰਸਥਾਵਾਂ ਉਪਰ ਛੱਡੇ ਜਾਣੇ ਚਾਹੀਦੇ ਹਨ। ਸਰਕਾਰ ਅਜਿਹੇ ਕਾਰਜਾਂ ਵਿਚ ਬਿਹਤਰ ਆਵਾਜਾਈ ਪ੍ਰਬੰਧ, ਸਮਾਗਮ ਵਾਲੇ ਸਥਾਨ 'ਤੇ ਬਿਹਤਰ ਕਾਨੂੰਨੀ ਵਿਵਸਥਾ, ਬਿਹਤਰ ਸੁਰੱਖਿਆ, ਬਿਹਤਰ ਜਲ ਸਪਲਾਈ ਤੇ ਸੈਨੀਟੇਸ਼ਨ ਆਦਿ ਯਕੀਨੀ ਬਣਾ ਕੇ ਆਪਣਾ ਉਸਾਰੂ ਯੋਗਦਾਨ ਪਾ ਸਕਦੀ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਦ੍ਰਿਸ਼ਾਵਲੀ ਬਿਲਕੁਲ ਬਦਲ ਗਈ ਹੈ।

ਰਾਜ ਪ੍ਰਬੰਧ, ਲੋਕ ਮੁਸ਼ਕਿਲਾਂ ਵੱਲ ਧਿਆਨ ਦੇਣ ਦੀ ਥਾਂ ਧਾਰਮਿਕ ਸਮਾਗਮਾਂ ਦੀ ਕਾਮਯਾਬੀ ਵੱਲ ਵੱਧ ਕੇਂਦ੍ਰਿਤ ਹੁੰਦਾ ਜਾ ਰਿਹਾ ਹੈ। ਸਮੁੱਚਾ ਸਰਕਾਰੀ ਤੰਤਰ ਅਜਿਹੇ ਪ੍ਰਬੰਧਾਂ ਉਪਰ ਝੋਕ ਦਿੱਤਾ ਜਾਂਦਾ ਰਿਹਾ ਹੈ। ਦੂਜੇ ਪਾਸੇ ਸਰਕਾਰੀ ਦਫ਼ਤਰਾਂ ਵਿਚ ਹੋਣ ਵਾਲੇ ਲੋਕਾਂ ਦੇ ਕੰਮਕਾਜ ਅਜਿਹੇ ਸਮਾਗਮਾਂ ਦੇ ਨਾਂ 'ਤੇ ਲਗਾਤਾਰ ਲਟਕਦੇ ਚਲੇ ਜਾਂਦੇ ਹਨ। ਸੂਬਾਈ ਸਕੱਤਰੇਤ 'ਇੱਕ ਸਰਕਾਰ ਬਾਝੋਂ' ਵਾਲਾ ਆਲਮ ਪੇਸ਼ ਕਰਦਾ ਹੈ ਕਿਉਂਕਿ ਵਜ਼ੀਰ ਤੇ ਅਹਿਲਕਾਰ ਤਾਂ ਸਮਾਗਮਾਂ ਵਾਲੀਆਂ ਥਾਵਾਂ ਉਪਰ ਪ੍ਰਬੰਧਾਂ ਦੀ ਨਿਗਰਾਨੀ ਕਰਨ ਜਾਂ ਭੀੜਾਂ ਜੁਟਾਉਣਾ ਯਕੀਨੀ ਬਣਾਉਣ ਵਿਚ ਮਸਰੂਫ਼ ਹੁੰਦੇ ਹਨ।

ਨਿਕੋਲਾਈ ਗੋਗੋਲ ਦੇ ਨਾਟਕਾਂ ਦੇ ਪਾਤਰਾਂ ਵਾਂਗ ਲੋਕ ਜਾਂ ਤਾਂ ਦਰਖ਼ਾਸਤਾਂ ਦੇ ਕੇ ਭੁੱਲ ਜਾਣ ਨੂੰ ਆਪਣੀ ਹੋਣੀ ਮੰਨਣ ਲੱਗੇ ਹਨ ਅਤੇ ਜਾਂ ਫਿਰ ਹਰ ਆਨੇ-ਬਹਾਨੇ ਸੜਕਾਂ ਉਤੇ ਉਤਰਨ ਲੱਗੇ ਹਨ। ਅਜਿਹੇ ਰੁਝਾਨ ਸਰਕਾਰੀ ਵਿਵਸਥਾ ਪ੍ਰਤੀ ਨਿਰਮੋਹੀ ਦੀ ਨਿਸ਼ਾਨੀ ਹਨ। ਆਨੰਦਪੁਰ ਸਾਹਿਬ ਸਮਾਗਮਾਂ ਵਿਚ ਆਮ ਲੋਕਾਈ ਦੀ ਮਹੀਨ ਸ਼ਮੂਲੀਅਤ ਨੂੰ ਹੁਕਮਰਾਨ ਧਿਰ ਚਿਤਾਵਨੀ ਵਜੋਂ ਲੈਂਦੀ ਹੈ ਜਾਂ ਵੰਗਾਰ ਵਜੋਂ, ਇਹ ਉਸ ਦੇ ਆਪਣੇ ਨਜ਼ਰੀਏ 'ਤੇ ਨਿਰਭਰ ਕਰੇਗਾ। ਜਿਥੋਂ ਤਕ ਲੋਕਾਈ ਦਾ ਸਵਾਲ ਹੈ, ਉਸ ਨੇ ਆਪਣਾ ਪੈਗ਼ਾਮ ਦੇ ਦਿੱਤਾ ਹੈ।

# ਗਦਰੀ ਬਾਬਿਆਂ ਦੇ ਸੰਦੇਸ਼ ਦੇ ਝੰਡਾ ਬਰਦਾਰ ਅਮੋਲਕ ਸਿੰਘ



ਗੁਰਦਿਆਲ ਸਿੰਘ ਬੱਲ
ਫੋਨ: 001-647-982-6091

**ਟੋਰਾਂਟੋ:** "ਜ਼ਿੰਦਗੀ ਦੇ ਗੀਤਾਂ ਦੇ ਸਿਰਜਕ ਤਾਂ ਉਹ ਲੋਕ ਨੇ ਜਿਹੜੇ ਹਰ ਪਲ ਜ਼ਿੰਦਗੀ ਨਾਲ ਦੋ ਚਾਰ ਹੋ ਰਹੇ ਨੇ। ਉਨ੍ਹਾਂ ਦੇ ਹੱਥਾਂ 'ਚ ਹਰ ਪਲ ਔਜ਼ਾਰ ਰੂਪੀ ਸਾਜ਼ ਨੇ। ਇਹ ਸਾਜ਼ ਸੰਗੀਤ ਛੇੜਦੇ ਨੇ। ਉਨ੍ਹਾਂ ਲੋਕਾਂ ਦੀ ਤੋਰ 'ਚ ਰਵਾਨੀ ਹੈ। ਉਨ੍ਹਾਂ ਦੇ ਬੋਲ ਖੁਦ-ਬ-ਖੁਦ ਗੀਤ ਤੇ ਗਜ਼ਲਾਂ ਨੇ। ਤਪਦੇ ਤੰਦੂਰ ਵਿਚ ਤਪੇ ਲੋਕਾਂ ਦੇ ਮੁਖੜੇ, ਜ਼ਿੰਦਗੀ ਦੇ ਗੀਤਾਂ ਦੇ ਮੁਖੜੇ ਹਨ।"

ਇਹ ਵਿਚਾਰ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਗਟਾਏ।

ਸ੍ਰੀ ਅਮੋਲਕ ਸਿੰਘ ਕਰੀਬ ਅੱਧੀ ਸਦੀ ਤੋਂ ਪੰਜਾਬ ਦੀ ਲੋਕ ਹਿਤੈਸ਼ੀ ਰਾਜਨੀਤੀ ਨਾਲ ਸਰਗਰਮ ਰੂਪ ਵਿਚ ਜੁੜੇ ਹੋਏ ਹਨ ਅਤੇ ਪਿਛਲੇ 20-25 ਵਰ੍ਹਿਆਂ ਤੋਂ, ਪਹਿਲਾਂ ਭਾਅ ਜੀ ਗੁਰਸ਼ਰਨ ਸਿੰਘ ਨਾਲ ਅਤੇ ਉਨ੍ਹਾਂ ਪਿਛੋਂ ਉਨ੍ਹਾਂ ਵਲੋਂ ਅਰੰਭੇ ਮਿਸ਼ਨ ਨੂੰ ਅਗੋਂ ਤੋਰੀ ਰਖਣ ਲਈ ਪੂਰਨ ਪ੍ਰਤੀਬਧਤਾ ਨਾਲ ਕੰਮ ਕਰਦੇ ਆ ਰਹੇ ਹਨ।


ਸਾਲ 1914-15 ਦੇ ਗਦਰੀ ਸ਼ਹੀਦਾਂ, ਸੂਰਬੀਰਾਂ ਦੀ ਯਾਦ ਵਿਚ ਸ਼ਤਾਬਦੀ ਸਮਾਗਮ ਪਿਛਲੇ ਸਾਲ ਸ਼ੁਰੂ ਹੋਏ ਸਨ ਅਤੇ ਇਸ ਸਾਲ ਵੀ ਇਹ ਚਲਦੇ ਰਹਿਣੇ ਹਨ। ਪੰਜਾਬ ਦੇ ਕਿਸਾਨ ਭਾਈਚਾਰੇ ਨਾਲ ਸਬੰਧਤ ਲੋਕ ਅੱਜ ਤੋਂ 100 ਸਾਲ ਪਹਿਲਾਂ ਤਰ੍ਹਾਂ ਤਰ੍ਹਾਂ ਦੀਆਂ ਮੁਸ਼ਕਲਾਂ ਨਾਲ ਜੂਝਦਿਆਂ ਇਥੇ ਪਹੁੰਚੇ ਸਨ। ਕੁਝ ਹੀ ਵਰ੍ਹਿਆਂ ਦੀ ਹੱਡ-ਭੰਨਵੀਂ ਮੁਸ਼ੱਕਤ ਕਰਦਿਆਂ ਬਹੁਤਿਆਂ ਨੇ ਤਕੜੀਆਂ ਜ਼ਮੀਨ-ਜਾਇਦਾਦਾਂ ਵੀ ਬਣਾ ਲਈਆਂ ਸਨ। ਪ੍ਰੰਤੂ ਉਨ੍ਹਾਂ ਦੇ ਮਨ ਦੀ ਤਾਰ ਨਿਰੰਤਰ ਆਪਣੀ ਜਨਮ ਭੋਏਂ ਨਾਲ ਜੁੜੀ ਹੋਈ ਸੀ ਅਤੇ ਮੌਕਾ ਮਿਲਦਿਆਂ ਹੀ ਉਨ੍ਹਾਂ ਨੇ ਆਪਣੇ ਮੁਲਕ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਲਈ ਮੁਹਾਰਾਂ ਵਤਨ ਵੱਲ ਘੱਤ ਲਈਆਂ। ਹਥਿਆਰਬੰਦ ਸੰਗਰਾਮ ਸ਼ੁਰੂ ਕਰਨ ਦੀ ਲਾਮਿਸਾਲ ਕੋਸ਼ਿਸ਼ ਕੀਤੀ। ਗਦਰ ਦੇ ਅਸਫਲ ਹੋ ਜਾਣ ਤੇ ਫਾਂਸੀਆਂ ਤੇ ਲਟਕ ਗਏ ਅਤੇ ਹੋਰਨਾਂ ਨੇ ਉਮਰਾਂ ਕਾਲੇ ਪਾਣੀ ਦੀਆਂ ਸਖਤ ਕੈਦਾਂ ਕਟਦਿਆਂ ਗੁਜ਼ਾਰ ਦਿਤੀਆਂ।

ਗਦਰੀਆਂ ਵਿਚੋਂ ਬਹੁਗਿਣਤੀ ਕਾਰਕੁੰਨ ਸਿੱਖ ਭਾਈਚਾਰੇ ਨਾਲ ਸਬੰਧਤ ਸਨ ਅਤੇ ਆਪਣੇ ਸ਼ਾਨਦਾਰ ਵਿਰਸੇ ਅਤੇ ਸਿੱਖ ਗੁਰੂ ਸਾਹਿਬਾਨ ਦੇ 'ਸਭੈ ਸਾਂਝੀਵਾਲ ਸਦਾਇਨੁ' ਦੇ ਮਹਾਨ ਸੰਦੇਸ ਤੋਂ ਪ੍ਰੇਰਿਤ ਸਨ। ਪ੍ਰੰਤੂ ਧਾਰਮਿਕ ਤੰਗਨਜ਼ਰੀ ਜਾਂ ਫਿਰਕੂ ਕੱਟੜਵਾਦ ਦੀ ਉਨ੍ਹਾਂ ਦੇ ਗਿਰਾਂ ਉਕਾ ਹੀ ਕੋਈ ਥਾਂ ਨਹੀਂ ਸੀ। ਇਨਸਾਨ ਹੱਥੋਂ ਇਨਸਾਨ ਦੀ ਲੁੱਟ-ਖਸੁੱਟ ਦਾ ਖਾਤਮਾ ਅਤੇ ਸਵੈਮਾਨ ਨਾਲ ਜਿਉਣ ਦੇ ਅਧਿਕਾਰ ਦੀ ਬਹਾਲੀ ਉਨ੍ਹਾਂ ਦਾ ਇਕੋ ਇਕ ਕੇਂਦਰੀ ਨਿਸ਼ਾਨਾ ਸੀ-ਜਿਸ ਲਈ ਉਨ੍ਹਾਂ ਨੇ ਮਰਦੇ ਦਮ ਤਕ ਸੰਗਰਾਮ ਕੀਤਾ। ਦੇਸ਼ ਦੀ ਅਜਾਦੀ ਤੋਂ ਪਹਿਲਾਂ ਉਹ ਵਿਦੇਸ਼ੀ ਹਾਕਮਾਂ ਦੇ ਗਲਬੇ ਵਿਰੁਧ ਜੁਝੇ ਅਤੇ 1947 ਤੋਂ ਬਾਅਦ ਆਪਣੇ ਇਸੇ ਮਿਸ਼ਨ ਨੂੰ ਅਕੀਦਤ ਦਾ ਜਾਮਾ ਪਹਿਨਾਉਣ ਲਈ ਉਨ੍ਹਾਂ ਨੇ ਨਵੇਂ ਹਾਕਮਾਂ ਅਤੇ ਉਨ੍ਹਾਂ ਵਲੋਂ ਉਸਾਰੇ ਗਏ ਗਲਤ ਨਿਜ਼ਾਮ ਵਿਰੁਧ ਉਸੇ ਹੀ ਹਕੀਕਤ ਨਾਲ ਆਪਣੀ ਜਦੋਜਹਿਦ ਜਾਰੀ ਰਖੀ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਗੁਰਮੁਖ ਸਿੰਘ ਲਲਤੋਂ, ਬਾਬਾ ਹਰਨਾਮ ਸਿੰਘ ਟੁੰਡੀਲਾਟ, ਸੰਤ ਵਿਸਾਖਾ ਸਿੰਘ ਦਦੇਹਰ-ਨਾਂਵਾਂ ਦੀ ਲੰਮੀ ਸੂਚੀ ਹੈ; ਕਿਸੇ ਨੇ ਵੀ ਆਪਣੇ ਮੁਢਲੇ ਕੇਂਦਰੀ ਨਿਸ਼ਾਨੇ ਤੋਂ ਇਕ ਪਲ ਲਈ ਵੀ ਪਾਸਾ ਨਾ ਵੱਟਿਆ।

ਸ੍ਰੀ ਅਮੋਲਕ ਸਿੰਘ ਨੇ ਬਾਬਿਆਂ ਦੇ ਇਸ ਮਹਾਨ ਮਾਨਵਵਾਦੀ ਮਿਸ਼ਨ ਬਾਰੇ ਪੂਰਨ ਵਿਸਥਾਰ ਨਾਲ ਰੌਸ਼ਨੀ ਪਾਈ ਅਤੇ ਇਹ ਵੀ ਦਸਿਆ ਕਿ ਇਹ ਬਾਬੇ ਉਨ੍ਹਾਂ ਲਈ ਜੜ੍ਹ ਹੋ ਚੁਕੇ ਮਹਿਜ਼ ਸ਼ਰਧਾ ਦੇ ਚੇਹਨ ਨਹੀਂ ਹਨ ਬਲਕਿ ਉਨ੍ਹਾਂ ਲਈ ਅਤੇ ਉਨ੍ਹਾਂ ਦੇ ਸਾਥੀਆਂ ਲਈ ਅਹਿਮ ਬਾਬਿਆਂ ਦੇ ਮਿਸ਼ਨ ਅਤੇ ਸੰਦੇਸ਼ ਦੀ ਸਪਿਰਟ ਹੈ। ਉਨ੍ਹਾਂ ਲਈ ਮਸਲਾ ਇਹ ਹੈ ਕਿ ਸ਼ਹੀਦੇ ਆਜ਼ਮ ਸਰਦਾਰ ਕਰਤਾਰ ਸਿੰਘ ਸਰਾਭਾ ਦੀ ਅਕੀਦਤ ਤੋਂ ਪ੍ਰੇਰਨਾ ਲੈਂਦਿਆਂ ਉਸਦੇ ਅਕੀਦਿਆਂ ਨੂੰ ਅੱਜ ਦੇ ਹਾਲਾਤ ਅਨੁਸਾਰ ਅਮਲ ਵਿਚ ਕਿੰਜ ਲਿਆਉਣਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਅੱਜ ਹਾਲਾਤ ਉਹ ਬਿਲਕੁਲ ਵੀ ਨਹੀਂ ਹਨ ਜੋ ਕਿ ਅੱਜ ਤੋਂ 100 ਵਰ੍ਹਾ ਪਹਿਲਾਂ ਸਨ। ਇਸ ਲਈ ਬਾਬਿਆਂ ਦੇ ਮਿਸ਼ਨ ਨੂੰ ਅਮਲ ਵਿਚ ਉਤਾਰਨ ਲਈ ਜਦੋਜਹਿਦ ਦਾ ਰਸਤਾ ਵੀ ਵਖਰਾ ਹੋਵੇਗਾ।

ਸਭਿਆਚਾਰਕ ਆਗੂ ਨੇ ਸਪੱਸ਼ਟ ਕੀਤਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਵਿਚ ਰਵਾਇਤੀ ਰਾਜਨੀਤਕ ਧਿਰਾਂ ਦਾ ਕੋਈ ਦਖਲ ਨਹੀਂ ਹੈ ਬਲਕਿ ਉਥੇ ਤਾਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਕ ਅਜਿਹੀ ਸ਼ਮਾ ਜਲਾਈ ਹੋਈ ਹੈ ਜਿਸ ਨੂੰ ਉਨ੍ਹਾਂ ਨੇ ਅੰਨ੍ਹੇ ਸਰਕਾਰੀ ਜ਼ਬਰ ਅਤੇ ਫਿਰਕੂ ਦਹਿਸ਼ਤਗਰਦੀ ਦੇ ਕਹਿਰ ਦੇ ਸਮਿਆਂ ਵਿਚ ਵੀ ਜਲਦੀ ਰਖਿਆ ਅਤੇ ਅਗੋਂ ਵੀ ਬੁਝਣ ਨਹੀਂ ਦੇਣਾ।

ਉਨ੍ਹਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਤਿੰਨ ਦਰਜਨ ਤੋਂ ਵੀ ਵੱਧ ਟਰੱਸਟੀ ਹਨ। ਉਨ੍ਹਾਂ ਸਭਨਾਂ ਦੇ ਨਿੱਜੀ ਧਾਰਮਿਕ ਅਤੇ ਰਾਜਨੀਤਕ ਵਿਚਾਰ ਵੱਖ ਵੱਖ ਹੋ ਸਕਦੇ ਹਨ; ਵੱਖ ਵੱਖ ਹੈਗੇ ਵੀ ਹਨ। ਪ੍ਰੰਤੂ ਬਾਬਿਆਂ ਦੇ ਕੇਂਦਰੀ ਮਿਸ਼ਨ ਵੱਲ ਪ੍ਰਤੀਬਧਤਾ ਦੇ ਸਵਾਲ ਤੇ ਕੋਈ ਵਖਰੇਵਾਂ ਨਹੀਂ ਹੈ, ਕੋਈ ਰੌਲਾ ਨਹੀਂ ਹੈ। ਇਸੇ ਸੰਦੇਸ਼ ਨੂੰ ਪ੍ਰਵਾਹਿਤ ਕਰਨ ਲਈ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਸਾਲ 1992 'ਚ ਸ਼ੁਰੂ ਹੋਇਆ ਸੀ ਅਤੇ ਇਹ ਪ੍ਰੋਗਰਾਮ ਅੱਜ ਤੱਕ ਬਾਦਸਤੂਰ ਜਾਰੀ ਹੈ। ਕਮੇਟੀ ਪੰਜਾਬ ਵਿਚ ਖੁਲ੍ਹੀ ਮੰਡੀ ਅਤੇ ਖੱਪਤ ਯੁੱਗ ਦੀ ਚੜ੍ਹਤ ਨਾਲ ਸਾਹਮਣੇ ਆਏ ਸਭਿਆਚਾਰਕ ਪ੍ਰਦੂਸ਼ਨ ਦਾ ਟਾਕਰਾ ਕਰਨ ਲਈ ਲੋਕ ਪੱਖੀ ਨੈਤਿਕ ਕਦਰਾਂ ਤੇ ਅਧਾਰਤ ਗੀਤਾਂ ਦੀਆਂ 25 ਕੈਸਟਾਂ ਕੱਢ ਚੁਕੀ ਹੈ ਅਤੇ ਗਦਰੀ ਬਾਬਿਆਂ ਨਾਲ ਸਬੰਧਤ ਕਈ ਅਹਿਮ ਪੁਸਤਕਾਂ



ਅਮੋਲਕ ਸਿੰਘ

ਦਾ ਪ੍ਰਕਾਸ਼ਨ ਵੀ ਕੀਤਾ ਹੈ। ਹਾਕਮ ਧਿਰ ਜਿਥੇ ਆਪਣੀਆਂ ਖੁਦਗਰਜ਼ ਨੀਤੀਆਂ ਅਤੇ ਅਮਲਾਂ ਰਾਹੀਂ ਭਾਂਤ ਭਾਂਤ ਦੇ ਨਸ਼ਿਆਂ ਦੀ ਅੰਨ੍ਹੀ ਸੁਰੰਗ ਵੱਲ ਧੱਕ ਰਹੀ ਹੈ, ਉਥੇ ਇਸ ਮਾਰੂ ਰੁਝਾਨ ਦਾ ਟਾਕਰਾ ਕਰਨ ਲਈ ਯਾਦਗਾਰ ਕਮੇਟੀ ਅਤੇ ਲੋਕ ਸਭਿਆਚਾਰਕ ਮੰਚ ਵਲੋਂ ਨੌਜਵਾਨਾਂ ਨੂੰ ਸਿੱਧੇ ਰਾਹ ਪਾਉਣ ਲਈ ਜੋਰਦਾਰ ਯਤਨ ਕੀਤੇ ਜਾ ਰਹੇ ਹਨ।

ਸ. ਅਮੋਲਕ ਸਿੰਘ ਦੇ ਖੁਦ ਲਿਖੇ ਕੁਝ ਗੀਤਾਂ ਦੇ ਮੁਖੜੇ ਵੇਖੋ:

ਫੁੱਲ ਸੀ ਗੁਲਾਬ ਜਿਹੜਾ
ਦਸੋ ਉਹ ਪੰਜਾਬ ਕਿਹੜਾ
ਜਾਂਦਿਆ ਵੇ ਰਾਹੀਆ ਸਿਰਨਾਵਾਂ ਦੱਸ ਦੇ
ਪੰਜ ਦਰਿਆਵਾਂ ਵਾਲੇ ਕਿਥੇ ਵਸਦੇ।

---

ਸੌ ਦੀ ਸੁਣਾਈਏ ਇਕੋ ਗੱਲ ਜੀ
ਏਕੇ ਜੇਹੀ ਗੱਲ ਕੋਈ ਨਾ
ਉਠੋ! ਜਾਗੋ!! ਪੱਗ ਨੂੰ ਸੰਭਾਲੀਏ,
ਜੂਝੇ ਬਿਨਾ ਹੱਲ ਕੋਈ ਨਾ।

ਇੰਜ ਹੀ ਵਿਦੇਸ਼ੀਂ ਵਸਦੇ ਆਪਣੇ ਪੰਜਾਬੀ ਭਰਾਵਾਂ ਨੂੰ ਵੇਖੋ ਜਰਾ ਉਹ ਕੀ ਕਹਿੰਦੇ ਹਨ:

ਅਸੀਂ ਸਾਂਭਦੇ ਰਹੇ ਕੱਚ ਦਾ ਸਮਾਨ
ਜਿੰਦਗੀ ਨੂੰ ਨਹੀਂ ਸਾਂਭਿਆ
ਸਾਡੀ ਮਿੱਟੀ ਵਿਚ ਰੁੱਲ ਗਈ ਏ ਸ਼ਾਨ
ਸਾਂਭਿਆ ਤਾਂ ਕੀ ਸਾਂਭਿਆ।

--

ਚਲੀਏ ਘਰਾਂ ਨੂੰ ਮਿੱਤਰੋ
ਸਾਨੂੰ ਘਰਾਂ 'ਚ ਉਡੀਕਦੀਆਂ ਮਾਂਵਾਂ
ਪੌਂਡਾਂ ਦੀ ਰੰਗੀਨੀ ਚੰਦਰੀ
ਅਸੀਂ ਭੁੱਲ ਗਏ ਘਰਾਂ ਦਾ ਸਿਰਨਾਵਾਂ।

ਪੰਜਾਬ ਦੇ ਅਥਰੇ/ਗੈਰ ਜ਼ਿੰਮੇਵਾਰ ਹਾਕਮਾਂ ਅਤੇ ਉਨ੍ਹਾਂ ਦੇ ਝੋਲੀ ਚੁੱਕ ਗਾਇਕਾਂ ਨੂੰ ਚਿਤਾਵਨੀ ਇੰਜ ਦਿੰਦੇ ਹਨ:

ਆਬਰੂ ਪੰਜਾਬ ਦੀ ਨੂੰ
ਧੂੜ 'ਚ ਮਿਲਾਉਣ ਲਗੇ।
ਧੀਆਂ ਦੇ ਸਿਰਾਂ ਤੋਂ ਚੁੰਨੀ ਲਾਹੁਣ ਵਾਲਿਓ
ਤੁਸੀਂ ਬਾਜ ਆਉ, ਤੁਸੀਂ ਬਾਜ ਆਉ
ਗੰਦੇ ਗੀਤ ਗਾਉਣ ਵਾਲਿਓ!
ਜਰਾ ਹੋਰ ਵੇਖੋ...
ਸਾਡਾ ਪੀਂਘਾਂ ਵਾਲਾ ਵਿਹੜਾ
ਸਾਡਾ ਟਾਹਲੀ ਵਾਲਾ ਖੇਤ
ਦਸੀਂ ਦਸੀਂ ਬਾਬਲਾ ਵੇ
ਕਿਹੜੇ ਖਾ ਗਏ ਪ੍ਰੇਤ।

ਅਮੋਲਕ ਸਿੰਘ ਨੇ 'ਸੁਰਖ ਰੇਖਾ' ਅਤੇ 'ਸਰਦਲ' ਨਾਂ ਦੇ ਰੈਡੀਕਲ ਮੈਗਜ਼ੀਨਾਂ ਦੀ ਕਈ ਵਰ੍ਹੇ ਸੰਪਾਦਨਾ ਕੀਤੀ। ਉਨ੍ਹਾਂ ਵਕਤਾਂ ਦੌਰਾਨ ਆਈਆਂ ਅਨੇਕ ਤੰਗੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕੀਤਾ। ਉਹ ਪਾਸ਼ ਦੀਆਂ 'ਸਾਹਿਤ ਦਾ ਸਾਗਰ' ਅਤੇ ਸ਼ਹੀਦ ਗਿਆਨ ਸਿੰਘ ਸੰਘਾ ਬਾਰੇ 'ਮਘਦਾ ਸੂਰਜ' ਸਿਰਲੇਖ ਹੇਠਲੀਆਂ ਪੁਸਤਕਾਂ ਦੇ ਸਹਿ ਸੰਪਾਦਕ ਹਨ। ਸਭਿਆਚਾਰਕ ਪ੍ਰਦੂਸ਼ਨ ਦਾ ਟਾਕਰਾ ਕਰਨ ਲਈ ਲੋਕ ਗੀਤਾਂ ਦੀਆਂ ਤਰਜ਼ਾਂ ਤੇ 'ਜ਼ਿੰਦਗੀ ਦੇ ਗੀਤ' ਨਾਂ ਦੀ ਕਿਤਾਬ ਉਨ੍ਹਾਂ ਦੀ ਅਜੇ ਪਿਛਲੇ ਮਹੀਨੇ ਹੀ ਛਪੀ ਹੈ। ਇਸ ਤੋਂ ਪਹਿਲਾਂ 'ਸੰਗਰਾਮੀ ਬੋਲ' ਅਤੇ 'ਗੀਤਾਂ ਦੀ ਲੋਅ' ਸਿਰਲੇਖ ਹੇਠ ਦੋ ਹੋਰ ਪੁਸਤਕਾਂ ਵੀ ਉਨ੍ਹਾਂ ਦੀਆਂ ਛਪ ਚੁਕੀਆਂ ਹਨ।

25 ਜਨਵਰੀ ਨੂੰ ਜਲੰਧਰ ਵਿਖੇ 'ਗੀਤਾਂ ਭਰੀ ਰਾਤ' ਸਮਾਗਮ ਕੀਤਾ ਜਾਂਦਾ ਹੈ। ਇਹ ਮੇਲਾ ਸਾਲ 1983 ਵਿਚ ਸ਼ੁਰੂ ਹੋਇਆ ਸੀ। ਪੰਜਾਬ ਲੋਕ ਸਭਿਆਚਾਰ ਮੰਚ ਦੀ ਸਥਾਪਨਾ 14 ਮਾਰਚ, 1982 ਨੂੰ ਖੰਨਾ ਕਸਬੇ ਤੋਂ ਥੋੜੀ ਦੂਰ ਨਗਰ ਨਸਰਾਲੀ ਵਿਖੇ ਹੋਈ ਸੀ। ਪੰਜਾਬ ਲੋਕ ਹਿਤੈਸ਼ੀ ਸਭਿਆਚਾਰ ਦੀ ਦੰਤ ਕਥਾਈ ਸਖਸ਼ੀਅਤ, ਭਾਅ ਜੀ ਗੁਰਸ਼ਰਨ ਸਿੰਘ ਇਸ ਦੇ ਮੋਢੀ ਪ੍ਰਧਾਨ ਸਨ ਅਤੇ ਜਨਰਲ ਸੈਕਟਰੀ ਸ੍ਰੀ ਸੁਖਪਾਲ ਸਿੰਘ ਸਨ, ਜੋ ਹੁਣ ਕੌਮਾਂਤਰੀ ਪ੍ਰਸਿੱਧੀ ਵਾਲੇ ਖਗੋਲ ਵਿਗਿਆਨੀ ਹਨ।

ਅਮੋਲਕ ਸਿੰਘ ਦੇ ਦੱਸਣ ਅਨੁਸਾਰ ਉਨ੍ਹਾਂ ਔਖੇ ਸਾਲਾਂ ਦੌਰਾਨ ਪਟਿਆਲਾ ਜਿਲੇ ਵਿਚ ਕਰਮ ਬਰਸਟ, ਫਰੀਦਕੋਟ ਵਿਚ ਰੁਪਿੰਦਰ ਮਾਨ, ਜਲੰਧਰ ਜਿਲੇ ਵਿਚ ਸੁੰਮਨ ਬੱਤਾ, ਮੋਗਾ ਵਿਖੇ ਡਾ. ਸੁਰਜੀਤ ਬਰਾੜ ਤੇ ਨਰਿੰਦਰ ਸ਼ਰਮਾ ਅਤੇ ਬਠਿੰਡਾ ਜਿਲ੍ਹੇ ਵਿਚ ਮਾਸਟਰ ਅਤਰਜੀਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਬੇਮਿਸਾਲ ਹੌਸਲੇ ਅਤੇ ਨਿਸ਼ਠਾ ਨਾਲ ਕੰਮ ਕੀਤਾ ਅਤੇ ਉਸੇ ਮਿਸ਼ਨ ਨੂੰ ਪ੍ਰਣਾਏ ਰਹੇ ਜਿਸ ਦੀ ਮਸ਼ਾਲ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ, ਭਾਈ ਸੰਤੋਖ ਸਿੰਘ ਧਰਦੇਓਂ, ਬਾਬਾ ਸੋਹਣ ਸਿੰਘ ਭਕਨਾ ਅਤੇ ਗਦਰ ਲਹਿਰ ਦੇ ਉਨ੍ਹਾਂ ਦੇ ਸਾਥੀਆਂ ਵਲੋਂ ਜਲਾਈ ਗਈ ਸੀ। ਇਸ ਸਾਰੇ ਸਮੇਂ ਦੌਰਾਨ ਉਨ੍ਹਾਂ ਨੇ ਇਕ ਪਾਸੇ ਹਕੂਮਤੀ ਜ਼ੁਲਮ ਅਤੇ ਦੂਸਰੇ ਪਾਸੇ ਫਿਰਕੂ ਜਨੂੰਨੀਆਂ ਦੀ ਦਹਿਸ਼ਤਗਰਦੀ ਦਾ ਪੂਰੇ ਸਿਦਕ ਨਾਲ ਸਾਹਮਣਾ ਕੀਤਾ। ਮਸਲਨ 9 ਅਪ੍ਰੈਲ 1991 ਨੂੰ ਜੈਤੋ ਲਾਗੇ ਪਿੰਡ ਸੇਵੇਵਾਲਾ ਵਿਖੇ ਦਲਿਤ ਭਾਈਚਾਰੇ ਦੀ ਇਕ ਖਸਤਾ ਹਾਲ ਧਰਮਸਾਲਾ ਵਿਚ ਜੁੜੀ ਗਰੀਬ ਲੋਕਾਂ ਦੀ ਇਕ ਇਕੱਤਰਤਾ ਨੂੰ ਅਮੋਲਕ ਸਿੰਘ ਹੋਰੀਂ ਖੁਦ ਜਦੋਂ ਸੰਬੋਧਨ ਕਰ ਰਹੇ ਸਨ ਤਾਂ 'ਸਿੱਖ ਗੁਰੂ ਸਾਹਿਬਾਨ ਦੇ ਸੰਦੇਸ਼ ਤੋਂ ਭਟਕੇ ਹੋਏ' ਕੁਝ ਹਥਿਆਰਬੰਦ ਯੁਵਕਾਂ ਨੇ ਇਕੱਠ ਉਪਰ ਅਚਾਨਕ ਅੰਨ੍ਹੇਵਾਹ ਏ.ਕੇ.47 ਰਫਲਾਂ ਨਾਲ ਉਸੇ ਤਰ੍ਹਾਂ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿਤੀਆਂ। ਧਰਮਸਾਲਾ ਨੂੰ ਜਲਿਆਂਵਾਲਾ ਬਾਗ ਦੇ ਅਹਾਤੇ ਵਾਂਗ ਦਰਵਾਜਾ ਵੀ ਇਕੋ ਹੀ ਸੀ। ਅੰਨ੍ਹੇਵਾਹ ਗੋਲਾਬਾਰੀ ਵਿਚ ਦਰਵਾਜੇ ਦੀ 'ਰਾਖੀ' ਤੇ ਖੜੇ ਸਾਥੀ ਮੇਘ ਰਾਜ ਅਤੇ ਜਗਪਾਲ ਬਰਾੜ ਤਾਂ ਪਹਿਲੇ ਬਰੱਸਟ ਨਾਲ ਹੀ ਮਾਰੇ ਗਏ। ਨੌਜਵਾਨਾਂ ਨੂੰ ਇਸ ਤਰ੍ਹਾਂ ਮਰੀਂਦੇ ਵੇਖ ਕੇ 70 ਸਾਲਾਂ ਦੀ ਮਾਤਾ ਸਦਾ ਕੌਰ ਨੇ ਛਾਤੀ ਨੰਗੀ ਕਰਕੇ ਹਮਲਾਵਰਾਂ ਨੂੰ ਲਾਅਣਤ ਪਾਉਣ ਦੀ ਕੋਸਿਸ਼ ਜਦੋਂ ਕੀਤੀ ਤਾਂ ਉਨ੍ਹਾਂ ਨੇ ਉਸ ਨੂੰ ਵੀ ਬਰੱਸਟ ਮਾਰ ਦਿੱਤਾ।

ਅਮੋਲਕ ਸਿੰਘ ਨੇ ਦੱਸਿਆ ਕਿ ਉਸ ਦੌਰ ਵਿਚ ਉਨ੍ਹਾਂ ਦੇ ਸਾਥੀ ਹੋਰ ਵੀ ਬਥੇਰੇ ਮਰੇ ਪ੍ਰੰਤੂ ਸੇਵੇਵਾਲ ਕਾਂਡ ਦਹਿਸ਼ਤ ਦੀ ਉਨ੍ਹਾਂ ਲੋਕਾਂ ਦੀ ਵਿਧੀ ਦੀ ਛੇਕੜ ਸੀ। ਸਿੱਖ ਗੁਰੂਆਂ ਅਤੇ ਗਦਰ ਲਹਿਰ ਦੇ ਸ਼ਹੀਦਾਂ ਦੇ ਸੰਦੇਸ਼ ਦੀ ਤੌਹੀਨ ਸੀ। ਕਾਂਡ ਤੋਂ ਮਹਿਜ਼ 15 ਦਿਨ ਪਿਛੋਂ ਉਨ੍ਹਾਂ ਨੇ ਸੇਵੇਵਾਲਾ, ਹਫਤੇ ਪਿਛੋਂ ਭਗਤੂਆਣਾ ਅਤੇ ਫਿਰ ਮਹੀਨਾ ਬਾਅਦ ਜੈਤੋ ਵਿਖੇ ਪੂਰੇ ਜੋਸ਼ ਨਾਲ ਸ਼ਰਧਾਂਜਲੀ ਸਮਾਗਮ ਕੀਤੇ ਸਨ।

ਅਮੋਲਕ ਸਿੰਘ ਨੇ ਇੰਜਨੀਅਰਿੰਗ ਦੀ ਪੜ੍ਹਾਈ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਤੋਂ ਕੀਤੀ ਅਤੇ ਇਥੇ ਪੜ੍ਹਦਿਆਂ ਹੀ ਉਹ ਆਪਣੇ ਆਦਰਸ਼ਵਾਦੀ ਪ੍ਰੋਫੈਸਰ ਮਲਵਿੰਦਰ ਸਿੰਘ ਵੜੈਚ ਦੀ ਪ੍ਰੇਰਨਾ ਨਾਲ ਬਾਬਾ ਸੋਹਣ ਸਿੰਘ ਭਕਨਾ ਦੇ ਆਦਰਸ਼ਾਂ ਨਾਲ ਜੁੜ ਗਏ। ਪ੍ਰੋਫੈਸਰ ਵੜੈਚ ਨੇ ਸਾਲ 1967-68 ਵਿਚ ਗਦਰੀ ਸ਼ਹੀਦਾਂ ਦੇ ਵਿਰਸੇ ਨੂੰ ਸੰਭਾਲਣ ਲਈ ਆਪਣੇ ਕੁਝ ਸਾਥੀਆਂ ਨਾਲ ਮਿਲ ਕੇ 'ਯੁਵਕ ਕੇਂਦਰ' ਦੀ ਸਥਾਪਨਾ ਕੀਤੀ ਸੀ। ਪ੍ਰੋ. ਜਸਵੰਤ ਸਿੰਘ ਅਤੇ ਸਾਬਕਾ ਐਡਵੋਕੇਟ ਜਨਰਲ ਸ. ਰਜਿੰਦਰ ਸਿੰਘ ਚੀਮਾ ਕੇਂਦਰ ਦੇ ਮੋਢੀ ਮੈਂਬਰਾਂ ਵਿਚੋਂ ਸਨ।

ਪ੍ਰੋ. ਮਲਵਿੰਦਰ ਸਿੰਘ ਦੀ ਘਾਲ ਕਮਾਈ ਲਈ ਸ. ਅਮੋਲਕ ਸਿੰਘ ਦੇ ਮਨ ਵਿਚ ਡਾਢੀ ਕਦਰ ਹੈ ਅਤੇ ਉਨ੍ਹਾਂ ਦੀ ਇਕੋ ਇਕ ਇਛਾ ਇਹੋ ਹੈ ਕਿ ਜ਼ਿੰਦਗੀ ਸਾਥੀ ਗਦਰੀ ਬਾਬਿਆਂ ਦੇ ਸਾਂਝੀਵਾਲਤਾ ਤੇ ਅਧਾਰਤ ਸੁਪਨੇ ਨਾਲ ਜੁੜਿਆ ਹੀ ਗੁਜ਼ਰ ਜਾਵੇ।

# ਚੂਹੇ ਦੀ ਬਦ ਦੁਆ

**ਪਾਕਿਸਤਾਨੀ ਪੰਜਾਬੀ ਬਾਲ ਕਹਾਣੀ**

ਐਮ. ਅਸ਼ਰਫ ਸੁਹੇਲ

ਸਾਡਾ ਖਾਨਦਾਨ ਇਸ ਦੁਕਾਨ ਵਿਚ ਰਹਿੰਦਾ ਆ ਰਹਿਆ ਸੀ। ਮੇਰੇ ਦਾਦਾ-ਪੜਦਾਦਾ ਉਸ ਦੁਕਾਨ ਵਿਚ ਜੰਮੇ ਸਨ ਤੇ ਐਸੇ ਦੁਕਾਨ ਦੇ ਮਾਲਕ ਹੱਥੋਂ ਮੋਏ ਸਨ। ਮੈਨੂੰ ਮੇਰੀ ਨਾਨੀ ਅੰਮਾ ਨੇ ਦੱਸਿਆ ਸੀ ਕਿ ਸਾਡਾ ਰਿਜ਼ਕ ਰੱਬ ਨਹੀਂ ਘੱਲਦਾ ਸਗੋਂ ਸਾਨੂੰ ਆਪ ਰਿਜ਼ਕ ਹਾਸਲ ਕਰਨਾ ਪੈਂਦਾ ਏ ਜੇ ਇਸ ਰਿਜ਼ਕ ਨੂੰ ਲੱਭਣ ਲੱਗੇ ਜ਼ਰਾ ਹੁਸ਼ਿਆਰੀ ਨਾਲ ਕੰਮ ਨਾ ਕੀਤਾ ਜਾਵੇ ਤਾਂ ਉਸ ਦਾ ਨਜ਼ਾਮ ਮੇਰੇ ਦਾਦੇ-ਪੜਦਾਦੇ ਵਰਗਾ ਹੋਂਦਾ ਏ। ਮੈਨੂੰ ਮੇਰੀ ਮਾਂ ਨੇ ਸਾਰੇ ਉਹ ਗੁਰ ਦੱਸੇ ਸਨ ਜਿਸ ਨਾਲ ਆਪਣੇ-ਆਪ ਨੂੰ ਜ਼ਿੰਦਾ ਰੱਖਿਆ ਜਾ ਸਕਦਾ ਏ। ਮੈਨੂੰ ਮੇਰੀ ਮਾਂ ਜੀ ਨੇ ਇਹ ਵੀ ਦੱਸਿਆ ਸੀ ਕਿ ਕਿਸੇ ਐਸੀ ਬੋਰੀ ਵਿਚ ਨਾ ਵੜੀਂ ਜਿਸ ਦਾ ਮੂੰਹ ਉਤੋਂ ਬੰਦ ਹੋ ਸਕਦਾ ਹੋਵੇ।

ਇਕ ਦਿਨ ਸਵੇਰੇ ਜਦੋਂ ਮੈਂ ਉਠਿਆ ਤਾਂ ਮੈਨੂੰ ਬਹੁਤ ਭੁੱਖ ਲੱਗੀ ਹੋਈ ਸੀ। ਮੈਂ ਜਦੋਂ ਆਪਣੇ ਘਰ ਤੋਂ ਬਾਹਰ ਆਇਆ ਤਾਂ ਮੈਨੂੰ ਮਿੱਠੀ-ਮਿੱਠੀ ਸ਼ੱਕਰ ਦੀ ਖੁਸ਼ਬੂ ਆਈ। ਮੈਂ ਸ਼ੱਕਰ ਦੀ ਬੋਰੀ ਵਿਚ ਵੜ ਗਿਆ। ਅਜੇ ਥੋੜ੍ਹੀ ਈ ਦੇਰ ਹੋਈ ਸੀ ਕਿ ਇਕ ਦਮ ਹਨੇਰਾ ਹੋ ਗਿਆ। ਮੈਂ ਜਦੋਂ ਵਾਪਸੀ ਲਈ ਪਰਤਿਆ ਤਾਂ ਬੋਰੀ ਦਾ ਮੂੰਹ ਬੰਦ ਹੋ ਗਿਆ ਸੀ। ਮੇਰਾ ਦਿਲ ਡੁੱਬਣ ਲੱਗਾ। ਮੈਨੂੰ ਇਸ ਗੱਲ ਦਾ ਪਤਾ ਸੀ ਕਿ ਮੇਰਾ ਅੰਜਾਮ ਮੇਰੇ ਪਿਓ ਵਰਗਾ ਈ ਹੋਵੇਗਾ।

ਡਰ ਪਾਰੋਂ ਮੇਰੀਆਂ ਵਿੱਠਾਂ ਈ ਨਿਕਲ ਗਈਆਂ ਸਨ। ਮੈਨੂੰ ਇਕ ਵਾਰੀ ਮੇਰੀ ਮਾਂ ਨੇ ਦੱਸਿਆ ਸੀ ਕਿ ਉਸ ਦੁਕਾਨ ਦਾ ਮਾਲਕ ਬੜਾ ਕੰਜੂਸ ਏ, ਕਿਸੇ ਬਾਲ ਨੂੰ ਝੂੰਗਾ ਨਹੀਂ ਦਿੰਦਾ। ਜੇ ਇਹ ਕਿਸੇ ਬਾਲ ਨੂੰ ਫਿੱਕੀਆਂ ਫੁੱਲੀਆਂ ਈ ਦੇ ਦੇਵੇ ਤਾਂ ਕੀ ਏ। ਆਖਰ ਦੁਕਾਨ ਅੰਦਰ ਵੀ ਤਾਂ ਬਹੁਤ ਸਾਰਾ ਮਾਲ ਪਿਆ-ਪਿਆ ਖਰਾਬ ਹੋ ਈ ਜਾਂਦਾ ਏ।



ਕੁਝ ਚਿਰ ਮਗਰੋਂ ਮੈਨੂੰ ਫੜ ਕੇ ਮੇਰੀ ਪੂਛਲ ਨੂੰ ਮੋਟੀ ਰੱਸੀ ਨਾਲ ਬੰਨ੍ਹ ਦਿੱਤਾ ਗਿਆ ਤੇ ਦੁਕਾਨ ਦੇ ਅੱਗੇ ਮੈਨੂੰ ਪੰਜ ਕਿਲੋ ਦੇ ਵੱਟੇ ਨਾਲ ਬੰਨ੍ਹ ਦਿੱਤਾ ਗਿਆ। ਮੇਰੀ ਹਾਲਤ ਉਸ ਵੇਲੇ ਇੰਜ ਸੀ ਜਿਵੇਂ ਫਾਂਸੀ ਦੇ ਮੁਜਰਮ ਦੀ ਮੌਤ ਤੋਂ ਕੁਝ ਚਿਰ ਪਹਿਲਾਂ ਹੋਂਦੀ ਏ। ਇਸ ਵਿਚਕਾਰ ਇਕ-ਦੋ ਵਾਰੀ ਮੇਰੀ ਮਾਂ ਮੈਨੂੰ ਵੇਖਣ ਆਈ ਸੀ। ਉਹ ਵੀ ਵਿਚਾਰੀ ਆਪਣੀ ਮਮਤਾ ਦੇ ਪਿਆਰ ਹੱਥੋਂ ਮਜਬੂਰ ਸੀ ਪਰ ਉਹ ਮੇਰੀ ਕੋਈ ਮਦਦ ਨਹੀਂ ਸੀ ਕਰ ਸਕਦੀ। ਕੁਝ ਬਾਲ ਇਕੱਠੇ ਹੋ ਗਏ ਤੇ ਮੈਨੂੰ ਰੋੜੇ ਮਾਰਨ ਲੱਗੇ। ਜਿਵੇਂ ਮੈਨੂੰ ਸੰਗਸਾਰ (ਪੱਥਰਾਂ ਨਾਲ ਮਾਰ ਕੇ ਮਾਰ ਦੇਣਾ) ਕਰਨ ਲੱਗੇ ਹੋਣ ਉਸ ਵੇਲੇ ਮੈਨੂੰ ਆਪਣੀ ਬੇਵਸੀ 'ਤੇ ਬਹੁਤ ਤਰਸ ਆਇਆ ਕਿ ਰੱਬ ਨੇ ਮੈਨੂੰ ਐਨਾ ਕਮਜ਼ੋਰ ਕਿਉਂ ਪੈਦਾ ਕੀਤਾ ਏ। ਅਜੇ ਤਾਂ ਜਵਾਨ ਆਂ ਪਰ ਫੇਰ ਵੀ ਕੁਝ ਨਹੀਂ ਕਰ ਸਕਦਾ ਸੀ।

ਐਨੇ ਵਿਚ ਦੁਕਾਨ ਦੇ ਮਾਲਕ ਹਾਜੀ ਸਾਹਿਬ ਆਏ। ਉਸ ਨੇ ਪੰਜ ਕਿਲੋ ਦੇ ਵੱਟੇ ਨਾਲੋਂ ਰੱਸੀ ਖੋਲ੍ਹੀ ਜਿਸ ਨਾਲ ਮੇਰੀ ਪੂਛਲ ਬੰਨ੍ਹੀ ਹੋਈ ਸੀ। ਮੈਂ ਜਦੋਂ ਥੋੜ੍ਹਾ ਦੂਰ ਤੀਕਰ ਜਾਂਦਾ ਤਾਂ ਹਾਜੀ ਹੋਰੀਂ ਰੱਸੀ ਨੂੰ ਖਿੱਚ ਲੈਂਦੇ ਤੇ ਮੈਂ ਮੁੜ ਉਨ੍ਹਾਂ ਦੇ ਪੈਰਾਂ ਵਿਚ ਹੋਂਦਾ। ਮੈਨੂੰ ਇੰਜ ਲੱਗਾ ਜਿਵੇਂ ਮੈਂ ਉਸ ਦਾ ਗੁਲਾਮ ਹੋਵਾਂ। ਮੇਰੀ ਬੇਵਸੀ ਦਾ ਤਮਾਸ਼ਾ ਉਥੇ ਮੌਜੂਦ ਸਾਰੇ ਲੋਕਾਂ ਨੇ ਵੇਖਿਆ।

ਐਨੀ ਦੇਰ ਨੂੰ ਇਕ ਟਾਂਗਾ ਆਉਂਦਾ ਨਜ਼ਰ ਆਇਆ। ਮੈਂ ਟਾਂਗੇ ਤੋਂ ਬਚਣ ਖਾਤਰ ਜ਼ਰਾ ਸੜਕ ਤੋਂ ਹਟ ਗਿਆ ਪਰ ਹਾਜੀ ਹੋਰਾਂ ਨੇ ਰੱਸੀ ਖਿੱਚ ਲਈ ਤੇ ਮੈਨੂੰ ਟਾਂਗੇ ਥੱਲੇ ਦੇ ਦਿੱਤਾ। ਟਾਂਗੇ ਦਾ ਇਕ ਪਹੀਆ ਮੇਰੇ ਮੂੰਹ ਉਤੋਂ ਲੰਘ ਗਿਆ। ਮੇਰੀ ਰੂਹ ਮੇਰੇ ਜੁੱਸੇ ਵਿਚੋਂ ਨਿਕਲ ਕੇ ਉਸ ਹਾਜੀ ਵੱਲ ਵੇਖ ਰਹੀ ਸੀ ਜਿਹੜਾ ਕਈ ਹੱਜ ਕਰ ਆਇਆ ਸੀ ਤੇ ਉਸ ਮੁਹੰਮਦ ਨੂੰ ਮੰਨਣ ਵਾਲਾ ਸੀ ਜਿਸ ਦੇ ਹੱਥੋਂ ਕਦੀ ਵੀ ਕਿਸੇ ਜਨੌਰ ਨੂੰ ਤਕਲੀਫ ਨਹੀਂ ਸੀ ਅੱਪੜੀ। ਆਖਦੇ ਨੇ ਉਸ ਚੂਹੇ ਦੀ ਬਦ ਦੁਆ ਪਾਰੋਂ ਤਾਅਊਨ (ਪਲੇਗ) ਦੀ ਖੌਫਨਾਕ ਬਿਮਾਰੀ ਨੇ ਜਨਮ ਲਿਆ ਏ।

## ਪੋਸਟ ਮਾਰਟਮ

ਸ਼ਾਮ ਵੇਲੇ ਜਿਉਂ ਹੀ ਉਹ ਬੱਸ ਦੀ ਪਿਛਲੀ ਖਿੜਕੀ ਵਿਚੋਂ ਉਤਰਿਆ, ਇਕ ਤੇਜ਼ ਰਫਤਾਰ ਕਾਰ ਉਸ ਨੂੰ ਕੁਚਲ ਕੇ ਅੱਗੇ ਲੰਘ ਗਈ। ਪੁਲਿਸ ਦੇ ਦੋ ਕਰਮਚਾਰੀ ਆਏ ਤੇ ਉਸ ਨੂੰ ਚੁੱਕ ਕੇ ਹਸਪਤਾਲ ਲੈ ਗਏ ਸਨ।

"ਡਾਕਟਰ ਸਾਹਿਬ, ਇਸ ਦਾ ਐਕਸੀਡੈਂਟ ਹੋ ਗਿਆ, ਪੋਸਟ ਮਾਰਟਮ ਕਰਨਾ ਹੈ, ਜ਼ਰਾ ਜਲਦੀ ਕਰ ਦਿਓ," ਉਨ੍ਹਾਂ ਵਿਚੋਂ ਇਕ ਨੇ ਕਿਹਾ। "ਇਕ ਹੋਰ ਲਾਸ਼ ਪਈ ਹੈ ਅਜੇ, ਪਹਿਲਾਂ ਮੈਂ ਉਸ ਨੂੰ ਦੇਖਣਾ ਹੈ," ਡਾਕਟਰ ਨੇ ਅੱਗੋਂ ਜਵਾਬ ਦਿੱਤਾ। ਹੁਣ ਉਹ ਹਸਪਤਾਲ ਤੋਂ ਬਾਹਰ ਆ ਗਏ ਸਨ। "ਯਾਰ ਸਾਰਾ ਨਸ਼ਾ ਉਤਰ ਗਿਆ, ਇੱਥੇ ਤਾਂ ਘੰਟਾ ਡੇਢ ਘੰਟਾ ਲੱਗ ਜਾਣਾ, ਚੱਲ ਆਪਾਂ ਦੋ-ਦੋ ਪੈਗ ਹੋਰ ਲਾ ਆਈਏ।" "ਪਰ ਯਾਰ ਪੋਸਟ ਮਾਰਟਮ!" ਦੂਜਾ ਬੋਲਿਆ। "ਓ ਹੋ ਜੂ ਪੋਸਟ ਮਾਰਟਮ ਵੀ, ਨਾਲੇ ਸਾਨੂੰ ਤਾਂ ਰਿਪੋਰਟ ਹੀ ਚਾਹੀਦੀ ਹੈ, ਆ ਕੇ ਲੈ ਲਵਾਂਗੇ, ਅਸੀਂ ਕਿਹੜਾ ਦਾਹ ਸਸਕਾਰ ਕਰਨਾ ਹੈ ਤੇ ਨਾ ਹੀ ਅਸੀਂ ਕਾਰ ਮਗਰ ਭੱਜਣਾ, ਖੌਰ੍ਹੇ ਕਿਹੜਾ ਸੀ?" ਉਹ ਗੱਲਾਂ ਕਰਦੇ ਠੇਕੇ ਨੂੰ ਤੁਰ ਪਏ।

-ਨਾਇਬ ਸਿੰਘ 'ਸੈਂਪਲੇ'
ਫੋਨ: 91-98724-05203

# 'ਆਹ ਲੈ ਮਾਏ ਸਾਂਭ ਕੁੰਜੀਆਂ' ਵਾਲੀ ਨਰਿੰਦਰ ਬੀਬਾ

**ਬਰਸੀ 'ਤੇ ਵਿਸ਼ੇਸ਼**

ਨਰਿੰਦਰ ਬੀਬਾ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਪੰਜਾਬੀਆਂ ਦੇ ਦਿਲਾਂ 'ਤੇ ਲੰਮਾ ਸਮਾਂ ਰਾਜ ਕਰਨ ਵਾਲੀ ਇਸ ਮਹਾਨ ਗਾਇਕਾ ਦਾ ਜਨਮ ਪਾਕਿਸਤਾਨ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ ਨੰਬਰ 120 ਵਿਖੇ ਪਿਤਾ ਫਤਿਹ ਸਿੰਘ ਦੇ ਘਰ ਮਾਤਾ ਮਹਿੰਦਰ ਕੌਰ ਦੀ ਕੁੱਖੋਂ ਹੋਇਆ।

ਬਚਪਨ ਵਿਚ ਹੀ ਨਰਿੰਦਰ ਬੀਬਾ ਨੂੰ ਸੰਗੀਤ ਨਾਲ ਲਗਾਓ ਸੀ। ਉਸ ਨੇ ਲੋਕ ਗਾਇਕੀ ਦੀ

**ਸ਼ਮਸ਼ੇਰ ਸਿੰਘ ਸੋਹੀ**
ਫੋਨ: 91-98764-74671

ਤਾਲੀਮ ਯਮਲਾ ਜੱਟ ਤੋਂ ਲਈ ਤੇ ਸ਼ਾਸ਼ਤਰੀ ਸੰਗੀਤ ਦੀ ਸਿੱਖਿਆ ਮਾਸਟਰ ਹਰੀ ਦੇਵ ਤੋਂ ਪ੍ਰਾਪਤ ਕੀਤੀ। ਗਾਇਕੀ ਵਿਚ ਨਰਿੰਦਰ ਬੀਬਾ ਨੂੰ ਪਰਿਵਾਰਕ ਮੈਂਬਰਾਂ ਦਾ ਵੀ ਸਾਥ ਮਿਲਿਆ। ਉਸ ਦੇ ਭਰਾਵਾਂ-ਫਕੀਰ ਸਿੰਘ ਫਕੀਰ, ਅਮੀਰ ਸਿੰਘ ਰਾਣਾ, ਰਣਬੀਰ ਸਿੰਘ ਰਾਣਾ ਤੇ ਭੈਣ ਸਤਿੰਦਰ ਬੀਬਾ ਨੇ ਵੀ ਗਾਇਕੀ ਵਿਚ ਆਪਣੀ ਪਹਿਚਾਣ ਬਣਾਈ।

27 ਵਰ੍ਹਿਆਂ ਦੀ ਉਮਰ ਵਿਚ ਬੀਬਾ ਦਾ ਵਿਆਹ ਇਕ ਵਧੀਆ ਕਲਾਕਾਰ ਅਤੇ ਸਟੇਜ ਅਨਾਊਂਸਰ ਜਸਪਾਲ ਸਿੰਘ ਨਾਲ ਹੋਇਆ। ਉਸ ਤੋਂ ਬਾਅਦ ਨਰਿੰਦਰ ਬੀਬਾ ਨੇ ਕਾਫੀ ਸਮਾਂ ਜਗਤ ਸਿੰਘ ਜੱਗੇ ਨਾਲ ਸਟੇਜ ਪ੍ਰੋਗਰਾਮਾਂ 'ਤੇ ਗਾਇਆ। ਸਭ ਤੋਂ ਪਹਿਲਾਂ ਐਚ. ਐਮ. ਵੀ. ਨੇ ਬੀਬਾ ਦੇ ਗੀਤ ਰਿਕਾਰਡ ਕੀਤੇ। ਗੁਰਦੇਵ ਮਾਨ ਦੇ ਲਿਖੇ ਗੀਤ ਸਨ 'ਊੜਾ, ਆੜਾ, ਈੜੀ, ਸੱਸਾ, ਊੜਾ, ਆੜਾ ਵੇ, ਮੈਨੂੰ ਜਾਣ ਦੇ ਸਕੂਲੇ ਇਕ ਵਾਰ ਹਾੜ੍ਹਾ ਵੇ', 'ਰਾਤੀਂ ਸੀ ਉਡੀਕਾਂ ਤੇਰੀਆਂ, ਅੱਡੀ ਮਾਰ ਝਾਂਜਰ ਛਣਕਾਈ', 'ਮਿੱਤਰਾਂ ਦਾ ਦਰ ਲੰਘ ਕੇ' ਅਤੇ 'ਮੇਲੇ ਮੁਕਸਰ ਦੇ ਚੱਲ ਚਲੀਏ, ਨਣਦ ਦਿਆ ਵੀਰਾ।'

ਨਰਿੰਦਰ ਬੀਬਾ ਤੇ ਬੇਲੀ ਰਾਮ ਦੇ ਅਲਗੋਜ਼ਿਆਂ ਨੇ ਪੰਜਾਬੀ ਸਰੋਤਿਆਂ ਦੀ ਝੋਲੀ ਜੋ ਕੁਝ ਪਾਇਆ, ਉਹਦਾ ਦੇਣ ਦੇਣਾ ਪੰਜਾਬੀਆਂ ਲਈ ਬੜਾ ਮੁਸ਼ਕਿਲ ਹੈ।

ਨਰਿੰਦਰ ਬੀਬਾ ਦੇ ਮਸ਼ਹੂਰ ਸੋਲੋ ਗੀਤ ਇਸ ਪ੍ਰਕਾਰ ਹਨ,

-ਕੱਪੜੇ ਧੋਂਦੀ ਨੂੰ
ਮੈਨੂੰ ਅੱਖੀਆਂ ਮਾਰਦਾ ਡੱਡੂ,
ਨੀ ਮੇਲੇ ਮੈਂ ਚੱਲਿਆ
ਤੈਨੂੰ ਘਰੇ ਲਿਆਦੂੰ ਲੱਡੂ।
-ਮੁਰਗਾਈ ਵਾਂਗੂ ਮੈਂ ਤਰਦੀ,
ਤੇਰੇ ਮੁੰਡਿਆ ਪਸੰਦ ਨਾ ਆਈ।
-ਪਾਸੇ ਹਟ ਜਾ ਜ਼ਾਲਮਾਂ,
ਪੰਜਾਬਣ ਜੱਟੀ ਆਈ।
-ਮੈਂ ਸੁੱਤੀ ਰਹਿ ਗਈ ਨੀ ਅੰਮੜੀਏ
ਉਠੀ ਪਹਿਰ ਦੇ ਤੜਕੇ।
-ਦੋ ਪੈਰ ਘੱਟ ਤੁਰਨਾ
ਪਰ ਤੁਰਨਾ ਮੜ੍ਹਕ ਦੇ ਨਾਲ।
-ਕਰੀਰ ਦਾ ਵੇਲਣਾ,
ਮੈਂ ਵੇਲ ਵੇਲ ਥੱਕੀ।
-ਹੱਥੀਂ ਤੋਰੇ ਸੱਜਣਾਂ ਨੂੰ
ਨਾਲੇ ਯਾਦ ਕਰਾਂ ਨਾਲੇ ਰੋਵਾਂ।
-ਮੈਨੂੰ ਤੋਰ ਮੁਕਲਾਵੇ ਤੋਰ
ਅੰਬੜੀਏ ਤੋਰ ਨੀ।
-ਸਿੰਘਾ ਵੇ ਤੇਰੇ ਨਾਨਕੀਂ
ਮੈਂ ਤੀਆਂ ਵੇਖਣ ਜਾਣਾ।
-ਚਰਖੀ ਰੰਗੀਲੀ ਦਾਜ ਦੀ
ਮੇਰੇ ਵੀਰ ਨੇ ਵਲੈਤੋਂ ਆਂਦੀ।
-ਟੂਣੇ ਹਾਰੀਆਂ ਪੁਆੜੇ ਪਾਉਣ ਅੱਖਾਂ
ਵੇ ਘੁੰਡ ਵਿਚ ਕੈਦ ਕੀਤੀਆਂ।

ਨਰਿੰਦਰ ਬੀਬਾ ਨੇ ਉਸ ਸਮੇਂ ਦੇ ਮਸ਼ਹੂਰ ਗਾਇਕਾਂ ਨਾਲ ਦੋਗਾਣੇ ਰਿਕਾਰਡ ਕਰਵਾਏ ਤੇ ਸਟੇਜਾਂ ਕੀਤੀਆਂ ਜਿਨ੍ਹਾਂ ਵਿਚੋਂ ਪ੍ਰਮੁੱਖ ਹਨ,

-ਊੜਾ ਆੜਾ ਈੜੀ ਸੱਸਾ ਹਾਹਾ,
ਊੜਾ ਆੜਾ ਵੇ (ਹਰਚਰਨ ਗਰੇਵਾਲ)
-ਜੇ ਮੁੰਡਿਆ ਤੂੰ ਮੈਨੂੰ ਨੱਚਦੀ ਵੇਖਣਾ
ਉਠ ਲੱਗ ਮੇਰੇ ਕਹਿਣੇ ਮੁੰਡਿਆ ਵੇ
(ਕੇ. ਐਲ. ਅਗਨੀਹੋਤਰੀ)
-ਅਸੀਂ ਪੇਂਡੂ ਨਹੀਂ ਦਿਲਾਂ ਦੇ ਮਾੜੇ,
ਚੰਡੀਗੜ੍ਹ ਰਹਿਣ ਵਾਲੀਏ (ਹਰੀ ਦੇਵ)
-ਬਾਪੂ ਬਾਪੂ ਕਰਦਾ ਨੀ ਬਚੂੰਗੜਾ ਰੋਵੇ
(ਰਣਬੀਰ ਸਿੰਘ ਰਾਣਾ)
-ਏਕ ਦੋ ਤੀਨ ਬਾਬੇ ਬੁੱਢੇ ਦੀ ਮਸ਼ੀਨ
ਘੁੱਗੂ ਘੱਟ ਬੋਲਦਾ (ਫਕੀਰ ਸਿੰਘ ਫਕੀਰ)
-ਵਗਦੀ ਨਦੀ 'ਚ
ਕਿਨ੍ਹੇ ਸੁਰਮਾ ਵੇ ਡੋਲਿਆ,
ਜਦੋਂ ਦੀ ਵਿਆਹੀ ਤੂੰ ਕਦੇ
ਹੱਸ ਕੇ ਨਾ ਬੋਲਿਆ (ਦੀਦਾਰ ਸੰਧੂ)
-ਮੈਨੂੰ ਰੇਸ਼ਮੀ ਰੁਮਾਲ ਵਾਂਗੂੰ ਰੱਖ ਮੁੰਡਿਆ




(ਕਰਨੈਲ ਗਿੱਲ)
-ਤੈਨੂੰ ਹੱਥ 'ਤੇ ਮੈਂ ਚੋਗ ਚੁਗਾਵਾਂ
ਨੀ ਕੋਇਲੇ ਸਾਉਣ ਦੀਏ
(ਸੁਰਿੰਦਰ ਛਿੰਦਾ)
-ਮੈਨੂੰ ਹੁੰਦਾ ਜਾਵੇ ਦਿਨੋਂ ਦਿਨ ਕੀ ਮਿੱਤਰਾ
(ਸੁਰਿੰਦਰ ਸ਼ਰਮਾ)
-ਕੋਠੇ 'ਤੇ ਲਵਾਂ ਲਾਂ ਛਤਰੀ
ਜੇ ਤੂੰ ਬਣ ਕੇ ਕਬੂਤਰ ਆਵੇਂ
(ਬੀਰ ਚੰਦ ਗੋਪੀ)
-ਮੈਂ ਤਾਂ ਸੜਕ 'ਤੇ ਨਹਿਰ ਕਿਨਾਰੇ
ਚਿੱਟਾ ਚੁਬਾਰਾ ਪਾਉਣਾ
ਜੇ ਰੱਖਣਾ ਤਾਂ ਤੇਰੀ ਮਰਜੀ
ਪੇਕੇ ਜਾ ਕੇ ਮੜ੍ਹਕ ਨਾਲ ਆਉਣਾ
(ਬੀਰ ਚੰਦ ਗੋਪੀ)
-'ਕੱਲਾ ਨਾ ਜਾਈਂ ਖੇਤ ਵੇ
ਕਿੱਕਰ 'ਤੇ ਕਾਟੋ ਰਹਿੰਦੀ (ਕੇ. ਦੀਪ)

ਪੰਜਾਬੀ ਗਾਇਕਾਂ ਦਾ ਫਿਲਮਾਂ ਵਿਚ ਗਾਉਣਾ ਤੇ ਉਪੇਰਿਆਂ ਦੀ ਪਿਰਤ ਵੀ ਨਰਿੰਦਰ ਬੀਬਾ ਨੇ ਪਾਈ। ਸੱਸੀ-ਪੰਨੂੰ, ਮਿਰਜਾ-ਸਾਹਿਬਾਂ, ਹੀਰ-ਰਾਂਝਾ, ਸੋਹਣੀ-ਮਹੀਂਵਾਲ ਪ੍ਰਮੁੱਖ ਹਨ। ਕੁਝ ਪੰਜਾਬੀ ਫਿਲਮਾਂ 'ਤੇਰੀ ਮੇਰੀ ਇਕ ਜਿੰਦੜੀ', 'ਯਮਲਾ ਜੱਟ', 'ਸੰਤੋ ਬੰਤੋ', 'ਦਾਜ', 'ਪੁੱਤ ਜੱਟਾਂ ਦੇ' ਆਦਿ ਵਿਚ ਵੀ ਬੀਬਾ ਨੇ ਗਾਇਆ ਤੇ ਕੰਮ ਕੀਤਾ।

ਧਾਰਮਿਕ ਗਾਇਕੀ ਦੀ ਗੱਲ ਕਰੀਏ ਤਾਂ ਨਰਿੰਦਰ ਬੀਬਾ ਨੇ ਅਮਰ ਸਿੰਘ ਚਮਕੀਲਾ, ਕੁਲਦੀਪ ਮਾਣਕ ਵਾਂਗ ਸਿੱਖ ਇਤਿਹਾਸ ਨਾਲ ਸਬੰਧਤ ਬਹੁਤ ਹੀ ਵਧੀਆ ਗੀਤ ਗਾਏ। ਚਰਨ ਸਿੰਘ ਸਫਰੀ ਦੀ ਰਚਨਾ 'ਸਾਕਾ ਸਰਹਿੰਦ' ਵਿਚ ਨਰਿੰਦਰ ਬੀਬਾ ਦੇ ਪਤੀ ਜਸਪਾਲ ਸਿੰਘ ਪਾਲੀ ਨੇ ਕੁਮੈਂਟਰੀ ਕੀਤੀ ਤੇ ਬੀਬਾ ਦੀ ਦਰਦ ਭਰੀ ਆਵਾਜ਼ ਨੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਸ਼ਿੱਦਤ ਨੂੰ ਹੋਰ ਵੀ ਗਮਗੀਨ ਬਣਾ ਦਿੱਤਾ। ਸਾਕਾ ਚਾਂਦਨੀ ਚੌਂਕ, ਸਾਕਾ ਗੜ੍ਹੀ ਚਮਕੌਰ, ਸਾਕਾ ਸਰਹਿੰਦ ਜਿਸ ਦਰਦ ਵਿਚ ਡੁੱਬ ਦੇ ਬੀਬਾ ਨੇ ਗਾਇਆ, ਉਹ ਅੱਜ ਤੱਕ ਹੋਰ ਕੋਈ ਨਹੀਂ ਗਾ ਸਕਿਆ।

ਨਰਿੰਦਰ ਬੀਬਾ ਦੇ ਕੁਝ ਪ੍ਰਸਿੱਧ ਧਾਰਮਿਕ ਗੀਤ ਇਸ ਪ੍ਰਕਾਰ ਹਨ,

-ਜਾਣ ਅੱਥਰੂ ਅੱਖਾਂ ਦੇ ਵਿਚੋਂ
ਬੁਕ ਬੁਕ ਬੁਕ,
ਇਹ ਕੀ ਹੋ ਗਿਆ ਇਹ ਕੀ ਹੋ ਗਿਆ।
-ਕਲਗੀਧਰ ਪੰਥ ਪਿਆਰੇ ਦਾ
ਇਕ ਹੁਕਮ ਬਜਾ ਕੇ ਤੁਰ ਚੱਲਿਆ
ਚਮਕੌਰ ਗੜ੍ਹੀ ਦੀਆਂ ਕੰਧਾਂ ਨੂੰ
ਸੋਚਾਂ ਵਿਚ ਪਾ ਕੇ ਤੁਰ ਚੱਲਿਆ।
-ਤੈਨੂੰ ਤੇਰਾ ਸੰਸਾਰ ਵਿਖਾਵਾਂ
ਤੂੰ ਇਕ ਵਾਰੀ ਆਵੇਂ ਦਾਤਿਆ।
-ਰਣ ਗਗਨ ਦਮਾਮਾ ਵੱਜਿਆ
ਸਿੰਘੋ ਸਰਦਾਰੋ।
-ਦੋ ਬੜੀਆਂ ਕੀਮਤੀ ਜਿੰਦਾਂ
ਨੀਂਹਾਂ ਵਿਚ ਆਣ ਖਲੋ ਗਈਆਂ,
ਇਹ ਤੱਕ ਕੇ ਤਸੀਹਾ ਗਮ ਦਾ,
ਕੰਧਾਂ ਵੀ ਪਾਗਲ ਹੋ ਗਈਆਂ।
-ਚਾਂਦਨੀ ਚੌਂਕ ਵਿਚ ਆ ਗਿਆ
ਨੀ ਗੁਰੂ ਤੇਗ ਬਹਾਦਰ,
ਸੀਸ ਦੀ ਭੇਟ ਚੜ੍ਹਾ ਗਿਆ
ਨੀ ਗੁਰੂ ਤੇਗ ਬਹਾਦਰ।
-ਚੰਨ ਮਾਤਾ ਗੁਜਰੀ ਦਾ
ਸੁੱਤਾ ਕੰਡਿਆਂ ਦੀ ਸੇਜ ਵਿਛਾਈ।

ਨਰਿੰਦਰ ਬੀਬਾ ਨੇ ਆਪਣੀ ਜ਼ਿੰਦਗੀ ਵਿਚ ਕਈ ਮੁਸ਼ਕਿਲਾਂ ਦਾ ਖਿੜੇ ਮੱਥੇ ਸਾਹਮਣਾ ਕੀਤਾ। 1976 ਵਿਚ ਪਤੀ ਜਸਪਾਲ ਸਿੰਘ ਦੇ ਵਿਛੋੜੇ ਨੇ ਬੀਬਾ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ ਪਰ ਬੀਬਾ ਕਦੇ ਹਾਰੀ ਨਹੀਂ। ਅਖੀਰ 27 ਜੂਨ 1997 ਨੂੰ ਲੱਖਾਂ ਦਿਲਾਂ 'ਤੇ ਰਾਜ ਕਰਨ ਵਾਲੀ ਤੇ ਲੰਮੀ ਹੇਕ ਵਾਲੀ ਮਹਾਨ ਗਾਇਕਾ ਆਪਣੇ ਸਰੋਤਿਆਂ ਨੂੰ ਛੱਡ ਕੇ ਤੁਰ ਗਈ। ਰਹਿੰਦੀ ਦੁਨੀਆਂ ਤੱਕ ਨਰਿੰਦਰ ਬੀਬਾ ਤੇ ਉਨ੍ਹਾਂ ਵਲੋਂ ਗਾਏ ਗੀਤ ਅਮਰ ਰਹਿਣਗੇ।

# ਵਿਰਸਾ ਨਹੀਂ ਮਰਦਾ ਜਿੰਨਾ ਚਿਰ ਬਾਪੂ ਵਰਗੇ ਜਿਉਂਦੇ ਆ

ਬਾਪੂ ਸਾਡਾ ਦਰਵੇਸ਼ ਬੰਦਾ ਬਾਹਰੀ ਚਮਕ ਦਮਕ ਤੋਂ ਕੋਹਾਂ ਦੂਰ, ਅੰਦਰੋਂ ਰੱਜਿਆ, ਸਦਾ ਹੀ ਖ਼ੁਸ਼। ਸਾਰੇ ਸਾਂਝੇ ਪਰਿਵਾਰ ਦਾ ਕਾਰੋਮੁਖ਼ਤਿਆਰ, ਇਹਦੀ ਜੇਬ 'ਚੋਂ ਪੈਸੇ ਕਢਾਉਣੇ ਬਹੁਤ ਸੌਖੇ ਐ। ਕੁੜਤੇ ਦੀ ਜੇਬ ਨੂੰ ਬਕਸੂਆ ਨ੍ਹੀਂ ਲਾਉਂਦਾ, ਜੇਬ ਸਦਾ ਹੀ ਖੁੱਲ੍ਹੀ ਰਹਿੰਦੀ ਆ। ਇਸੇ ਜੇਬ 'ਚੋਂ ਸਾਰਾ ਘਰ ਚੱਲਦਾ। ਕਈ ਵਾਰ ਤਾਂ ਇਸ ਦੀ ਮਾਸੂਮੀਅਤ ਸਾਹਮਣੇ ਆਪਣੇ ਆਪ ਹੀ ਸ਼ਰਮ ਜਿਹੀ ਆ ਜਾਂਦੀ ਹੈ ਕਿ ਛੱਡ ਬਾਪੂ ਐਨੇ ਹੀ ਬਹੁਤ

**ਕਰਨ ਬਰਾੜ ਹਰੀ ਕੇ ਕਲਾਂ**
ਫੋਨ: +61430850045

ਐ ਸਾਰ ਲਵਾਂਗੇ। ਬਾਪੂ ਕਿਸੇ ਖ਼ਾਸ ਮੌਕੇ ਵਿਆਹ ਸ਼ਾਦੀ ਨੂੰ ਜਾਂ ਬਾਹਰ ਅੰਦਰ ਜਾਣ ਵੇਲੇ ਕੁੜਤਾ ਪਜਾਮਾ ਪਾ ਲੈਂਦਾ ਪਰ ਬਾਹ੍ਲੇ ਆਰੀ ਸ਼ੌਕ ਨਾਲ ਚਾਦਰਾ ਬੰਨ੍ਹ ਕੇ ਹੀ ਖ਼ੁਸ਼ ਆ ਤੇ ਚਾਦਰਾ ਇਹਦੇ ਫੱਬਦਾ ਵੀ ਬਾਹ੍ਲਾ।

ਕੇਰਾਂ ਸਾਡੇ ਕੋਲ ਬਾਹਰ ਆਇਆ ਤਾਂ ਕੁੜਤੇ-ਪਜਾਮੇ ਨਾਲ ਚਾਦਰੇ ਵੀ ਲੈ ਆਇਆ, ਸਵੇਰੇ ਹੀ ਨਹਾ ਕੇ, ਲਾ ਕੇ ਮੁੱਛਾਂ ਨੂੰ ਤੇਲ, ਬੰਨ੍ਹ ਕੇ ਚਾਦਰਾ ਵਿਹੜੇ 'ਚ ਰਾਠ ਬਣ ਕੇ ਬਹਿ ਜਾਇਆ ਕਰੇ। ਕਦੇ ਕਦੇ ਬੇਟੇ ਨਾਲ ਬਾਹਰ ਉਵੇਂ ਹੀ ਚਾਦਰੇ 'ਚ ਗੇੜਾ ਵੀ ਲਾ ਆਇਆ ਕਰੇ।

ਸਾਡੇ ਚਿੱਤ ਜਿਹੇ 'ਚ ਇਹ ਗੱਲ ਰੜਕੇ ਕਿ ਲੋਕ ਕੀ ਕਹਿਣਗੇ, ਇਨ੍ਹਾਂ ਦਾ ਬਾਪੂ ਚਾਦਰਾ ਬੰਨ੍ਹੀ ਫਿਰਦਾ। ਇਸ ਪਿੱਛੇ ਕਾਰਨ ਸ਼ਾਇਦ ਇਹ ਵੀ ਸੀ ਕਿ ਆਪਣੇ ਆਪ 'ਚ ਬਾਹ੍ਲੇ ਪੜ੍ਹੇ ਲਿਖੇ ਅਗਾਂਹਵਧੂ ਵਿਦਵਾਨੀ ਸੱਜਣ ਸਾਨੂੰ ਅਕਸਰ ਹੀ ਕਹਿ ਦਿੰਦੇ, "ਥੋਡੇ ਵੱਲੀਂ ਹੱਲੇ ਵੀ ਲੋਕ ਚਾਦਰਾ ਹੀ ਬੰਨ੍ਹਦੇ ਨੇ ਭੂਥਾ ਜਿਹਾ।"

ਚੱਲੋ ਖ਼ੈਰ ਬਾਪੂ ਸਾਡੇ ਕਹਿਣ 'ਤੇ ਪਜਾਮਾ ਤਾਂ ਪਾ ਲੈਂਦਾ ਪਰ ਉਹ ਘੁੱਟਮੇਂ ਜਿਹੇ ਪਜਾਮੇ 'ਚ ਫਸਿਆ ਫਸਿਆ ਜਿਹਾ ਰਹਿੰਦਾ। ਸਾਡੇ ਕੰਮ 'ਤੇ ਜਾਣ ਵੇਲੇ ਉਸ ਦੇ ਪਜਾਮਾ ਪਾਇਆ ਹੁੰਦਾ ਪਰ ਆਉਂਦਿਆਂ ਨੂੰ ਉਸ ਦੇ ਫਿਰ ਚਾਦਰਾ ਹੀ ਬੰਨ੍ਹਿਆ



ਹੁੰਦਾ। ਫਿਰ ਅਸੀਂ ਸੋਚਿਆ ਕਿ ਬਾਪੂ ਨੂੰ ਸ਼ਾਪਿੰਗ ਕਰਵਾ ਕੇ ਲਿਆਈਏ। ਦੋ ਪੈਂਟਾਂ ਦਵਾਈਆਂ, ਦੋ ਲੋਹਰਾਂ ਤੇ ਸਪੋਰਟਸ ਸ਼ੂ। ਮੈਂ ਸੋਚਿਆ ਕਿ ਬਾਹਰ ਅੰਦਰ ਮੇਲੇ ਜਾਂ ਹੋਰ ਪ੍ਰੋਗਰਾਮਾਂ 'ਤੇ ਬਾਪੂ ਨੂੰ ਪੈਂਟ ਤੇ ਬੂਟ ਪਵਾ ਕੇ ਲੈਜਾਇਆ ਕਰੂੰ। ਬਾਪੂ ਵੀ ਸੋਚੇ ਕਿ ਬਾਹਰ ਮੁੰਡੇ ਕੋਲ ਆਇਆਂ।

ਘਰੇ ਆਏ ਤਾਂ ਕਿਹਾ ਕਿ ਬਾਪੂ ਪਾ ਕੇ ਵਖਾ ਖਾਂ। ਸਾਡੇ ਕਹੇ ਸਭ ਕੁਝ ਪਾ ਤਾਂ ਲਿਆ ਪਰ ਬਾਪੂ ਸਾਡਾ ਐਡਾ ਸੰਗਾਊ ਕਿ ਨੂੰਹਾਂ-ਧੀਆਂ ਸਾਹਮਣੇ ਇਹੋ ਜਿਹੇ ਰੂਪ 'ਚ ਆਉਣ ਤੋਂ ਹੀ ਸ਼ਰਮਾਈ ਜਾਵੇ, ਆਪਣੇ ਆਪ ਤੋਂ ਹੀ ਸੰਗ ਜਿਹੇ ਗਿਆ ਬਾਪੂ। ਅਸੀਂ ਹੱਸੀਏ ਪਰ ਬਾਪੂ ਉਸ ਰੂਪ ਵਿਚ ਬਾਹਰ ਨਾ ਆਇਆ। ਅਖੀਰ ਪੁਰਾਣੇ ਰੂਪ ਵਿਚ ਬਾਹਰ ਆ ਕੇ ਅੱਖਾਂ ਜਿਹੀਆਂ ਭਰ ਕੇ ਕਹਿੰਦਾ, "ਕਿਉਂ ਯਾਰ ਜਦੋਂ ਚਿੱਤ ਨੂੰ ਹੀ ਚੰਗਾ ਨਹੀਂ ਲੱਗਦਾ ਫਿਰ ਕਿਉਂ ਧੱਕਾ ਕਰਦੇ ਹੋ।"

ਸੁਣ ਕੇ ਬਾਹਲੀ ਸ਼ਰਮ ਆਈ, ਸਿਰ ਝੁਕ ਗਿਆ। ਸਭ ਚੁੱਪ ਹੋ ਗਏ। ਇੱਕ ਚੰਗਾ ਵੀ ਹੋਇਆ ਕਿ ਮੈਂ ਬਾਪੂ ਨੂੰ ਉਸ ਰੂਪ ਵਿਚ ਨਹੀਂ ਦੇਖਿਆ। ਉਹੀ ਕੁੜਤੇ-ਚਾਦਰੇ ਵਾਲਾ ਖੁੱਲ੍ਹਾ-ਡੁੱਲ੍ਹਾ ਦਰਸ਼ਨੀ ਸਰਦਾਰ ਹੀ ਅੱਖਾਂ ਸਾਹਮਣੇ ਰਿਹਾ। ਖੂਹ 'ਚ ਪਵੇ ਦੁਨੀਆਦਾਰੀ। ਪਿਓ-ਦਾਦੇ ਦਾ ਉਹੀ ਵਿਰਸਾ ਵੀ ਜਿਉਂਦਾ ਰਿਹਾ ਜਿਸ ਨੂੰ ਅਸੀਂ ਸਾਰੇ ਖ਼ਤਮ ਕਰਨ 'ਤੇ ਤੁਰੇ ਸੀ ਪਰ ਕਦੇ ਵਿਰਸਾ ਵੀ ਮਰਿਆ ਜਿੰਨਾ ਚਿਰ ਬਾਪੂ ਵਰਗੇ ਜਿਉਂਦੇ ਆ।

ਹੁਣ ਕੋਈ ਬਾਪੂ ਨੂੰ ਪੁੱਛ ਲਵੇ ਕਿ ਕਿੱਦਾਂ ਦਾ ਬਾਹਰਲਾ ਦੇਸ਼ ਤੇ ਅੱਗੋਂ ਬਾਪੂ ਕਹਿ ਦਿੰਦਾ, "ਹੋਰ ਤਾਂ ਸਭ ਕੁਝ ਠੀਕ ਹੈ ਪਰ ਉਥੇ ਭੋਲਿਆ ਚਾਦਰਾ ਬੰਨ੍ਹਣਾ ਔਖਾ। ਇੱਥੋਂ ਪਿੰਡਾਂ ਦੇ ਖੁੰਢਾਂ ਤੋਂ ਉਠ ਕੇ ਗਏ ਲੋਕੀਂ ਵੀ ਆਵਦੇ ਆਪ ਨੂੰ ਬਾਹ੍ਲਾ ਤੇਜ ਸਮਝਦੇ ਆ ਬਾਹਰ ਜਾ ਕੇ ਵੱਡੇ ਪੜ੍ਹੇ-ਲਿਖੇ ਪਰ ਭੋਲਿਆਂ ਨੂੰ ਇਹ ਨ੍ਹੀਂ ਪਤਾ ਕਿ ਸਿਆਣਪ ਕੋਟ ਪੈਂਟ ਪਾ ਕੇ ਨਹੀਂ ਆਉਂਦੀ। ਮੰਨਿਆ ਕਿ ਜੈਸਾ ਦੇਸ਼ ਵੈਸਾ ਭੇਸ ਪਰ ਬੰਦੇ ਨੂੰ ਆਪਣਾ ਪਿੱਛਾ ਨਹੀਂ ਭੁੱਲਣਾ ਚਾਹੀਦਾ।

...ਤੇ ਬਾਪੂ ਨੂੰ ਇੱਥੋਂ ਦੇ ਕੇ ਭੇਜੇ ਨਾਇਕੀ ਦੇ ਸ਼ਤਰੌਲ ਪਸ਼ੂਆਂ ਆਲੇ ਕੋਠੇ 'ਚ ਵਾਧੂ ਸਾਮਾਨ ਨਾਲ ਸੁੱਟੇ ਪਏ ਆ ਤੇ ਬਾਪੂ ਮੁਖਸਰੋਂ ਨਿਰੰਜਣ ਕਿਆਂ ਤੋਂ ਲਿਆਂਦੀਆਂ ਸੁਨਹਿਰੀ ਤਿੱਲੇ ਆਲੀਆਂ ਤੇ ਘੋਨੀਆਂ ਜੁੱਤੀਆਂ ਨੂੰ ਸਰ੍ਹੋਂ ਦਾ ਤੇਲ ਲਾ ਕੇ ਸੰਦੂਕਾਂ ਆਲੇ ਕਮਰੇ 'ਚ ਸਾਂਭ-ਸਾਂਭ ਰੱਖਦਾ। ਕਿਹਾ ਤਾਂ ਹੈ ਭੋਲਿਆ ਪੰਛੀਆ ਕਦੇ ਵਿਰਸਾ ਵੀ ਮਰਿਆ ਜਿੰਨਾ ਚਿਰ ਬਾਪੂ ਵਰਗੇ ਜਿਉਂਦੇ ਆ।

#

## ਪਿਤਾ ਦਿਵਸ

ਐ ਬਾਪ ਅੱਜ ਤੇਰੇ ਦਿਵਸ 'ਤੇ,
ਮੈਂ ਤੈਨੂੰ ਕਰਾਂ ਸਲਾਮ।
ਤੂੰ ਦਿੱਤਾ ਨਾਮ ਔਲਾਦ ਨੂੰ,
ਅਸੀਂ ਬਣੇ ਤੇਰਾ ਖਾਨਦਾਨ।

ਤੇਰੀ ਤਾਕਤ ਪਰਬਤ ਵਾਂਗਰਾਂ
ਤੇ ਰੁੱਖਾਂ ਜਿਹੀ ਜੀਰਾਂਦ।
ਤੂੰ ਨਿੱਘਾ ਸੂਰਜ ਵਰਗਾ
ਤੇ ਵਾਂਗ ਸਮੁੰਦਰ ਸ਼ਾਂਤ।

ਤੂੰ ਖਾਮੋਸ਼ ਸਾਹਸ ਮੇਰੀ ਮਾਂ ਦਾ
ਜਿਸ ਦਾ ਤੂੰ ਸੁਹਾਗ।
ਉਹਦਾ ਜਤ ਸਤ ਤੇਰੀ ਕਾਰਣੇ
ਸਦਾ ਰਿਹਾ ਬੇਲਾਗ।

ਸੁਪਨੇ ਤੇ ਸੋਝੀ ਬਖਸ਼ ਕੇ
ਤੈਨੂੰ ਘੜਿਆ ਕਾਦਰ ਆਪ।
ਤੇਰੀ ਉਡਾਰੀ ਵਾਂਗ ਉਕਾਬ ਦੇ,
ਤੇਰੀ ਰੋਹਬ ਵਾਲੀ ਚਾਲ।

ਤੈਨੂੰ ਬਖਸ਼ਿਆ ਜ਼ਬਤ ਸਦੀਵੜਾ
ਤੂੰ ਘਰ ਦਾ ਵੱਡਾ ਵਕੀਲ।
ਮਾਂ ਸੌ ਸੌ ਮੱਤਾਂ ਪਈ ਦੇਂਵਦੀਂ
ਪਰ ਚਲਦੀ ਤੇਰੀ ਦਲੀਲ।

ਕਰੇਂ ਅਣਥੱਕ ਕਮਾਈਆਂ
ਨਾ ਮੱਥੇ ਪਾਵੇਂ ਕਦੀ ਵੱਟ।
ਬੱਚਿਆਂ ਦੀ ਬੁਲੰਦੀ ਵੇਖ ਕੇ
ਤੇਰੀ ਥਕਾਨ ਉਤਰ'ਜੇ ਝੱਟ।

ਤੂੰ ਬੇਵਸ ਹੋ ਕੇ ਵੀ ਕਰੇਂ
ਬਾਲਾਂ ਦੇ ਪੂਰੇ ਸਭ ਅਰਮਾਨ।
ਪਿਉ ਤਾਂ ਕੋਈ ਵੀ ਬਣ ਜਾਵੇ
ਪਿਤਾ ਬਣਨਾ ਨਹੀਂ ਅਸਾਨ।

ਬੇ ਸ਼ਰਤ ਪਿਆਰ ਵਰਤਾਂਵਦਾ
ਨਹੀਂ ਵਾਪਸ ਰੱਖਦਾ ਝਾਕ।
ਬੇਵਸ ਹੋ ਜਾਏ ਹੱਦੋਂ ਬਾਹਿਰਾ
ਤਾਂ ਕਰ ਜਾਏ ਆਤਮਘਾਤ।
(ਸੰਗਰੂਰ ਦੀ ਕਿਰਸਾਣੀ ਦੇਖੋ)

ਤੂੰ ਦਾਤਾ ਕੁਲੀ ਗੁਲੀ ਜੁਲੀ ਦਾ
ਤੇਰੇ ਸਿਰ 'ਤੇ ਭਰਾਂ ਉਡਾਨ।
ਤੂੰ ਚਾਨਣ ਮੇਰੇ ਨ੍ਹੇਰਿਆਂ ਦਾ
ਮੇਰੇ ਖਤਰੇ ਦੀ ਤੂੰ ਢਾਲ।

ਮੈਂ ਸੋਚਾਂ ਆਪਣੇ ਆਪ ਨੂੰ
ਹਿਟਲਰ ਦਾ ਪੁੱਤਰ ਨਿਮਾਣਾ ਜੀ।
ਜਦ ਸਹੀ ਤੂੰ ਲੱਗਣ ਲੱਗ ਪਿਆ
ਹੁਣ ਸੋਚੇ ਮੇਰਾ ਨਿਆਣਾ ਜੀ।

ਮੇਰੀ ਜ਼ਿੰਦਗੀ ਦੇ ਘਾੜਿਆ ਵੇ
ਅੱਜ ਤੈਨੂੰ ਕਰਾਂ ਸਲਾਮ।
ਕਈ ਤੇਰੀ ਕਦਰ ਜਾਣਦੇ ਉਸ ਵੇਲੇ
ਜਦ ਛੱਡ ਜਾਏਂ ਤੂੰ ਜਹਾਨ।

*-ਮਨਜੀਤ ਕੌਰ ਸੇਖੋਂ*

## ਗਜ਼ਲ

ਮੈਂ ਵੀ ਲੋਕਾਂ ਵਾਂਗਰ ਕਿਸੇ ਦਾ ਮਾਣ ਹਾਂ।
ਨਾਲੇ ਨਾਲ ਨਾਲ ਮਾਣਦਾ ਹਾਣ ਹਾਂ।
ਇਹ ਹਉਮੈ ਦੀ ਗੱਲ ਨ੍ਹੀਂ ਬਲਕਿ ਸੋਚ
ਸੁੱਕੇ ਰੁੱਖ ਦਾ ਵੀ ਕਦਰਦਾਨ ਹਾਂ।
ਜਹਾਨ 'ਤੇ ਲੋਕ ਤੇ ਸਮੁੰਦਰ ਪਰੇ ਤੋਂ ਪਰੇ
ਜੋ ਪੱਲੇ 'ਚ ਰੱਖਦਾ ਉਸ ਦਾ ਧਿਆਨ ਹਾਂ।
ਮਿਹਨਤਕਸ਼ ਤੇ ਮਿਹਨਤਕਸ਼ਾਂ ਨਾਲੋਂ ਦੋਸਤੀ
ਬੇਈਮਾਨੀ ਨੂੰ ਸਮਝਦਾ ਨੁਕਸਾਨ ਹਾਂ।
ਜੱਗ ਵੀ ਤਾਂ ਰੂਪ ਵੱਖ ਵੱਖ ਪੀੜ੍ਹੀਆਂ ਦਾ
ਅਕਸਰ ਇਕ ਪੀੜ੍ਹੀ ਦਾ ਨਿਸ਼ਾਨ ਹਾਂ।
ਇੱਜ਼ਤ ਕਰਨੀ ਤੇ ਕਰਾਉਣੀ ਆਦਤ ਚੰਗੀ
ਕੁਦਰਤੀ ਆਦਤ ਚਾਹੇ ਅਣਜਾਣ ਹਾਂ।
ਮਾਂ ਬੋਲੀ ਨਾਲ ਰੰਗਿਆ ਹੈ ਦਿਲ ਮੇਰਾ
ਸਾਦੇ ਸ਼ਬਦਾਂ ਦਾ ਤੀਰ ਕਮਾਨ ਹਾਂ।
ਧਰਤੀ 'ਤੇ ਆ ਕੇ ਸਭ ਨੇ ਜਾਣਾ 'ਕਮਲ'
ਦੋਸਤੋ! ਮੈਂ ਵੀ ਤਾਂ ਆਰਜੀ ਮਹਿਮਾਨ ਹਾਂ।

*-ਕਮਲ ਬੰਗਾ ਸੈਕਰਾਮੈਂਟੋ*
*ਫੋਨ: 916-897-8570*

ਵਿਚਾਰ-ਚਰਚਾ

# ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ...



ਡਾ. ਗੁਰਨਾਮ ਕੌਰ, ਕੈਨੇਡਾ

ਕੁਝ ਸਮਾਂ ਪਹਿਲਾਂ ਸਿੱਖਾਂ ਦੀ ਸਰਬ-ਉਚ ਸੰਸਥਾ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਬਿਆਨ ਅਖਬਾਰਾਂ ਵਿਚ ਛਪਿਆ ਸੀ ਕਿ ਸਿੱਖਾਂ ਦੀ ਗਿਣਤੀ ਘਟ ਰਹੀ ਹੈ। ਇੱਕ ਗੱਲ ਦਾ ਮੈਨੂੰ ਪੱਕਾ ਨਹੀਂ ਕਿ ਇਹ ਗਿਣਤੀ ਉਨ੍ਹਾਂ ਨੇ ਪੰਜਾਬ ਦੇ ਸਬੰਧ ਵਿਚ ਕਹੀ ਹੈ ਜਾਂ ਪੂਰੇ ਭਾਰਤ ਦੇ ਸਬੰਧ ਵਿਚ, ਕਿ ਦੁਨੀਆਂ ਭਰ ਦੇ ਦੂਸਰੇ ਮੁਲਕਾਂ ਵਿਚ ਰਹਿ ਰਹੇ ਸਿੱਖਾਂ ਮੁਤੱਲਕ ਵੀ ਕਹੀ ਹੈ, ਕਿਉਂਕਿ ਸਿੱਖ ਹੁਣ ਦੁਨੀਆਂ ਦੇ ਤਕਰੀਬਨ ਹਰ ਮੁਲਕ ਵਿਚ ਰਹਿ ਰਹੇ ਹਨ। ਜਿੱਥੋਂ ਤੱਕ ਪੰਜਾਬ ਦਾ ਸਬੰਧ ਹੈ, ਕਿਸੇ ਵਿਆਹ-ਸ਼ਾਦੀ 'ਤੇ ਚਲੇ ਜਾਉ, ਕਿਸੇ ਹੋਰ ਸਮਾਜਿਕ ਜਾਂ ਧਾਰਮਿਕ ਸਮਾਗਮ 'ਤੇ, ਹਰ ਥਾਂ ਸਿੱਖ ਮੁੰਡੇ-ਕੁੜੀਆਂ ਆਮ ਤੌਰ 'ਤੇ ਕੇਸਾਂ ਤੋਂ ਬਿਨਾ ਹੀ ਨਜ਼ਰ ਆਉਂਦੇ ਹਨ। ਇਹ ਬਿਲਕੁਲ ਹੀ ਫਿਕਰ ਵਾਲੀ ਗੱਲ ਹੈ ਕਿ ਸਿੱਖ ਬੱਚੇ-ਬੱਚੀਆਂ ਸਿੱਖ-ਰਹਿਤ ਤੋਂ ਲਾਂਭੇ ਜਾ ਰਹੇ ਹਨ। ਪੰਜਾਬ ਵਿਚ, ਜੋ ਕਿ ਸਿੱਖੀ ਦਾ ਘਰ ਹੈ, ਇਹ ਤੱਥ ਜ਼ਿਆਦਾ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਚ ਨੌਕਰੀ ਕਰਦਿਆਂ ਮੈਂ ਕਾਫੀ ਲੰਬਾ ਸਮਾਂ ਪੱਤਰ-ਵਿਹਾਰ ਸਿੱਖਿਆ ਵਿਭਾਗ ਰਾਹੀਂ ਚਲਾਏ ਜਾ ਰਹੇ ਕੋਰਸਾਂ 'ਐਮ.ਏ. ਧਰਮ ਅਧਿਐਨ' ਅਤੇ 'ਡਿਪਲੋਮਾ ਇਨ ਡਿਵਨਿਟੀ ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਇੰਚਾਰਜ ਰਹੀ ਹਾਂ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਹ ਕੋਰਸ ਦਿੱਲੀ ਅਤੇ ਫਰੀਦਾਬਾਦ ਪੜ੍ਹਾਏ ਜਾਂਦੇ ਸੀ। ਇਸ ਸਬੰਧੀ ਸੰਪਰਕ ਪ੍ਰੋਗਰਾਮ ਤਹਿਤ ਸਾਲ ਵਿਚ ਹਫਤੇ-ਹਫਤੇ ਦੇ ਦੋ ਪ੍ਰੋਗਰਾਮ ਲਾਉਣ ਦਿੱਲੀ ਜਾਣਾ ਹੁੰਦਾ ਸੀ। ਦਿੱਲੀ ਅਤੇ ਫਰੀਦਾਬਾਦ ਦੇ ਵਿਦਿਆਰਥੀਆਂ ਦਾ ਜਮਾਤ ਵਿਚ ਇਹ ਪ੍ਰਸ਼ਨ ਹਮੇਸ਼ਾ ਹੀ ਹੁੰਦਾ ਸੀ ਕਿ ਪੰਜਾਬ ਵਿਚ ਸਿੱਖ ਬੱਚੇ ਪਤਿਤ ਕਿਉਂ ਹੋ ਰਹੇ ਹਨ? ਅਕਸਰ ਇਹ ਦੇਖਣ ਵਿਚ ਆਮ ਹੀ ਆਇਆ ਹੈ ਕਿ ਪੰਜਾਬ ਤੋਂ ਬਾਹਰ, ਬਾਕੀ ਭਾਰਤ ਵਿਚ ਰਹਿਣ ਵਾਲੇ ਸਿੱਖ ਰਹਿਤ ਪੱਖੋਂ ਜ਼ਿਆਦਾ ਸੁਜੱਗ ਹਨ। ਅਖਬਾਰਾਂ ਵਿਚ ਬਿਆਨ ਪੜ੍ਹਨ ਤੋਂ ਮੈਨੂੰ ਇਉਂ ਜਾਪਿਆ ਹੈ ਕਿ ਜਥੇਦਾਰ ਸਾਹਿਬ ਦੀ ਚਿੰਤਾ ਇਸ ਨਾਲੋਂ ਥੋੜ੍ਹੀ ਵੱਖਰੀ ਕਿਸਮ ਦੀ ਹੈ (ਇਥੇ ਮੇਰਾ ਅੰਦਾਜ਼ਾ ਗਲਤ ਵੀ ਹੋ ਸਕਦਾ ਹੈ)। ਉਨ੍ਹਾਂ ਦੀ ਚਿੰਤਾ ਸ਼ਾਇਦ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿਚ ਸਿੱਖਾਂ ਦੀ ਘਟ ਰਹੀ ਵੋਟ ਗਿਣਤੀ ਤੋਂ ਹੋਵੇ? ਇਹ ਮੈਨੂੰ ਇਸ ਲਈ ਜਾਪਿਆ ਹੈ ਕਿਉਂਕਿ ਬਿਆਨ ਦਾ ਅਗਲਾ ਹਿੱਸਾ ਸਿੱਖਾਂ ਨੂੰ ਵੱਧ ਬੱਚੇ, ਸ਼ਾਇਦ 4-4 ਬੱਚੇ ਪੈਦਾ ਕਰਨ ਲਈ ਪ੍ਰੇਰਿਤ ਕਰਨਾ ਹੈ।

ਹੋਰ ਵੀ ਕਈ ਧਾਰਮਿਕ ਲੀਡਰਾਂ ਦੇ ਇਸ ਕਿਸਮ ਦੇ ਬਿਆਨ ਅਖਬਾਰਾਂ ਵਿਚ ਜਾਂ ਸੋਸ਼ਲ ਮੀਡੀਆ 'ਤੇ ਪੜ੍ਹਨ ਨੂੰ ਮਿਲਦੇ ਹਨ ਕਿ ਵੱਧ ਬੱਚੇ ਪੈਦਾ ਕੀਤੇ ਜਾਣ। 21ਵੀਂ ਸਦੀ ਵਿਚ ਵੱਧ ਬੱਚੇ ਮਹਿਜ ਧਾਰਮਿਕ ਗਿਣਤੀ ਵਧਾਉਣ ਪੱਖੋਂ ਪੈਦਾ ਕਰਨਾ ਬਹੁਤਾ ਠੀਕ ਨਹੀਂ ਜਾਪਦਾ ਕਿਉਂਕਿ ਬੱਚਿਆਂ ਦਾ ਸਹੀ ਢੰਗ ਨਾਲ ਪਾਲਣ-ਪੋਸ਼ਣ, ਉਨ੍ਹਾਂ ਨੂੰ ਸਹੀ ਅਤੇ ਮਿਆਰੀ ਸਿੱਖਿਆ ਦੇਣੀ, ਵੱਧ ਰਹੀ ਮਹਿੰਗਾਈ ਦੇ ਜ਼ਮਾਨੇ ਵਿਚ ਕੋਈ ਸੌਖਾ ਕੰਮ ਨਹੀਂ ਹੈ। ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ ਕਿ ਜਿਸ ਸਭਿਆਚਾਰ ਜਾਂ ਧਰਮ ਵਿਚ ਕੋਈ ਬੱਚਾ ਪੈਦਾ ਹੁੰਦਾ ਹੈ, ਆਮ ਤੌਰ 'ਤੇ ਉਸੇ ਧਰਮ ਜਾਂ ਸਭਿਆਚਾਰ ਨੂੰ ਅਪਨਾਉਂਦਾ ਹੈ। ਪਰ ਇਸ ਦੇ ਨਾਲ ਹੀ ਸਿੱਖ ਧਰਮ ਦੇ ਸਬੰਧ ਵਿਚ ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਸਿੱਖ ਧਰਮ ਹਿੰਦੂ ਧਰਮ ਦੀ ਤਰ੍ਹਾਂ ਸਿਰਫ ਜਨਮ ਤੋਂ ਨਹੀਂ ਹੈ ਅਰਥਾਤ ਸਿੱਖ ਧਰਮ ਵਿਚ ਗੁਰੂ ਦੀ ਬਖਸ਼ਿਸ਼ ਕੀਤੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਕੋਈ ਵੀ ਪੁਰਸ਼ ਜਾਂ ਇਸਤਰੀ, ਭਾਵੇਂ ਉਹ ਕਿਸੇ ਵੀ ਮੁਲਕ, ਕੌਮ, ਨਸਲ ਜਾਂ ਜਾਤ ਵਿਚ ਜਨਮਿਆ ਹੋਵੇ, ਸਿੱਖ ਸਜ ਸਕਦਾ ਹੈ।

ਸਿੱਖ ਇਤਿਹਾਸ ਅਤੇ ਭਾਈ ਵੀਰ ਸਿੰਘ ਦੀਆਂ ਲਿਖਤਾਂ ਤੋਂ ਪਤਾ ਲਗਦਾ ਹੈ ਕਿ ਅਠਾਰਵੀਂ ਸਦੀ ਦੇ ਸੰਕਟ ਸਮੇਂ ਵੀ ਹਿੰਦੂ ਪਰਿਵਾਰਾਂ ਵਿਚ ਵੱਡੇ ਬੱਚੇ ਨੂੰ ਸਿੱਖ ਸਜਾਉਣਾ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। ਇਹ ਸਿੱਖਾਂ ਦੇ ਕਿਰਦਾਰ ਦੀ ਪ੍ਰੇਰਨਾ ਸਦਕਾ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਇੱਕ ਸੁਚੱਜੀ ਜੀਵਨ ਜਾਚ ਲਈ ਮਨੁੱਖ ਨੂੰ ਪ੍ਰੇਰਨਾ ਦਿੰਦੀ ਹੈ। ਫਿਰ ਸਿੱਖਾਂ ਦੀ ਗਿਣਤੀ ਵਧਾਉਣ ਲਈ ਵੱਧ ਬੱਚੇ ਪੈਦਾ ਕਰਨ ਦੀ ਅਪੀਲ ਕਿਉਂ? ਜਿਵੇਂ ਸੰਨ 1984 ਤੋਂ ਬਾਅਦ ਛੋਟੀ ਤੇ ਵੱਡੀ ਉਮਰ ਦੇ ਬੱਚਿਆਂ ਨੇ ਇੱਕ ਦਮ ਬੜੀ ਵੱਡੀ ਗਿਣਤੀ ਵਿਚ ਅੰਮ੍ਰਿਤ ਛਕਣਾ ਸ਼ੁਰੂ ਕਰ ਦਿੱਤਾ ਸੀ, ਉਸੇ ਤਰ੍ਹਾਂ ਖਾੜਕੂਵਾਦ ਤੋਂ ਬਾਅਦ ਕਰੀਬ 1995-96 ਤੋਂ ਬਾਅਦ ਪੰਜਾਬ ਵਿਚ ਸਿੱਖ ਮੁੰਡਿਆਂ ਨੇ ਕੇਸ ਕਤਲ ਕਰਾਉਣੇ ਸ਼ੁਰੂ ਕਰ ਦਿੱਤੇ ਜੋ ਕਿ ਮੁੰਡਿਆਂ ਅਤੇ ਕੁੜੀਆਂ ਵਿਚ ਵੀ ਬਾਦਸਤੂਰ ਜਾਰੀ ਹੈ। ਕੇਸ ਕਤਲ ਕਰਨ ਦੇ ਨਾਲ ਨਾਲ ਜੋ ਦੂਸਰੀ ਅਲਾਮਤ ਕੈਂਸਰ ਦੀ ਬਿਮਾਰੀ ਦੀ ਤਰ੍ਹਾਂ ਜੜ੍ਹਾਂ ਫੜ ਚੁੱਕੀ ਹੈ, ਉਹ ਹੈ ਨਸ਼ੇ। ਬੇਸ਼ੱਕ ਪੰਜਾਬ ਦੇ ਮੁੱਖ ਮੰਤਰੀ ਜਾਂ ਉਪ ਮੁੱਖ ਮੰਤਰੀ ਰਾਹੁਲ ਗਾਂਧੀ 'ਤੇ ਇਲਜ਼ਾਮ ਲਾਈ ਜਾਣ ਕਿ ਪੰਜਾਬ ਨੂੰ ਬਦਨਾਮ ਕਰਨ ਲਈ ਉਹ 70% ਨੌਜੁਆਨਾਂ ਨੂੰ ਨਸ਼ੇੜੀ ਕਹਿ ਰਿਹਾ ਹੈ ਪਰ ਹੁਣ ਇਹ ਤੱਥ ਕੇਂਦਰ ਦੀ ਜਾਰੀ ਕੀਤੀ ਰਿਪੋਰਟ ਅਨੁਸਾਰ ਸਹੀ ਸਾਬਤ ਹੋ ਚੁੱਕਾ ਹੈ। ਨਸ਼ਿਆਂ ਦਾ ਕਾਰੋਬਾਰ ਪੰਜਾਬ ਵਿਚ ਮੱਕੜ-ਜਾਲ ਦੀ ਤਰ੍ਹਾਂ ਫੈਲ ਚੁੱਕਾ ਹੈ ਜਿਸ ਵਿਚ ਵੱਡੇ ਵੱਡੇ ਅਕਾਲੀ ਲੀਡਰਾਂ ਦਾ ਨਾਮ ਵੀ ਅਖਬਾਰਾਂ ਵਿਚ ਆ ਚੁੱਕਾ ਹੈ। ਸੁਣਨ ਵਿਚ ਆਇਆ ਹੈ ਕਿ ਪੰਜਾਬ ਵਿਚ ਨੌਜੁਆਨ ਮੁੰਡਿਆਂ ਨੂੰ ਨਸ਼ੇ ਕਰਨ ਦੇ ਦੋਸ਼ ਵਿਚ ਰੋਜ਼ ਫੜ ਫੜ ਕੇ ਜੇਲ੍ਹਾਂ ਵਿਚ ਸੁੱਟਿਆ ਜਾਂਦਾ ਹੈ ਜਦਕਿ ਸ਼ਰੇਆਮ ਇਹ ਧੰਦਾ ਕਰ ਰਹੇ ਸਿਆਸੀ ਪਹੁੰਚ ਵਾਲਿਆਂ ਵਿਰੁਧ ਕੋਈ ਕਾਰਵਾਈ ਨਹੀਂ ਹੋ ਰਹੀ। ਕੌਮ ਦੇ ਰਾਹਨੁਮਾ ਹੋਣ ਦੇ ਨਾਤੇ ਜਥੇਦਾਰਾਂ ਦਾ ਇਸ ਸਭ ਬਾਰੇ ਸੋਚਣਾ ਬਣਦਾ ਹੈ। ਆਖਰ ਜਦੋਂ ਕੋਈ ਕੌਮ ਡੁੱਬ ਰਹੀ ਹੋਵੇ ਅਤੇ ਜਿਸ ਦੇ ਡੋਬਣ ਵਿਚ ਉਸ ਦੇ ਲੀਡਰਾਂ ਦਾ ਬਹੁਤਾ ਹੱਥ ਹੋਵੇ ਤਾਂ ਧਾਰਮਿਕ ਰਾਹਨੁਮਾਇਆਂ ਨੂੰ ਹੀ ਫਿਕਰ ਕਰਨਾ ਬਣਦਾ ਹੈ।

ਇਸਾਈ ਧਰਮ ਇਸ ਵੇਲੇ ਸਾਰੇ ਸੰਸਾਰ 'ਤੇ ਇੱਕ ਵੱਡਾ ਧਰਮ ਬਣ ਕੇ ਫੈਲਿਆ ਹੋਇਆ ਹੈ। ਇਸਾਈ ਧਰਮ 'ਤੇ ਇਹ ਇਲਜ਼ਾਮ ਵੀ ਨਹੀਂ ਲੱਗ ਸਕਦਾ ਕਿ ਉਹ ਤਲਵਾਰ ਦੇ ਜ਼ੋਰ ਜਾਂ ਰਾਜ ਦੇ ਜ਼ੋਰ ਫੈਲਿਆ ਹੈ। ਇਸਾਈ ਧਰਮ ਨੂੰ ਫੈਲਾਉਣ ਵਿਚ ਵੱਖ ਵੱਖ ਗਿਰਜ਼ਿਆਂ ਦਾ ਹੱਥ ਹੈ। ਇਸਾਈ ਪਾਦਰੀ ਜਿੱਥੇ ਵੀ ਗਏ, ਉਹ ਦੋ ਗੱਲਾਂ ਆਪਣੇ ਨਾਲ ਲੈ ਕੇ ਗਏ-ਆਮ ਲੋਕਾਂ ਨੂੰ ਵਿੱਦਿਆ ਦੇਣ ਲਈ ਸਕੂਲ ਅਤੇ ਮੁਢਲੇ ਪੱਧਰ 'ਤੇ ਗ਼ਰੀਬ ਜਨਤਾ ਨੂੰ ਡਾਕਟਰੀ ਸਹੂਲਤਾਂ ਤੇ ਦਵਾਈਆਂ ਦਾ ਪ੍ਰਬੰਧ। ਗਿਰਜਾ ਘਰਾਂ ਵਿਚ ਗੁਰਦੁਆਰਿਆਂ ਦੀ ਤਰ੍ਹਾਂ 'ਮਾਇਆ' ਭੇਟ ਕਰਕੇ ਮੱਥਾ ਟੇਕਣ ਦੀ ਪਰੰਪਰਾ ਵੀ ਨਹੀਂ ਹੈ। ਇਹ ਸਾਰੇ ਖਰਚ ਦਾਨ ਨਾਲ ਚੱਲਦੇ ਹਨ। ਸਿੱਖਾਂ ਦੇ ਗੁਰੂ ਘਰਾਂ ਕੋਲ ਸੰਗਤ ਦੇ ਚੜ੍ਹਾਵੇ, ਅਖੰਡ ਪਾਠਾਂ ਅਤੇ ਹੋਰ ਅਜਿਹੇ ਸਾਧਨਾਂ ਰਾਹੀਂ ਬੇਅੰਤ ਮਾਇਆ ਇਕੱਠੀ ਹੁੰਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਖ ਕਮੇਟੀ ਦੇ ਬਹੁਤ ਸਾਰੇ ਗੁਰਦੁਆਰਿਆਂ ਨਾਲ ਜਾਇਦਾਦਾਂ ਜੁੜੀਆਂ ਹਨ। ਵੱਡੇ ਗੁਰੂ ਘਰਾਂ ਨੂੰ ਕਰੋੜਾਂ ਦੇ ਹਿਸਾਬ ਨਾਲ ਆਮਦਨ ਹੈ। ਬਾਕੀ ਖਾਲਸਾ ਸਕੂਲਾਂ ਜਾਂ ਵਿਦਿਅਕ ਅਦਾਰਿਆਂ ਦੀ ਗੱਲ ਤਾਂ ਛੱਡੋ, ਸ਼੍ਰੋਮਣੀ ਕਮੇਟੀ ਦੇ ਕਿੰਨੇ ਕੁ ਸਕੂਲ, ਵਿਦਿਅਕ ਅਦਾਰੇ ਜਾਂ ਹਸਪਤਾਲ ਹਨ, ਜਿੱਥੇ ਗ਼ਰੀਬ ਸਿੱਖ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਜਾਂਦਾ ਹੈ ਜਾਂ ਗ਼ਰੀਬ ਸਿੱਖਾਂ ਦਾ ਇਲਾਜ ਹੁੰਦਾ ਹੈ? ਹੁਣ ਤਾਂ ਗ਼ਰੀਬਾਂ ਨੂੰ ਫਰੀ ਲੰਗਰ ਛਕਾਉਣ ਤੋਂ ਵੀ ਪ੍ਰਹੇਜ਼ ਕੀਤਾ ਜਾਂਦਾ ਹੈ!

ਕਾਫੀ ਸਾਲ ਪਹਿਲਾਂ ਇੱਕ ਦਿਨ ਮੇਰੇ ਕੋਲ ਡਾ. ਮਹਿੰਦਰਪਾਲ ਕੋਹਲੀ, ਜੋ ਉਸ ਸਮੇਂ ਪੱਤਰ-ਵਿਹਾਰ ਸਿੱਖਿਆ ਵਿਭਾਗ ਦੇ ਡਾਇਰੈਕਟਰ ਸਨ ਤੇ ਛੁੱਟੀਆਂ ਵਿਚ ਆਪਣੀ ਬੇਟੀ ਕੋਲ ਨਾਗਪੁਰ ਰਹਿ ਕੇ ਆਏ ਸਨ, ਵਿਭਾਗ ਵਿਚ ਆਏ। ਉਨ੍ਹਾਂ ਦੱਸਿਆ ਕਿ ਨਾਗਪੁਰ ਵਿਚ ਬਹੁਤ ਸਾਰੇ ਵਣਜਾਰੇ ਸਿੱਖ ਵਸਦੇ ਹਨ ਜੋ ਸਭ ਕੁਝ ਗੁਰੂ ਨਾਨਕ ਦੇ ਨਾਮ 'ਤੇ ਕਰਦੇ ਹਨ। ਉਹ ਬਹੁਤ ਗ਼ਰੀਬ ਹਨ, ਵਿਦਿਆ ਜਾਂ ਡਾਕਟਰੀ ਸਹੂਲਤਾਂ ਦਾ ਕੋਈ ਪ੍ਰਬੰਧ ਨਹੀਂ ਹੈ। ਗਿਰਜਾ ਘਰਾਂ ਵਲੋਂ ਉਨ੍ਹਾਂ ਨੂੰ ਇਹ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਗ਼ਰੀਬ ਲੋਕ ਧੜਾ ਧੜ ਇਸਾਈ ਧਰਮ ਅਪਣਾ ਰਹੇ ਹਨ। ਕੀ ਐਸ. ਜੀ. ਪੀ. ਸੀ ਕੋਲ ਧਰਮ ਪ੍ਰਚਾਰ ਲਈ ਕੋਈ ਫੰਡ ਹੈ? ਜਿਸ ਦੇ ਆਸਰੇ ਇਨ੍ਹਾਂ ਲੋਕਾਂ ਨੂੰ ਮੁਢਲੀ ਸਕੂਲੀ ਸਿੱਖਿਆ ਅਤੇ ਡਾਕਟਰੀ ਸਹਾਇਤਾ ਦਿੱਤੀ ਜਾ ਸਕੇ ਤਾਂ ਕਿ ਇਹ ਗੁਰੂ ਨਾਨਕ ਦੇ ਨਾਮ ਨਾਲ ਜੁੜੇ ਰਹਿਣ? ਮੈਂ ਉਸ ਵੇਲੇ ਦੀਆਂ ਪ੍ਰਮੁੱਖ ਕਹੀਆਂ ਜਾਣ ਵਾਲੀਆਂ ਕਈ ਹਸਤੀਆਂ ਨਾਲ ਗੱਲ ਕੀਤੀ ਪਰ ਕਿਸੇ ਨੇ ਇਸ ਗੱਲ ਵੱਲ ਕੋਈ ਤਵੱਜੋ ਨਾ ਦਿੱਤੀ। ਕਾਰਨ ਇਹ ਕਿ ਸਾਨੂੰ ਪੰਥ ਦੇ ਨਾਂ 'ਤੇ ਅਕਾਲੀ ਪਾਰਟੀ ਲਈ ਵੋਟਰ ਚਾਹੀਦੇ ਹਨ, ਨਾ ਕਿ ਗੁਰੂ ਨਾਨਕ ਦੇ ਨਾਮ ਨਾਲ ਜੁੜੇ ਰਹਿਣ ਵਾਲੇ ਸਿੱਖ। ਇਹੀ ਨਹੀਂ, ਪਿਛਲੇ ਵਰ੍ਹਿਆਂ ਵਿਚ ਸੰਨ 1999 ਤੋਂ ਖਾਲਸਾ ਪੰਥ ਨੂੰ ਬਹੁਤ ਸਾਰੀਆਂ ਸ਼ਤਾਬਦੀਆਂ ਮਨਾਉਣ ਦਾ ਮੌਕਾ ਲਗਾਤਾਰ ਮਿਲਿਆ। ਇਨ੍ਹਾਂ ਮੌਕਿਆਂ 'ਤੇ ਵਣਜਾਰੇ ਸਿੱਖਾਂ ਦੇ ਨੁਮਾਇੰਦੇ ਨਾਗਪੁਰ, ਹੈਦਰਾਬਾਦ ਆਦਿ ਇਲਾਕਿਆਂ ਤੋਂ ਬੱਸਾਂ ਭਰ ਕੇ ਆਉਂਦੇ ਰਹੇ ਹਨ ਅਤੇ 'ਇੰਸਟੀਚਿਊਟ ਆਫ ਸਿੱਖ ਸਟੱਡੀਜ' ਵਲੋਂ ਡਾ. ਖੜਕ ਸਿੰਘ ਮਾਨ ਨੇ ਅਕਾਲੀ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਜਥੇਦਾਰਾਂ ਨਾਲ ਉਨ੍ਹਾਂ ਨੂੰ ਮਿਲਾਉਣ ਦੀ ਕੋਸ਼ਿਸ਼ ਵੀ ਕੀਤੀ ਪਰ ਨਤੀਜੇ ਨਾਂਹ-ਵਾਚਕ ਹੀ ਨਿਕਲੇ।

ਇੱਕ ਗੁਰਸਿੱਖ ਬੱਚੀ ਨਿਊ ਯਾਰਕ ਤੋਂ ਗੁਰੂ ਰਾਮਦਾਸ ਮੈਡੀਕਲ ਕਾਲਜ, ਅੰਮ੍ਰਿਤਸਰ ਦਾਖਲਾ ਲੈਣ ਲਈ ਆਈ। ਉਸ ਬੱਚੀ ਦੇ ਮਾਤਾ ਕਿਸੇ ਯੂਰਪੀਨ ਕੌਮ ਵਿਚੋਂ ਹਨ ਪਰ ਬੱਚੇ ਅਤੇ ਮਾਂ ਬਹੁਤ ਹੀ ਸ਼ਰਧਾਲੂ ਸਿੱਖ ਸਨ। ਬੱਚਿਆਂ ਦੀ ਮਾਂ ਹਰ ਐਤਵਾਰ ਨੂੰ ਤੜਕੇ ਚਾਰ ਵਜੇ ਨਿਊ ਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਜਾ ਕੇ ਗੁਰੂ ਘਰ ਦੀ ਸਫਾਈ ਅਤੇ ਲੰਗਰ ਦੀ ਸੇਵਾ ਕਰਦੀ ਸੀ। ਉਸ ਬੱਚੀ ਦੀ ਦਾਖਲਾ ਫੀਸ ਜਮ੍ਹਾ ਹੋ ਚੁੱਕੀ ਸੀ ਪਰ ਬਾਕੀ ਫਾਰਮੈਲਿਟੀਜ਼ ਲਈ ਉਸ ਨੂੰ ਪ੍ਰਬੰਧਕਾਂ ਅਤੇ ਪ੍ਰਿੰਸੀਪਲ ਵਲੋਂ ਏਨਾ ਖਜਲ-ਖੁਆਰ ਕੀਤਾ ਗਿਆ ਕਿ ਉਹ ਦੁਖੀ ਹੋ ਕੇ ਨਿਊ ਯਾਰਕ ਵਾਪਸ ਚਲੀ ਗਈ। ਪਿਛੋਂ ਉਸ ਦੀ ਫੀਸ ਸਵਰਗੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਬੇਨਤੀ ਕਰਕੇ ਵਾਪਸ ਕਰਵਾਈ ਗਈ। ਉਸ ਬੱਚੀ 'ਤੇ ਇਸ ਪ੍ਰੇਸ਼ਾਨੀ ਦਾ ਏਨਾ ਅਸਰ ਹੋਇਆ ਕਿ ਉਸ ਨੇ ਪੱਕੇ ਤੌਰ 'ਤੇ ਆਪਣਾ ਮਨ ਸਿੱਖੀ ਵਲੋਂ ਮੋੜ ਲਿਆ। ਇਸ ਵਿਚ ਸਿੱਖੀ ਦਾ ਨਹੀਂ, ਸਿੱਖ ਧਰਮ ਵਿਚ ਪ੍ਰਵੇਸ਼ ਕਰ ਚੁੱਕੀ ਮਸੰਦ ਬਿਰਤੀ ਅਤੇ ਚੌਧਰ ਦਾ ਕਸੂਰ ਹੈ।

ਸੰਨ 2003-04 ਵਿਚ ਜਦੋਂ ਸਿੱਖ ਧਰਮ ਵਿਚ ਦੇਸ਼-ਵਿਦੇਸ਼ ਵਿਚ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਅਤੇ ਬਾਕੀ ਸ਼ਤਾਬਦੀਆਂ ਮਨਾਈਆਂ ਜਾ ਰਹੀਆਂ ਸਨ ਤਾਂ ਜਥੇਦਾਰ ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਨ। ਪੜ੍ਹੇ-ਲਿਖੇ ਹੋਣ ਕਰਕੇ ਉਨ੍ਹਾਂ ਦੇ ਮਨ ਵਿਚ ਗ਼ਰੀਬ ਸਿੱਖ ਬੱਚਿਆਂ ਦੀ ਵਿਦਿਆ ਦਾ ਪ੍ਰਬੰਧ ਕਰਨ ਲਈ ਕੁਝ ਸੁਪਨੇ ਸਨ। ਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਵਿਚ ਚੱਲ ਰਹੇ ਆਈ. ਏ. ਐਸ. ਟਰੇਨਿੰਗ ਸੈਂਟਰ ਦਾ ਗਿਆਨ ਸੀ ਅਤੇ ਉਹ ਇਸ ਦੀ ਤਰਜ਼ 'ਤੇ ਚੱਪੜਚਿੜੀ ਵਿਖੇ ਮਹਾਨ ਸਿੱਖ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਦੇ ਨਾਂ ਤੇ ਸ਼੍ਰੋਮਣੀ ਕਮੇਟੀ ਵਲੋਂ ਆਈ. ਏ. ਐਸ. ਟਰੇਨਿੰਗ ਸੈਂਟਰ ਖੋਲ੍ਹਣਾ ਚਾਹੁੰਦੇ ਸਨ। ਇਸ ਦਾ ਖਾਕਾ ਤਿਆਰ ਕਰਨ ਲਈ ਉਹ ਜਾਣਕਾਰੀ ਲੈਣ ਵਾਸਤੇ ਮੇਰੇ ਨਾਲ ਉਸ ਵੇਲੇ ਦੇ ਟਰੇਨਿੰਗ ਸੈਂਟਰ ਦੇ ਡਾਇਰੈਕਟਰ ਡਾ. ਬਾਜਵਾ ਨੂੰ ਮਿਲਣ ਗਏ। ਉਨ੍ਹਾਂ ਕੋਲੋਂ ਜਾਣਕਾਰੀ ਅਤੇ ਲੋੜੀਂਦੀ ਮਦਦ ਦਾ ਵਾਅਦਾ ਲੈ ਕੇ ਅਸੀਂ ਵਾਪਸ ਵਿਭਾਗ ਵਿਚ ਆਏ ਤਾਂ ਜਥੇਦਾਰ ਬਡੂੰਗਰ ਕਹਿਣ ਲੱਗੇ ਕਿ ਉਹ ਅਜਿਹਾ ਕੇਂਦਰ ਖੋਲ੍ਹਣਾ ਚਾਹੁੰਦੇ ਹਨ ਜਿੱਥੇ ਸਿੱਖ ਬੱਚਿਆਂ ਨੂੰ ਦਾਖਲਾ ਦਿੱਤਾ ਜਾ ਸਕੇ ਅਤੇ ਸਿੱਖਿਅਤ ਕੀਤਾ ਜਾਵੇ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਦਾਖਲਾ, ਜੋ ਵੀ ਦਾਖਲੇ ਯੋਗ ਹੈ ਉਸ ਨੂੰ ਦਿੱਤਾ ਜਾਵੇ ਭਾਵੇਂ ਉਹ ਸਿੱਖ ਹੈ ਜਾਂ ਨਹੀਂ। ਪਰ ਤੁਸੀਂ ਇਹ ਪ੍ਰਬੰਧ ਕਰੋ ਕਿ ਬਾਕੀਆਂ ਕੋਲੋਂ ਅਤੇ ਜੋ ਸਮਰੱਥ ਹਨ ਉਨ੍ਹਾਂ ਸਿੱਖ ਬੱਚਿਆਂ ਕੋਲੋਂ ਬਾਜਵ ਫੀਸ ਲਵੋ ਪਰ ਗ਼ਰੀਬ ਸਿੱਖ ਬੱਚੇ, ਜਿਹੜੇ ਯੋਗ ਤਾਂ ਹਨ ਪਰ ਫੀਸਾਂ ਦੇਣ ਦੇ ਸਮਰੱਥ ਨਹੀਂ, ਉਨ੍ਹਾਂ ਨੂੰ ਇਹ ਟਰੇਨਿੰਗ ਮੁਫਤ ਦਿਉ। ਇਸ ਨਾਲ ਸਿੱਖ ਬੱਚਿਆਂ ਨੂੰ ਸਿੱਖੀ ਰਹਿਤ ਵਿਚ ਰਹਿਣ ਦੀ ਪ੍ਰੇਰਨਾ ਮਿਲੇਗੀ।



ਜਥੇਦਾਰ ਗੁਰਬਚਨ ਸਿੰਘ

ਇੱਕ ਹੋਰ ਉਦਾਹਰਣ ਸਵਰਗੀ ਯੋਗੀ ਹਰਭਜਨ ਸਿੰਘ ਖਾਲਸਾ ਤੋਂ ਭਾਵੇਂ ਅਮਰੀਕਾ ਰਹਿਣ ਵਾਲੇ ਸਿੱਖ ਖਾਸੇ ਖਫਾ ਹੁੰਦੇ ਰਹੇ ਹਨ ਪਰ ਜਿਸ ਤਰ੍ਹਾਂ ਉਨ੍ਹਾਂ ਨੇ ਅਮਰੀਕਨਾਂ ਅਤੇ ਹੋਰ ਕੌਮਾਂ ਦੇ ਲੋਕਾਂ ਨੂੰ ਸਿੱਖੀ ਵੱਲ ਲਿਆਂਦਾ, ਇਹ ਕੋਈ ਵੀ ਸਿੱਖ ਵਿਅਕਤੀਗਤ ਜਾਂ ਅਦਾਰਾ ਨਹੀਂ ਕਰ ਸਕਿਆ। ਉਨ੍ਹਾਂ ਦੀ ਪ੍ਰੇਰਨਾ ਨਾਲ ਤੁਹਾਨੂੰ ਅਮਰੀਕਨ, ਯੂਰਪੀਨ, ਮੈਕਸੀਕਨ, ਬ੍ਰਾਜ਼ੀਲੀਅਨ ਬਹੁਤ ਦੇਸ਼ਾਂ ਤੋਂ ਸਿੱਖ ਮਿਲ ਜਾਂਦੇ ਹਨ। ਮੈਂ ਆਪ ਜਪਾਨ ਤੋਂ ਸਿੱਖ ਸਜੀਆਂ ਬੀਬੀ ਦਲਜੀਤ ਕੌਰ ਤੇ ਕੁਦਰਤਿ ਕੌਰ ਨੂੰ ਉਨ੍ਹਾਂ ਦੇ ਪਰਿਵਾਰਾਂ ਸਮੇਤ ਮਿਲੀ ਹਾਂ। ਜਿੰਨੀ ਕੁ ਮੈਨੂੰ ਜਾਣਕਾਰੀ ਹੈ ਉਨ੍ਹਾਂ ਨੇ ਦੋ ਕੰਮ ਹੋਰ ਕੀਤੇ। ਅਮਰੀਕਨ ਸਿੱਖਾਂ ਲਈ ਵੱਖ ਵੱਖ ਕਿਸਮ ਦੇ ਰੁਜ਼ਗਾਰਾਂ ਦਾ ਪ੍ਰਬੰਧ ਵੀ ਕੀਤਾ ਅਤੇ ਬਾਹਰਲੇ ਸਿੱਖ ਬੱਚਿਆਂ ਨੂੰ ਸਿੱਖ ਪਰੰਪਰਾਵਾਂ ਅਤੇ ਪੰਜਾਬੀ ਰਵਾਇਤਾਂ ਦੀ ਸਿੱਖਿਆ ਲਈ ਅੰਮ੍ਰਿਤਸਰ ਦੇ ਨੇੜੇ ਗੁਰੂ ਕੀ ਵਡਾਲੀ ਵਿਖੇ ਮੀਰੀ ਪੀਰੀ ਅਕੈਡਮੀ ਖੋਲ੍ਹੀ ਜਿੱਥੇ ਅਮਰੀਕਾ ਦੀ ਤਰਜ਼ 'ਤੇ ਪੜ੍ਹਾਈ ਦਾ ਪ੍ਰਬੰਧ ਕੀਤਾ ਅਤੇ ਨਾਲ ਹੀ ਸਿੱਖ ਰਵਾਇਤਾਂ ਦੀ ਸਿਖਲਾਈ ਦੇਣ ਦਾ ਪ੍ਰਬੰਧ ਵੀ ਕੀਤਾ। ਸ਼ੁਰੂ ਸ਼ੁਰੂ ਦੀ ਗੱਲ ਹੈ ਕਿ ਇੱਕ ਅਮਰੀਕਨ ਸਿੱਖ ਅਮਰੀਕੀ ਪੁਲਿਸ ਵਿਚ ਭਰਤੀ ਹੋਣਾ ਚਾਹੁੰਦਾ ਸੀ ਪਰ ਹਰ ਵਾਰ ਉਸ ਨੂੰ ਸਿੱਖ ਹੋਣ ਕਰਕੇ ਵਾਪਸ ਆਉਣਾ ਪੈਂਦਾ ਸੀ। ਉਸ ਨੇ ਹੀ ਯੋਗੀ ਹਰਭਜਨ ਸਿੰਘ ਖਾਲਸਾ ਨੂੰ ਸਲਾਹ ਦਿੱਤੀ ਕਿ ਕਿਉਂ ਨਾ ਆਪਣੀ ਸਕਿਉਰਿਟੀ ਕੰਪਨੀ ਬਣਾਈ ਜਾਵੇ? ਅੱਜ ਅਮਰੀਕਨ ਸਿੱਖਾਂ ਦੀ ਸਥਾਪਤ ਕੀਤੀ 'ਅਕਾਲ ਸਕਿਉਰਿਟੀ ਕੰਪਨੀ' ਦਾ ਸ਼ੁਮਾਰ ਅਮਰੀਕਾ ਦੀਆਂ ਆਹਲਾ ਸਕਿਉਰਿਟੀ ਕੰਪਨੀਆਂ ਵਿਚ ਹੁੰਦਾ ਹੈ।

ਧਰਮ ਦਾ ਪੈਸਾ, ਗੁਰਦੁਆਰਿਆਂ ਦਾ ਪੈਸਾ ਸੰਗਤ ਦਾ ਪੈਸਾ ਹੈ ਜਿਸ ਨੂੰ ਧਰਮ ਦੇ ਕੰਮਾਂ 'ਤੇ ਸਿੱਖਾਂ ਦੀ ਬਿਹਤਰੀ ਲਈ ਖਰਚ ਕਰਨਾ ਬਣਦਾ ਹੈ। ਇਹ ਗੁਰੂ ਘਰਾਂ ਦੀ ਪ੍ਰਧਾਨਗੀ ਹਾਸਲ ਕਰਨ ਲਈ ਮੁਕੱਦਮਿਆਂ ਅਤੇ ਪਾਰਟੀ ਲਈ ਵੋਟਾਂ 'ਤੇ ਖਰਚ ਨਹੀਂ ਹੋਣਾ ਚਾਹੀਦਾ। ਇਸਾਈ ਧਰਮ ਦੀ ਉਦਾਹਰਣ ਸਾਹਮਣੇ ਹੈ ਅਤੇ ਗੁਰੂ ਦਾ ਆਦੇਸ਼ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਵੱਲ ਧਿਆਨ ਦੇਈਏ। ਸੋਚਣ ਵਾਲੀ ਗੱਲ 'ਵੱਧ ਬੱਚੇ ਪੈਦਾ ਕਰਨਾ ਨਹੀਂ', ਸੋਚਣ ਵਾਲੀ ਗੱਲ ਸਿੱਖੀ ਤੋਂ ਦੂਰ ਜਾਣਾ, ਪੰਜਾਬ ਵਿਚ ਕਿਸਾਨਾਂ ਦੀਆਂ ਖੁਦਕਸ਼ੀਆਂ, ਗਾਇਕਾਂ ਵਲੋਂ ਸਭਿਆਚਾਰਕ ਪ੍ਰਦੂਸ਼ਣ, ਨੌਜਵਾਨ ਪੀੜ੍ਹੀ ਦਾ ਨਸ਼ਿਆਂ ਵੱਲ ਧੱਕੇ ਜਾਣਾ ਅਤੇ 'ਵੱਡੇ ਲੋਕਾਂ' ਵਲੋਂ ਨਸ਼ਿਆਂ ਦਾ ਵਪਾਰ, ਸਿੱਖ ਹੋ ਕੇ ਵੀ ਅਫਸਰਾਂ ਦਾ ਰਿਸ਼ਵਤਖੋਰ ਹੋਣਾ ਹੈ। ਵਣਜਾਰੇ ਸਿੱਖਾਂ ਦਾ ਮਸਲਾ ਉਵੇਂ ਹੀ ਕਾਇਮ ਹੈ। ਇਸਾਈ ਚਰਚਾਂ ਨੇ ਦੂਸਰੇ ਧਰਮਾਂ ਵਿਚੋਂ ਦੱਬੇ-ਕੁਚਲੇ ਲੋਕਾਂ ਨੂੰ ਇਸਾਈ ਬਣਾਇਆ ਤਾਂ ਅਸੀਂ ਨਾਨਕ ਨਾਮ-ਲੇਵਾ ਸਿੱਖਾਂ ਦੀ ਸੰਭਾਲ ਕਿਉਂ ਨਹੀਂ ਕਰ ਸਕਦੇ? ਸੰਗਤ ਦੀ ਕਿਰਪਾ ਨਾਲ ਹੀ ਸਾਰੇ ਖਜ਼ਾਨੇ ਭਰਪੂਰ ਹਨ ਤੇ ਅਹੁਦੇਦਾਰੀਆਂ ਕਾਇਮ ਹਨ, ਫਿਰ ਕਿਉਂ?

ਗੁਰਬਾਣੀ ਗਿਆਨ

# ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ

**ਗਉੜੀ ਪੂਰਬੀ ਮਹਲਾ ੫**

ਮੇਰੇ ਮਨ ਸਰਣਿ ਪ੍ਰਭੂ ਸੁਖ ਪਾਏ॥
ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ
ਸੋ ਦਿਨੁ ਜਾਤ ਅਜਾਏ॥੧॥ਰਹਾਉ॥
ਏਕ ਰੈਣ ਕੇ ਪਾਹੁਨ ਤੁਮ ਆਏ
ਬਹੁ ਜੁਗ ਆਸ ਬਧਾਏ॥
ਗ੍ਰਿਹ ਮੰਦਰ ਸੰਪੈ ਜੋ ਦੀਸੈ
ਜਿਉ ਤਰਵਰ ਕੀ ਛਾਏ॥੧॥
ਤਨੁ ਮੇਰਾ ਸੰਪੈ ਸਭ ਮੇਰੀ
ਬਾਗ ਮਿਲਖ ਸਭ ਜਾਏ॥
ਦੇਵਨਹਾਰਾ ਬਿਸਰਿਓ ਠਾਕੁਰੁ
ਖਿਨ ਮਹਿ ਹੋਤ ਪਰਾਏ॥੨॥
ਪਹਿਰੈ ਬਾਗਾ ਕਰਿ ਇਸਨਾਨਾ
ਚੋਆ ਚੰਦਨ ਲਾਏ॥
ਨਿਰਭਉ ਨਿਰੰਕਾਰ ਨਹੀ ਚੀਨਿਆ
ਜਿਉ ਹਸਤੀ ਨਾਵਾਏ॥੩॥
ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ
ਸਭਿ ਸੁਖ ਹਰਿ ਕੇ ਨਾਏ॥
ਮੁਕਤੁ ਭਇਆ ਬੰਧਨ ਗੁਰਿ ਖੋਲੇ
ਜਨ ਨਾਨਕ ਹਰਿ ਗੁਣ ਗਾਏ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਚੰਚਲ ਮਨ ਨੂੰ ਉਪਦੇਸ਼ ਕਰਦੇ ਆਖ ਰਹੇ ਹਨ-ਹੇ ਮੇਰੇ ਮਨ! ਜਿਹੜਾ ਜੀਵ ਉਸ ਮਿਹਰਵਾਨ ਪ੍ਰਭੂ ਦੀ ਸ਼ਰਨ ਜਾ ਪੈਂਦਾ ਹੈ, ਉਹ ਆਤਮਿਕ ਸੁਖ ਤੇ ਅਨੰਦ ਮਾਣਦਾ ਹੈ; ਜਾ ਦਿਨਿ ਬਿਸਰੈ ਪ੍ਰਾਨ ਸੁਖਦਾਤਾ, ਹੇ ਭਾਈ! ਜਿਸ ਦਿਨ ਉਹ ਪ੍ਰਾਣਾਂ ਦਾ ਆਧਾਰ ਤੇ ਸੁਖਾਂ ਦਾ ਦਾਤਾ ਪ੍ਰਭੂ ਇਸ ਜੀਵ ਨੂੰ ਵਿਸਰ ਜਾਂਦਾ ਹੈ, ਸੋ ਦਿਨੁ ਜਾਤ ਅਜਾਏ, ਤਾਂ ਸਮਝ ਲੈਣਾ ਚਾਹੀਦਾ ਹੈ ਕਿ ਉਹ ਦਿਨ ਵਿਅਰਥ ਚਲਾ ਗਿਆ।

ਏਕ ਰੈਣ ਕੇ ਪਾਹੁਨ ਤੁਮ ਆਏ
ਬਹੁ ਜੁਗ ਆਸ ਬਧਾਏ॥
ਗ੍ਰਿਹ ਮੰਦਰ ਸੰਪੈ ਜੋ ਦੀਸੈ
ਜਿਉ ਤਰਵਰ ਕੀ ਛਾਏ॥੧॥

ਗੁਰਦੇਵ ਪਿਤਾ ਜੀ ਆਖਦੇ ਹਨ, ਹੇ ਭਾਈ! ਸਫ਼ਰ ਵਿਚ ਕਿਧਰੇ ਇਕ ਰਾਤ ਗੁਜ਼ਾਰਨ ਵਾਲੇ ਪ੍ਰਾਹੁਣੇ ਵਾਂਗ ਇਸ ਸੰਸਾਰ ਵਿਚ ਆਏ ਹੋ; ਪਰ ਇਥੇ ਆ ਕੇ ਕਈ ਜੁਗ ਜਿਉਂਦੇ ਰਹਿਣ ਦੀਆਂ ਆਸਾਂ ਬੰਨ੍ਹ ਬੈਠਦੇ ਹੋ। ਹੇ ਭਾਈ! ਇਹ ਜਿਹੜੇ ਘਰ ਮਹਿਲ ਤੇ ਧਨ ਸੰਪਦਾ ਜੋ ਕੁਝ ਦਿਸ ਰਿਹਾ ਹੈ; ਇਹ ਤਾਂ ਰੁੱਖ ਦੀ ਛਾਂ ਦੀ ਨਿਆਈਂ ਹਨ ਤੇ ਇਹ ਕਦੀ ਵੀ ਜੀਵ ਦਾ ਸਾਥ ਨਹੀਂ ਨਿਭਾਉਂਦੀਆਂ।

ਤਨੁ ਮੇਰਾ ਸੰਪੈ ਸਭ ਮੇਰੀ
ਬਾਗ ਮਿਲਖ ਸਭ ਜਾਏ॥
ਦੇਵਨਹਾਰਾ ਬਿਸਰਿਓ ਠਾਕੁਰੁ
ਖਿਨ ਮਹਿ ਹੋਤ ਪਰਾਏ॥੨॥

ਜੀਵ ਆਖਦਾ ਹੈ ਕਿ ਇਹ ਸਰੀਰ ਮੇਰਾ ਹੈ, ਇਹ ਧਨ ਦੌਲਤ ਵੀ ਸਭ ਮੇਰਾ ਹੀ ਹੈ; ਬਾਗ ਬਗੀਚੇ ਵੀ ਮੇਰੇ ਹਨ, ਇਹ ਜ਼ਮੀਨਾਂ ਤੇ ਸਭ ਥਾਂ ਮੇਰੇ ਹਨ; ਮੋਹ ਮਾਇਆ ਵਿਚ ਫਸਿਆ ਹੋਇਆ ਜੀਵ ਉਸ ਦਾਤਾਂ ਦੇਣ ਵਾਲੇ ਠਾਕੁਰ ਪ੍ਰਭੂ ਨੂੰ ਭੁਲ ਜਾਂਦਾ ਹੈ। ਪਰ ਇਹ ਸਾਰੇ ਹੀ ਝੂਠੇ ਪਦਾਰਥ ਇਕ ਖਿਨ-ਪਲ ਵਿਚ ਪਰਾਏ ਹੋ ਜਾਂਦੇ ਹਨ ਤੇ ਜੀਵ ਅਖੀਰ ਵੇਲੇ ਖਾਲੀ ਹੱਥ ਹੀ ਜਾਂਦਾ ਹੈ।

ਪਹਿਰੈ ਬਾਗਾ ਕਰਿ ਇਸਨਾਨਾ
ਚੋਆ ਚੰਦਨ ਲਾਏ॥
ਨਿਰਭਉ ਨਿਰੰਕਾਰ ਨਹੀ ਚੀਨਿਆ
ਜਿਉ ਹਸਤੀ ਨਾਵਾਏ॥੩॥


ਸਤਿਗੁਰੂ ਜੀ ਆਖਦੇ ਹਨ, ਹੇ ਭਾਈ! ਇਹ ਮੂਰਖ ਜੀਵ ਇਸ਼ਨਾਨ ਕਰ ਕੇ ਸਰੀਰ ਉਤੇ ਚਿੱਟੇ ਕੱਪੜੇ ਪਾ ਲੈਂਦਾ ਹੈ; ਆਪਣੇ ਸਰੀਰ ਤੇ ਕੱਪੜਿਆਂ ਉਤੇ ਇਤਰ-ਫੁਲੇਲ ਚੰਦਨ ਜੈਸੀਆਂ ਚੀਜ਼ਾਂ ਲਗਾਉਂਦਾ ਹੈ ਤੇ ਦਿਖਾਵੇ ਕਰਦਾ ਹੈ ਪਰ ਭਾਈ! ਜਿਸ ਜੀਵ ਨੇ ਨਿਰਭਉ ਨਿਰੰਕਾਰ ਪ੍ਰਭੂ ਨਾਲ ਪਛਾਣ ਨਹੀਂ ਬਣਾਈ, ਉਸ ਦੇ ਵਿਖਾਵੇ ਇਵੇਂ ਹਨ ਜਿਵੇਂ ਹਾਥੀ ਨਹਾਉਣ ਮਗਰੋਂ ਆਪਣੇ ਉਤੇ ਮਿੱਟੀ ਪਾ ਲੈਂਦਾ ਹੈ।

ਜਉ ਹੋਇ ਕ੍ਰਿਪਾਲ ਤ ਸਤਿਗੁਰੁ ਮੇਲੈ
ਸਭਿ ਸੁਖ ਹਰਿ ਕੇ ਨਾਏ॥
ਮੁਕਤੁ ਭਇਆ ਬੰਧਨ ਗੁਰਿ ਖੋਲੇ
ਜਨ ਨਾਨਕ ਹਰਿ ਗੁਣ ਗਾਏ॥੪॥

ਹੇ ਭਾਈ! ਵਿਚਾਰੇ ਜੀਵਾਂ ਦੇ ਵੀ ਕੀ ਵੱਸ ਹੈ, ਜਦੋਂ ਉਹ ਮਿਹਰਵਾਨ ਪ੍ਰਭੂ ਜੀਵ ਉਤੇ ਦਇਆਵਾਨ ਹੁੰਦਾ ਹੈ ਤਾਂ ਉਸ ਨੂੰ ਗੁਰੂ ਮਿਲਾ ਦਿੰਦਾ ਹੈ; ਤਾਂ ਗੁਰੂ ਉਸ ਜੀਵ ਨੂੰ ਨਾਮ ਦੀ ਦਾਤ ਦਿੰਦਾ ਹੈ ਜਿਸ ਹਰੀ ਨਾਮ ਵਿਚ ਜਗਤ ਦੇ ਸਾਰੇ ਹੀ ਸੁਖ ਹਨ। ਗੁਰੂ ਨੇ ਮਿਹਰ ਕਰ ਕੇ ਜੀਵ ਦੇ ਸਾਰੇ ਹੀ ਬੰਧਨ ਖੋਲ੍ਹ ਦਿੱਤੇ, ਜਨ ਨਾਨਕ ਹਰਿ ਗੁਣ ਗਾਏ, ਨਾਨਕ ਫਿਰ ਉਹ ਜੀਵ ਹੀ ਪ੍ਰਭੂ ਦੇ ਗੁਣ ਗਾਉਂਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਦੇਵਿੰਦਰ ਸਤਿਆਰਥੀ-3



ਗੁਰਬਚਨ ਸਿੰਘ ਭੁੱਲਰ
ਫੋਨ: 01191-11425-02364
bhullargs@gmail.com

# ਕਰਨ ਇਸ਼ਾਰੇ ਅਣਦੇਖੇ-ਅਣਜਾਣੇ ਰਾਹ !

***ਦੇਵਿੰਦਰ ਸਤਿਆਰਥੀ ਨੇ ਹਿੰਦੀ, ਉਰਦੂ ਅਤੇ ਪੰਜਾਬੀ-ਤਿੰਨਾਂ ਹੀ ਭਾਸ਼ਾਵਾਂ ਵਿਚ ਸਾਹਿਤ ਰਚਨਾ ਕੀਤੀ। ਉਨ੍ਹਾਂ ਦਾ ਅਸਲ ਨਾਂ ਦੇਵਿੰਦਰ ਬੱਤਾ ਸੀ। ਦੇਸ਼ ਦੇ ਕੋਨੇ ਕੋਨੇ ਦੀ ਯਾਤਰਾ ਕਰ ਕੇ ਉਥੋਂ ਦੇ ਲੋਕ ਜੀਵਨ, ਲੋਕ ਸਾਹਿਤ, ਗੀਤਾਂ ਅਤੇ ਪਰੰਪਰਾਵਾਂ ਬਾਰੇ ਜਾਣਕਾਰੀ ਇਕੱਤਰ ਕਰਕੇ ਉਨ੍ਹਾਂ ਕਿਤਾਬਾਂ ਅਤੇ ਵਾਰਤਾਵਾਂ ਵਿਚ ਸਾਂਭ ਦਿੱਤੀ। ਦਿੱਲੀ ਦੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦੀ ਸਾਹਿਤ ਰਚਨਾ ਲਈ ਖਬਤ ਕਰਕੇ ਉਨ੍ਹਾਂ ਬਾਰੇ ਕਈ ਲਤੀਫੇ ਬਣੇ ਹੋਏ ਸਨ। ਨਾਮੀ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ 'ਸਤਿਯੁਗੀ ਬੰਦੇ' ਨਾਂ ਦੀ ਆਪਣੀ ਲੇਖ ਲੜੀ ਵਿਚ ਇਕ ਲੇਖ ਸਤਿਆਰਥੀ ਬਾਰੇ ਲਿਖਿਆ ਸੀ। ਇਸ ਲੜੀ ਨੂੰ ਅਗੇ ਤੋਰਦਿਆਂ ਉਨ੍ਹਾਂ ਮਰਹੂਮ ਦੇਵਿੰਦਰ ਸਤਿਆਰਥੀ ਬਾਰੇ ਕੁਝ ਹੋਰ ਲੇਖ ਭੇਜੇ ਹਨ। -ਸੰਪਾਦਕ***

ਸਤਿਆਰਥੀ ਜੀ ਨਾਲ ਗੱਲਾਂ ਕਰਨ ਲਈ ਬੰਦੇ ਨੂੰ ਬੜੇ ਦਮ ਦੀ ਲੋੜ ਪੈਂਦੀ ਸੀ-ਸਰੀਰਕ ਦਮ ਦੀ ਵੀ ਤੇ ਮਾਨਸਿਕ ਦਮ ਦੀ ਵੀ। ਉਹ ਸਰੋਤੇ ਨੂੰ ਉਂਗਲੀ ਫੜਾ ਕੇ ਆਪਣੇ ਨਾਲ ਉਸ ਅਮੁੱਕ-ਅਨੰਤ ਭੂਗੋਲ ਦਾ ਯਾਤਰੀ ਬਣਾ ਲੈਂਦੇ ਸਨ ਜਿਸ ਵਿਚ ਉਨ੍ਹਾਂ ਨੇ ਲੋਕਯਾਨ ਦਾ ਅਸ਼ਵਮੇਧੀ ਘੋੜਾ ਛੱਡ ਰਖਿਆ ਸੀ ਜੋ ਉਨ੍ਹਾਂ ਦੇ ਚਕਰਵਰਤੀ ਸਾਹਿਤ-ਸਮਰਾਟ ਹੋਣ ਵਿਚ ਕੋਈ ਸੰਦੇਹ ਨਹੀਂ ਸੀ ਰਹਿਣ ਦਿੰਦਾ।

ਆਪਣੇ ਨਾਲ ਇਸ ਬਿਖੜੇ ਮਾਰਗ ਉਤੇ ਤੁਰਨ ਦਾ ਸੱਦਾ ਦਿੰਦਿਆਂ ਉਹ ਆਖਦੇ ਸਨ, "ਜੇ ਤੱਕਣੇ ਤੈਂ ਘਾਹ-ਪੱਤੀਆਂ ਦੇ ਹੰਝੂ ਕੁੜੀਏ, ਤੁਰਨਾ ਪੈਸੀ ਸਾਡੇ ਨਾਲ!" ਇਹ ਮਾਰਗ ਕਦੀ ਆਸਾਮ ਤੇ ਕਦੀ ਬੰਗਾਲ ਲੈ ਜਾਂਦਾ ਸੀ, ਕਦੀ ਗੁਜਰਾਤ ਤੇ ਕਦੀ ਬਲੋਚਿਸਤਾਨ, ਕਦੀ ਬਰਮਾ ਤੇ ਕਦੀ ਲੰਕਾ। ਕਦੀ ਇਹ ਪਹਾੜੀਂ ਚੜ੍ਹਾ ਲੈਂਦਾ ਸੀ ਅਤੇ ਕਦੀ ਦਰਿਆਵਾਂ ਤੇ ਜੰਗਲਾਂ-ਬੇਲਿਆਂ ਵਿਚੋਂ ਦੀ ਲੰਘਾਉਂਦਾ ਹੋਇਆ ਕੰਨਿਆ ਕੁਮਾਰੀ ਦੇ ਸਾਗਰ ਦੀਆਂ ਲਹਿਰਾਂ ਨਿਹਾਰਨ ਲਈ ਪ੍ਰੇਰਦਾ ਸੀ।

ਇਸ ਮਾਰਗ ਦੇ ਯਾਤਰੀ ਬਣ ਕੇ ਪਤਾ ਨਹੀਂ ਉਹ ਕਿੰਨੇ ਮੰਦਰਾਂ ਦੀਆਂ ਪੌੜੀਆਂ ਉਤਰੇ ਸਨ ਅਤੇ ਕਿੰਨੇ ਕੋਠੇ ਚੜ੍ਹੇ ਸਨ। ਕੌਣ ਜਾਣੇ, ਮਹਾਂਸਾਗਰ ਤੱਕ ਦੀ ਯਾਤਰਾ ਵਿਚ ਹੰਝੂਆਂ ਦੀ ਬੇੜੀ ਕਿਸ-ਕਿਸ ਘਾਟ ਉਤੇ ਲਗਦੀ ਰਹੀ ਸੀ ਅਤੇ ਕਲਾ ਦਾ ਕੈਲਾਸ਼ ਪਰਬਤ ਉਸਾਰਨ ਵਾਸਤੇ ਕਿਥੋਂ-ਕਿਥੋਂ ਕਿਣਕਾ-ਕਿਣਕਾ ਮਿਲਦਾ ਰਿਹਾ ਸੀ? ਕੀ ਪਤਾ, ਕਿਸ-ਕਿਸ ਬੱਦਲ ਦਾ ਪਰਛਾਵਾਂ ਸਿਰ ਉਤੋਂ ਦੀ ਲੰਘਦਾ ਰਿਹਾ ਸੀ ਅਤੇ ਕਿੰਨੇ ਪੈਂਡਿਆਂ ਦੀਆਂ ਯਾਦਾਂ ਮਨ ਵਿਚ ਗਡ-ਮਡ ਹੋ ਕੇ ਰਹਿ ਗਈਆਂ ਸਨ? ਖ਼ਬਰੈ ਸੁਫ਼ਨਿਆਂ ਦੇ ਕਿੰਨੇ ਟਾਪੂ ਉਭਰ ਕੇ ਉਨ੍ਹਾਂ ਦੇ ਪੈਰਾਂ ਦੀ ਛੋਹ ਤੋਂ ਵੀ ਪਹਿਲਾਂ ਡੁਬਦੇ ਰਹੇ ਸਨ ਅਤੇ ਸੋਚ-ਸਮਝ ਦੇ ਪਾਟੇ ਹੋਏ ਕੰਨਾਂ ਵਿਚ ਜਜ਼ਬਿਆਂ ਦੀਆਂ ਮੁੰਦਰਾਂ ਪਾ ਕੇ ਕਿੰਨੇ ਬੂਹਿਆਂ ਉਤੇ ਅਲਖ ਜਗਾਉਣੀ ਪਈ ਸੀ?

ਇਸ ਮਾਰਗ ਉਤੇ ਤੁਰਦਿਆਂ ਕਦੀ ਉਹ ਕਿਸੇ ਆਸ਼ਰਮ ਵਿਚ ਲਿਜਾ ਕੇ ਰਿਖੀਸ਼ਰਾਂ-ਤਪੀਸ਼ਰਾਂ ਵਿਚਕਾਰ ਬਿਠਾ ਦਿੰਦੇ ਸਨ ਅਤੇ ਕਦੀ ਰੂਸ, ਫ਼ਰਾਂਸ, ਅਮਰੀਕਾ, ਇੰਗਲੈਂਡ ਦੇ ਪਿਛਲੀਆਂ ਸਦੀਆਂ ਦੇ ਤੇ ਅਜੋਕੇ ਸਾਹਿਤਕਾਰਾਂ ਨਾਲ ਜਾ ਹੱਥ ਮਿਲਵਾਉਂਦੇ ਸਨ। ਉਰਦੂ, ਹਿੰਦੀ, ਪੰਜਾਬੀ ਅਤੇ ਹੋਰ ਅਨੇਕਾਂ ਭਾਰਤੀ ਭਾਸ਼ਾਵਾਂ ਦੇ ਸਿਰਕੱਢ ਸਮਕਾਲੀ ਲੇਖਕ ਤਾਂ ਉਨ੍ਹਾਂ ਦੇ ਯਾਰ-ਬੇਲੀ ਸਨ ਹੀ। ਸਤਿਆਰਥੀ ਜੀ ਨੇ, ਜੇ ਕੁਝ ਅਨੁਵਾਦਿਤ ਅਤੇ ਸੰਪਾਦਿਤ ਪੁਸਤਕਾਂ ਵੀ ਰਲਾ ਲਈਏ, ਪੰਜ ਦਰਜਨ ਦੇ ਕਰੀਬ ਪੁਸਤਕਾਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿਚ ਰਚੀਆਂ।

ਮੈਂ ਸਵਾਲ ਕੀਤਾ, "ਗੁਰੂਦੇਵ, ਤੁਹਾਨੂੰ ਹਿੰਦੀ ਵਾਲੇ ਉਰਦੂ ਜਾਂ ਪੰਜਾਬੀ ਦਾ ਅਤੇ ਉਰਦੂ ਵਾਲੇ ਹਿੰਦੀ ਜਾਂ ਪੰਜਾਬੀ ਦਾ ਲੇਖਕ ਮੰਨਦੇ ਹਨ। ਅਪਣਾਇਆ ਤਾਂ ਤੁਹਾਨੂੰ ਪੰਜਾਬੀ ਨੇ ਹੀ ਹੈ ਜੋ ਤੁਹਾਨੂੰ ਹਿੱਕ ਨਾਲ ਲਾ ਕੇ ਆਖਦੀ ਹੈ, ਹਿੰਦੀ ਜਾਂ ਉਰਦੂ ਦਾ ਨਹੀਂ, ਇਹ ਤਾਂ ਮੇਰਾ ਲਾਲ ਹੈ!...ਪਰ ਤੁਸੀਂ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਦੇ ਵਸੀਲੇ ਵਜੋਂ ਮੁਖ ਤੌਰ ਉਤੇ ਕੋਈ ਇਕੋ ਭਾਸ਼ਾ ਕਿਉਂ ਨਾ ਚੁਣੀ?"

"ਦਰਅਸਲ ਜੀ ਇਹ ਮੇਰੀ ਤਬੀਅਤ ਦੀ ਆਵਾਰਗੀ ਦਾ ਪਰਤੌ ਵੀ ਹੈ ਅਤੇ ਇਸ ਨਾਲ ਸ਼ਬਦ-ਚੋਣ ਦੀ ਸਮਰੱਥਾ ਵੀ ਵਧਦੀ ਹੈ। ਨਾਲੇ ਪੰਜਾਬੀ, ਹਿੰਦੀ ਅਤੇ ਉਰਦੂ ਦੇ ਵਿਆਕਰਣ ਤਾਂ ਇਕੋ ਹੀ ਹਨ। ਬੈਕਿਟ ਦੀ ਮਾਂ-ਬੋਲੀ ਆਇਰਿਸ਼ ਅੰਗਰੇਜ਼ੀ ਸੀ, ਲਿਖਦਾ ਉਹ ਫਰਾਂਸੀਸੀ ਵਿਚ ਸੀ।" ਉਨ੍ਹਾਂ ਨੇ ਮੁਸਕਰਾ ਕੇ ਆਪਣੀ ਬਹੁਭਾਸ਼ੀ ਪਹੁੰਚ ਦੇ ਕਾਰਨ ਸਮਝਾਏ ਅਤੇ ਫੇਰ ਗੰਭੀਰ ਹੋ ਕੇ ਕਿਤੇ ਦੂਰ, ਕਿਸੇ ਮਾਨਸਿਕ ਦਿਸਹੱਦੇ ਵੱਲ ਦੇਖਦਿਆਂ ਬੋਲੇ, "ਭੁੱਲਰ ਜੀ, ਤੁਸੀਂ ਜ਼ਬਾਨਾਂ ਵਿਚੋਂ ਇਕ ਜ਼ਬਾਨ ਚੁਣਨ ਦੀ ਗੱਲ ਕਰਦੇ ਹੋ, ਮੈਨੂੰ ਤਾਂ ਇਹ ਵੀ ਪਤਾ ਨਹੀਂ ਕਿ ਮੈਂ ਕਿਸ ਦੇਸ ਦਾ ਹਾਂ।"

ਵੱਖ-ਵੱਖ ਭਾਸ਼ਾਵਾਂ ਨਾਲ ਸਤਿਆਰਥੀ ਜੀ ਦਾ ਸਨੇਹ ਸਚਮੁੱਚ ਹੀ ਬੜਾ ਸੁਹਿਰਦ ਸੀ। ਇਕ ਦਿਨ ਲੋਕ-ਮਾਤਾ ਉਨ੍ਹਾਂ ਨੂੰ ਕਹਿਣ ਲੱਗੀ, ਤੁਸੀਂ ਬੋਲੇ ਕੁੱਕੜ ਤਾਂ ਹੋ ਹੀ, ਦੁਸ਼ਟ ਵੀ ਹੋ। ਉਨ੍ਹਾਂ ਨੂੰ 'ਦੁਸ਼ਟ' ਕਹੇ ਜਾਣ ਦਾ ਕੋਈ ਗਿਲਾ ਨਹੀਂ ਹੋਇਆ ਸਗੋਂ ਖੁਸ਼ ਹੋ ਕੇ ਬੋਲੇ, "ਬਈ ਵਾਹ, ਤੂੰ ਤਾਂ ਸੰਸਕ੍ਰਿਤ ਵੀ ਬੋਲਣ ਲਗੀ ਹੈਂ, ਰੁਸ਼ਟ, ਮੁਸ਼ਟ, ਦੁਸ਼ਟ।" ਮੈਨੂੰ ਇਹ ਗੱਲ ਸੁਣਾਉਂਦਿਆਂ ਆਖਣ ਲਗੇ, "ਦਰਅਸਲ ਜੀ, ਲੋਕ-ਮਾਤਾ ਦਾ ਬੰਦਿਆਂ ਦਾ ਮੁੱਲ ਅੰਗਣ ਦਾ ਆਪਣਾ ਹੀ ਤਰੀਕਾ ਹੈ ਜੋ ਕੋਈ ਬਹੁਤਾ ਪਾਏਦਾਰ ਜਾਂ ਤਰਕਪੂਰਨ ਨਹੀਂ। ਦੇਖੋ ਨਾ ਭੁੱਲਰ ਜੀ, ਮੈਨੂੰ ਤਾਂ ਦੁਸ਼ਟ ਕਹਿ ਦਿੱਤਾ, ਤੇ ਇਕ ਦਿਨ ਮੈਨੂੰ ਕਹਿ ਰਹੀ ਸੀ, ਤੁਸੀਂ ਹੁਣ ਤਕ ਜਿੰਨੇ ਦੋਸਤ ਬਣਾਏ ਨੇ, ਸਭ ਤੋਂ ਸਾਊ ਭੁੱਲਰ ਐ। ਕੋਈ ਪੁੱਛੇ ਬਈ ਭਲੀਏ ਲੋਕੇ, ਤੂੰ ਆਪਣੀ ਤੱਕੜੀ ਦੀ ਡੰਡੀ ਕੁਛ ਤਾਂ ਸਿੱਧੀ...!" ਉਨ੍ਹਾਂ ਨੇ ਗੱਲ ਜਾਣ ਕੇ ਵਿਚਾਲੇ ਛੱਡ ਦਿੱਤੀ। ਮੱਕੀ ਦੀਆਂ ਖਿੱਲਾਂ ਵਾਂਗ ਖਿੜ-ਖਿੜ ਪੈਂਦੇ ਹਾਸੇ ਦੀਆਂ ਕੰਨੀਆਂ ਛੋਂਹਦੀ ਮੁਸਕਰਾਹਟ ਨਾਲ ਉਨ੍ਹਾਂ ਦੀਆਂ ਸੰਘਣੀਆਂ ਮੁੱਛਾਂ ਨੱਚਣ ਲਗੀਆਂ ਤੇ ਅੱਖਾਂ ਵਿਚ ਹਾਣੀਆਂ ਵਾਲੀ ਸ਼ਰਾਰਤ ਲਿਸ਼ਕਣ ਲਗੀ। ਸਤਿਆਰਥੀ ਜੀ ਨੇ ਲੰਮਾ ਸਾਹਿਤਕ ਸਫ਼ਰ ਲੋਕ ਗੀਤ ਇਕੱਤਰ ਕਰਨ ਨਾਲ ਸ਼ੁਰੂ ਕੀਤਾ। ਇਸ ਕਾਰਜ ਦਾ ਸ਼ੁਭ-ਅਰੰਭ ਹਾਈ ਸਕੂਲ ਵਿਚ ਪੜ੍ਹਦਿਆਂ ਹੀ ਹੋ ਗਿਆ ਸੀ। ਲੋਕ ਗੀਤਾਂ ਦੇ ਇਸ ਲਗਾਤਾਰ ਭਰ ਰਹੇ ਖ਼ਜ਼ਾਨੇ ਨੂੰ ਆਧਾਰ ਬਣਾ ਕੇ ਉਨ੍ਹਾਂ ਨੇ ਕੁਝ ਲੇਖ ਲਿਖੇ ਅਤੇ 'ਪ੍ਰੀਤਲੜੀ' ਵਿਚ ਛਪਵਾ ਦਿੱਤੇ। ਉਨ੍ਹਾਂ ਦੇ ਇਹ ਲੇਖ ਸ. ਸ. ਅਮੋਲ ਨੇ ਪੜ੍ਹੇ ਤਾਂ ਉਨ੍ਹਾਂ ਨੂੰ ਬਹੁਤ ਚੰਗੇ ਲਗੇ। ਉਨ੍ਹਾਂ ਨੇ ਧਨੀ ਰਾਮ ਚਾਤ੍ਰਿਕ ਨਾਲ ਸਲਾਹ ਕੀਤੀ ਅਤੇ 'ਪ੍ਰੀਤਲੜੀ' ਤੋਂ ਪਤਾ ਕਰ ਕੇ ਭਦੌੜ ਦੇ ਸਿਰਨਾਵੇਂ ਉਤੇ ਚਿੱਠੀ ਲਿਖ ਭੇਜੀ। ਚਿੱਠੀ ਵਿਚ ਅਮੋਲ ਜੀ ਨੇ ਇਹ ਇੱਛਾ ਦੱਸੀ ਕਿ ਸਤਿਆਰਥੀ ਜੀ ਉਨ੍ਹਾਂ ਦੇ ਕਾਲਜ ਵਿਚ ਲੋਕ ਗੀਤਾਂ ਬਾਰੇ ਪੰਜ ਭਾਸ਼ਣ ਦੇਣ। ਉਹ ਲੇਖਾਂ ਦੀ ਫਾਈਲ ਕੱਛੇ ਮਾਰ ਕੇ ਅੰਮ੍ਰਿਤਸਰ ਜਾ ਪਹੁੰਚੇ।

ਪੰਜ ਭਾਸ਼ਨ ਇਕ ਇਕ ਕਰ ਕੇ ਪੰਜ ਦਿਨਾਂ ਵਿਚ ਹੋਏ ਅਤੇ ਵੱਖ-ਵੱਖ ਵਿਦਵਾਨਾਂ ਨੇ ਪੰਜੇ ਦਿਨਾਂ ਦੇ ਪੰਜਾਂ ਸਮਾਗਮਾਂ ਦੀ ਪ੍ਰਧਾਨਗੀ ਕੀਤੀ। ਇਕ ਭਾਸ਼ਨ ਦੇ ਪ੍ਰਧਾਨ ਪ੍ਰਿੰ. ਤੇਜਾ ਸਿੰਘ ਸਨ। ਸਮਾਗਮ ਦੀ ਸਮਾਪਤੀ ਮਗਰੋਂ ਉਨ੍ਹਾਂ ਨੇ ਸਤਿਆਰਥੀ ਜੀ ਨੂੰ ਇਨ੍ਹਾਂ ਭਾਸ਼ਨਾਂ ਦੀ ਪੁਸਤਕ ਛਪਵਾਉਣ ਦੀ ਸਲਾਹ ਦਿੱਤੀ। ਇਉਂ 1936 ਵਿਚ 'ਗਿੱਧਾ' ਦਾ ਜਨਮ ਹੋਇਆ। 'ਗਿੱਧਾ' ਛਪਦਿਆਂ ਹੀ ਕਲਾਸਕੀ ਰਚਨਾ ਬਣ ਗਈ। ਇਸ ਪੁਸਤਕ ਨੇ ਲੋਕ-ਗੀਤਾਂ ਦੇ, ਲੋਕ-ਸਾਹਿਤ ਦੇ ਅਤੇ ਲੋਕ-ਸਭਿਆਚਾਰ ਦੇ ਮੁਲੰਕਣ ਦਾ ਇਕ ਗਾਡੀ ਰਾਹ ਖੋਲ੍ਹ ਦਿੱਤਾ ਅਤੇ ਵਿਦਵਾਨਾਂ ਨੂੰ ਇਨ੍ਹਾਂ ਵੱਲ ਉਦੋਂ ਤੱਕ ਦੇ ਨਜ਼ਰੀਏ ਨਾਲੋਂ ਵੱਖਰੇ ਕੋਣ ਤੋਂ ਦੇਖਣ ਵਾਸਤੇ ਸੋਚਣ ਲਾ ਦਿੱਤਾ। ਸਤਿਆਰਥੀ ਜੀ ਨੇ ਕਈ ਕੁਝ ਲਿਖਿਆ, ਕਈ ਭਾਸ਼ਾਵਾਂ ਵਿਚ ਲਿਖਿਆ। ਕਹਾਣੀਆਂ, ਨਾਵਲ, ਕਵਿਤਾਵਾਂ, ਲੇਖ, ਲੋਕਗੀਤਾਂ ਬਾਰੇ ਹੋਰ ਪੁਸਤਕਾਂ, ਯਾਦਾਂ, ਵਗ਼ੈਰਾ ਵਗ਼ੈਰਾ, ਪਰ ਅੰਤ ਤੱਕ ਅਨੇਕ ਪਾਠਕਾਂ ਦੀ ਨਜ਼ਰ ਵਿਚ ਉਹ 'ਗਿੱਧਾ' ਦੇ ਰਚਨਾਕਾਰ ਵਜੋਂ ਹੀ ਸਥਾਪਤ ਰਹੇ।

ਘਰ-ਵਾਲਿਆਂ ਨੇ ਪਟਿਆਲੇ, ਮਹਿੰਦਰਾ ਕਾਲਜ ਵਿਚ ਦਾਖਲ ਕਰਵਾਏ ਸਨ ਜੋ ਉਸ ਵੇਲੇ ਪੰਜਾਬ ਦਾ ਇਕ ਪ੍ਰਮੁੱਖ ਕਾਲਜ ਗਿਣਿਆ ਜਾਂਦਾ ਸੀ। ਇਸ ਕਾਲਜ ਵਿਚ ਰਿਆਸਤ ਦੇ ਮੁੰਡਿਆਂ ਨੂੰ ਖਰਚ ਵਿਚ ਰਿਆਇਤ ਵੀ ਮਿਲਦੀ ਸੀ। ਘਰ-ਵਾਲਿਆਂ ਨੇ ਜੇਬ-ਖਰਚ ਵਜੋਂ ਸੱਤ ਰੁਪਏ ਮਹੀਨਾ ਭੱਤਾ ਵੱਖਰਾ ਬੰਨ੍ਹ ਦਿੱਤਾ। ਉਥੇ ਕਸੂਰ ਦਾ ਇਕ ਮੁੰਡਾ ਪਹਿਲਾਂ ਹੀ ਦਾਖ਼ਲ ਹੋ ਚੁਕਿਆ ਸੀ ਜੋ ਉਹਦੇ ਘਰ-ਵਾਲਿਆਂ ਨੇ ਪਤਾ ਨਹੀਂ ਕਿਸ ਕਾਰਨ ਏਨੀ ਦੂਰ ਪੜ੍ਹਨ ਲਾਇਆ ਸੀ। ਸਤਿਆਰਥੀ ਜੀ ਦੀ ਸਭ ਤੋਂ ਗੂੜ੍ਹੀ ਆੜੀ ਉਸੇ ਨਾਲ ਪੈ ਗਈ। ਮੁੰਡਾ ਲਾਹੌਰ ਜਾ ਦਾਖ਼ਲ ਹੋਣ ਦੀਆਂ ਗੱਲਾਂ ਕਰਦਾ ਜਿਸ ਦੀ ਕਸੂਰ ਤੋਂ ਪਟਿਆਲੇ ਨਾਲੋਂ ਦੂਰੀ ਚੌਥਾ ਹਿੱਸਾ ਹੀ ਸੀ। ਆਖ਼ਰ ਉਹ ਲਾਹੌਰ ਚਲਿਆ ਹੀ ਗਿਆ।

ਸਤਿਆਰਥੀ ਜੀ ਤਾਂ ਪਹਿਲਾਂ ਹੀ ਲਾਹੌਰ ਪੜ੍ਹਨ ਦੇ ਚਾਹਵਾਨ ਸਨ ਕਿਉਂਕਿ ਉਹ ਉਸ ਸਮੇਂ ਸਾਹਿਤ ਤੇ ਸਭਿਆਚਾਰ ਦਾ ਹਿੰਦੁਸਤਾਨ ਦਾ ਇਕ ਵੱਡਾ ਕੇਂਦਰ ਸੀ। ਉਥੇ ਕਾਲਜ ਵਿਚ ਅਤੇ ਕਾਲਜ ਤੋਂ ਬਾਹਰ ਉਨ੍ਹਾਂ ਨੂੰ ਮਨਚਾਹਿਆ ਸਿਰਜਣਾਤਮਕ ਮਾਹੌਲ ਮਿਲ ਸਕਦਾ ਸੀ। ਹੁਣ ਦੁਬਿਧਾ ਦੀ ਕੋਈ ਗੁੰਜਾਇਸ਼ ਨਾ ਰਹੀ ਅਤੇ ਸਤਿਆਰਥੀ ਜੀ ਵੀ ਲਾਹੌਰ ਵੱਲ ਤੁਰ ਪਏ। ਉਹ ਕਾਲਜ ਦੀ ਬਦਲੀ ਕਰਵਾ ਕੇ ਘਰ ਆਏ। ਘਰਵਾਲਿਆਂ ਦਾ ਗੁੱਸੇ ਹੋਣਾ ਲਾਜ਼ਮੀ ਸੀ। ਪਟਿਆਲਾ ਘਰ ਤੋਂ ਲਾਹੌਰ ਨਾਲੋਂ ਨੇੜੇ ਵੀ ਸੀ ਤੇ ਪਟਿਆਲੇ ਕਾਲਜ ਵਿਚ ਖਰਚ ਵੀ ਘੱਟ ਸੀ। ਉਨ੍ਹਾਂ ਦੇ ਗੁੱਸੇ ਦਾ ਇਨ੍ਹਾਂ ਦਾ ਘੜਿਆ-ਘੜਾਇਆ ਜਵਾਬ ਤਿਆਰ ਸੀ, "ਜਾਵਾਂਗਾ ਤਾਂ ਲਾਹੌਰ ਹੀ ਪਰ ਤੁਹਾਥੋਂ ਕੁਝ ਨਹੀਂ ਮੰਗਾਂਗਾ।" ਇਨ੍ਹਾਂ ਦੀ ਅੜੀ ਦੇਖ ਕੇ ਪਿਤਾ ਜੀ ਨੇ ਹਥਿਆਰ ਸੁੱਟ ਦਿੱਤੇ ਅਤੇ ਕਿਹਾ, "ਨਹੀਂ, ਪਟਿਆਲੇ ਲਈ ਬੰਨ੍ਹੇ ਹੋਏ ਸੱਤ ਰੁਪਏ ਤਾਂ ਤੈਨੂੰ ਦੇਵਾਂਗੇ ਹੀ!"


ਕਸੂਰੀ ਮਿੱਤਰ ਗਿਣਵੇਂ ਦਿਨ ਕਾਲਜ ਆਇਆ ਅਤੇ ਇਕ ਦਿਨ ਅਚਾਨਕ ਉਹਦੀ ਮੌਤ ਹੋ ਗਈ। ਸਤਿਆਰਥੀ ਜੀ ਨੇ 'ਹਾਇ ਰੱਬਾ' ਦਾ ਹਉਕਾ ਲੈ ਕੇ ਉਨ੍ਹੀਂ ਰਾਹੀਂ ਤੁਰਨ ਦਾ ਫੈਸਲਾ ਕਰ ਲਿਆ ਜਿਨ੍ਹਾਂ ਦੀ ਸਾਰ ਕੋਈ ਨਹੀਂ ਜਾਣਦਾ, ਭਾਵ ਮੁੰਡੇ ਦੇ ਮਗਰ ਮਗਰ ਅਗਲੀ ਦੁਨੀਆਂ ਦਾ ਰਾਹ! ਹੋਰ ਮਿੱਤਰਾਂ ਤੇ ਜਮਾਤੀਆਂ ਦੇ ਸਮਝਾਇਆਂ ਵੀ ਨਾ ਸਮਝੇ ਤਾਂ ਕਿਸੇ ਸ਼ੁਭਚਿੰਤਕ ਨੇ ਮਹਾਂਕਵੀ ਇਕਬਾਲ ਸਾਹਮਣੇ ਲਿਜਾ ਖੜ੍ਹੇ ਕੀਤੇ। ਉਨ੍ਹਾਂ ਨੇ ਸਤਿਆਰਥੀ ਜੀ ਦੇ ਚਿਹਰੇ ਨੂੰ ਕੁਝ ਪਲ ਨਜ਼ਰਾਂ ਗੱਡ ਕੇ ਘੋਖਿਆ ਅਤੇ ਬੋਲੇ, "ਨੌਜਵਾਨ, ਹਿੰਦੂ ਏਂ ਤਾਂ ਮਰਨ ਪਿੱਛੋਂ ਤੇਰਾ ਨਵਾਂ ਜਨਮ ਤਾਂ ਹੋਵੇਗਾ ਹੀ। ਦੇਖ, ਤੇਰੇ ਨਵੇਂ ਜਨਮ ਵਿਚ ਤਿੰਨ ਗੱਲਾਂ ਵਿਚੋਂ ਕੋਈ ਇਕ ਮੁਮਕਿਨ ਏ। ਨਵਾਂ ਜਨਮ ਇਸ ਜਨਮ ਵਰਗਾ ਹੀ ਹੋਇਆ ਤਾਂ ਮਰਨ ਦਾ ਕੀ ਲਾਭ? ਇਸ ਨਾਲੋਂ ਭੈੜਾ ਵੀ ਹੋ ਸਕਦਾ ਏ; ਤਦ ਤਾਂ ਮਰਨਾ ਮੂਰਖਤਾ ਹੋਵੇਗੀ। ਸੋ ਚੰਗੇਰਾ ਹੋਣ ਦੇ ਇਮਕਾਨ ਤਾਂ ਤੀਜਾ ਹਿੱਸਾ ਈ ਨੇ। ਏਡਾ ਵੱਡਾ ਰਿਸਕ ਕਾਹਦੇ ਲਈ ਲੈਣਾ ਹੋਇਆ! ਜਿਹੋ ਜਿਹਾ ਵੀ ਹੈ, ਇਸੇ ਜੀਵਨ ਨੂੰ ਚਲਦਾ ਰਹਿਣ ਦੇ!"

ਇੰਜ ਆਤਮਘਾਤ ਦਾ ਵਿਚਾਰ ਤਾਂ ਮਹਾਂਕਵੀ ਇਕਬਾਲ ਨੇ ਛੁਡਵਾ ਦਿੱਤਾ, ਕਾਲਜ ਇਨ੍ਹਾਂ ਨੇ ਆਪ ਛੱਡ ਦਿੱਤਾ ਅਤੇ ਅਮਰਨਾਥ ਦੇ ਯਾਤਰੀਆਂ ਨਾਲ ਹੋ ਤੁਰੇ।

# ਮੈਂ ਅਤੇ ਦੇਵਿੰਦਰ ਸਤਿਆਰਥੀ

ਮੇਰੀ ਆਦਤ ਸੀ ਕਿ ਅੱਧੀ ਛੁੱਟੀ ਆਪਣੀ ਮੈਂ ਕਾਲਜ ਦੀ ਲਾਇਬਰੇਰੀ ਵਿਚ ਗੁਜ਼ਾਰਦਾ ਸਾਂ। ਉਂਜ ਵੀ ਮੇਰੇ ਬਾਰੇ ਮਸ਼ਹੂਰ ਸੀ ਕਿ ਜੇ ਹੋਰ ਕਿਤੇ ਨਹੀਂ ਤਾਂ ਮੈਂ ਲਾਇਬਰੇਰੀ ਵਿਚ ਹੋਵਾਂਗਾ। ਕਿਤਾਬਾਂ ਦੇ ਰਿਹਾ, ਲੈ ਰਿਹਾ, ਜਾਂ ਲਾਇਬਰੇਰੀ ਦੀ ਕਿਸੇ ਨਿਵੇਕਲੀ ਨੁੱਕਰ ਵਿਚ ਬੈਠਾ ਕੋਈ ਮੈਗਜ਼ੀਨ ਪੜ੍ਹ ਰਿਹਾ।

ਇੰਜ ਹੀ ਲਾਇਬਰੇਰੀ ਵਿਚ ਬੈਠੇ ਪੜ੍ਹ ਰਹੇ ਮੇਰੀ ਪਹਿਲੀ ਵਾਰ ਮੁਲਾਕਾਤ ਦੇਵਿੰਦਰ ਸਤਿਆਰਥੀ ਨਾਲ ਹੋਈ। ਲੰਮੀਆਂ ਲਿਟਾਂ ਮੋਢਿਆਂ 'ਤੇ ਪਈਆਂ, ਲੰਮਾ ਕੋਟ, ਇਨ ਬਿਨ ਉਸ ਤਰ੍ਹਾਂ ਦਾ ਕਿਤਾਬਾਂ, ਕਾਪੀਆਂ ਕਾਗਜ਼ਾਂ ਨਾਲ ਦੰਦੋ ਦੰਦ ਭਰਿਆ ਥੈਲਾ ਕੁੱਛੜ ਚੁੱਕੀ ਜਿਵੇਂ




ਕਰਤਾਰ ਸਿੰਘ ਦੁੱਗਲ

ਅਕਸਰ ਨਜ਼ਰ ਆ ਜਾਂਦੇ ਹਨ। ਸਤਿਆਰਥੀ ਜੀ ਨੌਸ਼ਹਿਰੇ ਤੋਂ 'ਪ੍ਰੀਤਲੜੀ' ਦੇ ਸੰਪਾਦਕ ਸ. ਗੁਰਬਖਸ਼ ਸਿੰਘ ਨੂੰ ਮਿਲ ਕੇ ਪਰਤ ਰਹੇ ਸਨ। ਮੈਂ 'ਪ੍ਰੀਤਲੜੀ' ਵਿਚ ਉਨ੍ਹਾਂ ਦਾ ਲੋਕ ਗੀਤਾਂ ਉਤੇ ਛਾਪਿਆ ਲੇਖ 'ਦੀਵਾ ਬਲੇ ਸਾਰੀ ਰਾਤ' ਪੜ੍ਹ ਰੱਖਿਆ ਸੀ।

ਇੰਜ ਜਾਪਦਾ, ਸਤਿਆਰਥੀ ਹੋਰਾਂ ਵੀ ਮੇਰੇ ਬਾਰੇ ਸੁਣ ਰੱਖਿਆ ਸੀ ਤੇ ਉਹ ਮੈਨੂੰ ਟੋਲ੍ਹ ਰਹੇ ਸਨ। ਇਕ ਨਜ਼ਰ ਤੇ ਜਾਦੂ ਵਰਗਾ ਅਸਰ ਇਸ ਆਦਮੀ ਦਾ ਮੇਰੇ ਉਤੇ ਹੋਇਆ। ਤੇ ਫਿਰ ਜਦੋਂ ਕਾਲਜ ਦੀ ਲਾਇਬਰੇਰੀ ਵਿਚੋਂ ਅੰਗਰੇਜ਼ੀ ਦੇ ਰਸਾਲੇ 'ਏਸ਼ੀਆ' ਦਾ ਪਰਚਾ ਕਢਵਾ ਕੇ ਉਸ ਵਿਚ ਪ੍ਰਕਾਸ਼ਿਤ ਆਪਣਾ ਅੰਗਰੇਜ਼ੀ ਦਾ ਲੇਖ ਮੈਨੂੰ ਵਿਖਾਇਆ, ਮੈਂ ਜਿਵੇਂ ਮੰਤਰ ਮੁਗਧ ਹੋ ਕੇ ਉਨ੍ਹਾਂ ਦੇ ਮੂੰਹ ਵੱਲ ਵੇਖਣ ਲੱਗ ਪਿਆ। ਫਿਰ 'ਮਾਡਰਨ ਰਿਵੀਊ' ਕਲਕੱਤਾ (ਹੁਣ ਕੋਲਕਾਤਾ) ਵਿਚ ਇਕ ਤੋਂ ਬਾਅਦ ਇਕ ਕਿਤਨੇ ਹੀ ਉਨ੍ਹਾਂ ਦੇ ਲੇਖ ਮੈਂ ਪੜ੍ਹੇ। ਸਾਰੇ ਲੇਖ ਲੋਕ ਗੀਤਾਂ ਬਾਰੇ ਸਨ, ਪੰਜਾਬ ਦੇ ਲੋਕ ਗੀਤ।

ਸਤਿਆਰਥੀ ਜੀ ਨੇ ਮੈਨੂੰ ਦੱਸਿਆ, ਉਹ ਸਾਡੇ ਕਾਲਜ ਦੇ ਗੁਆਂਢ ਬ੍ਰਹਮੂ ਸਮਾਜ ਦੇ ਦਫਤਰ ਵਿਚ ਠਹਿਰੇ ਹੋਏ ਸਨ। ਉਨ੍ਹਾਂ ਦੀ ਤ੍ਰੀਮਤ ਵੀ ਉਨ੍ਹਾਂ ਦੇ ਨਾਲ ਸੀ। ਸਤਿਆਰਥੀ ਜੀ ਪਿਆਰਾ ਸਿੰਘ ਦਾਤਾ, ਭਗਤ ਸਿੰਘ ਹੀਰਾ, ਈਸ਼ਰ ਸਿੰਘ ਭਾਈਆ ਆਦਿ ਪਿੰਡੀ ਦੇ ਕਈ ਪੰਜਾਬੀ ਲੇਖਕਾਂ ਨੂੰ ਮਿਲ ਚੁੱਕੇ ਸਨ।

ਪਹਿਲੀ ਗੱਲ ਸਤਿਆਰਥੀ ਜੀ ਨੂੰ ਮੈਂ ਆਪਣੇ ਪਿੰਡ ਲੈ ਗਿਆ ਤੇ ਫਿਰ ਉਨ੍ਹਾਂ ਲਈ ਲੋਕ ਗੀਤ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ। ਕੁਝ ਦਿਨਾਂ ਬਾਅਦ ਸਤਿਆਰਥੀ ਜੀ ਨੇ ਸਾਡੇ ਇਲਾਕੇ ਵਿਚੋਂ ਇਕੱਠੇ ਕੀਤੇ ਮਾਹੀਏ ਦੇ ਟੱਪਿਆਂ 'ਤੇ ਲੇਖ ਲਿਖਿਆ। ਮੈਂ ਹੈਰਾਨ ਹੀ ਰਹਿ ਗਿਆ, ਕਿਵੇਂ ਉਹ ਮਾਹੀਏ ਦੇ ਟੱਪਿਆਂ ਦੀ ਬਣਤ ਤੇ ਉਨ੍ਹਾਂ ਵਿਚ ਪ੍ਰਗਟਾਏ ਭਾਵਾਂ ਦਾ ਉਲੇਖ ਕਰਨ ਵਿਚ ਕਾਮਯਾਬ ਹੋ ਗਏ ਸਨ। ਜਿਹੜੀ ਗੱਲ ਮੈਨੂੰ ਹਮੇਸ਼ਾ ਮਹਿਸੂਸ ਹੁੰਦੀ ਸੀ, ਉਹ ਕਹਿ ਸਕੇ ਸਨ। ਜਿਹੜੀ ਗੱਲ ਮੈਨੂੰ ਕਦੀ ਸੁੱਝੀ ਨਹੀਂ ਸੀ, ਜਿਵੇਂ ਸਤਿਆਰਥੀ ਹੋਰਾਂ ਉਸ ਨੂੰ ਲੱਭ ਲਿਆ ਹੋਵੇ। ਤੇ ਫਿਰ ਮੇਰੇ ਇਕੱਠੇ ਕੀਤੇ ਗੀਤਾਂ ਬਾਰੇ ਮੇਰੇ ਸਾਹਮਣੇ ਲਿਖਿਆ, ਸੋਧਿਆ, ਸਾਫ਼ ਕੀਤਾ, ਡਾਕ ਵਿਚ ਪਾਇਆ ਲੇਖ ਕੁਝ ਹਫ਼ਤਿਆਂ ਬਾਅਦ 'ਪ੍ਰੀਤਲੜੀ' ਵਿਚ ਛਪਿਆ ਹੋਇਆ ਪੜ੍ਹ ਕੇ ਮੈਨੂੰ ਲੱਗਿਆ ਜਿਵੇਂ ਇਕ ਹੋਰ ਦੀ ਹੋਰ ਦੁਨੀਆਂ ਵਿਚ ਮੇਰਾ ਪਰਵੇਸ਼ ਹੋ ਗਿਆ ਹੋਵੇ।



ਦੇਵਿੰਦਰ ਸਤਿਆਰਥੀ

ਸਵਾਲ ਇਹ ਸੀ, ਜੋ ਕੁਝ ਸਤਿਆਰਥੀ ਜੀ ਲਿਖ ਸਕਦੇ ਸਨ, ਮੈਂ ਕਿਉਂ ਨਹੀਂ ਲਿਖ ਸਕਦਾ ਸਾਂ? ਜਿਥੋਂ ਸਤਿਆਰਥੀ ਜੀ ਛਪ ਸਕਦੇ ਸਨ, ਮੈਂ ਕਿਉਂ ਨਹੀਂ ਛਪ ਸਕਦਾ ਸਾਂ? ਖਾਸ ਤੌਰ 'ਤੇ ਜਦੋਂ ਸਤਿਆਰਥੀ ਜੀ ਨੇ ਕਵੀ ਟੈਗੋਰ ਨਾਲ ਆਪਣੀ ਤਸਵੀਰ ਮੈਨੂੰ ਵਿਖਾਈ, ਇਹ ਮੈਨੂੰ ਦੱਸਿਆ ਕਿ ਉਹ ਕਈ ਦਿਨ ਸ਼ਾਂਤੀ ਨਿਕੇਤਨ ਵਿਚ ਰਾਬਿੰਦਰ ਨਾਥ ਟੈਗੋਰ ਦੇ ਮਹਿਮਾਨ ਰਹੇ ਸਨ ਤਾਂ ਮੇਰੇ ਮਨ ਵਿਚ ਜਿਵੇਂ ਹੋਰ ਵੀ ਚਾਅ ਚੜ੍ਹ ਗਿਆ ਹੋਵੇ। ਸਤਿਆਰਥੀ ਜੀ ਨੇ ਗੱਲਾਂ ਹੀ ਗੱਲਾਂ ਵਿਚ ਮੇਰੇ 'ਤੇ ਜ਼ਾਹਿਰ ਕੀਤਾ ਕਿ ਟੈਗੋਰ ਦੇ ਕਹਿਣ 'ਤੇ ਹੀ ਉਹ ਲੋਕ ਗੀਤ ਇਕੱਠਾ ਕਰਨ ਦੇ ਕੰਮ ਵਿਚ ਪਏ ਸਨ। ਆਸਾਮ, ਬੰਗਾਲ, ਉਤਰ ਪ੍ਰਦੇਸ਼ ਆਦਿ ਸੂਬਿਆਂ ਦਾ ਦੌਰਾ ਕਰ ਕੇ ਉਹ ਉਥੋਂ ਦੇ ਲੋਕ ਗੀਤ ਇਕੱਠੇ ਕਰ ਚੁੱਕੇ ਸਨ।

ਸਤਿਆਰਥੀ ਜੀ ਨੂੰ ਗੱਲਾਂ ਕਰਨ ਦਾ ਤੇ ਮੈਨੂੰ ਗੱਲਾਂ ਸੁਣਨ ਦਾ ਬੜਾ ਸ਼ੌਕ ਹੈ। ਸਾਡਾ ਸਾਥ ਵਾਹਵਾ ਜੰਮ ਗਿਆ। ਇਕ ਦਿਨ ਸਤਿਆਰਥੀ ਜੀ ਨੇ ਮੈਨੂੰ ਦੱਸਿਆ ਕਿ ਉਹ ਇਕਬਾਲ ਨੂੰ ਵੀ ਮਿਲੇ ਸਨ। ਇਕਬਾਲ ਨੂੰ ਮੈਂ ਟੈਗੋਰ ਤੋਂ ਕਿਤੇ ਵਧੇਰੇ ਪੜ੍ਹ ਰੱਖਿਆ ਸੀ। ਮੈਂ ਬਿਟ ਬਿਟ ਉਨ੍ਹਾਂ ਦੇ ਚਿਹਰੇ ਵੱਲ ਵੇਖਣ ਲੱਗ ਪਿਆ। ਉਹ ਆਦਮੀ ਜਿਹੜਾ ਇਤਨੇ ਵੱਡੇ ਸ਼ਾਇਰ ਨੂੰ ਮਿਲ ਚੁੱਕਿਆ ਸੀ, ਉਸ ਦਾ ਮੂੰਹ ਕਿਹੋ ਜਿਹਾ ਸੀ?

ਤੇ ਫਿਰ ਸਤਿਆਰਥੀ ਜੀ ਨੇ ਮੈਨੂੰ ਰਾਜ਼ ਦੀ ਗੱਲ ਦੱਸੀ। ਉਨ੍ਹਾਂ ਦਿਨਾਂ ਵਿਚ ਉਹ ਬੇਕਾਰ ਸਨ। ਜ਼ਿੰਦਗੀ ਤੋਂ ਬਹੁਤ ਬੇਜ਼ਾਰ ਸਨ। ਉਨ੍ਹਾਂ ਫੈਸਲਾ ਕੀਤਾ ਕਿ ਉਹ ਆਤਮ ਹੱਤਿਆ ਕਰ ਲੈਣਗੇ। ਉਨ੍ਹਾਂ ਦਿਨਾਂ ਵਿਚ ਹੀ ਉਨ੍ਹਾਂ ਦੀ ਮੁਲਾਕਾਤ ਇਕਬਾਲ ਨਾਲ ਹੋ ਗਈ। ਸਤਿਆਰਥੀ ਜੀ ਨੇ ਇਕਬਾਲ ਨੂੰ ਆਪਣੇ ਮਨ ਦੀ ਦਸ਼ਾ ਦੱਸੀ। ਇਕਬਾਲ ਨੇ ਸੁਣਿਆ ਤੇ ਉਨ੍ਹਾਂ ਨੂੰ ਸਮਝਾਇਆ: "ਵੇਖੋ, ਤੁਸੀਂ ਤੇ ਹਿੰਦੂ ਹੋ। ਹਿੰਦੂ ਤਾਂ ਆਵਾਗਵਨ ਨੂੰ ਮੰਨਦੇ ਹਨ। ਜੇ ਤੁਸੀਂ ਖੁਦਕਸ਼ੀ ਕਰੋਗੇ ਤਾਂ ਫਿਰ ਤੁਹਾਡਾ ਜਨਮ ਹੋਵੇਗਾ। ਫਿਰ ਜਨਮ ਹੋਇਆ ਤਾਂ ਤਿੰਨ ਗੱਲਾਂ ਮੁਮਕਿਨ ਹੋਣਗੀਆਂ। ਪਹਿਲੀ ਇਹ ਕਿ ਜਿਸ ਤਰ੍ਹਾਂ ਦੀ ਜ਼ਿੰਦਗੀ ਤੁਹਾਡੀ ਅੱਜ ਕੱਲ੍ਹ ਹੈ, ਉਸ ਤਰ੍ਹਾਂ ਦੀ ਜ਼ਿੰਦਗੀ ਫਿਰ ਤੁਹਾਨੂੰ ਮਿਲੇ। ਦੂਜੀ ਇਹ ਕਿ ਜਿਸ ਤਰ੍ਹਾਂ ਦੀ ਜ਼ਿੰਦਗੀ ਤੁਹਾਡੀ ਅੱਜ ਕੱਲ੍ਹ ਹੈ, ਇਸ ਤੋਂ ਬੁਰੀ ਜ਼ਿੰਦਗੀ ਤੁਹਾਨੂੰ ਮਿਲੇ। ਤੇ ਤੀਜੀ ਇਹ ਕਿ ਜਿਸ ਤਰ੍ਹਾਂ ਦੀ ਜ਼ਿੰਦਗੀ ਤੁਹਾਡੀ ਅੱਜ ਕੱਲ੍ਹ ਹੈ, ਉਹ ਜ਼ਿੰਦਗੀ ਇਸ ਤੋਂ ਬਿਹਤਰ ਹੋਵੇ। ਸਿਰਫ਼ 33 ਫੀਸਦੀ ਇਹ ਗੱਲ ਮੁਮਕਿਨ ਹੈ ਕਿ ਤੁਹਾਡੀ ਅਗਲੇ ਜਨਮ ਦੀ ਜ਼ਿੰਦਗੀ ਇਤਨੀ ਖਰਾਬ ਨਾ ਹੋਵੇ ਜਿਤਨੀ ਇਹ ਜ਼ਿੰਦਗੀ ਹੈ। ਕੀ ਇਸ ਲਈ ਤੁਸੀਂ ਆਪਣੀ ਜਾਨ ਗਵਾਉਣ ਲਈ ਤਿਆਰ ਹੋ?"

ਸਤਿਆਰਥੀ ਜੀ ਦੀਆਂ ਜਿਵੇਂ ਅੱਖੀਆਂ ਖੁੱਲ੍ਹ ਗਈਆਂ ਤੇ ਉਨ੍ਹਾਂ ਫਿਰ ਕਦੀ ਆਤਮ ਹੱਤਿਆ ਦਾ ਨਹੀਂ ਸੋਚਿਆ।

ਸਤਿਆਰਥੀ ਜੀ ਨਾਲ ਮੇਰੀ ਇਹ ਮੁਲਾਕਾਤ ਉਮਰ ਭਰ ਦੀ ਮਿਤਰਤਾ ਵਿਚ ਤਬਦੀਲ ਹੋ ਗਈ।

***(ਪੰਜਾਬੀ ਦੇ ਨਾਮੀ ਲੇਖਕ ਕਰਤਾਰ ਸਿੰਘ ਦੁੱਗਲ ਦੀ ਸਵੈ-ਜੀਵਨੀ 'ਕਿਸੁ ਪਹਿ ਖੋਲਉ ਗੰਠੜੀ' ਵਿਚੋਂ)***

# ਜਨ, ਜੰਤੂ ਅਤੇ ਜਨਤਾ


ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353


ਕੁਝ ਸ਼ਬਦਾਂ ਦੀ ਹੋਣੀ ਹੈ ਕਿ ਉਹ ਸੁਤੰਤਰ ਤੌਰ 'ਤੇ ਵਿਚਰ ਨਹੀਂ ਸਕਦੇ। ਜੰਤੂ ਇਕ ਅਜਿਹਾ ਸ਼ਬਦ ਹੈ ਜੋ ਆਮ ਬੋਲਚਾਲ ਵਿਚ ਏਨਾ ਨਹੀਂ ਵਰਤਿਆ ਜਾਂਦਾ। ਇਹ ਸ਼ਬਦ ਵਧੇਰੇ ਕਰਕੇ ਜੀਵ-ਜੰਤੂ ਸ਼ਬਦ-ਜੁੱਟ ਵਿਚ ਹੀ ਕੈਦ ਰਹਿੰਦਾ ਹੈ। Zoology ਲਈ ਘੜੇ ਤਕਨੀਕੀ ਸ਼ਬਦ ਜੰਤੂ-ਵਿਗਿਆਨ ਤੋਂ ਵੀ ਇਸ ਤੱਥ ਦੀ ਗਵਾਹੀ ਮਿਲਦੀ ਹੈ। ਕਿਸੇ ਸ਼ਬਦ ਜੁੱਟ ਵਿਚ ਬੱਝ ਕੇ ਕੁਝ ਸ਼ਬਦ ਕਈ ਕਾਰਨਾਂ ਕਰਕੇ ਆਪਣੀ ਨਿਜੀ ਹਸਤੀ ਗੁਆ ਬੈਠਦੇ ਹਨ। ਇਸ ਦਾ ਇਕ ਕਾਰਨ ਤਾਂ ਇਹ ਹੈ ਕਿ ਸ਼ਬਦ-ਜੁੱਟ ਵਿਸ਼ੇਸ਼ ਏਨਾ ਪ੍ਰਚਲਿਤ ਹੋ ਜਾਂਦਾ ਹੈ ਕਿ ਉਸ ਦਾ ਇਕ ਘਟਕ ਵਿਚੇ ਖਲਤ-ਮਲਤ ਹੋ ਕੇ ਰਹਿ ਜਾਂਦਾ ਹੈ। ਦੂਜਾ ਕਾਰਨ ਇਹ ਹੈ ਕਿ ਕੋਈ ਹੋਰ ਸਮਾਨਅਰਥੀ ਸ਼ਬਦ ਇਸ ਦੀ ਥਾਂ ਲੈ ਕੇ ਇਸ ਨੂੰ ਲੋਕ ਪ੍ਰਚਲਨ 'ਚੋਂ ਕੱਢ ਮਾਰਦਾ ਹੈ। ਮਿਸਾਲ ਵਜੋਂ ਜੰਤੂ ਦੀ ਥਾਂ ਜਾਨਵਰ ਸ਼ਬਦ ਦਾ ਪ੍ਰਚਲਨ ਹੋ ਜਾਣਾ।

ਗੁਰੂ ਗ੍ਰੰਥ ਸਾਹਿਬ ਤੇ ਹੋਰ ਪੁਰਾਤਨ ਸਾਹਿਤ ਵਿਚ ਸਾਨੂੰ ਸੁਤੰਤਰ ਰੂਪ ਵਿਚ ਜੰਤੂ ਸ਼ਬਦ ਨਹੀਂ ਲੱਭਦਾ। ਹਾਂ, ਇਸ ਦਾ ਇਕ ਹੋਰ ਰੂਪ ਜੰਤ ਜ਼ਰੂਰ ਕੁਝ ਇਕ ਵਾਰੀ ਗੁਰਬਾਣੀ ਵਿਚ ਆਪਣੇ ਤੌਰ 'ਤੇ ਆਇਆ ਹੈ, "ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥" (ਗੁਰੂ ਅਰਜਨ ਦੇਵ)। ਆਮ ਤੌਰ 'ਤੇ ਇਹ ਵੀ ਜੀਅ-ਜੰਤ ਜਾਂ ਜੀਆ-ਜੰਤ ਸ਼ਬਦ ਜੁੱਟ ਵਿਚ ਹੀ ਬੱਝਾ ਹੋਇਆ ਹੈ।

ਜੀਵ-ਜੰਤ/ਜੀਅ-ਜੰਤੂ ਸ਼ਬਦ-ਜੁੱਟ ਸਮੁੱਚੇ ਪ੍ਰਾਣੀ ਜਗਤ ਦੇ ਅਰਥਾਂ ਲਈ ਵਰਤਿਆ ਜਾਂਦਾ ਹੈ। ਆਧੁਨਿਕ ਸਾਹਿਤਕ ਭਾਸ਼ਾ ਵਿਚ ਜੀਵ-ਜੰਤੂ ਲਿਖਿਆ ਜਾਂਦਾ ਹੈ ਜਦਕਿ ਇਸ ਦਾ ਵਧੇਰੇ ਪ੍ਰਚਲਿਤ ਰੂਪ ਜੀਅ ਜੰਤ ਹੈ। ਗੁਰੂ ਗ੍ਰੰਥ ਸਾਹਿਬ ਵਿਚੋਂ ਕੁਝ ਮਿਸਾਲਾਂ ਲੈਂਦੇ ਹਾਂ, "ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ ਜਤ੍ਰ ਕਤ੍ਰ ਸਰਬ ਜੀਆ॥" (ਗੁਰੂ ਨਾਨਕ ਦੇਵ)। ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਅਤੇ ਉਸ ਦੀ ਸ੍ਰਿਸ਼ਟੀ ਦੀ ਅਨੰਤਤਾ ਦਾ ਗਾਇਨ ਹੈ। ਇਸ ਪ੍ਰਸੰਗ ਵਿਚ ਹੀ ਪ੍ਰਾਣੀ ਜਗਤ ਦੀ ਵਿਸ਼ਾਲਤਾ ਅਤੇ ਵੰਨ-ਸੁਵੰਨਤਾ ਦਾ ਜ਼ਿਕਰ ਹੁੰਦਾ ਹੈ, ਜੋ ਪਰਮਾਤਮਾ ਦੀ ਦਾਤ ਹੈ, "ਕੇਤੇ ਤੇਰੇ ਜੀਅ ਜੰਤ ਸਿਫਤਿ ਕਰਹਿ ਦਿਨੁ ਰਾਤਿ॥" (ਗੁਰੂ ਨਾਨਕ ਦੇਵ); "ਜੀਅ ਜੰਤ ਸਭਿ ਤੇਰਾ ਖੇਲ॥" (ਗੁਰੂ ਰਾਮ ਦਾਸ); "ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ ਸਾਜੇ॥" (ਗੁਰੂ ਅਰਜਨ ਦੇਵ)। ਹਾਸ਼ਮ ਸ਼ਾਹ ਦੀ ਇਕ ਸੀਹਰਫੀ ਵਿਚ ਵੀ ਇਹੋ ਜਿਹੇ ਭਾਵ ਮਿਲਦੇ ਹਨ,

ਅਲਫ਼ ਇਕ ਤੂੰ ਹੈਂ ਕਈ ਲੱਖ ਤੂੰ ਹੈਂ,
ਜੀਆ ਜੰਤ ਤੂੰ ਹੈਂ ਸਭ ਨੂਰ ਤੇਰਾ।
ਫੁਲ ਪਾਤ ਤੂੰ ਹੀ ਦਿਨ ਰਾਤ ਤੂੰ ਹੈਂ,
ਲੋਹ ਕਲਮ ਤਮਾਮ ਜ਼ਹੂਰ ਤੇਰਾ।
ਦਸਤਗੀਰ ਮਲਾਹ ਜਹਾਜ਼ ਤੂੰ ਹੈਂ,
ਤੇ ਦਰੀਆ ਤੂੰ ਹੈਂ ਸਭ ਪੂਰ ਤੇਰਾ।
ਗ਼ੌਸ ਪੀਰ ਜੇਹਾ ਜੈਂ ਦਾ ਪੀਰ 'ਹਾਸ਼ਮ',
ਕਰੇ ਕਿਉਂ ਨ ਮਾਨ ਗ਼ਰੂਰ ਤੇਰਾ।

ਪਰ ਜੀਅ-ਜੰਤ ਜਾਂ ਜੀਆ-ਜੰਤ ਦਾ ਅਰਥ ਸੰਕੁਚਿਤ ਹੋ ਕੇ 'ਇਕੋ ਘਰ ਦੇ ਜੀਅ' ਵੀ ਹੋ ਗਿਆ ਹੈ। ਮਿਸਾਲ ਵਜੋਂ ਇਹ ਫਿਕਰਾ ਦੇਖੋ, "ਹੋਰ ਜੀਅ-ਜੰਤ ਤਕੜੈ?" ਇਥੇ ਸੰਕੇਤ ਘਰ ਦੇ ਹੋਰ ਮੈਂਬਰਾਂ ਖਾਸ ਤੌਰ 'ਤੇ ਬੱਚਿਆਂ ਵੱਲ ਹੈ। ਅਸਲ ਵਿਚ ਜੀਅ ਤੇ ਜੰਤ ਦੋਵਾਂ ਸ਼ਬਦਾਂ ਦੇ ਮੁਢਲੇ ਭਾਵ ਲਗਭਗ ਇਕੋ ਜਿਹੇ ਹੋਣ ਕਾਰਨ ਅਤੇ ਦੋਨਾਂ ਦੀ ਅਰੰਭਲੀ ਧੁਨੀ 'ਜ' ਹੋਣ ਕਾਰਨ ਜੀਅ-ਜੰਤ ਸ਼ਬਦ-ਜੁੱਟ ਖੂਬ ਪ੍ਰਚਲਿਤ ਹੋਇਆ ਹੈ। ਸੰਦਰਭ ਤੇ ਸਥਿਤੀ ਅਨੁਸਾਰ ਜੀਵ-ਜੰਤ ਦੇ ਅਰਥ ਇਸ ਪ੍ਰਕਾਰ ਕੀਤੇ ਜਾ ਸਕਦੇ ਹਨ: ਸ੍ਰਿਸ਼ਟੀ ਦਾ ਸਾਰਾ ਜਾਨ ਵਾਲਾ ਸੰਸਾਰ ਅਰਥਾਤ ਜੜ ਦੇ ਉਲਟ। ਇਸ ਕੋਟੀ ਵਿਚ ਬਨਸਪਤੀ ਵੀ ਆ ਜਾਵੇਗੀ, "ਜੀਅ ਜੰਤ ਸਭਿ ਤੇਰਾ ਖੇਲ॥" (ਗੁਰੂ ਰਾਮ ਦਾਸ); ਬਨਸਪਤੀ ਤੋਂ ਬਿਨਾਂ ਬਾਕੀ ਦੇ ਸਾਰੇ ਜਾਨਵਰ; ਮਨੁੱਖ ਤੋਂ ਬਿਨਾ ਬਾਕੀ ਜਾਨਵਰ; ਪਰਿਵਾਰ ਦੇ ਜੀਅ ਖਾਸ ਤੌਰ 'ਤੇ ਬੱਚੇ; ਕੀੜੇ-ਮਕੌੜੇ।



ਸੰਸਕ੍ਰਿਤ ਵਿਚ ਜੰਤੂ ਸ਼ਬਦ ਦਾ ਰੂਪ ਹੈ, 'ਜੰਤੁ' ਤੇ ਮੁੱਖ ਅਰਥ ਹੈ ਬੱਚਾ, ਜਾਇਆ। ਜਦ ਅਸੀਂ ਆਖਦੇ ਹਾਂ ਕਿ 'ਜੀਅ ਜੰਤ ਰਾਜ਼ੀ ਹੈ' ਤਾਂ ਅਸੀਂ ਜੰਤ ਦਾ ਇਹੋ ਅਰਥ ਲੈ ਰਹੇ ਹੁੰਦੇ ਹਾਂ। ਇਸ ਸ਼ਬਦ ਵਿਚ ਮੁਖ ਭਾਵ ਜਨਮ ਲੈਣ ਤੋਂ ਹੈ ਜਿਥੋਂ ਇਸ ਦੇ ਬੱਚੇ ਦੇ ਅਰਥ ਸਮਝ ਪੈਂਦੇ ਹਨ। ਇਸ ਦੇ ਹੋਰ ਅਰਥ ਹਨ: ਜੀਵ, ਪ੍ਰਾਣੀ, ਜਾਨਵਰ, ਮਨੁੱਖ, ਬੰਦਾ। ਆਮ ਤੌਰ 'ਤੇ ਸੂਖਮ ਜਾਂ ਛੋਟੇ ਜੀਵਾਂ ਜਿਵੇਂ ਕਿਰਮ, ਕੀਟ, ਕੀੜਾ, ਸੁੰਡੀ ਆਦਿ ਲਈ ਵੀ ਜੰਤੂ ਸ਼ਬਦ ਵਰਤਿਆ ਜਾਂਦਾ ਹੈ। ਸੰਸਕ੍ਰਿਤ ਦੇ 'ਜੰਤੁ' ਸ਼ਬਦ ਦੀ ਅੰਤਲੀ ਛੋਟੀ ਮਾਤਰ (ੁ) ਆਮ ਤੌਰ 'ਤੇ ਪੰਜਾਬੀ ਵਿਚ ਉਚਾਰੀ ਨਹੀਂ ਜਾ ਸਕਦੀ ਜਿਸ ਕਰਕੇ ਜਾਂ ਤਾਂ ਇਹ ਅਲੋਪ ਹੋ ਜਾਂਦੀ ਹੈ ਤੇ ਸ਼ਬਦ ਰਹਿ ਜਾਂਦਾ ਹੈ ਜੰਤ ਤੇ ਜਾਂ ਫਿਰ ਛੋਟੀ ਮਾਤਰਾ ਵੱਡੀ ਮਾਤਰਾ (ੂ) ਵਿਚ ਤਬਦੀਲ ਹੋ ਜਾਂਦੀ ਹੈ ਤੇ ਸ਼ਬਦ ਬਣ ਜਾਂਦਾ ਹੈ, ਜੰਤੂ।

ਇਕ ਧਾਤੂ ਹੈ 'ਜਨ' ਜਿਸ ਵਿਚ ਪੈਦਾ ਕਰਨ ਜਾਂ ਪੈਦਾ ਹੋਣ ਦੇ ਭਾਵ ਹਨ। ਜੰਤੂ/ਜੰਤ ਸਮੇਤ ਅਨੇਕਾਂ ਸਾਹਿਤਕ ਤੇ ਬੋਲਚਾਲ ਦੇ ਸ਼ਬਦ ਇਸ ਧਾਤੂ ਤੋਂ ਪੈਦਾ ਹੋਏ ਹਨ। ਅਸਲ ਵਿਚ ਜੰਤੂ ਸ਼ਬਦ ਜਨ ਦਾ ਭੂਤਕਾਲੀ ਕਿਰਿਆਵੀ ਰੂਪ ਹੈ। ਇਸ ਤਰ੍ਹਾਂ ਜੰਤੂ ਆਦਿ ਉਹ ਹਨ ਜੋ ਪੈਦਾ ਹੋਏ ਜਾਂ ਜਨਮੇ ਹਨ। ਜਨ ਧਾਤੂ ਤੋਂ ਹੀ ਪੁਰਖ ਦੇ ਅਰਥਾਂ ਵਾਲਾ ਜਨ ਸ਼ਬਦ ਬਣਿਆ, "ਸੰਤ ਸਰਨਿ ਜੋ ਜਨੁ ਪਰੈ ਸੋ ਜਨੁ ਪਰੈ ਉਧਰਨਹਾਰ॥" (ਗੁਰੂ ਅਰਜਨ ਦੇਵ)। ਇਸ ਦਾ ਮੁਖ ਅਰਥ ਹੈ ਮਨੁੱਖਾਂ ਦਾ ਸਮੂਹ ਜਾਂ ਸਮੁਦਾਇ ਜੋ ਅੱਗੋਂ ਲੋਕ, ਪਰਜਾ ਦਾ ਅਰਥਾਵਾਂ ਵੀ ਬਣ ਜਾਂਦਾ ਹੈ। ਰਾਸ਼ਟਰੀ ਗੀਤ 'ਜਨ ਗਣ ਮਨ ਅਧਿਨਾਇਕ' ਵਿਚ ਇਹ ਸ਼ਬਦ ਇਨ੍ਹਾਂ ਹੀ ਅਰਥਾਂ ਵਿਚ ਆਉਂਦਾ ਹੈ। ਇਸ ਸਤਰ ਦਾ ਅਰਥ ਬਣਦਾ ਹੈ, "ਤੁਸੀਂ ਲੋਕਾਂ ਦੇ ਮਨਾਂ ਦੇ ਨਾਇਕ (ਰਾਜੇ) ਹੋ।"

ਜਨਵਾਦੀ ਜੁਗ ਹੈ, ਸੋ ਅੱਜ 'ਜਨ' ਨੂੰ ਅਗੇਤਰ-ਪਿਛੇਤਰ ਬਣਾ ਕੇ ਢੇਰ ਸਾਰੇ ਸ਼ਬਦਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ: ਜਨ-ਆਧਾਰ, ਜਨ-ਜੀਵਨ, ਜਨ ਸੇਵਾ, ਜਨ ਹਿਤ, ਜਨਗਣਨਾ, ਜਨਮਤ, ਜਨਸਾਧਾਰਨ, ਜਨਤੰਤਰ, ਜਨਜਾਤੀ, ਜਨਮਤ, ਜਨਸੰਖਿਆ, ਹਰੀਜਨ, ਗਿਰੀਜਨ, ਦੁਰਜਨ, ਮਹਾਜਨ, ਸੱਜਣ, ਜਨ ਸੰਘ ਆਦਿ।

ਕੁਝ ਕਾਰਨਾਂ ਕਰਕੇ ਜਨਾਰਦਨ ਸ਼ਬਦ 'ਤੇ ਥੋੜ੍ਹੀ ਚਰਚਾ ਜ਼ਰੂਰੀ ਸਮਝਦਾ ਹਾਂ। ਜਨਾਰਦਨ ਵਿਸ਼ਨੂੰ, ਖਾਸ ਤੌਰ 'ਤੇ ਇਸ ਦੇ ਅਵਤਾਰ ਕ੍ਰਿਸ਼ਨ ਦੀ ਇਕ ਉਪਾਧੀ ਹੈ। ਇਹ ਬਣਿਆ ਹੈ 'ਜਨ+ਅਰਦਨ' ਤੋਂ। ਅਰਦਨ ਦਾ ਅਰਥ ਹੁੰਦਾ ਹੈ, ਦੁਖ ਦੇਣ ਵਾਲਾ, ਵਾਰ ਕਰਨ ਵਾਲਾ, ਮਾਰਨ ਵਾਲਾ। ਕ੍ਰਿਸ਼ਨ ਦਾ ਅਜਿਹਾ ਨਾਕਾਰਾਤਮਕ ਵਿਸ਼ੇਸ਼ਣ ਕਿਉਂ ਹੈ? ਦਰਅਸਲ ਪਹਿਲਾਂ ਅਜਿਹੇ ਅਹਿੰਸਕ ਕਰਮ ਸੂਰਬੀਰਤਾ ਭਰੇ ਸਮਝੇ ਜਾਂਦੇ ਸਨ, ਇਸ ਲਈ ਪ੍ਰਸ਼ੰਸਾਮਈ ਸਨ ਪਰ ਕਾਲਅੰਤਰ ਵਿਚ ਨਿੰਦਣਯੋਗ ਹੋ ਗਏ, ਇਸ ਲਈ ਉਨ੍ਹਾਂ ਦੇ ਅਰਥ ਬਦਲੇ ਜਾਣ ਲੱਗੇ। ਉਹ ਜਨ-ਸਮੁਦਾਇ ਜਿਨ੍ਹਾਂ ਨੂੰ ਸਤਾ ਕੇ ਆਰੀਆ ਨੇ ਆਪਣੇ ਆਪਣੇ ਦੇਵਤੇ ਸਥਾਪਤ ਕੀਤੇ, ਉਨ੍ਹਾਂ ਨੂੰ ਜਨਾਰਦਨ ਕਿਉਂ ਨਾ ਕਹਿੰਦੇ? ਜਨਤਾ ਜਨਾਰਦਨ ਦਾ ਮਤਲਬ 'ਬਣਾਇਆ ਗਿਆ' ਹੈ ਲੋਕਰੂਪੀ ਈਸ਼ਵਰ। ਸ਼ੇਰ ਹਿੰਸਕ ਜਾਨਵਰ ਹੈ ਜੋ ਬੇਸ਼ੁਮਾਰ ਪ੍ਰਾਣੀ-ਜਗਤ ਲਈ ਮੌਤ ਦੇ ਨਿਆਈਂ ਹੈ। ਇਸ ਦਾ ਸਮਾਨਅਰਥਕ ਸ਼ਬਦ ਸਿੰਘ 'ਹਿੰਸਾ' ਤੋਂ ਬਣਿਆ ਹੈ ਪਰ ਸਿੱਖਾਂ ਸਮੇਤ ਹੋਰ ਬਹੁਤਿਆਂ ਨੇ ਸਿੰਘ ਨੂੰ ਸੂਰਬੀਰਤਾ ਦਾ ਪ੍ਰਤੀਕ ਜਾਣਦਿਆਂ ਆਪਣੇ ਖਾਸ ਨਾਂਵਾਂ ਦੇ ਪਿਛੇ ਉਪਨਾਮ ਬਣਾ ਲਿਆ ਹੈ। ਅਜਿਹੇ ਵਰਤਾਰੇ ਦੀਆਂ ਹੋਰ ਅਨੇਕਾਂ ਮਿਸਾਲਾਂ ਦਾ ਅਕਸਰ ਜ਼ਿਕਰ ਹੁੰਦਾ ਰਹਿੰਦਾ ਹੈ ਤੇ ਹੁੰਦਾ ਰਹੇਗਾ।

ਪਰਮਾਤਮਾ ਦੇ ਟਾਕਰੇ 'ਤੇ ਮਨੁਖ ਦੀ ਹਸਤੀ ਤੁਛ ਹੀ ਸਮਝੀ ਗਈ ਹੈ ਇਸ ਲਈ ਗੁਰਬਾਣੀ ਤੇ ਹੋਰ ਭਗਤੀ ਕਾਵਿ ਵਿਚ ਜਨ ਸ਼ਬਦ ਸੇਵਕ ਦੇ ਅਰਥਾਂ ਵਿਚ ਵੀ ਲਿਆ ਗਿਆ ਹੈ, "ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ॥" (ਗੁਰੂ ਅਰਜਨ ਦੇਵ)। "ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ॥" (ਭਗਤ ਰਵਿਦਾਸ)। ਜਨ ਤੋਂ ਹੀ ਜਣਾ ਸ਼ਬਦ ਬਣ ਗਿਆ ਜਿਸ ਦਾ ਅਰਥ ਵੀ ਬੰਦਾ, ਵਿਅਕਤੀ ਹੀ ਹੁੰਦਾ ਹੈ, "ਚੋਰ ਤੇ ਲਾਠੀ ਦੋ ਜਣੇ, ਮੈਂ ਤੇ ਬਾਪੂ 'ਕੱਲੇ।" ਜਣਾ-ਖਣਾ ਐਰਾ-ਗੈਰਾ ਹੁੰਦਾ ਹੈ। ਹਿੰਦੀ ਵਿਚ ਕਹਾਵਤ ਹੈ, 'ਤਾਊ ਜੀ ਕੀ ਬਰਾਤ ਮੇਂ ਜਨੇ ਜਨੇ ਠਾਕੁਰ।' ਜਣੀ ਇਸਤਰੀ ਹੁੰਦੀ ਹੈ। ਜੰਨ, ਜੰਞ, ਜੰਵ ਤੇ ਜਨੇਤ 'ਤੇ ਵੀ ਇਸੇ ਧਾਤੂ ਦੀ ਮਿਹਰ ਹੋਈ ਹੈ, "ਹਰਿ ਹਰਿ ਕਾਜੁ ਰਚਾਇਆ ਪੂਰੈ ਮਿਲਿ ਸੰਤ ਜਨਾ ਜੰਞ ਆਈ॥" (ਗੁਰੂ ਰਾਮ ਦਾਸ); "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥" (ਗੁਰੂ ਨਾਨਕ ਦੇਵ); ਬੂਹੇ ਆਈ ਜੰਨ ਤੇ ਵਿੰਨ੍ਹੋ ਕੁੜੀ ਦੇ ਕੰਨ।

ਜਨ ਧਾਤੂ ਦੇ ਪੈਦਾ ਕਰਨ ਦੇ ਅਰਥ ਤੋਂ ਹੀ ਜਣਨਾ ਸ਼ਬਦ ਬਣਿਆ ਅਰਥਾਤ ਬੱਚਾ ਪੈਦਾ ਕਰਨਾ। ਇਸੇ ਤੋਂ ਜਣੇਪਾ ਸ਼ਬਦ ਬਣਿਆ। ਜਣਨੀ ਜਨਮ ਦੇਣ ਵਾਲੀ ਮਾਂ ਹੈ। ਜਨਕ ਪੈਦਾ ਕਰਨ ਵਾਲਾ ਅਰਥਾਤ ਪਿਤਾ ਹੈ, ਸੀਤਾ ਦੇ ਪਿਤਾ ਦਾ ਨਾਂ ਜਨਕ ਸੀ। ਮਾਂ ਪਿਉ ਨੂੰ 'ਜਣਦੇ' ਵੀ ਆਖਿਆ ਜਾਂਦਾ ਹੈ। ਗੁਰੂ ਅਮਰ ਦਾਸ ਨੇ ਜਣਖੇ ਸ਼ਬਦ ਵਰਤਿਆ ਹੈ, "ਅਵਗਨਹਾਰੇ ਪਾਥਰ ਭਾਰੇ ਹਰਿ ਤਾਰੇ ਸੰਗਿ ਜਨਖੇ॥" ਮਹਾਨ ਕੋਸ਼ ਅਤੇ ਸਾਹਿਬ ਸਿੰਘ ਨੇ ਇਸ ਦਾ ਅਰਥ 'ਭਗਤ ਜਨ' ਕੀਤਾ ਹੈ: ਜਨਖੇ=ਜਨਾਕਸ਼ਿ ਸੇ।

ਜਨ ਧਾਤੂ ਤੋਂ ਬਣਿਆ ਇਕ ਆਮ ਵਰਤੀਂਦਾ ਸ਼ਬਦ ਹੈ, 'ਜਨਤਾ'। ਇਸ ਨੂੰ ਅਹਿਮ ਇਸ ਕਰਕੇ ਵੀ ਕਿਹਾ ਜਾ ਰਿਹਾ ਹੈ ਕਿ ਇਹ ਸਿਆਸਤਦਾਨਾਂ ਦਾ ਸਭ ਤੋਂ ਮਨਭਾਉਂਦਾ ਸ਼ਬਦ ਹੈ। ਇਸ ਸ਼ਬਦ ਦੇ ਆਲੇ-ਦੁਆਲੇ ਕਈ ਪਾਰਟੀਆਂ ਦੇ ਨਾਂ ਜੁੜੇ ਹੋਏ ਹਨ ਜਿਵੇਂ ਜਨਤਾ ਪਾਰਟੀ, ਰਾਸ਼ਟਰੀ ਜਨਤਾ ਪਾਰਟੀ, ਭਾਰਤੀ ਜਨਤਾ ਪਾਰਟੀ, ਭਾਰਤੀ ਜਨਤਾ ਦਲ ਆਦਿ। ਕਾਮਰੇਡਾਂ ਦਾ ਤਾਂ ਸਲਾਮ ਹੀ 'ਜੈ ਜਨਤਾ' ਹੈ। ਭਾਵੇਂ ਬਹੁਤੀਆਂ ਪਾਰਟੀਆਂ ਜਨਤਾ ਦੀ ਜੈ ਦੀ ਥਾਂ ਖੈ ਹੀ ਕਰਦੀਆਂ ਹਨ। ਆਮ ਤੌਰ 'ਤੇ ਇਸ ਨੂੰ ਜੰਤਾ ਵਜੋਂ ਹੀ ਉਚਾਰਿਆ ਤੇ ਕਈ ਵਾਰੀ ਲਿਖਿਆ ਜਾਂਦਾ ਹੈ। ਪਰ ਗੁਰੂ ਗ੍ਰੰਥ ਸਾਹਿਬ ਵਿਚ ਆਇਆ ਜੰਤਾ ਸ਼ਬਦ ਸਾਰੇ ਪ੍ਰਾਣੀ ਜਗਤ ਦਾ ਅਰਥਾਵਾਂ ਹੈ, "ਉਤਭੁਜ ਸੇਤਜ ਤੇਰੇ ਕੀਤੇ ਜੰਤਾ॥" (ਗੁਰੂ ਨਾਨਕ ਦੇਵ)। ਇਸ ਦਾ ਸੰਬੋਧਨੀ ਰੂਪ ਜੰਤਣੇ ਜਾਂ ਜੰਤੇ ਹੈ, "ਭੋਲੀਏ ਜੰਤੇ ਸਾਡੇ ਇਤਿਹਾਸ ਨੂੰ ਵਿਗਾੜਨ ਵਾਲੇ ਦੇ ਜੇ ਤੂੰ ਪਿੱਛੇ ਲੱਗ ਪਈ ਫੇਰ ਅਸੀਂ ਕੀ ਕਰੀਏ ਤੂੰ ਤਾ ਜਿਉਂਦੀ ਹੀ ਮਰ ਗਈ।" ਜਨ ਧਾਤੂ ਨੇ ਅਨੇਕਾਂ ਅਨੇਕ ਸ਼ਬਦ ਜਣੇ ਹਨ ਤੇ ਇਸ ਦੀਆਂ ਅੰਗਲੀਆਂ-ਸੰਗਲੀਆਂ ਦੂਰ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਵੀ ਵਿਆਪਤ ਹਨ। ਇਨ੍ਹਾਂ ਦੀ ਚਰਚਾ ਫੇਰ ਕਰਾਂਗੇ।

# ਅਜੋਕੇ ਸਮੇਂ ਦਾ ਧੰਨਾ ਜੱਟਾ ਸੀ ਨੇਕ ਚੰਦ ਸੈਣੀ


ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

Sandhugulzar@yahoo.com


ਨੇਕ ਚੰਦ ਸਾਡੇ ਸਮਿਆਂ ਦਾ ਇੱਕ ਅਜਿਹਾ ਭਗਤ ਸੀ ਜਿਸ ਨੇ ਟੁੱਟੀਆਂ ਟਾਈਲਾਂ, ਕੱਪ, ਪਲੇਟਾਂ, ਗਿਲਾਸ ਤੇ ਕਮੋਡਾਂ ਦੇ ਟੁਕੜਿਆਂ ਨੂੰ ਅਜਿਹੀ ਕਾਰੀਗਰੀ ਨਾਲ ਜੋੜਿਆ ਕਿ ਉਸ ਦੀ ਕਲਾ ਸੱਤ ਸਮੁੰਦਰ ਪਾਰ ਤੱਕ ਜਾਣੀ ਜਾਣ ਲੱਗੀ ਤੇ ਉਹ ਵੀ ਉਸ ਦੇ ਜੀਉਂਦੇ ਜੀ। ਉਸ ਦੀ ਕਲਾ ਏਨੀ ਸਾਦਾ ਤੇ ਸਰਲ ਸੀ ਕਿ ਪਵਨ ਬਾਂਸਲ ਵਰਗੇ ਰਾਜਨੀਤੀਵਾਨ ਤੇ ਸ਼ਿਵ ਸਿੰਘ ਵਰਗੇ ਬੁੱਤ ਘਾੜੇ, ਰਾਣੀ ਬਲਬੀਰ ਤੇ ਨੀਲਮ ਮਾਨ ਸਿੰਘ ਵਰਗੀਆਂ ਨਾਟਸ਼ਾਲਾ ਨੂੰ ਪ੍ਰਣਾਈਆਂ ਹਸਤੀਆਂ ਅਤੇ ਮਿਲਖਾ ਸਿੰਘ ਤੇ ਬਲਬੀਰ ਸਿੰਘ ਵਰਗੇ ਖੇਡ ਜਗਤ ਦੇ ਉਘੇ ਸਿਤਾਰੇ ਹੀ ਨਹੀਂ ਆਮ ਸੈਲਾਨੀ ਵੀ ਵੇਖ ਕੇ ਦੰਗ ਰਹਿ ਜਾਂਦੇ ਹਨ। ਏਸ ਕੰਮ ਲਈ ਉਸ ਨੇ ਹਥੌੜਾ ਤੇ ਛੈਣੀ ਨਹੀਂ ਵਰਤੇ ਸੀਮਿੰਟ ਗਾਰਾ ਤੇ ਉਂਗਲਾਂ ਤੋਂ ਕੰਮ ਲਿਆ। ਉਹ ਸਾਡੇ ਸਮਿਆਂ ਦਾ ਧੰਨਾ ਜੱਟ ਸੀ ਜਿਹੜਾ ਓਧਰਲੇ ਪੰਜਾਬ ਵਿਚ ਸੈਣੀ ਜੱਟਾਂ ਦੇ ਘਰ ਧੰਨੇ ਭਗਤ ਤੋਂ ਪੰਜ ਸੌ ਸਾਲ ਪਿੱਛੋਂ ਪੈਦਾ ਹੋਇਆ ਤੇ ਏਧਰਲੇ ਪੰਜਾਬ ਲਈ ਉਸਾਰੀ ਗਈ ਰਾਜਧਾਨੀ ਚੰਡੀਗੜ੍ਹ ਨੂੰ ਅੰਤਰਰਾਸ਼ਟਰੀ ਨਕਸ਼ੇ ਤੇ ਉਭਾਰਨ ਵਿਚ ਲੀ ਕਾਰਬੂਜ਼ੇ ਦਾ ਸਾਨੀ ਹੋ ਗੁਜ਼ਰਿਆ। ਕਿਸੇ ਕਵੀ ਦੇ ਕਹਿਣ ਵਾਂਗ 'ਧੰਨੇ ਪੱਥਰ 'ਚੋਂ ਪਾ ਲਿਆ ਜੋ ਨਾਨਕ ਨੇ ਲਭਿਆ ਨੂਰ 'ਚੋਂ'। ਨੇਕ ਚੰਦ ਨੇ ਵੀ ਆਪਣਾ ਰੱਬ ਲਭਣ ਲਈ ਦਿਨ ਰਾਤ ਇਕ ਕਰ ਰਖਿਆ ਸੀ, ਸਭ ਨੂੰ ਪਤਾ ਹੈ।



ਧੰਨੇ ਭਗਤ ਨੇ ਰਾਜਸਥਾਨ ਦੇ ਟਾਂਕ ਖੇਤਰ ਵਿਚ ਜਾਟਾਂ ਦੇ ਘਰ ਜਨਮ ਲੈ ਕੇ ਅਜਿਹੀ ਬਾਣੀ ਦੀ ਰਚੀ ਜਿਹੜੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ। ਕਾਸ਼ੀ ਜਾ ਕੇ ਸਵਾਮੀ ਰਾਮਾਨੰਦ ਤੋਂ ਗੁਰੂਦੀਖਸ਼ਾ ਲੈਣ ਤੋਂ ਬਹੁਤ ਪਹਿਲਾਂ ਚੜ੍ਹਦੀ ਉਮਰੇ ਧੰਨਾ ਭਗਤ ਵੀ ਮੂਰਤੀ ਪੂਜਕ ਹੁੰਦਾ ਸੀ। ਜੋ ਧੰਨੇ ਨੇ ਪੱਥਰ 'ਚੋਂ ਪਾਇਆ, ਨੇਕ ਚੰਦ ਨੇ ਟੁੱਟੇ ਹੋਏ ਠੀਕਰ ਤੇ ਠੀਕਰੀਆਂ ਜੋੜ ਕੇ ਆਪੂੰ ਸਿਰਜੀਆਂ ਮੂਰਤੀਆਂ 'ਚੋਂ ਪਾ ਲਿਆ। ਉਸ ਨੇ ਟੁੱਟੇ ਕਮੋਡਾਂ ਤੇ ਟੂਟੀਆਂ ਵੰਗਾਂ 'ਚੋਂ ਮਾਨਵੀ ਜਿਸਮਾਂ ਦੇ ਅੰਗ ਉਭਾਰੇ ਤੇ ਅਦੁਤੀ ਨਾਮਣਾ ਖਟਿਆ। ਨੇਕ ਚੰਦ ਦੀ ਪ੍ਰਾਪਤੀ ਤੇ ਉਸਤਤ ਨੂੰ ਧੰਨੇ ਜੱਟ ਬਾਰੇ ਪ੍ਰਚਲਤ ਉਸ ਲੋਕ ਬੋਲੀ ਨਾਲ ਵੀ ਸਮੇਟਿਆ ਜਾ ਸਕਦਾ ਹੈ ਜੋ ਡੰਗਰ ਚਾਰਦੇ ਪੇਂਡੂ ਮੁੰਡੇ ਆਮ ਹੀ ਗਾਇਆ ਕਰਦੇ ਹਨ:

ਰੱਬ ਫਿਰਦਾ ਸੀ ਧੰਨੇ ਦੇ ਖੁਰ ਵੱਢਦਾ
ਉਹਨੇ ਕਿਹੜਾ ਕੱਢ ਪਾਈ ਸੀ।

ਸਾਡੇ ਸਮਿਆਂ ਦਾ ਨੇਕ ਚੰਦ ਵੀ ਰਸਮੀ ਵਸਤਰਾਂ ਦਾ ਗੁਲਾਮ ਹੋਏ ਬਿਨਾਂ ਉਸ ਰੱਬ ਨਾਲ ਛੇੜ-ਛਾੜ ਕਰਨ ਦਾ ਮਾਹਰ ਸੀ, ਜਿਸ ਦਾ ਪੱਤੇ-ਪੱਤੀਆਂ ਅਤੇ ਟੂਟੀਆਂ ਚਿਪਰਾਂ ਤੱਕ ਹਰ ਥਾਂ ਵਾਸਾ ਹੈ।

**ਗੁਰੂ ਗ੍ਰੰਥ ਸਾਹਿਬ ਤੇ ਸਿੱਖ ਵਿਦਿਅਕ ਕਾਨਫਰੰਸ:** ਲਾਹੌਰ (ਹੁਣ ਪਾਕਿਸਤਾਨ) ਤੋਂ ਛਪਦੀ 'ਦਾ ਟ੍ਰਿਬਿਊਨ' 15 ਜੂਨ ਨੂੰ ਛਪੀ ਇਕ ਖਬਰ ਅਨੁਸਾਰ ਸਿੱਖ ਐਜੂਕੇਸ਼ਨਲ ਕਾਨਫਰੰਸ ਦੀਆਂ ਬੈਠਕਾਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਦਾ ਮਸਲਾ ਠੰਢਾ ਹੋਣ ਵਿਚ ਨਹੀਂ ਸੀ ਆ ਰਿਹਾ। ਉਦੋਂ ਤੱਕ ਹੋਏ ਕਿਸੇ ਵੀ ਸੈਸ਼ਨ ਵਿਚ ਪਾਵਨ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨਾ ਉਚਿਤ ਨਹੀਂ ਸੀ ਮੰਨਿਆ ਗਿਆ। ਦਲੀਲ ਇਹ ਸੀ ਕਿ ਚੀਫ ਖਾਲਸਾ ਦੀਵਾਨ ਵਲੋਂ ਸਥਾਪਤ ਕੀਤੀ ਗਈ ਇਹ ਵਿਦਿਅਕ ਕਾਨਫਰੰਸ ਵਿਦਿਅਕ ਤੇ ਸਮਾਜਕ ਮਸਲੇ ਵਿਚਾਰਦੀ ਹੈ, ਨਾਂ ਕਿ ਧਾਰਮਿਕ। ਇਸ ਦਾ ਖਾਸਾ ਧਰਮ ਨਿਰਪਖ ਹੋਣ ਕਾਰਨ ਇਸ ਦੀ ਪ੍ਰਧਾਨਗੀ ਲਈ ਵੀ ਹਰ ਵਰ੍ਹੇ ਕਿਸੇ ਉਘੇ ਵਿਦਿਆ ਸ਼ਾਸਤਰੀ ਜਾਂ ਸਮਾਜਕ ਹਸਤੀ ਨੂੰ ਚੁਣਿਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੱਖੀ ਇਹ ਦਲੀਲ ਦਿੰਦੇ ਸਨ ਕਿ ਸਿੱਖ ਪੰਥ ਮੀਰੀ ਤੇ ਪੀਰੀ ਦੇ ਸਿਧਾਂਤ ਨੂੰ ਪ੍ਰਣਾਇਆ ਹੋਇਆ ਹੈ ਜਿਸ ਵਿਚ ਕੋਈ ਵੀ ਵੱਡਾ ਫੈਸਲਾ ਗੁਰੂ ਦੀ ਹੋਂਦ ਤੋਂ ਬਿਨਾ ਨਹੀਂ ਲਿਆ ਜਾ ਸਕਦਾ ਜਿਹੜਾ ਗੁਰੂ ਗੋਬਿੰਦ ਸਿੰਘ ਦੇ ਜੋਤੀ ਜੋਤਿ ਸਮਾਉਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਹੈ।

ਚੀਫ ਖਾਲਸਾ ਦੀਵਾਨ ਉਸ ਖਬਰ ਦੇ ਛਪਣ ਤੋਂ ਚਾਰ ਦਹਾਕੇ ਪਹਿਲਾਂ 1872 ਵਿਚ ਸਥਾਪਤ ਹੋਈ ਸਿੰਘ ਸਭਾ ਤੋਂ ਉਪਜਿਆ ਸੀ ਜਿਸ ਦਾ ਪ੍ਰਥਮ ਪ੍ਰਧਾਨ ਠਾਕਰ ਸਿੰਘ ਸੰਧਾਵਾਲੀਆ ਸੀ ਤੇ ਸਭਾ ਦੀ ਇਕੱਤ੍ਰਤਾ ਦਾ ਸਥਾਨ ਗੁਰੂ ਕਾ ਬਾਗ ਰੱਖਿਆ ਗਿਆ ਸੀ। ਉਂਜ ਸਿੰਘ ਸਭਾ ਤੇ ਚੀਫ ਖਾਲਸਾ ਦੀਵਾਨ ਦੀ ਸਥਾਪਨਾ ਦੇ ਦੋਵੇਂ ਫੈਸਲੇ ਸ਼੍ਰੋਮਣੀ ਸਿੰਘਾਂ ਦੀ ਰਾਮਗੜੀਆਂ ਦੇ ਬੁੰਗੇ ਹੋਈ ਵਿਸ਼ੇਸ਼ ਇਕੱਤ੍ਰਤਾ ਵਿਚ ਲਏ ਗਏ ਸਨ। ਚੀਫ ਖਾਲਸਾ ਦੀਵਾਨ ਨੇ ਅਨੇਕ ਕਾਰਜ ਸਿੱਧ ਕੀਤੇ ਤੇ ਹਾਲੀ ਵੀ ਕਰ ਰਿਹਾ ਹੈ। ਹੁਣ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਦਾ ਮਸਲਾ ਨਵਾਂ ਰੂਪ ਲੈ ਚੁੱਕਿਆ ਹੈ। ਸਿੱਖ ਵਿਦਿਅਕ ਕਾਨਫਰੰਸ ਦਾ ਉਦਘਾਟਨੀ ਸਮਾਗਮ ਅਜਿਹੇ ਪੰਡਾਲ ਵਿਚ ਹੁੰਦਾ ਹੈ ਜਿਥੇ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਕੀਤਾ ਹੁੰਦਾ ਹੈ ਆਮ ਤੌਰ ਤੇ ਇਸ ਸਮੇਂ ਜਲੂਸ ਵੀ ਕਢਿਆ ਜਾਂਦਾ ਹੈ। ਉਦਘਾਟਨੀ ਸੈਸ਼ਨ ਵਿਚ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਉਪਰੰਤ ਬਾਕੀ ਦੀ ਕਾਨਫਰੰਸ ਦੀਆਂ ਵਖ ਵੱਖ ਬੈਠਕਾਂ ਦੇ ਸਥਾਨ ਹੀ ਨਹੀਂ ਬਦਲ ਜਾਂਦੇ, ਬੀੜ ਪ੍ਰਕਾਸ਼ ਕਰਨੀ ਵੀ ਲਾਜ਼ਮੀ ਨਹੀਂ ਸਮਝੀ ਜਾਂਦੀ। 15 ਜੂਨ 2015 ਵਾਲੀ ਖਬਰ ਨੇ ਮੈਨੂੰ ਪੰਥ ਦਾ ਇਹ ਨਾਜ਼ਕ ਮਸਲਾ ਚੇਤੇ ਕਰਵਾ ਦਿੱਤਾ। ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਹਾਲੀ ਵੀ ਉਭਰਦਾ ਰਹਿੰਦਾ ਹੈ। ਉਂਜ ਤਾਂ ਨਰਮ ਦਲੀਏ ਤੇ ਗਰਮ ਦਲੀਏ ਸਾਰੇ ਧਰਮਾਂ ਵਿਚ ਉਭਰਦੇ ਰਹੇ ਹਨ ਪਰ ਸਿੱਖ ਪੰਥ ਤੇ ਇਸਲਾਮ ਵਿਚ ਇਨ੍ਹਾਂ ਦੀ ਹੋਂਦ ਆਏ ਦਿਨ ਸਾਹਮਣੇ ਆਉਂਦੀ ਰਹਿੰਦੀ ਹੈ।

**ਅੰਤਿਕਾ:** (ਬੀਬਾ ਬਲਵੰਤ)

ਜਦ ਰਿਸ਼ਤੇ ਨੇ ਰੁਖ ਸਿਰ ਹੁੰਦੇ
ਤ੍ਰੇਲ 'ਚ ਭਿੱਜੇ ਹਰੇ ਹਰੇ ਤੇ ਕੂਲੇ ਘਾਹ 'ਤੇ
ਫੁੱਲਾਂ ਦੇ ਨਾਲ ਭਰੇ ਬਿਰਖ ਤੋਂ
ਫੁੱਲ ਕਿਰਦੇ ਤਾਂ ਖਿੜ ਖਿੜ ਹੱਸਦੇ।
ਜਦ ਰਿਸ਼ਤੇ ਬੇ-ਰੁਖ ਹੁੰਦੇ
ਬਿਰਖ ਦੇ ਹੇਠਾਂ ਘਾਹ ਸੁੱਕੇ
ਤੇ ਰਹੇ ਸੁਲਘਦਾ ਕੱਲਾ ਕੱਲਾ ਫੁੱਲ ਝੁਲਸਦਾ।

## ਭਰਾਵਾਂ ਦਾ ਮਾਣ-2

# ਦੂਹਰੀ ਮਾਫ਼ੀ

*ਪੰਜਾਬੀ ਕਥਾ ਜਗਤ ਦੇ ਮਿਸਾਲੀ ਹਸਤਾਖਰ ਵਰਿਆਮ ਸਿੰਘ ਸੰਧੂ ਨੇ ਆਪਣੀਆਂ ਯਾਦਾਂ ਦੇ ਭਰੇ-ਭੁਕੰਨੇ ਬੋਹੀਏ ਵਿਚੋਂ ਕੁਝ ਯਾਦਾਂ 'ਭਰਾਵਾਂ ਦਾ ਮਾਣ' ਨਾਂ ਦੀ ਲੜੀ ਵਿਚ ਪਰੋਈਆਂ ਹਨ। ਇਨ੍ਹਾਂ ਯਾਦਾਂ ਦਾ ਬਿਰਤਾਂਤ ਕਹਾਣੀ ਰਸ ਦੇ ਵਲਟੋਹੇ ਤਾਂ ਵਰਤਾਉਂਦਾ ਹੀ ਹੈ, ਨਾਲ ਦੀ ਨਾਲ ਸਰੋਕਾਰਾਂ ਅਤੇ ਸੁਨੇਹਿਆਂ ਦਾ ਝੰਡਾ ਵੀ ਬੁਲੰਦ ਕਰਦਾ ਹੈ। ਵਰਿਆਮ ਦੀ ਹਰ ਰਚਨਾ ਬਹੁ-ਪਾਸਾਰੀ ਹੁੰਦੀ ਹੈ, ਇਸੇ ਕਰ ਕੇ ਹੀ ਪਾਠਕ ਨੂੰ ਉਹ ਸਹਿਜੇ ਹੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਇਸ ਲੇਖ ਲੜੀ ਦੀ ਪਹਿਲੀ ਕੜੀ 'ਭਰਾਵਾਂ ਦਾ ਸੰਗ-ਸਾਥ' ਪਾਠਕ ਪਿਛਲੇ ਅੰਕ ਵਿਚ ਪੜ੍ਹ ਚੁੱਕੇ ਹਨ ਜਿਸ ਵਿਚ ਉਹਨੇ ਆਪਣੇ ਸਾਥੀਆਂ ਦੇ ਸੰਗ-ਸਾਥ ਅਤੇ ਏਕੇ ਦਾ ਨਕਸ਼ਾ ਖਿੱਚਿਆ ਹੈ। ਐਤਕੀਂ ਦੂਜੀ ਕੜੀ 'ਦੂਹਰੀ ਮਾਫ਼ੀ' ਵਿਚ ਵੀ ਉਹਨੇ ਭਰਾਵਾਂ ਦੇ ਮਾਣ ਦਾ ਜ਼ਿਕਰ ਬਹੁਤ ਹੁੱਬ ਕੇ ਕੀਤਾ ਹੈ। ਇਸ ਵਿਚ ਲੋਕ-ਸ਼ਕਤੀ ਦੇ ਨੈਣ-ਨਕਸ਼ ਗੂੜ੍ਹੇ ਵਾਹੇ ਹੋਏ ਦਿਸਦੇ ਹਨ, ਇੰਨੇ ਗੂੜ੍ਹੇ ਕਿ ਗਲਤੀ ਕਰਨ ਵਾਲਾ ਬੰਦਾ ਦੂਹਰੀ ਮਾਫ਼ੀ ਮੰਗਣ ਤਕ ਜਾਂਦਾ ਹੈ। ਇਸ ਲੋਕ ਸ਼ਕਤੀ ਦਾ ਬਿਰਤਾਂਤ ਖਿੱਚਦਿਆਂ ਵਰਿਆਮ ਸੰਧੂ ਨੇ ਆਪਣੇ ਪਿੰਡ, ਪਿੰਡ ਵਿਚ ਵਸਦੇ ਜੀਆਂ ਅਤੇ ਇਨ੍ਹਾਂ ਜੀਆਂ ਦੀਆਂ ਤਾਂਘਾਂ, ਤੱਦੀਆਂ ਤੇ ਤੌਖਲਿਆਂ ਬਾਰੇ ਗੱਲਾਂ ਸਾਂਝੀਆਂ ਕੀਤੀਆਂ ਹਨ। -ਸੰਪਾਦਕ*



**ਵਰਿਆਮ ਸੰਧੂ**
e-mail: waryamsandhu@gmail.com

ਇਹ ਨਹੀਂ ਸੀ ਕਿ ਕਦੀ ਕੋਈ ਮੁਸ਼ਕਿਲ ਹੀ ਨਹੀਂ ਸੀ ਆਉਂਦੀ, ਪਰ ਅਸੀਂ ਪਿਆਰ ਮੁਹੱਬਤ ਨਾਲ ਹੀ ਗੱਲ ਨਜਿੱਠ ਲੈਂਦੇ। ਸਾਨੂੰ ਪਤਾ ਸੀ ਕਿ ਸਾਡੇ ਕੋਲ ਆਪਣੀ ਗੱਲ ਮਨਾਉਣ ਲਈ ਕੇਵਲ ਭਾਈਚਾਰਕ ਦਬਾਅ ਤੋਂ ਇਲਾਵਾ ਹੋਰ ਕੋਈ ਤਰੀਕਾ ਨਹੀਂ। ਸਾਡੇ ਕੋਲ ਕਿਹੜੀ ਕੋਈ ਕਾਨੂੰਨੀ ਸ਼ਕਤੀ ਸੀ। ਜਾਣਦੇ ਸਾਂ ਕਿ ਨਿਯਮ ਤੋੜਨ ਵਾਲੇ ਦਾ 'ਪਿੱਟ-ਸਿਆਪਾ' ਕੀਤਿਆਂ, ਉਹਨੂੰ ਧੌਂਸ ਦੇਣ ਕਾਰਨ ਜਾਂ ਕਿਸੇ ਖ਼ਿਲਾਫ਼ ਦਬਾਅ ਵਾਲੀ ਕਾਰਵਾਈ ਕਰਨ ਨਾਲ ਨਿਯਮ ਤੋੜਨ ਦੀ ਰਵਾਇਤ ਸ਼ੁਰੂ ਹੋ ਜਾਣੀ ਹੈ। ਇਕ ਵਾਰ ਰਾਹ ਪੈ ਗਿਆ ਤਾਂ ਤਾਸ਼ ਦੇ ਪੱਤੇ ਖਿੱਲਰ ਜਾਣੇ ਹਨ। ਮੈਂ ਗਰਮ ਸਾਥੀਆਂ ਨੂੰ ਕਹਿੰਦਾ ਕਿ ਡੰਗ ਮਾਰਨਾ ਤਾਂ ਕਿਤੇ ਰਿਹਾ, ਸਾਨੂੰ ਫੁੰਕਾਰਾ ਮਾਰਨ ਤੋਂ ਵੀ ਬਿਨਾ ਹੀ ਸਾਰਨਾ ਚਾਹੀਦਾ ਹੈ, ਪਰ ਕਦੀ ਕਦੀ ਮਜਬੂਰੀ ਵੱਸ ਫੁੰਕਾਰਾ ਵੀ ਮਾਰਨਾ ਪੈਂਦਾ ਸੀ।

ਸਾਡਾ ਘਰ ਪਿੰਡ ਦੇ ਮੇਨ ਬਾਜ਼ਾਰ ਦੇ ਚੌਰਸਤੇ ਵਿਚ ਸੀ। ਬਾਜ਼ਾਰ ਵਿਚ ਸਾਡਾ ਜੱਟਾਂ ਦਾ ਘਰ ਇੱਕੋ ਸੀ। ਬਾਕੀ ਘਰ ਬਾਹਮਣਾਂ-ਖੱਤਰੀਆਂ ਦੇ ਸਨ। ਬਹੁਤੇ ਘਰ ਤਿੰਨ ਮੰਜ਼ਿਲੇ ਉਚੇ ਚੁਬਾਰਿਆਂ ਵਾਲੇ ਸਨ। ਸਰਵਣ ਰਾਮ ਦਾ ਛੋਟਾ ਮੁੰਡਾ ਵਾਸਦੇਵ ਉਰਫ਼ 'ਵਾਸ਼ਾ' ਬੜਾ ਉਲੱਥ ਸੀ। ਬਦਮਾਸ਼ੀ ਵਿਚ ਵੀ ਪੈਰ ਰੱਖਣ ਲੱਗਾ ਸੀ। ਉਹ ਸ਼ਰਾਬ ਪੀ ਕੇ ਬੜੀਆਂ ਅਜੀਬੋ-ਗਰੀਬ ਤੇ ਖ਼ਤਰਨਾਕ ਹਰਕਤਾਂ ਕਰਦਾ। ਤਿੰਨ ਮੰਜ਼ਿਲੇ ਚੁਬਾਰੇ ਦੇ ਬਨੇਰਿਆਂ ਦੇ ਬਾਹਰਵਾਰ ਬਣੀ ਛੇ ਕੁ ਇੰਚ ਵੱਟੀ ਉਤੇ ਹੱਥ ਛੱਡ ਕੇ ਤੁਰਨ ਲੱਗਦਾ। ਇੰਨੇ ਕੁ ਥਾਂ 'ਤੇ ਪੈਰ ਰੱਖ ਕੇ ਤੁਰਨਾ ਬੜਾ ਔਖਾ ਸੀ। ਪੈਰ ਤਿਲਕ ਸਕਦਾ ਸੀ, ਤਵਾਜ਼ਨ ਡੋਲ ਸਕਦਾ ਸੀ, ਜਰਜਰੇ ਹੋ ਚੁੱਕੇ ਪੁਰਾਣੇ ਮਕਾਨ ਦੀ, ਪੈਰਾਂ ਹੇਠਲੀ ਬੰਨੀ ਦੀ ਕੋਈ ਇੱਟ ਉਖੜ ਸਕਦੀ ਸੀ। ਤੇ ਨਤੀਜਾ ਨਿਕਲਣਾ ਸੀ ਵਾਸ਼ੇ ਦਾ ਤੀਜੀ ਮੰਜ਼ਿਲ ਤੋਂ ਬਾਜ਼ਾਰ ਵਿਚ ਚੌਫ਼ਾਲ ਆ ਡਿੱਗਣਾ। 'ਸ਼ੋਅਲੇ' ਦੇ ਧਰਮਿੰਦਰ ਨੂੰ ਟੈਂਕੀ ਤੋਂ ਛਾਲ ਮਾਰਨੋਂ ਰੋਕਣ ਵਾਂਗ ਹੇਠਾਂ ਖਲੋਤੇ ਬੰਦੇ ਬਾਜ਼ਾਰ 'ਚੋਂ ਜਾਂ ਆਂਢ-ਗਵਾਂਢ ਦੇ ਕੋਠਿਆਂ ਤੋਂ ਆਵਾਜ਼ਾਂ ਦਿੰਦੇ, "ਉਏ ਵਾਸ਼ਿਆ! ਕੰਜਰਾ ਪੈਰ ਤਿਲਕ ਗਿਆ ਤਾਂ ਤੇਰੀ ਹੱਡੀ ਪੱਸਲੀ ਇਕ ਵੀ ਸਬੂਤੀ ਨਹੀਂ ਬਚਣੀ। ਬੰਦਾ ਬਣ ਕੇ ਛੱਤ 'ਤੇ ਚੜ੍ਹ ਜਾਹ। ਕਿਉਂ ਮਰਨ-ਮਿੱਟੀ ਚੁੱਕੀ ਆ ਤੂੰ।"

ਵਾਸ਼ਾ ਕਿਸੇ ਦੀ ਨਾ ਸੁਣਦਾ। ਮੁਹਾਰਤੀ ਬਾਜ਼ੀਗਰ ਵਾਂਗ ਉਚੇ ਮਕਾਨ ਦੀ ਕੰਧ ਦੇ ਬਾਹਰ ਬਾਹਰ ਵੱਟੀ 'ਤੇ ਤੁਰਦਾ। ਪਹਿਲਾਂ ਤਾਂ ਬੰਨੀ ਜਿਹੀ 'ਤੇ ਤੁਰਨ ਦਾ ਕਰਤੱਵ ਕਰਦਾ ਤੇ ਫਿਰ ਬੰਨੀ ਨੂੰ ਹੱਥ ਪਾ ਕੇ ਚੁਬਾਰੇ ਦੀ ਬਾਰੀ ਵਿਚ ਪੈਰ ਅੜਾਉਂਦਾ। ਹੇਠਾਂ ਹੁੰਦਾ ਤੇ ਬਾਰੀ ਨੂੰ ਫੜ ਕੇ ਹੇਠਲੇ ਚੁਬਾਰੇ ਦੀ ਬੰਨੀ 'ਤੇ ਪੈਰ ਰੱਖ ਕੇ ਤੁਰਨ ਲੱਗਦਾ। ਫਿਰ ਉਸ ਤੋਂ ਹੇਠਾਂ। ਪਹਿਲੀ ਮੰਜ਼ਿਲ 'ਤੇ ਬਣੀ ਬੰਨੀ 'ਤੇ ਖਲੋ ਕੇ, ਟੇਢਾ ਹੋ ਕੇ ਦੁਕਾਨਾਂ ਅੱਗੇ ਛਾਂ ਕਰਨ ਲਈ ਬਾਜ਼ਾਰ ਦੇ ਉਰਾਰ-ਪਾਰ ਪਤਲੇ ਵਾਂਸਾਂ 'ਤੇ ਪਾਏ ਤਰਪਾਲ ਵਿਚੋਂ ਕਿਸੇ ਵਾਂਸ ਨੂੰ ਟੋਂਹਦਾ ਤੇ ਪਤਲੇ ਵਾਂਸ 'ਤੇ ਮਦਾਰੀਆਂ ਵਾਂਗ ਤੁਰਦਾ ਬਾਜ਼ਾਰ ਤੋਂ ਪਾਰ ਕਿਸੇ ਦੂਜੇ ਘਰ ਦੀ ਛੱਤ 'ਤੇ ਜਾ ਚੜ੍ਹਦਾ। ਫਿਰ ਕੋਠੇ ਦੇ ਬਨੇਰਿਆਂ ਨੂੰ ਹੱਥ ਪਾ ਕੇ ਹੇਠਾਂ ਪੈਰ ਲਮਕਾ ਲੈਂਦਾ ਤੇ ਬਾਜ਼ਾਰ ਵਿਚ ਛਾਲ ਮਾਰ ਦਿੰਦਾ। ਮੁੜ ਆਪਣੇ ਚੁਬਾਰੇ 'ਤੇ ਜਾ ਚੜ੍ਹਦਾ ਤੇ ਪਹਿਲੀ ਕਵਾਇਦ ਦੁਹਰਾਉਣ ਲੱਗਦਾ।

ਉਹਦੇ ਟੱਪਣ, ਛਾਲ ਮਾਰਨ ਦੀ ਫੁਰਤੀ ਬਾਂਦਰਾਂ ਵਰਗੀ ਸੀ। ਮੌਤ ਤੋਂ ਜਿਵੇਂ ਉਹਨੂੰ ਡਰ ਹੀ ਨਹੀਂ ਸੀ ਲੱਗਦਾ। ਹੌਲੀ ਹੌਲੀ ਉਸ ਦਾ 'ਕਰਤਬ' ਵੇਖ ਕੇ ਡਰਨ ਵਾਲੇ ਬੰਦਿਆਂ ਦਾ ਭੈਅ ਵੀ ਲਹਿ ਗਿਆ। ਉਸ ਵੱਲ ਉਹ ਵੇਖਦੇ ਜ਼ਰੂਰ ਪਰ ਉਹਨੂੰ ਇਸ ਤਰ੍ਹਾਂ ਕਰਨੋਂ ਵਰਜਦਾ ਕੋਈ ਨਾ। ਸ਼ਰਾਬੀ ਹੋਇਆ ਉਹ ਚਾਂਗਰਾਂ ਤੇ ਲਲਕਾਰੇ ਵੀ ਮਾਰਦਾ, ਪਰ ਉਹਦੀ ਕਿਸੇ ਨਾਲ ਲਾਗ-ਡਾਟ ਨਹੀਂ ਸੀ। ਇਸ ਲਈ ਉਹਦੇ ਲਲਕਾਰੇ ਸੁਣ ਕੇ ਲੋਕ ਹੱਸ ਛੱਡਦੇ, ਕਹਿੰਦੇ ਕੁਝ ਨਾ।

ਜਦੋਂ ਸ਼ਰਾਬ ਪੀ ਕੇ ਲਲਕਾਰੇ ਮਾਰਨ 'ਤੇ ਰੋਕ ਲੱਗੀ ਤਾਂ ਮੈਂ ਸੋਚਿਆ ਕਿ ਵਾਸ਼ੇ ਦਾ ਕੀ ਕਰਾਂਗੇ? ਮੈਂ ਉਹਨੂੰ ਸੱਦ ਕੇ ਕਿਹਾ, "ਵਾਸ਼ਿਆ! ਹੁਣ ਬੀਬਾ ਵੀਰ ਬਣ ਕੇ ਸਾਡੀ ਇੱਜ਼ਤ ਰੱਖੀਂ। ਤੂੰ ਮੇਰਾ ਗਵਾਂਢੀ ਵੀ ਐਂ ਤੇ ਛੋਟਾ ਵੀਰ ਵੀ। ਮੇਰਾ ਮਾਣ ਰੱਖੀਂ।"

ਵਾਸ਼ੇ ਨੇ ਮਿੰਨ੍ਹਾ ਮਿੰਨ੍ਹਾ ਹੱਸਦਿਆਂ ਮੇਰੇ ਗੋਡਿਆਂ ਨੂੰ ਹੱਥ ਲਾਇਆ, "ਪਰ ਭਾ ਜੀ! ਘਰ ਬਹਿ ਕੇ ਤਾਂ ਪੀ ਸਕਦਾਂ ਨਾ?"

"ਘਰ ਬਹਿ ਕੇ ਜਿਵੇਂ ਮਰਜ਼ੀ ਕਰੀਂ, ਪਰ ਚਾਂਗਰਾਂ ਨਾ ਮਾਰੀਂ ਬਾਜ਼ਾਰ ਵਿਚ।"

ਵਾਸ਼ੇ ਨੇ ਵਚਨ ਦਿੱਤਾ ਤੇ ਕਈ ਮਹੀਨੇ ਨਿਭਾਇਆ ਵੀ। ਕਈ ਸ਼ਰਾਰਤੀ ਲੋਕ ਸਾਡੇ ਖ਼ਿਲਾਫ਼ ਵੀ ਬੋਲਦੇ; ਉਹਨੂੰ ਛੇੜਦੇ ਵੀ, ਵੰਗਾਰਦੇ ਵੀ, "ਬੱਸ ਹੋ ਗਿਐਂ ਗੁੰਗਲ? ਨਿਕਲ ਗਈ ਫੂਕ? ਕਿੱਥੇ ਗਈਆਂ ਤੇਰੀਆਂ ਬੜ੍ਹਕਾਂ? ਇੰਜ ਇਹ ਅਗਲੇ ਦੀ ਸੰਘੀ ਨੱਪਣ ਲੱਗੇ ਤਾਂ ਪਿੰਡ 'ਚ ਬੋਲਣ ਵਾਲਾ ਕੌਣ ਰਹਿ ਜੂ? ਤੂੰ ਤੇ ਵਾਸ਼ਿਆ ਗੱਲ ਈ ਗਵਾ'ਤੀ! ਇੰਨਾ ਵੀ ਡਰ ਕੀ ਆਖ? ਅੱਗੇ ਕਿਤੇ ਬੰਦੇ ਖਾਂਦੇ ਪੀਂਦੇ ਨਹੀਂ ਆਏ ਕਿ ਲਲਕਾਰੇ ਨਹੀਂ ਮਾਰਦੇ ਰਹੇ? ਘੁੱਟ ਪੀ ਕੇ ਜੇ ਕੋਈ ਆਪਣਾ ਰਾਂਝਾ ਰਾਜ਼ੀ ਕਰਨ ਲਈ ਬੁਲਬੁਲੀ ਮਾਰ ਵੀ ਲਵੇ ਤਾਂ ਕਿਸੇ ਦੇ ਕੀ ਢਿੱਡ ਪੀੜ ਹੁੰਦੀ ਏ?"

ਲੋਕਾਂ ਦੀ ਚੁੱਕਣਾ ਦਾ ਅਸਰ ਸੀ ਜਾਂ ਬਾਹਰਲੇ ਦਬਾਓ ਨਾਲ ਉਸ ਅੰਦਰ ਗੈਸ ਹੀ ਇੰਨੀ ਇਕੱਠੀ ਹੋ ਗਈ ਸੀ ਕਿ ਇਕ ਸ਼ਾਮ ਉਹਦੇ ਅੰਦਰਲਾ 'ਗਿੱਦੜ ਰੱਜ ਕੇ ਹਵਾਂਕਣ ਲੱਗਾ'। ਮੈਂ ਉਸ ਦਿਨ ਆਪਣੀ ਪਤਨੀ ਨਾਲ ਆਪਣੇ ਸਹੁਰੇ ਪਿੰਡ ਝਬਾਲ ਗਿਆ ਹੋਇਆ ਸਾਂ। ਵਾਸਦੇਵ ਨੇ ਰਾਤੀਂ ਸ਼ਰਾਬ ਪੀ ਕੇ ਸਭਾ ਦਾ ਨਾਂ ਲੈ ਕੇ ਚਾਂਗਰਾਂ ਮਾਰੀਆਂ ਸਨ। ਕਹਿ ਰਿਹਾ ਸੀ ਕਿ 'ਉਹਨੂੰ ਕੋਈ ਮਾਈ ਦਾ ਲਾਲ ਲਲਕਾਰੇ ਮਾਰਨੋਂ ਰੋਕ ਨਹੀਂ ਸਕਦਾ। ਕੋਈ ਹੁੰਦਾ ਕੌਣ ਹੈ, ਉਹਦੀ ਖ਼ੁਸ਼ੀ ਵਿਚ ਖ਼ਲਲ ਪਾਉਣ ਵਾਲਾ? ਕਿਸੇ 'ਚ ਹਿੰਮਤ ਹੈ ਤਾਂ ਉਹਨੂੰ ਰੋਕ ਕੇ ਵਿਖਾਵੇ! ਚਾਰ ਜਣੇ ਰਲ ਕੇ ਪਿੰਡ 'ਤੇ ਹਕੂਮਤ ਕਰੀ ਜਾਣ! ਅਸੀਂ ਨਹੀਂ ਕਿਸੇ ਦਾ ਹੁਕਮ ਮੰਨਦੇ ਉਏ! ਆ ਜੇ ਜਿਹੜਾ ਸੂਰਮਾ ਆਉਂਦਾ ਏ ਮੈਦਾਨ ਵਿਚ।'


ਗੱਜਦਾ ਹੋਇਆ ਵਾਸ਼ਾ ਨਾਲ ਨਾਲ ਗੰਦੀਆਂ ਗਾਲ੍ਹਾਂ ਦੀ ਵਾਛੜ ਵੀ ਕਰੀ ਜਾ ਰਿਹਾ ਸੀ।

ਉਹਦਾ ਘਰ ਮੇਰੇ ਗਵਾਂਢ ਵਿਚ ਹੀ ਤਾਂ ਸੀ। ਜ਼ਾਹਿਰ ਸੀ ਕਿ ਸਾਰਾ ਕੁਝ ਮੈਨੂੰ ਸੁਣਾ ਕੇ ਹੀ ਕਿਹਾ ਜਾ ਰਿਹਾ ਸੀ। ਉਹਦੇ ਘਰਦਿਆਂ ਵੀ, ਹੋਰ ਵੀ ਇਕ ਦੋ ਸਿਆਣੇ ਬਜ਼ੁਰਗਾਂ ਨੇ ਵਰਜਿਆ ਪਰ ਉਹ ਕਿਸੇ ਦੀ ਕਾਹਨੂੰ ਸੁਣਦਾ ਸੀ! ਤਮਾਸ਼ਬੀਨ ਸਭ ਕੁਝ ਵੇਖ-ਸੁਣ ਕੇ ਹੱਸ ਰਹੇ ਸਨ।

ਅਗਲੇ ਦਿਨ ਸਭਾ ਦੇ ਕੁਝ ਮੁੰਡੇ ਮੇਰੇ ਕੋਲ ਝਬਾਲ ਆ ਪਹੁੰਚੇ। ਸਾਰੀ ਖ਼ਬਰ ਦਿੱਤੀ ਤੇ ਕਿਹਾ ਕਿ ਜੇ ਅਸੀਂ ਕੋਈ ਕਦਮ ਨਾ ਚੁੱਕਿਆ ਤਾਂ ਆਪਣੀ ਹੋਂਦ ਤੇ ਮਾਣ ਤਾਂ ਮਿੱਟੀ ਵਿਚ ਮਿਲੇਗਾ ਹੀ, ਨਾਲ ਦੇ ਨਾਲ ਇੰਨੇ ਉਦਮ ਨਾਲ ਜਾਰੀ ਕੀਤੇ ਸੁਧਾਰਾਂ ਦੇ ਸਿਲਸਿਲੇ ਨੂੰ ਵੀ ਬਰੇਕ ਲੱਗ ਜਾਏਗੀ। ਪਿੰਡ ਦੇ ਕਈ ਚੌਧਰੀ ਅੰਦਰੇ-ਅੰਦਰ ਸਾਡੀ 'ਸਰਦਾਰੀ' ਨਾਲ ਖ਼ਾਰ ਵੀ ਖਾਂਦੇ ਸਨ ਤੇ ਚਾਹੁੰਦੇ ਸਨ ਕਿ ਕੋਈ ਨਾ ਕੋਈ ਅਜਿਹੀ ਘਟਨਾ ਵਾਪਰੇ ਜਿਸ ਨਾਲ ਬੱਝੀ ਗੰਢ ਖੁੱਲ੍ਹ ਜਾਏ। ਮੈਂ ਤੇ ਮੇਰੇ ਸਾਥੀ ਗੰਢ ਖੁੱਲ੍ਹਣ ਨਹੀਂ ਸਾਂ ਦੇਣਾ ਚਾਹੁੰਦੇ, ਪਰ ਵਾਸ਼ੇ ਨੇ ਤਾਂ ਹੁਣ ਖੁੱਲ੍ਹ-ਮ-ਖੁੱਲ੍ਹਾ ਚੈਲੰਜ ਕਰ ਦਿੱਤਾ ਸੀ। ਪਿੰਡ ਦੇ ਭਰੇ ਬਾਜ਼ਾਰ ਵਿਚ ਉਸ ਨੇ ਸਾਨੂੰ ਵੰਗਾਰਿਆ, ਲਲਕਾਰਿਆ ਤੇ ਗਾਲ੍ਹਾਂ ਦਿੱਤੀਆਂ ਸਨ। ਸਾਰਾ ਪਿੰਡ ਸੌਦਾ-ਸੂਤ ਲੈਣ ਬਾਜ਼ਾਰ ਵਿਚ ਆਉਂਦਾ ਸੀ। ਗੱਲ ਕੇਵਲ ਬਾਜ਼ਾਰ ਵਿਚ ਜਾਂ ਮੇਰੇ ਤੇ ਵਾਸ਼ੇ ਦੇ ਘਰਾਂ ਤੱਕ ਸੀਮਤ ਨਹੀਂ ਸੀ ਰਹਿ ਗਈ। ਗੱਲ ਸਾਰੇ ਪਿੰਡ ਵਿਚ ਫੈਲ ਗਈ ਸੀ। ਖ਼ਾਮੋਸ਼ ਬੈਠਾ ਪਿੰਡ ਇਹ ਜਾਨਣਾ ਤੇ ਵੇਖਣਾ ਚਾਹੁੰਦਾ ਸੀ ਕਿ ਕੀ ਅਸੀਂ ਹਥਿਆਰ ਸੁੱਟ ਦਿੱਤੇ ਹਨ ਜਾਂ ਅਜੇ ਵੀ ਆਪਣੇ ਵਿਚਾਰਾਂ ਦੀ ਲੜਾਈ ਲੜਨ ਵਿਚ ਸਾਡਾ ਕੋਈ ਭਰੋਸਾ ਹੈ।

ਸਾਥੀਆਂ ਨਾਲ ਮੈਂ ਪਿੰਡ ਆ ਗਿਆ। ਆਪਸੀ ਇਕੱਠ ਕਰ ਕੇ ਅਸੀਂ ਮਸਲਾ ਵਿਚਾਰਿਆ ਤੇ ਸ਼ਾਮ ਨੂੰ ਵਾਸਦੇਵ ਦਾ ਦਰਵਾਜ਼ਾ ਜਾ ਖੜਕਾਇਆ। ਖੁੜਕ ਤਾਂ ਉਹਨੂੰ ਪਹਿਲਾਂ ਹੀ ਗਈ ਸੀ ਪਰ ਆਪਣੇ ਬੂਹੇ ਅੱਗੇ ਵੀਹ-ਪੰਝੀ ਬੰਦਿਆਂ ਦਾ ਇਕੱਠ ਵੇਖ ਕੇ ਉਹ ਛਾਬਲ ਜਿਹਾ ਗਿਆ।

**ਉਹ ਦੋਵੇਂ ਹੱਥ ਜੋੜੀ ਮਾਫ਼ੀ ਮੰਗਣ ਲੱਗਾ। ਸਾਰੇ ਉਸ ਵੱਲ ਵੇਖੀ ਜਾ ਰਹੇ ਸਨ। ਮਾਫ਼ੀ ਮੰਗ ਕੇ ਉਹ ਸਾਡਾ ਤੇ ਲੋਕਾਂ ਦਾ ਪ੍ਰਤੀਕਰਮ ਉਡੀਕਣ ਲੱਗਾ। ਸਾਰੇ ਖ਼ਾਮੋਸ਼ ਸਨ। ਉਹਨੂੰ ਲੱਗਾ ਜਿਵੇਂ ਉਸ ਤੋਂ ਪੂਰੀ ਆਜਜ਼ੀ ਨਾਲ ਭੁੱਲ ਨਹੀਂ ਬਖ਼ਸ਼ਾਈ ਜਾ ਸਕੀ। ਫੇਰ ਹੱਥ ਜੋੜ ਕੇ ਉਹਨੇ ਵੱਖਰੇ ਅੰਦਾਜ਼ ਵਿਚ ਆਪਣਾ ਆਪ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ, "ਪਿੰਡਾ! ਮੈਨੂੰ ਦੂਹਰੀ ਮਾਫ਼ੀ ਦੇ ਦਿਓ।"... ਮੇਰੇ ਹਿਸਾਬ ਨਾਲ ਫ਼ੈਸਲਾ ਹੋ ਗਿਆ ਸੀ। ਮਾਰੇ ਨਾਲੋਂ ਭਜਾਇਆ ਚੰਗਾ। ਜੇ ਭਲਾ ਉਹ ਵਿਹਰ ਜਾਂਦਾ ਤਾਂ ਪਤਾ ਨਹੀਂ ਗੱਲ ਨੇ ਕਿਹੜਾ ਮੋੜ ਅਖ਼ਤਿਆਰ ਕਰਨਾ ਸੀ!**



"ਕਕ...ਕ...ਕੀ ਗੱਲ ਆ? ਕਿਉਂ? ਕੀ ਹੋਇਆ? ਕਿਵੇਂ ਆਉਣੇ ਹੋਏ ਭਾ ਜੀ।"

ਮੈਂ ਉਸ ਦੇ ਗੁੱਟ ਨੂੰ ਹੱਥ ਪਾਇਆ, "ਆ ਜਾ ਮੇਰਾ ਬੀਬਾ ਵੀਰ, ਜ਼ਰਾ ਬਾਹਰ ਆ। ਸਾਰਾ ਕੁਝ ਦੱਸ ਦੇਂਦੇ ਆਂ।"

ਉਹਦੇ ਦਰਵਾਜ਼ੇ ਤੋਂ ਮਸਾਂ ਦਸ ਕਦਮਾਂ ਦੀ ਵਿੱਥ 'ਤੇ ਬਾਜ਼ਾਰ ਦਾ ਉਹ ਚੌਕ ਸੀ ਜਿੱਥੇ ਰਾਤੀਂ ਉਸ ਨੇ ਆਪਣਾ 'ਜਲਵਾ' ਵਿਖਾਇਆ ਸੀ। ਸਾਡੇ ਇਕੱਠ ਨੂੰ ਵੇਖ ਕੇ ਵੱਡੀ ਗਿਣਤੀ ਵਿਚ ਲੋਕ ਬਾਜ਼ਾਰ ਵਿਚ ਇਕੱਠੇ ਹੋ ਗਏ ਸਨ। ਲਾਭ ਚੰਦ ਦੀ ਦੁਕਾਨ ਦੇ ਉਚੇ ਥੜ੍ਹੇ 'ਤੇ 'ਲੋਕ-ਅਦਾਲਤ' ਲੱਗ ਗਈ।

"ਤੂੰ ਰਾਤੀਂ ਪਿੰਡ ਦੇ ਬਣਾਏ ਨੇਮ ਤੋੜਦਿਆਂ ਸ਼ਰਾਬ ਪੀ ਕੇ ਬਾਜ਼ਾਰ ਵਿਚ ਲਲਕਾਰੇ ਮਾਰੇ। ਇੰਨੇ 'ਤੇ ਬੱਸ ਨਹੀਂ। ਤੂੰ ਸਾਨੂੰ ਵੀ ਗਾਲ੍ਹਾਂ ਕੱਢੀਆਂ। ਨਿਰਾ ਨੇਮ ਤੋੜਦਾ ਤਾਂ ਹੋਰ ਗੱਲ ਸੀ ਪਰ ਤੂੰ ਤਾਂ ਸਾਨੂੰ ਵੀ ਵੰਗਾਰਦਾ, ਲਲਕਾਰਦਾ ਤੇ ਗਾਲ੍ਹਾਂ ਦਿੰਦਾ ਰਿਹਾ। ਜੇ ਮਰਦ ਦਾ ਬੱਚਾ ਏਂ ਤਾਂ ਇਕ ਵਾਰ ਹੁਣ ਚਾਂਗਰ ਮਾਰ ਕੇ ਵਿਖਾ, ਗਾਲ੍ਹ ਭਾਵੇਂ ਨਾ ਹੀ ਕੱਢ। ਜੇ ਕੱਢਣੀ ਏਂ ਤਾਂ ਉਹ ਵੀ ਕੱਢ ਕੇ ਵੇਖ ਲਾ। ਫੇਰ ਵੇਖ ਕੀ ਭਾਅ ਤੁੱਲਦੀ ਆ?" ਮੈਂ ਉਹਦੇ ਗੁੱਟ ਨੂੰ ਹਲੂਣਾ ਦਿੱਤਾ।

ਨਾਲ ਹੀ ਮੇਰੇ ਸਾਥੀ ਵੱਖ ਵੱਖ ਆਵਾਜ਼ਾਂ ਵਿਚ ਬੋਲ ਉਠੇ, "ਤੂੰ ਸਾਨੂੰ ਸਮਝਿਆ ਕੀ ਏ ਉਏ?", "ਭਾ ਜੀ ਇਹਦੀ ਭੁਗਤ ਸਵਾਰੋ, ਗੱਲਾਂ ਬਾਤਾਂ 'ਚ ਨਾ ਪਓ ਇਹਦੇ ਨਾਲ", "ਜਿਹੜੇ ਇਹਦੇ ਪਿੱਛੇ ਨੇ, ਆ ਜਾਣ ਅੱਜ ਉਹ ਵੀ ਸਾਹਮਣੇ। ਲੁਕ ਕੇ ਤਮਾਸ਼ਾ ਵੇਖਿਆਂ ਗੱਲ ਨਹੀਂ ਬਣਨੀ", "ਲੱਤਾਂ ਦੇ ਭੂਤ ਵੀ ਕਦੀ ਗੱਲਾਂ ਨਾਲ ਮੰਨੇ ਨੇ।"

ਵਾਸ਼ਾ ਭੀੜ ਦਾ ਰਵੱਈਆ ਵੇਖ ਕੇ ਸਹਿਮ ਗਿਆ। ਡੌਰ ਭੌਰ ਜਿਹਾ ਹੋ ਕੇ ਭੀੜ ਦੇ ਚਿਹਰਿਆਂ ਵੱਲ ਵੇਖੀ ਜਾਵੇ।

"ਬੋਲ! ਗੁੰਗਾ ਕਿਉਂ ਹੋ ਗਿਐਂ?" ਮੈਂ ਹਲੂਣਿਆ। ਉਹ ਮੇਰੇ ਗੋਡਿਆਂ ਵੱਲ ਝੁਕਿਆ, "ਭਾ ਜੀ! ਗਲਤੀ ਹੋ ਗਈ ਸ਼ਰਾਬੀ ਹੋਏ ਤੋਂ। ਭੁੱਲ ਕਰ ਬੈਠਾਂ। ਮਾਫ਼ ਕਰ ਦਿਓ ਮੈਨੂੰ। ਅੱਗੇ ਤੋਂ ਕੰਨ 'ਚ ਪਾਇਆ ਰੜਕ ਗਿਆ ਤਾਂ ਆਖਿਓ। ਮੈਂ ਤੁਹਾਡਾ ਛੋਟਾ ਵੀਰ।"

ਮੈਂ ਉਹਨੂੰ ਗੋਡਿਆਂ ਨੂੰ ਹੱਥ ਲਾਉਣੋਂ ਰੋਕ ਲਿਆ, "ਪਿੰਡ ਵੱਲੋਂ ਸਰਬਸੰਮਤੀ ਨਾਲ ਕੀਤੇ ਫ਼ੈਸਲੇ ਨੂੰ ਠੁਕਰਾ ਕੇ ਤੂੰ ਸਾਨੂੰ ਨਹੀਂ, ਸਾਰੇ ਪਿੰਡ ਨੂੰ ਬੇਇੱਜ਼ਤ ਕੀਤਾ ਹੈ ਤੇ ਗਾਲ੍ਹਾਂ ਸਾਨੂੰ ਨਹੀਂ, ਸਾਰੇ ਪਿੰਡ ਨੂੰ ਕੱਢੀਆਂ ਨੇ। ਇਸ ਥੜ੍ਹੇ 'ਤੇ ਖਲੋ ਜਾ ਤੇ ਸਾਰੀ ਸੰਗਤ ਵੱਲ ਮੂੰਹ ਕਰ ਕੇ ਆਪਣੀ ਭੁੱਲ ਦੀ ਮਾਫ਼ੀ ਮੰਗ ਤੇ ਅੱਗੇ ਤੋਂ ਅਜਿਹਾ ਨਾ ਕਰਨ ਦੀ ਸਹੁੰ ਖਾਹ।"

ਇੰਨੇ ਵਿਚ ਸੌ ਦੇ ਲਗਭਗ ਬੰਦਾ ਬਾਜ਼ਾਰ ਵਿਚ ਇਕੱਠਾ ਹੋ ਗਿਆ ਸੀ। ਵਾਸ਼ਾ ਭੁੜਕ ਕੇ ਥੜ੍ਹੇ 'ਤੇ ਚੜ੍ਹ ਗਿਆ। ਭੀੜ ਵੱਲ ਹੱਥ ਜੋੜ ਕੇ ਕਹਿੰਦਾ, "ਪਿੰਡਾ! ਮੈਥੋਂ ਬੜੀ ਬੱਜਰ ਭੁੱਲ ਹੋ ਗੀ ਰਾਤੀਂ। ਮਾਫ਼ ਕਰ ਦਿਓ ਪਿੰਡਾ! ਮੈਨੂੰ ਮਾਫ਼ ਕਰ ਦਿਓ। ਆਹ ਤੁਹਾਡੇ ਅੱਗੇ ਦੋਵੇਂ ਹੱਥ ਬੰਨ੍ਹੇ। ਮਾਫ਼ ਕਰ ਦਿਓ, ਮਾਫ਼ ਕਰ ਦਿਓ, ਮਾਫ਼ ਕਰ ਦਿਓ।" ਉਹ ਦੋਵੇਂ ਹੱਥ ਜੋੜੀ ਚਾਰ ਚੁਫ਼ੇਰੇ ਖਲੋਤੀ ਭੀੜ ਵੱਲ ਸਾਰੇ ਪਾਸੇ ਮੂੰਹ ਭੁਆ ਕੇ ਮਾਫ਼ੀ ਮੰਗਣ ਲੱਗਾ। ਸਾਰੇ ਉਸ ਵੱਲ ਵੇਖੀ ਜਾ ਰਹੇ ਸਨ। ਮਾਫ਼ੀ ਮੰਗ ਕੇ ਉਹ ਸਾਡਾ ਤੇ ਲੋਕਾਂ ਦਾ ਪ੍ਰਤੀਕਰਮ ਉਡੀਕਣ ਲੱਗਾ। ਸਾਰੇ ਖ਼ਾਮੋਸ਼ ਸਨ। ਉਹਨੂੰ ਲੱਗਾ ਜਿਵੇਂ ਉਸ ਤੋਂ ਪੂਰੀ ਆਜਜ਼ੀ ਨਾਲ ਭੁੱਲ ਨਹੀਂ ਬਖ਼ਸ਼ਾਈ ਜਾ ਸਕੀ। ਫੇਰ ਹੱਥ ਜੋੜ ਕੇ ਉਹਨੇ ਵੱਖਰੇ ਅੰਦਾਜ਼ ਵਿਚ ਆਪਣਾ ਆਪ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ, "ਪਿੰਡਾ! ਮੈਨੂੰ ਦੂਹਰੀ ਮਾਫ਼ੀ ਦੇ ਦਿਓ।"

'ਦੂਹਰੀ ਮਾਫ਼ੀ' ਦੇ ਸ਼ਬਦ ਸੁਣ ਕੇ ਮੇਰਾ ਹਾਸਾ ਨਿਕਲ ਗਿਆ। ਮੇਰੇ ਨਾਲ ਹੋਰ ਵੀ ਬਹੁਤ ਸਾਰੇ ਲੋਕ ਹੱਸ ਪਏ। ਵਾਸ਼ੇ ਨੇ ਛੁਟਕਾਰਾ ਹੋ ਗਿਆ ਸਮਝਿਆ। ਮੈਂ ਹੱਸਦਿਆਂ ਕਿਹਾ, "ਕੰਨਾਂ ਨੂੰ ਹੱਥ ਲਾ ਕੇ ਕਹਿ ਕਿ ਅੱਗੇ ਤੋਂ ਬੰਦਾ ਬਣ ਕੇ ਰਹੂੰ ਤੇ ਇੱਦਾਂ ਦੀ ਗਲਤੀ ਨਹੀਂ ਕਰੂੰਗਾ।"

ਉਹਨੇ ਤੋਤੇ ਵਾਂਗ ਇਹੋ ਮੁਹਾਰਨੀ ਦੁਹਰਾ ਦਿੱਤੀ। ਮੇਰੇ ਹਿਸਾਬ ਨਾਲ ਫ਼ੈਸਲਾ ਹੋ ਗਿਆ ਸੀ। ਮਾਰੇ ਨਾਲੋਂ ਭਜਾਇਆ ਚੰਗਾ। ਹੋਰ ਅਸੀਂ ਕੀ ਲੈਣਾ ਸੀ। ਮਸਲਾ ਨਜਿੱਠਿਆ ਗਿਆ ਸੀ। ਜੇ ਭਲਾ ਵਾਸ਼ਾ ਵਿਹਰ ਜਾਂਦਾ ਤਾਂ ਪਤਾ ਨਹੀਂ ਗੱਲ ਨੇ ਕਿਹੜਾ ਮੋੜ ਅਖ਼ਤਿਆਰ ਕਰਨਾ ਸੀ! ਭਲਾ ਹੋਇਆ ਅਸੀਂ ਉਸ ਮੋੜ ਤੋਂ ਉਰ੍ਹਾਂ ਹੀ ਪਰਤ ਆਏ ਸਾਂ, ਪਰ ਮੇਰੇ ਸਾਥੀਆਂ ਨੂੰ ਠੰਢ ਨਹੀਂ ਸੀ ਪਈ ਇੰਨੇ ਨਾਲ। ਆਖਣ ਲੱਗੇ, "ਇਹਨੇ ਇਕੱਲੇ ਇਸ ਚੌਕ ਵਿਚ ਈ ਗਾਲ੍ਹਾਂ ਨਹੀਂ ਸੀ ਕੱਢੀਆਂ, ਸਾਰੇ ਬਾਜ਼ਾਰ ਵਿਚ ਖ਼ੌਰੂ ਪਾਉਂਦਾ ਰਿਹਾ ਸੀ। ਇੰਨੇ ਨਾਲ ਨਹੀਂ ਸਰਨਾ। ਸਾਰੇ ਬਾਜ਼ਾਰ ਵਿਚ ਸਾਰੇ ਮੋੜਾਂ 'ਤੇ ਖਲੋ ਕੇ ਮਾਫ਼ੀ ਮੰਗੇ ਤਾਂ ਕਿ ਸਾਰੇ ਲੋਕਾਂ ਨੂੰ ਪਤਾ ਤਾਂ ਲੱਗੇ।"

ਸਾਥੀਆਂ ਦੀ ਮੰਨਣਾ ਮੇਰੀ ਤਾਂ ਮਜਬੂਰੀ ਸੀ ਪਰ ਵਾਸ਼ਾ ਮੈਥੋਂ ਵੀ ਪਹਿਲਾਂ ਮੰਨ ਗਿਆ, "ਭਰਾਓ! ਜਦੋਂ ਮਾਫ਼ੀ ਮੰਗ ਈ ਲਈ ਤਾਂ ਫਿਰ ਐਥੇ ਕੀ ਤੇ ਔਥੇ ਕੀ?"

ਤੇ ਉਸ ਨੇ ਬਾਜ਼ਾਰ ਵਿਚ ਵੱਖ ਵੱਖ ਪੰਜ ਥਾਵਾਂ 'ਤੇ ਖਲੋ ਕੇ ਮਾਫ਼ੀ ਮੰਗ ਲਈ।

ਮੈਦਾਨ ਫ਼ਤਿਹ ਹੋ ਗਿਆ ਸੀ। ਚੁੱਪ ਵਿਰੋਧ ਕਰਨ ਵਾਲਿਆਂ ਨੂੰ ਵੀ ਕੁਝ ਚਿਰ ਲਈ ਠੰਢ ਪੈ ਗਈ। ਸਾਡਾ ਪਹਿਲਾਂ ਨਾਲੋਂ ਵੀ ਵੱਧ ਵਜ਼ੁਕਾ ਬਣ ਗਿਆ। ਹੁਣ ਤਾਂ ਸਗੋਂ ਇਹ ਵੀ ਹੋਣ ਲੱਗਾ ਕਿ ਕਿਸੇ ਨੂੰ ਕੋਈ ਹੋਰ ਮੁਸ਼ਕਿਲ ਵੀ ਆ ਬਣਦੀ ਸੀ ਤਾਂ ਉਹ ਪੰਚਾਇਤ ਵੱਲ ਜਾਣ ਦੀ ਥਾਂ ਸਾਡੇ ਵੱਲ ਆਉਂਦਾ।

## ਗੱਲ ਬਣੀ ਕਿ ਨਹੀਂ

-ਐਸ. ਅਸ਼ੋਕ ਭੌਰਾ

### ਮਾਡਰਨ ਕਵੀਸ਼ਰੀ

ਦਈਏ ਕੀਹਦੇ ਹੱਥ ਵਿਚ ਚਾਬੀ, ਤਾਸ਼ ਖੇਡਦੇ ਰਲ ਕੇ ਭਾਬੀ।
ਜਾਗ ਜਿਊਣਿਆ, ਉਠ ਵੇ ਭਜਨਿਆ, ਲੰਘ ਨਾ ਜਾਵੇ ਸੁੱਤੀ,
ਹੁਣ ਬਾਂਦਰ ਗਿੱਧਾ ਪਾਉਂਦੇ ਨੇ, ਲੱਕ ਮਟਕਾਉਂਦੀ ਕੁੱਤੀ।
ਪਰਸੋਂ ਮਰ ਗਿਆ ਪੁੱਤ ਬਚਨੇ ਦਾ, ਪੈ ਗਈ ਸੱਟ ਕਰਾਰੀ ਜੀ।
ਸਮੈਕ ਵੇਚਦਾ ਪੁਲਸੀਆ ਫੜ ਲਿਆ, ਵਰਦੀ ਪਾ ਸਰਕਾਰੀ ਜੀ।
ਗਿੱਦੜ ਛੱਡੋ ਆਪ ਡਿੱਗ ਪਿਆ, ਮੱਟ ਦੇ ਵਿਚ ਲਲਾਰੀ ਜੀ।
ਕਮਲੀ ਪੈ ਗਈ ਰਾਹ ਸਿਵਿਆਂ ਦੇ, ਕਮਲਾ ਟੱਬਰ ਹੋਇਆ,
ਬਈ ਪੁੱਤ ਉਤੇ ਲੱਗ ਕੇ ਗਲ ਰਾਤੀਂ, ਰੱਜ ਕੇ ਬਾਪੂ ਰੋਇਆ।
ਰੂੜੀਆਂ ਉਤੇ ਰੁਲੇ ਜਵਾਨੀ, ਕੀ ਡਾਹੁਣੇ ਨੇ ਮੰਜੇ ਜੀ,
ਅੰਨ੍ਹੇ ਅੱਖਾਂ ਮਾਰਨ ਲੱਗ ਪਏ, ਸਿਰ ਵਾਹੁੰਦੇ ਨੇ ਗੰਜੇ ਜੀ।
ਕੌਲਾ ਚੱਕਣਾ ਹੁਣ ਘੜੇ ਤੋਂ, ਸਭ ਕਰਨੇ ਆ ਨੰਗੇ ਜੀ
ਆਵੇ ਜਿਹੜਾ ਸਿਰ ਪਾੜਨਾ, ਜਾਗਣ ਲੱਗ ਪਏ ਲੋਕੀ,
ਖੌਰੇ ਕੀਹਦੀ ਕੀਹਦੀ ਜਾਣੀ ਆ, ਚੂਲ ਮੰਜੇ ਦੀ ਠੋਕੀ।
ਬੱਦਲ ਗੱਜਦਾ ਚਿਰ ਹੋ ਗਿਆ, ਮੀਂਹ ਨਹੀਂ ਪੈਂਦਾ ਜ਼ੋਰਾਂ ਦਾ।
ਥੋੜੇ ਚਿਰ ਲਈ ਪਿਆਰ ਰਹਿ ਗਿਆ, ਚੰਦ ਦੇ ਨਾਲ ਚਕੋਰਾਂ ਦਾ।
ਵੈਲੀ ਰਾਂਝਾ ਮੁੱਲ ਕੀ ਪਾਊ, ਹੁਣ ਹੀਰ ਦੀਆਂ ਤੋਰਾਂ ਦਾ।
ਵੱਟ ਹੀ ਰਹਿ ਗਿਆ ਜਲ ਗਈ ਕਦ ਦੀ, ਧੰਨਾ ਸਿੰਹੁ ਦੀ ਰੱਸੀ,
ਹੁਣ ਨਹੀਂ ਮਿੱਤਰੋ ਪਿੰਡ ਹੁੰਦੀ, ਫੂਕ ਮਾਰ ਕੇ ਲੱਸੀ।
ਸੰਤੂ ਬਣ ਗਿਆ ਸੰਤਾ ਸਿੰਹੁ ਹੁਣ, ਪਰਮਾ, ਪਰਮਾਨੰਦ ਨਵਾਂ,
ਓਹੀ ਲਾੜਾ ਓਹੀ ਵਹੁਟੀ, ਕੀ ਸੁਣਾਈਏ ਛੰਦ ਨਵਾਂ।
ਜ਼ਹਿਰ ਬਣ ਗਿਆ ਖਾ ਨਹੀਂ ਹੁੰਦਾ, ਹੁਣ ਭੌਰੇ ਗੁਲਕੰਦ ਨਵਾਂ।
ਪੁੱਠੀਆਂ ਤਾਰਾਂ ਜੁੜ ਗਈਆਂ ਨੇ, ਛੇਤੀਂ ਪਊ ਪਟਾਕਾ।
ਹੁਣ ਦਿਨ ਚੜ੍ਹਦੇ ਨੂੰ ਹੁੰਦਾ ਏ, ਰੋਜ਼ ਨਵਾਂ ਇਕ ਵਾਕਾ।




# ਹਨੇਰੀ ਕੋਠੜੀ ਵਿਚ

*ਦੱਖਣੀ ਅਫਰੀਕਾ ਵਿਚ ਜਨਮੇ ਅਲੈਕਸ ਲਾ ਗੁਮਾ (20 ਫਰਵਰੀ 1925-11 ਅਕਤੂਬਰ 1985) ਦਾ ਜੀਵਨ ਬਿਰਤਾਂਤ ਭਖਦੇ ਕੋਲੇ ਵਰਗਾ ਹੈ। ਨਸਲਪ੍ਰਸਤਾਂ ਖਿਲਾਫ ਉਸ ਨੇ ਲੋਹੜੇ ਦਾ ਸੰਘਰਸ਼ ਕੀਤਾ। ਉਹਨੇ ਖੁਦ ਅਤੇ ਉਹਦੇ ਬਾਪੂ ਜੇਮਜ਼ ਲਾ ਗੁਮਾ ਨੇ ਕਮਿਊਨਿਸਟ ਪਾਰਟੀ ਲਈ ਡਟ ਕੇ ਕੰਮ ਕੀਤਾ। ਉਹਦੀਆਂ ਰਚਨਾਵਾਂ ਜ਼ਿੰਦਗੀ ਦੇ ਹਕੀਕੀ ਦ੍ਰਿਸ਼ਾਂ ਨਾਲ ਓਤ-ਪੋਤ ਹਨ। ਇਨ੍ਹਾਂ ਰਚਨਾਵਾਂ ਵਿਚ 'ਏ ਵਾਕ ਇਨ ਦਿ ਨਾਈਟ', 'ਐਡ ਏ ਥ੍ਰੀਫੋਲਡ ਕੋਰਡ', 'ਦਿ ਸਟੋਨ ਕੰਟਰੀ', 'ਇਨ ਦਿ ਫੌਗ ਆਫ ਦਿ ਸੀਜ਼ਨਜ਼ ਐਂਡ', 'ਟਾਈਮ ਆਫ ਦਿ ਬੁਚਰਬਰਡ' ਅਤੇ 'ਏ ਸੋਵੀਅਤ ਜਰਨੀ' ਸ਼ਾਮਲ ਸਨ। ਉਹਨੂੰ 1969 ਵਿਚ ਸਾਹਿਤ ਦਾ ਲੋਟਸ ਪੁਰਸਕਾਰ ਮਿਲਿਆ। 'ਹਨੇਰੀ ਕੋਠੜੀ ਵਿਚ' ਕਹਾਣੀ ਸੰਘਰਸ਼ਸ਼ੀਲ ਜਿਊੜਿਆਂ ਦੇ ਬਿਰਤਾਂਤ ਨਾਲ ਭਰੀ ਪਈ ਹੈ। ਇਹ ਉਹ ਜਿਊੜੇ ਹਨ ਜਿਹੜੇ ਹਰ ਹਾਲਾਤ ਵਿਚ ਆਸ ਦਾ ਪੱਲਾ ਫੜੀ ਰੱਖਦੇ ਹਨ। -ਸੰਪਾਦਕ*

**ਅਲੈਕਸ ਲਾ ਗੁਮਾ**
**ਤਰਜਮਾ: ਬਲਬੀਰ ਮਾਧੋਪੁਰੀ**



ਇਕ ਝਟਕੇ ਨਾਲ ਕਾਰ ਠਾਣੇ ਸਾਹਮਣੇ ਰੁਕੀ ਤੇ ਖੁਫੀਆ ਅਫ਼ਸਰ ਉਸ ਵਿਚੋਂ ਬਾਹਰ ਨਿਕਲੇ। ਚੁਫੇਰੇ ਉਚੇ ਸੰਘਣੇ ਦਰੱਖ਼ਤ ਸਨ ਤੇ ਹਨੇਰੇ ਵਿਚ ਉਨ੍ਹਾਂ ਦੀਆਂ ਵੱਡੀਆਂ-ਵੱਡੀਆਂ ਸ਼ਕਲਾਂ ਹਿਲ-ਜੁਲ ਰਹੀਆਂ ਸਨ। ਗੇਟ ਤੋਂ ਠਾਣੇ ਦੇ ਵਰਾਂਡੇ ਤੱਕ ਲਾਲ ਬਜਰੀ ਨਾਲ ਬਣਿਆ ਰਸਤਾ ਸੀ ਜਿਸ ਦੇ ਦੁਆਲੇ ਘਾਹ ਦੇ ਲਾਅਨ ਸਨ ਜਿਸ ਉਤੇ ਚੰਨ ਤੇ ਬਿਜਲੀ ਦੀ ਰਲੀ ਮਿਲੀ ਰੋਸ਼ਨੀ ਪਸਰ ਰਹੀ ਸੀ। ਇਸ ਪੀਲੀ ਮਟਮੈਲੀ ਰੋਸ਼ਨੀ ਵਿਚ ਗੂੜ੍ਹੀਆਂ ਲਾਲ ਇੱਟਾਂ ਨਾਲ ਬਣੀ ਠਾਣੇ ਦੀ ਨਵੀਂ ਇਮਾਰਤ ਚਮਕ ਰਹੀ ਸੀ।

ਸਾਦੇ ਕੱਪੜਿਆਂ ਵਿਚ ਤਾਇਨਾਤ ਦੋਵੇਂ ਅਫਸਰ ਕਾਰ ਵਿਚੋਂ ਨਿਕਲ ਕੇ ਮੁਸਤੈਦੀ ਨਾਲ ਖੜ੍ਹੇ ਹੋ ਗਏ ਤੇ ਇਲਿਆਸ ਦੇ ਬਾਹਰ ਆਉਣ ਦੀ ਉਡੀਕ ਕਰਨ ਲੱਗੇ। ਇਲਿਆਸ ਦੇ ਹੱਥਕੜੀ ਲੱਗੀ ਹੋਈ ਸੀ। ਦੋਵੇਂ ਜਣੇ ਉਸ ਨੂੰ ਲੈ ਕੇ ਠਾਣੇ ਵੱਲ ਵਧੇ। ਇਨ੍ਹਾਂ ਵਿਚੋਂ ਇਕ ਲੰਮਾ ਤੇ ਹੱਟਾ-ਕੱਟਾ ਨੌਜਵਾਨ ਸੀ ਤੇ ਉਸ ਨੇ ਬੜੇ ਸਲੀਕੇ ਨਾਲ ਆਪਣੇ ਵਾਲ ਸੁਆਰੇ ਹੋਏ ਸਨ। ਉਸ ਦੇ ਵਾਲ ਕਿਸੇ ਖੂਬਸੂਰਤ ਚਿੜੀ ਦੇ ਪਰਾਂ ਵਾਂਗ ਚਮਕ ਰਹੇ ਸਨ। ਦੂਜਾ ਦੇਖਣ ਨੂੰ ਕੋਈ ਖਿਡਾਰੀ ਲੱਗਦਾ ਸੀ। ਉਸ ਨੇ ਚੁਸਤ ਪੈਂਟ ਨਾਲ ਵਿੰਡਚੀਟਰ ਅਤੇ ਸਿਰ ਉਤੇ ਗੋਲਫ਼ ਕੈਪ ਪਹਿਨੀ ਹੋਈ ਸੀ। ਲੱਗਦਾ ਸੀ ਜਿਵੇਂ ਉਹ ਖੇਡ ਦੇ ਮੈਦਾਨ ਤੋਂ ਸਿੱਧਾ ਹੀ ਆ ਰਿਹਾ ਹੋਵੇ। ਉਹਦੇ ਸਖ਼ਤ ਚਿਹਰੇ ਉਤੇ ਲਾਲ ਭੂਰੀਆਂ ਮੁੱਛਾਂ ਸਨ।

ਠਾਣੇ ਦੇ ਵਰਾਂਡੇ ਵਿਚ ਚੋਖੀ ਰੋਸ਼ਨੀ ਸੀ ਤੇ ਲੱਕ ਉਤੇ ਰਿਵਾਲਵਰ ਲਮਕਾਈ, ਵਰਦੀਆਂ ਵਿਚ ਫਸੇ ਪੁਲਿਸ ਅਫ਼ਸਰ ਇਧਰ-ਉਧਰ ਆ-ਜਾ ਰਹੇ ਸਨ। ਵਰਾਂਡੇ ਦੀਆਂ ਪੌੜੀਆਂ ਚੜ੍ਹਦਿਆਂ ਉਨ੍ਹਾਂ ਨੇ ਇਲਿਆਸ ਨੂੰ ਗੌਰ ਨਾਲ ਦੇਖਿਆ। ਅੰਦਰੋਂ ਠਾਣੇ ਦੀ ਇਮਾਰਤ ਦੋ ਹਿੱਸਿਆਂ ਵਿਚ ਵੰਡੀ ਹੋਈ ਸੀ। ਇਕ ਹਿੱਸਾ ਗੋਰਿਆਂ ਤੇ ਦੂਜਾ ਕਾਲਿਆਂ ਲਈ। ਦੋਵੇਂ ਖੁਫੀਆ ਅਫਸਰ ਇਲਿਆਸ ਨੂੰ ਲੈ ਕੇ ਕਾਲਿਆਂ ਲਈ ਬਣੇ ਹਿੱਸੇ ਵਿਚ ਗਏ ਤੇ ਡਿਊਟੀ ਉਤੇ ਤਇਨਾਤ ਸਾਰਜੈਂਟ ਨੂੰ ਸੌਂਪ ਦਿੱਤਾ। ਭੂਰੀਆਂ ਮੁੱਛਾਂ ਵਾਲੇ ਅਫ਼ਸਰ ਨੇ ਉਸ ਸਾਰਜੈਂਟ ਨੂੰ ਕਿਹਾ, "ਇਸ ਨੂੰ ਸਵੇਰ ਤੱਕ ਹਿਰਾਸਤ ਵਿਚ ਰੱਖੋ। ਭਲਕੇ ਅਸੀਂ ਇਸ ਨੂੰ ਲੈ ਜਾਵਾਂਗੇ।"

ਸਾਰਜੈਂਟ ਨੇ ਤਿੱਖੀਆਂ ਨਜ਼ਰਾਂ ਨਾਲ ਇਲਿਆਸ ਨੂੰ ਘੂਰਿਆ। ਇਸੇ ਦੌਰਾਨ ਦੋਵੇਂ ਅਫ਼ਸਰਾਂ ਨੇ ਸਾਰਜੈਂਟ ਦੇ ਮੇਜ਼ ਉਤੇ ਸਾਰਾ ਸਾਮਾਨ ਰੱਖ ਦਿੱਤਾ ਜੋ ਇਲਿਆਸ ਕੋਲੋਂ ਗ੍ਰਿਫ਼ਤਾਰੀ ਵੇਲੇ ਬਰਾਮਦ ਹੋਇਆ ਸੀ- ਪਾਈਪ, ਤੰਬਾਕੂ ਦੀ ਪੁੜੀ, ਤੀਲਾਂ ਦੀ ਡੱਬੀ, ਮਾਮੂਲੀ ਜਿਹੀ ਕਿਸਮ ਦੀ ਜੇਬ੍ਹ ਘੜੀ ਤੇ ਮੁੜੀ-ਤੁੜੀ ਪਾਸਬੁੱਕ।

ਠਾਣੇ ਦੇ ਅਹਾਤੇ ਤੋਂ ਬਾਹਰ ਸੜਕ ਤੋਂ ਬੱਸ ਲੰਘੀ। ਤਕਰੀਬਨ ਅੱਧੀ ਰਾਤ ਦਾ ਵਕਤ ਸੀ। ਭਾਲਿਆਂ ਨਾਲ ਲੈਸ ਦੋ ਅਫ਼ਰੀਕੀ ਸਿਪਾਹੀ ਆ ਕੇ ਇਲਿਆਸ ਦੇ ਦੋਹੀਂ ਪਾਸੀਂ ਖੜ੍ਹੇ ਹੋ ਗਏ। ਉਨ੍ਹਾਂ ਇਲਿਆਸ ਨੂੰ ਦੇਖਿਆ ਤੇ ਆਪਸ ਵਿਚ ਬੁੜ-ਬੁੜ ਕੀਤੀ। ਗੋਲਫ਼ ਕੈਪ ਵਾਲੇ ਅਫ਼ਸਰ ਨੇ ਉਬਾਸੀ ਲਈ ਤੇ ਆਪਣੇ ਸਾਥੀ ਨੂੰ ਮੁਖ਼ਾਤਿਬ ਹੋ ਕੇ ਕਿਹਾ, "ਮੇਰੀ ਡਿਊਟੀ ਤਾਂ ਕਦੋਂ ਦੀ ਖ਼ਤਮ ਹੋ ਗਈ ਹੁੰਦੀ, ਪਰ ਇਨ੍ਹਾਂ ਹਰਾਮਜ਼ਾਦਿਆਂ ਦੀ ਵਜ੍ਹਾ ਨਾਲ ਆਰਾਮ ਵੀ ਨਹੀਂ ਮਿਲਦਾ।" ਉਸ ਨੇ ਆਪਣੇ ਵਿੰਡਚੀਟਰ ਦੇ ਅੰਦਰ ਹੱਥ ਪਾ ਕੇ ਸਿਗਰਟਾਂ ਦੀ ਡੱਬੀ ਕੱਢੀ ਤੇ ਆਪਣੇ ਸਾਥੀ ਵੱਲ ਵਧਾਈ।

ਇਸੇ ਦੌਰਾਨ ਸਾਰਜੈਂਟ ਨੇ ਉਸ ਸਾਮਾਨ ਦੀ ਸੂਚੀ ਤਿਆਰ ਕਰ ਦਿੱਤੀ ਸੀ ਜੋ ਇਲਿਆਸ ਕੋਲੋਂ ਬਰਾਮਦ ਹੋਇਆ ਸੀ। ਉਹ ਅਜੇ ਸਾਮਾਨ ਨੂੰ ਸੰਭਾਲ ਹੀ ਰਿਹਾ ਸੀ ਕਿ ਇਕ ਆਦਮੀ ਡਿਗਦਾ-ਢਹਿੰਦਾ ਆਇਆ ਤੇ ਕੰਧ ਨਾਲ ਲੱਗੇ ਬੈਂਚ ਉਤੇ ਬਹਿ ਗਿਆ। ਇਸ ਨੂੰ ਲੈ ਕੇ ਜਿਹੜਾ ਪੁਲਿਸ ਵਾਲਾ ਆਇਆ ਸੀ, ਉਹ ਲਗਾਤਾਰ ਗਾਲ੍ਹਾਂ ਕੱਢ ਰਿਹਾ ਸੀ। ਉਹ ਵਿਲਕ-ਤੜਫ਼ ਰਿਹਾ ਸੀ ਤੇ ਸਿਰ ਤੋਂ ਪੈਰਾਂ ਤੱਕ ਖੂਨ ਨਾਲ ਲੱਥਪੱਥ ਸੀ। ਇਉਂ ਲੱਗਦਾ ਸੀ ਜਿਵੇਂ ਕਿਸੇ ਨੇ ਬਾਲਟੀ ਵਿਚ ਲਾਲ ਰੰਗ ਭਰ ਕੇ ਉਹਦੇ ਉਪਰ ਉਲਦ ਦਿੱਤਾ ਹੋਵੇ। ਉਹ ਨੰਗੇ ਪੈਰੀਂ ਖੂਨ ਨਾਲ ਭਰੇ ਆਪਣੇ ਚੀਥੜਿਆਂ ਵਿਚ ਬੈਂਚ ਉਤੇ ਤੜਫ਼ਦਾ ਰਿਹਾ ਤੇ ਹਾਏ-ਹਾਏ ਕਰਦਾ ਰਿਹਾ।

"ਓਹ ਹੋ", ਸਾਰਜੈਂਟ ਨੇ ਗੁੱਸੇ ਨਾਲ ਘੂਰਦਿਆਂ ਆਖਿਆ, "ਹੁਣ ਇਸ ਸਾਲੇ ਨੂੰ ਕੀ ਹੋ ਗਿਐ?"

"ਪੀ ਕੇ ਪਿਆ ਹੋਇਆ ਸੀ...ਸ਼ੁੱਕਰਵਾਰ ਦੀ ਰਾਤ ਹੈ ਨਾ!" ਨਾਲ ਵਾਲੇ ਸਿਪਾਹੀ ਨੇ ਕਿਹਾ।

"ਸਰ, ਇਨ੍ਹਾਂ ਨੇ ਮੈਨੂੰ ਬਹੁਤ ਕੁਟਾਪਾ ਚਾੜ੍ਹਿਆ।" ਜ਼ਖਮੀ ਬੰਦੇ ਨੇ ਬੜੀ ਮੁਸ਼ਕਿਲ ਨਾਲ ਫਰਿਆਦ ਕੀਤੀ।

"ਓਏ ਸਾਲਿਆ! ਇਥੇ ਕੋਈ ਸਰ ਤੇ ਮੈਡਮ ਨਹੀਂ। ਬੌਸ ਬੋਲ ਬੌਸ।"

"ਬੌਸ, ਇਨ੍ਹਾਂ ਨੇ ਮੈਨੂੰ ਬਹੁਤ ਕੁੱਟਿਆ।"

"ਤੂੰ ਕੋਈ ਬਿਆਨ ਦੇਣਾ?" ਸਾਰਜੈਂਟ ਨੇ ਪੁੱਛਿਆ।

ਇਸੇ ਦੌਰਾਨ ਰੈਡਕਰਾਸ ਦਾ ਲਿਬਾਸ ਪਾਈ ਬੰਦੇ ਨੇ ਉਸ ਜ਼ਖ਼ਮੀ ਆਦਮੀ ਕੋਲ ਬੈਠ ਕੇ ਜ਼ਖਮ ਦੇਖੇ। ਖੁਫ਼ੀਆ ਮਹਿਕਮੇ ਦੇ ਦੋਵੇਂ ਅਫਸਰ ਬਿਨਾਂ ਕਿਸੇ ਹਾਵ-ਭਾਵ ਨਾਲ ਖੜ੍ਹੇ ਦੇਖਦੇ ਰਹੇ। ਗੋਲਫ਼ ਕੈਪ ਵਾਲਾ ਅਫ਼ਸਰ ਵਾਰ-ਵਾਰ ਮੁੱਠਾਂ ਮੀਟਦਾ ਤੇ ਖੋਲ੍ਹਦਾ ਇਉਂ ਲੱਗ ਰਿਹਾ ਸੀ ਜਿਵੇਂ ਉਹ ਕਿਸੇ ਨੂੰ ਕੁਟਾਪਾ ਚਾੜ੍ਹਨ ਲਈ ਕਾਹਲਾ ਤੇ ਬੇਚੈਨ ਹੋਵੇ। ਰੈਡਕਰਾਸ ਵਾਲੇ ਬੰਦੇ ਨੇ ਜ਼ਖਮੀ ਆਦਮੀ ਉਤੇ ਚਾਦਰ ਪਾ ਦਿੱਤੀ। ਸਾਰਜੈਂਟ ਨੇ ਸਾਮਾਨ ਦੀ ਸੂਚੀ ਤਿਆਰ ਕਰਨ ਤੋਂ ਬਾਅਦ ਇਲਿਆਸ ਉਤੇ ਨਿਗ੍ਹਾ ਮਾਰੀ।

"ਇਹਨੂੰ ਦਸਤਖ਼ਤ ਕਰਨੇ ਆਉਂਦੇ ਨੇ?" ਸਾਰਜੈਂਟ ਨੇ ਖੁਫ਼ੀਆ ਅਫ਼ਸਰ ਤੋਂ ਪੁੱਛਿਆ।

"ਸਾਰਜੈਂਟ ਬਿਲਕੁਲ। ਇਹ ਪੜ੍ਹਿਆ ਲਿਖਿਆ ਵਿਦਵਾਨ ਕਾਲਾ ਕਲੂਟਾ ਹੈ।"

ਸਾਰਜੈਂਟ ਨੇ ਇਲਿਆਸ ਤੋਂ ਸਾਮਾਨ ਦੀ ਰਸੀਦ ਉਤੇ ਦਸਤਖ਼ਤ ਕਰਵਾਏ ਤੇ ਉਸ ਦੀ ਇਕ ਕਾਪੀ ਇਲਿਆਸ ਦੇ ਹੱਥਕੜੀ ਲੱਗੇ ਹੱਥਾਂ ਵਿਚ ਫੜਾ ਦਿੱਤੀ। ਸਾਰਜੈਂਟ ਨੇ ਫਿਰ ਆਵਾਜ਼ ਦੇ ਕੇ ਇਕ ਸਿਪਾਹੀ ਨੂੰ ਸੱਦਿਆ ਤੇ ਇਲਿਆਸ ਨੂੰ ਉਹਦੇ ਹਵਾਲੇ ਕਰ ਦਿੱਤਾ। ਸਿਪਾਹੀ ਉਸ ਨੂੰ ਲੈ ਕੇ ਹਵਾਲਾਤ ਵੱਲ ਤੁਰ ਪਿਆ।

ਹੁਣ ਇਲਿਆਸ ਇਕੱਲਾ ਸੀ। ਉਸ ਨੇ ਉਸ ਛੋਟੀ ਜਿਹੀ ਹਨੇਰੀ ਕੋਠੜੀ ਨੂੰ ਜਾਚਿਆ-ਪਰਖਿਆ। ਨਿਕਲਣ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਸ ਨੂੰ ਲੱਗਿਆ ਜਿਵੇਂ ਬੋਤਲ ਅੰਦਰ ਕਿਸੇ ਮੱਖੀ ਨੂੰ ਬੰਦ ਕਰ ਦਿੱਤਾ ਗਿਆ ਹੋਵੇ। ਹੱਥਕੜੀ ਅਜੇ ਵੀ ਲੱਗੀ ਹੋਈ ਸੀ। ਉਹ ਚੁੱਪ-ਚਾਪ ਫਰਸ਼ ਉਤੇ ਬੈਠ ਗਿਆ ਤੇ ਸੋਚਣ ਲੱਗ ਪਿਆ। ਉਹਨੂੰ ਸਮਝ ਨਹੀਂ ਸੀ ਆ ਰਹੀ ਕਿ ਪੁਲਿਸ ਨੂੰ ਮੀਟਿੰਗ ਵਾਲੀ ਥਾਂ ਦਾ ਪਤਾ ਕਿਵੇਂ ਲੱਗ ਗਿਆ। ਸਾਥੀਆਂ ਨੇ ਪੂਰੀ ਚੌਕਸੀ ਵਰਤੀ ਸੀ, ਫਿਰ ਵੀ ਇਹ ਕਿਵੇਂ ਹੋ ਗਿਆ? ਉਹਨੂੰ ਉਮੀਦ ਸੀ ਕਿ ਬਿਊਕਸ ਜ਼ਰੂਰ ਬਚ ਗਿਆ ਹੋਵੇਗਾ। ਜੇ ਉਹ ਫੜਿਆ ਗਿਆ ਹੁੰਦਾ ਤਾਂ ਖੁਫੀਆ ਅਫ਼ਸਰ ਉਸ ਨੂੰ ਹੁਣ ਤੱਕ ਇਥੇ ਪਹੁੰਚਾ ਦਿੰਦੇ। ਹੁਣ ਤੱਕ ਸਾਰੇ ਇਧਰ-ਉਧਰ ਖਿਸਕ ਚੁੱਕੇ ਹੋਣਗੇ, ਤੇ ਜੇ ਬਿਊਕਸ ਬਚ ਗਿਆ ਹੋਵੇਗਾ ਤਾਂ ਵੀ ਉਸ ਨੂੰ ਕੰਮ ਕਰਨ ਵਿਚ ਕਾਫ਼ੀ ਦਿੱਕਤ ਹੋਵੇਗੀ।

"ਇਲਿਆਸ, ਹੁਣ ਇਹ ਗੱਲਾਂ ਸੋਚਣ ਦਾ ਕੋਈ ਫਾਇਦਾ ਨਹੀਂ। ਤੂੰ ਹੁਣ ਤਿਆਰੀ ਕਰ ਉਨ੍ਹਾਂ ਦੇ ਸਵਾਲਾਂ ਦਾ ਜਵਾਬ ਦੇਣ ਦੀ। ਭਲਕ ਤੋਂ ਹੀ ਤੈਥੋਂ ਪੁੱਛਗਿੱਛ ਦਾ ਸਿਲਸਿਲਾ ਸ਼ੁਰੂ ਹੋ ਜਾਵੇਗਾ।" ਉਸ ਨੇ ਮਨ ਹੀ ਮਨ ਕਿਹਾ ਅਤੇ ਇਕ ਵਾਰ ਫਿਰ ਕੋਠੜੀ ਉਤੇ ਨਿਗ੍ਹਾ ਮਾਰੀ।

ਇਸ ਤਰ੍ਹਾਂ ਦੀ ਕੋਠੜੀ ਵਿਚ ਉਸ ਨੂੰ ਪਹਿਲਾਂ ਵੀ ਇਕ ਵਾਰ ਸੁੱਟਿਆ ਗਿਆ ਸੀ। ਉਦੋਂ ਉਸ ਨੇ ਹੜਤਾਲ ਵਿਚ ਹਿੱਸਾ ਲਿਆ ਸੀ। ਉਸ ਵਕਤ ਪੁਲਿਸ ਨੇ ਇੰਨਾ ਕੁਟਾਪਾ ਚਾੜ੍ਹਿਆ ਸੀ ਕਿ ਉਹ ਬੇਹੋਸ਼ ਹੋ ਗਿਆ ਸੀ। ਬੇਹੋਸ਼ੀ ਦੀ ਹਾਲਤ ਵਿਚ ਹੀ ਉਸ ਨੂੰ ਕੋਠੜੀ ਵਿਚ ਸੁੱਟ ਦਿੱਤਾ ਗਿਆ ਸੀ। ਉਸ ਉਤੇ ਇਕਰਾਰਨਾਮਾ ਤੋੜਨ ਦਾ ਦੋਸ਼ ਸੀ ਤੇ ਰਿਹਾ ਹੋਣ ਪਿੱਛੋਂ ਉਸ ਨੂੰ ਸ਼ਹਿਰ ਤੋਂ ਦੂਰ ਟ੍ਰਾਂਜ਼ਿਟ ਕੈਂਪ ਵਿਚ ਰੱਖਿਆ ਗਿਆ ਸੀ।

ਉਸ ਨੂੰ ਅੱਜ ਫਿਰ ਉਸ ਕੈਂਪ ਦੀ ਯਾਦ ਆ ਰਹੀ ਸੀ। ਟੁੱਟੀਆਂ ਹੋਈਆਂ ਝੌਂਪੜੀਆਂ ਦੀਆਂ ਉਦਾਸ ਕਤਾਰਾਂ, ਤੇ ਕੰਮ ਚਲਾਊ ਤੰਬੂ ਜਿਹੜੇ ਪਾਟੇ ਹੋਣ ਕਾਰਨ ਹਵਾ ਦੇ ਜ਼ੋਰ ਨਾਲ ਇਸ ਤਰ੍ਹਾਂ ਫੜ-ਫੜ ਕਰਦੇ ਸਨ ਜਿਵੇਂ ਚਿੜੀ ਦੇ ਨੋਚੇ ਹੋਏ ਖੰਭ ਹੋਣ। ਸਮੁੱਚਾ ਕੈਂਪ ਉਜਾੜੇ ਹੋਏ ਤੇ ਲਾਵਾਰਸ ਬੇਰੁਜ਼ਗਾਰਾਂ ਨਾਲ ਭਰਿਆ ਹੋਇਆ ਸੀ। ਇਨ੍ਹਾਂ ਵਿਚ ਕੁਝ ਅਜਿਹੇ ਸਨ ਜਿਨ੍ਹਾਂ ਨੇ ਕੁਝ ਦਿਨ ਪਹਿਲਾਂ ਹੀ ਜੇਲ੍ਹ ਦੀ ਸਜ਼ਾ ਕੱਟੀ ਸੀ। ਤੰਗ ਤੇ ਛੋਟੀਆਂ ਕੋਠੜੀਆਂ ਵਿਚ ਪੂਰੇ ਦਾ ਪੂਰਾ ਪਰਿਵਾਰ ਤੂਸਿਆ ਹੁੰਦਾ ਸੀ।

ਇਲਿਆਸ ਨੂੰ ਚੰਗੀ ਤਰ੍ਹਾਂ ਯਾਦ ਹੈ, ਜਦੋਂ ਉਹ ਆਏ ਤਾਂ ਕੋਈ ਕੰਮ ਨਹੀਂ ਸੀ। ਕਿੰਨਾ ਹੀ ਚਿਰ ਉਹ ਉਸ ਪੁਰਾਣੀ ਖੜ-ਖੜ ਕਰਦੀ ਬੱਸ ਵਿਚੋਂ ਉਤਰਨ ਮਗਰੋਂ ਚੁਪ-ਚਾਪ ਖੜ੍ਹੇ ਰਹੇ ਤੇ ਦੂਰ ਪਹਾੜੀ ਤੋਂ ਆ ਰਹੇ ਠੰਢੇ ਬੁੱਲ੍ਹੇ ਝੱਲਦੇ ਰਹੇ। ਫਿਰ ਕੁਝ ਅਫ਼ਸਰ-ਨੁਮਾ ਗੋਰੇ ਆਏ, ਉਨ੍ਹਾਂ ਦੇ ਕਾਗਜ਼ਾਤ ਦੇਖੇ ਗਏ ਤੇ ਉਨ੍ਹਾਂ ਨੂੰ ਕੈਂਪਾਂ ਦੇ ਹਵਾਲੇ ਕਰ ਦਿੱਤਾ ਗਿਆ। ਸਾਰਾ-ਸਾਰਾ ਦਿਨ ਉਹ ਢਾਣੀਆਂ ਬਣਾ ਕੇ ਬੈਠੇ ਰਹਿੰਦੇ ਤੇ ਸਮਝ ਵਿਚ ਨਹੀਂ ਸੀ ਆਉਂਦਾ ਕਿ ਕੀਤਾ ਕੀ ਜਾਵੇ। ਚੁਫੇਰੇ ਨੰਗੀਆਂ-ਟੁੱਟੀਆਂ ਪਹਾੜੀਆਂ ਸਨ। ਲਗਦਾ ਸੀ ਜਿਵੇਂ ਕਿਸੇ ਦੈਂਤ ਦੇ ਉਚੇ-ਨੀਵੇਂ ਦੰਦਾਂ ਵਿਚਾਲੇ ਉਨ੍ਹਾਂ ਨੂੰ ਧੱਕਾ ਦਿੱਤਾ ਗਿਆ ਹੋਵੇ। ਮਿੱਟੀ-ਘੱਟਾ ਲੱਗੇ ਕੰਬਲਾਂ ਦੀ ਬੁੱਕਲ ਮਾਰ ਕੇ ਔਰਤਾਂ ਲਗਾਤਾਰ ਉਸ ਪਥਰੀਲੀ ਜ਼ਮੀਨ ਨੂੰ ਇਸ ਲਾਇਕ ਬਣਾਉਣ ਵਿਚ ਜੁਟੀਆਂ ਰਹਿੰਦੀਆਂ ਜਿਸ ਤੋਂ ਉਸ ਵਿਚ ਕੁਝ ਉਗਾਇਆ ਜਾ ਸਕੇ ਪਰ ਸਾਰੀ ਮਿਹਨਤ ਬੇਕਾਰ ਚਲੀ ਜਾਂਦੀ।



ਖਾਣ ਲਈ ਕੁਝ ਵੀ ਨਹੀਂ ਸੀ। ਕੁਝ ਸਮੇਂ ਤੱਕ ਉਡੀਕ ਕਰਨ ਮਗਰੋਂ ਇਲਿਆਸ ਨੇ ਇਕ ਆਦਮੀ ਨਾਲ ਦੋਸਤੀ ਕਰ ਲਈ ਜਿਸ ਦਾ ਨਾਂ ਮਦਲਕਾ ਸੀ। ਉਹ ਭਰ ਜਵਾਨ ਤੇ ਮੋਟਾ ਤਕੜਾ ਸੀ ਤੇ ਉਸ ਨੇ ਸੜਕ ਬਣਾਉਣ ਵਾਲਿਆਂ ਨਾਲ ਮਜ਼ਦੂਰੀ ਸ਼ੁਰੂ ਕੀਤੀ ਹੋਈ ਸੀ।

"ਕਿਉਂ ਬਈ, ਤੈਨੂੰ ਇਥੇ ਕਿਉਂ ਲਿਆਂਦਾ?" ਮਦਲਕਾ ਨੇ ਇਕ ਦਿਨ ਉਸ ਤੋਂ ਪੁੱਛਿਆ।

"ਮੈਂ ਹੜਤਾਲ ਵਿਚ ਸ਼ਾਮਲ ਸੀ ਤੇ ਹੁਣ ਮੈਨੂੰ ਗੋਰੇ ਇਸ ਸ਼ਹਿਰ ਵਿਚ ਨਹੀਂ ਰਹਿਣ ਦੇਣਗੇ।"

"ਹੜਤਾਲ ਵਿਚ? ਕਦੋਂ ਹੋਈ ਸੀ?" ਮਦਲਕਾ ਨੇ ਪੁੱਛਿਆ।

ਇਲਿਆਸ ਨੇ ਉਸ ਹੜਤਾਲ ਦਾ ਪੂਰਾ ਵੇਰਵਾ ਸੁਣਾਇਆ ਤੇ ਮਦਲਕਾ ਧਿਆਨ ਨਾਲ ਸੁਣਦਾ ਰਿਹਾ।

ਸੜਕ ਬਣਾਉਣ ਦਾ ਕੰਮ ਬਹੁਤ ਮਿਹਨਤ ਵਾਲਾ ਸੀ, ਪਰ ਪੂਰਾ ਹਫ਼ਤਾ ਕੰਮ ਕਰਨ ਤੋਂ ਬਾਅਦ ਉਸ ਨੂੰ ਕੁਝ ਸ਼ਿਲਿੰਗ ਮਿਲ ਜਾਂਦੇ ਸਨ ਜਿਸ ਨਾਲ ਉਹ ਰੋਟੀ ਤੇ ਤੰਬਾਕੂ ਦੀ ਲੋੜ ਪੂਰੀ ਕਰ ਲੈਂਦਾ ਸੀ। ਸਾਰਿਆਂ ਨੂੰ ਕੰਮ ਵੀ ਨਹੀਂ ਸੀ ਮਿਲਦਾ। ਬਹੁਤ ਸਾਰੇ ਬੁੱਢੇ ਤੇ ਰਿਟਾਇਰ ਲੋਕਾਂ ਨੂੰ ਵੀ ਇਥੇ ਭੇਜ ਦਿੱਤਾ ਗਿਆ ਸੀ, ਸ਼ਹਿਰ ਨੂੰ ਹੁਣ ਇਨ੍ਹਾਂ ਦੀ ਕੋਈ ਲੋੜ ਨਹੀਂ ਸੀ। ਟੁੱਟੀਆਂ-ਭੱਜੀਆਂ ਤੇ ਬੇਕਾਰ ਮਸ਼ੀਨਾਂ ਵਾਂਗ ਇਨ੍ਹਾਂ ਲੋਕਾਂ ਨੂੰ ਇਥੇ ਭਰ ਦਿੱਤਾ ਗਿਆ ਸੀ।

"ਤੂੰ ਹੜਤਾਲ ਵਿਚ ਹਿੱਸਾ ਲਿਆ ਸੀ, ਇਹ ਸੁਣ ਕੇ ਮੈਨੂੰ ਚੰਗਾ ਲੱਗਿਆ।" ਮਦਲਕਾ ਨੇ ਕਿਹਾ, "ਮੈਂ ਖੁਦ ਜੇਲ੍ਹ ਵਿਚ ਛੇ ਮਹੀਨੇ ਕੱਟ ਚੁੱਕਾ ਹਾਂ। ਸਰਕਾਰ ਖਿਲਾਫ਼ ਕੁਝ ਵੀ ਬੋਲੋ ਤਾਂ ਗੋਰੇ ਬਰਦਾਸ਼ਤ ਨਹੀਂ ਕਰਦੇ। ਮੈਨੂੰ ਹਮਲਾਵਰ ਭੀੜ ਦੀ ਅਗਵਾਈ ਕਰਨ ਦੇ ਜੁਰਮ ਵਿਚ ਫੜ ਲਿਆ ਗਿਆ ਤੇ ਜੇਲ੍ਹ ਭੇਜ ਦਿੱਤਾ। ਜੇਲ੍ਹ ਵਿਚੋਂ ਛੁੱਟਣ ਮਗਰੋਂ ਸਿੱਧਾ ਇਥੇ ਲਿਆ ਕੇ ਸੁੱਟ ਦਿੱਤਾ।"

"ਕਿਸ ਤਰ੍ਹਾਂ ਦੀ ਹਮਲਾਵਰ ਭੀੜ?" ਇਲਿਆਸ ਦੀ ਉਤਸੁਕਤਾ ਵਧੀ। ਦੁਪਹਿਰ ਦੇ ਖਾਣੇ ਦਾ ਵਕਤ ਸੀ ਤੇ ਦੋਵੇਂ ਜਣੇ ਸੜਕ ਦੇ ਕੰਢੇ ਦਰਖ਼ਤ ਹੇਠਾਂ ਬਹਿ ਕੇ ਸੁਸਤਾ ਰਹੇ ਸਨ। ਮਦਲਕਾ ਬੜੇ ਉਤਸ਼ਾਹ ਨਾਲ ਸਾਰੀ ਘਟਨਾ ਦੱਸਦਾ ਗਿਆ।

ਠੇਕੇਦਾਰ ਕੋਲ ਨੌਂ ਬੰਦੇ ਸਨ ਜੋ ਸੜਕ ਬਣਾਉਣ ਦੇ ਕੰਮ ਵਿਚ ਲੱਗੇ ਹੋਏ ਸਨ। ਇਨ੍ਹਾਂ ਵਿਚੋਂ ਇਕ ਸੀ ਬੁੱਢਾ ਤਸਾਤੂ ਜੋ ਇਲਿਆਸ ਵਰਗੇ ਲੋਕਾਂ ਦੇ ਦਾਦੇ ਦੀ ਉਮਰ ਦਾ ਸੀ। ਇੰਨੇ ਬੁੱਢੇ ਆਦਮੀ ਨੂੰ ਆਪਣੇ ਪੋਤੇ ਦੀ ਉਮਰ ਦੇ ਨੌਜਵਾਨਾਂ ਨਾਲ ਪੱਥਰ ਤੋੜਦੇ ਦੇਖਣਾ ਬਹੁਤ ਬੁਰਾ ਲੱਗਦਾ ਸੀ, ਪਰ ਕੁਝ ਕੀਤਾ ਵੀ ਤਾਂ ਨਹੀਂ ਜਾ ਸਕਦਾ ਸੀ। ਬੁੱਢਾ ਤਸਾਤੂ ਜੇ ਕੰਮ ਨਾ ਕਰਦਾ ਤਾਂ ਭੁੱਖਾ ਮਰਦਾ ਸੀ।

ਇਕ ਦਿਨ ਜਦ ਠੇਕੇਦਾਰ ਨੇ ਦੁਪਹਿਰ ਦੇ ਖਾਣੇ ਵਕਤ ਸੀਟੀ ਵਜਾਈ ਤਾਂ ਸਾਰੇ ਲੋਕ ਕਤਾਰ ਬਣਾ ਕੇ ਖੜ੍ਹੇ ਹੋ ਗਏ ਪਰ ਤਸਾਤੂ ਲੰਮਾ ਪਿਆ ਰਿਹਾ।

"ਉਸ ਬੁੜ੍ਹੇ ਨੂੰ ਕਹਿ, ਛੇਤੀ ਉਠੇ...ਇਹ ਸੌਣ ਦਾ ਵਕਤ ਨਹੀਂ ਹੈ।" ਠੇਕੇਦਾਰ ਨੇ ਤਲਖੀ ਨਾਲ ਉਚੀ ਦੇਣੀ ਕਿਹਾ।

ਜੋ ਆਦਮੀ ਬੁੱਢੇ ਤਸਾਤੂ ਨੂੰ ਜਗਾਉਣ ਗਿਆ ਸੀ, ਉਸ ਨੇ ਮੁੜ ਆ ਕੇ ਦੱਸਿਆ, "ਉਹ ਸੌਂ ਨਹੀਂ ਰਿਹਾ। ਉਹ ਆਪਣੇ ਵੱਡੇ-ਵਡੇਰਿਆਂ ਕੋਲ ਜਾ ਚੁੱਕਾ ਹੈ। ਹੋ ਸਕਦਾ ਹੈ, ਉਸ ਨੂੰ ਇਸ ਧਰਤੀ ਨਾਲੋਂ ਉਥੇ ਜ਼ਿਆਦਾ ਪਿਆਰ ਮਿਲੇ।" ਸਾਰਿਆਂ ਨੇ ਗੌਰ ਨਾਲ ਦੇਖਿਆ, ਬੁੱਢਾ ਤਸਾਤੂ ਪੁਰਾਣੇ ਕੱਪੜਿਆਂ ਦੀ ਗਠੜੀ ਵਾਂਗ ਇੱਟਾਂ-ਪੱਥਰਾਂ ਦੇ ਟੁਕੜਿਆਂ ਉਤੇ ਪਿਆ ਹੋਇਆ ਸੀ।

ਤਸਾਤੂ ਦੀ ਅਰਥੀ ਨਾਲ ਸਾਰੇ ਜਣੇ ਗਏ, ਭਾਵੇਂ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਉਹ ਕਿਥੋਂ ਦਾ ਰਹਿਣ ਵਾਲਾ ਸੀ ਤੇ ਕਿਥੋਂ ਆਇਆ ਸੀ? ਉਹ ਬੱਸ ਅਜਿਹਾ ਅਜਨਬੀ ਬੁੱਢਾ ਸੀ ਜਿਸ ਨੇ ਜਿਉਂਦਾ ਰਹਿਣ ਲਈ ਮਰਨ ਤੱਕ ਕੰਮ ਕੀਤਾ। ਉਸ ਨੂੰ ਕੰਬਲ ਵਿਚ ਲਪੇਟਿਆ ਗਿਆ ਜਿਹੜਾ ਘੱਟ ਤੋਂ ਘੱਟ ਫਟਿਆ ਹੋਇਆ ਸੀ ਤੇ ਕੁਝ ਹੱਦ ਤੱਕ ਸਾਫ਼ ਦਿਸਦਾ ਸੀ। ਫਿਰ ਕੈਂਪ ਦੇ ਕਿਨਾਰੇ ਉਤੇ ਚੱਟਾਨਾਂ ਹੇਠਾਂ ਉਸ ਨੂੰ ਦਫ਼ਨਾ ਦਿੱਤਾ ਗਿਆ।

ਇਲਿਆਸ ਨੂੰ ਯਾਦ ਹੈ, ਉਸ ਦਿਨ ਮਦਲਕਾ ਨੇ ਹੀ ਕਿਰਿਆ ਦਾ ਸਾਰਾ ਕੰਮ ਕੀਤਾ ਸੀ। ਕੁਝ ਦਿਨ ਮਗਰੋਂ ਕੈਂਪ ਤੋਂ ਛੁਟਕਾਰਾ ਪਾਉਣ ਮਗਰੋਂ ਚਿੱਟ ਉਤੇ ਮਦਲਕਾ ਨੇ ਕੋਈ ਚਿੱਠੀ ਲਿਖੀ ਜਿਸ ਨੂੰ ਲੈ ਕੇ ਇਲਿਆਸ ਸ਼ਹਿਰ ਵਿਚ ਮਦਲਕਾ ਦੇ ਸਾਥੀਆਂ ਨੂੰ ਮਿਲਿਆ ਤੇ ਦੂਜੀ ਜ਼ਿੰਦਗੀ ਸ਼ੁਰੂ ਕੀਤੀ।

ਬੜੀਆਂ ਪੁਰਾਣੀਆਂ ਗੱਲਾਂ ਹਨ। ਹਵਾਲਾਤ ਦੀ ਹਨ੍ਹੇਰੀ ਕੋਠੜੀ ਵਿਚ ਬੈਠਾ ਇਲਿਆਸ ਬੀਤੀਆਂ ਯਾਦਾਂ ਵਿਚ ਡੁੱਬਿਆ ਰਿਹਾ। ਮਦਲਕਾ ਨਾਲ ਹੋਈ ਅੱਜ ਦੀ ਮੁਲਾਕਾਤ 'ਤੇ ਉਸ ਨੂੰ ਕੋਈ ਰੰਜ ਨਹੀਂ ਹੈ।

ਉਧਰ, ਬਿਊਕਸ ਆਪਣੇ ਜ਼ਖ਼ਮੀ ਹੱਥ ਨੂੰ ਕੋਟ ਅੰਦਰ ਲੁਕੋ ਕੇ ਘੁੰਮਦਾ ਰਿਹਾ। ਕਮੀਜ਼ ਦੇ ਆਸਤੀਨ ਉਤੇ ਲਹੂ ਜੰਮ ਕੇ ਪੇਪੜੀ ਬਣ ਗਿਆ ਸੀ। ਸਿਰ 'ਤੇ ਬਹੁਤ ਜ਼ਿਆਦਾ ਪੀੜ ਹੋ ਰਹੀ ਸੀ ਤੇ ਹਲਕਾ ਜਿਹਾ ਬੁਖ਼ਾਰ ਵੀ। ਦਰਦ ਤੇ ਬੇਸਬਰੀ ਨਾਲ ਉਹ ਬਹੁਤ ਸਾਰੇ ਮਰੀਜ਼ਾਂ ਵਾਂਗ ਆਪਣੀ ਵਾਰੀ ਆਉਣ ਦੀ ਉਡੀਕ ਕਰ ਰਿਹਾ ਸੀ।

ਡਾਕਟਰ ਦਾ ਉਹ ਵੇਟਿੰਗ ਰੂਮ, ਪ੍ਰਾਈਵੇਟ ਮਕਾਨ ਦਾ ਬਾਹਰ ਵਾਲਾ ਕਮਰਾ ਸੀ ਜਿਸ ਅੰਦਰ ਦੀਵਾਰ ਦੇ ਸਹਾਰੇ ਲੱਗੇ ਬੈਂਚ ਉਤੇ ਕਈ ਮਰੀਜ਼ ਬੈਠੇ ਸਨ।

ਬਿਊਕਸ ਨੇ ਸੋਚ ਲਿਆ ਸੀ ਕਿ ਉਹ ਵੀ ਡਾਕਟਰ ਨੂੰ ਉਵੇਂ ਹੀ ਮਿਲੇਗਾ ਜਿਵੇਂ ਕੋਈ ਵੀ ਸਾਧਾਰਨ ਮਰੀਜ਼ ਮਿਲਦਾ ਹੈ। ਅਜਿਹਾ ਕਰਨ ਨਾਲ ਉਸ ਉਤੇ ਕਿਸੇ ਤਰ੍ਹਾਂ ਦਾ ਕੋਈ ਸ਼ੱਕ ਨਹੀਂ ਹੋਵੇਗਾ।

'ਤੂੰ ਇਹ ਕਹਿ ਕੇ ਅੱਧੀ ਰਾਤ ਨੂੰ ਡਾਕਟਰ ਦੇ ਕਿਉਂ ਨਹੀਂ ਪਹੁੰਚਿਆ, ਕਿ ਪੁਲਿਸ ਨੇ ਗੋਲੀ ਮਾਰੀ ਹੈ', ਬਿਊਕਸ ਨੇ ਸੋਚਿਆ। ਉਂਜ ਇਸ ਡਾਕਟਰ ਦਾ ਅਜੇ ਠੀਕ-ਠੀਕ ਪਤਾ ਵੀ ਨਹੀਂ ਸੀ। ਉਸ ਨੂੰ ਯਾਦ ਹੈ ਕਿ ਇਕ ਵਾਰ ਇਸ ਡਾਕਟਰ ਨੇ ਉਸ ਦੇ ਸੰਗਠਨ ਨੂੰ ਚੰਦਾ ਦਿੱਤਾ ਸੀ। ਉਸ ਵੇਲੇ ਬਿਊਕਸ ਆਪਣੇ ਕਿਸੇ ਸਾਥੀ ਦੇ ਇਲਾਜ ਦੇ ਸਿਲਸਿਲੇ ਵਿਚ ਆਇਆ ਸੀ, ਪਰ ਇਹ ਬਹੁਤ ਪੁਰਾਣਾ ਕਿੱਸਾ ਹੈ ਤੇ ਉਦੋਂ ਦੀ ਗੱਲ ਹੈ ਜਦੋਂ ਬਿਊਕਸ ਦੇ ਸਾਥੀ ਸ਼ਹਿਰ ਵਿਚ ਥਾਂ-ਥਾਂ ਘੁੰਮ ਕੇ ਆਪਣੇ ਹਮਦਰਦਾਂ ਤੋਂ ਸਹਾਇਤਾ ਰਕਮਾਂ ਇਕੱਠੀਆਂ ਕਰ ਰਹੇ ਸਨ। ਮਿਲਦੇ ਵੀ ਉਨ੍ਹਾਂ ਨੂੰ ਹੀ ਸਨ ਜਿਨ੍ਹਾਂ ਬਾਰੇ ਇਕ ਹੱਦ ਤੱਕ ਯਕੀਨ ਹੁੰਦਾ ਸੀ। ਹੁਣ ਜਦਕਿ ਸਾਰੀਆਂ ਕਾਰਵਾਈਆਂ ਗੈਰ-ਕਾਨੂੰਨੀ ਐਲਾਨੀਆਂ ਗਈਆਂ ਸਨ ਤੇ ਸਾਰੇ ਸੰਗਠਨਾਂ ਉਤੇ ਪਾਬੰਦੀ ਲਾ ਦਿੱਤੀ ਗਈ ਹੈ, ਕੀ ਡਾਕਟਰ ਦਾ ਉਹੀ ਵਤੀਰਾ ਹੋਵੇਗਾ ਜੋ ਪਹਿਲਾਂ ਸੀ, ਬਿਊਕਸ ਨੇ ਮਨ ਹੀ ਮਨ ਸੋਚਿਆ। ਫਿਰ ਵੀ ਕੁਝ ਨਾ ਕੁਝ ਤਾਂ ਕਹਿਣਾ ਹੀ ਪਵੇਗਾ। ਸੱਟ ਲੱਗਣ ਦੀ ਕੋਈ ਵਾਜਿਬ ਵਜ੍ਹਾ ਤਾਂ ਲੱਭਣੀ ਪਵੇਗੀ। ਉਸ ਨੇ ਆਪਣਾ ਹੱਥ ਹਿਲਾਇਆ ਤੇ ਦਰਦ ਬੜੀ ਤੇਜ਼ੀ ਨਾਲ ਉਠਿਆ।

ਬੁੱਢਾ ਬੰਦਾ ਦੀਵਾਰ ਦੇ ਕੋਨੇ ਦਾ ਸਹਾਰਾ ਲੈ ਕੇ ਸੌਂ ਗਿਆ ਸੀ, ਪਰ ਉਹਦਾ ਮੂੰਹ ਅਜੇ ਵੀ ਕੰਬ ਰਿਹਾ ਸੀ।

ਕਾਫ਼ੀ ਇੰਤਜ਼ਾਰ ਤੋਂ ਬਾਅਦ ਬਿਊਕਸ ਦੀ ਵਾਰੀ ਆਈ।

"ਆਓ, ਮਿਸਟਰ ਬੈਂਜਾਮਿਨ।" ਡਾਕਟਰ ਨੇ ਐਨਕਾਂ ਪਿੱਛੇ ਛੁਪੀਆਂ ਨਜ਼ਰਾਂ ਨਾਲ ਦੇਖਿਆ; ਕੁਝ ਇਸ ਤਰ੍ਹਾਂ ਜਿਵੇਂ ਪਤਾ ਲਾਉਣਾ ਚਾਹੁੰਦਾ

*(ਬਾਕੀ ਅਗਲੇ ਸਫੇ 'ਤੇ)*

ਜ਼ਿੰਦਗੀ ਦੀ ਕਵਿਤਾ

# ਕਵਿਤਾ ਅਤੇ ਸੁਪਨਾ

**ਨੀਤੂ ਇਕ ਸ਼ਾਇਰਾ ਹੈ। ਉਹ ਜ਼ਿੰਦਗੀ ਦੀ ਸ਼ਾਇਰੀ ਨੂੰ ਪੜ੍ਹਨਾ ਲੋਚਦੀ ਹੈ, ਸ਼ਾਇਦ ਉਸ ਨੂੰ ਜਾਪਦਾ ਹੈ ਕਿ ਜ਼ਿੰਦਗੀ ਵੀ ਇਕ ਕਵਿਤਾ ਹੈ, ਕਦੇ ਹਾਸ ਰਸੀ, ਕਦੇ ਬੀਰ ਰਸੀ, ਸ਼ਿੰਗਾਰ ਰਸੀ ਅਤੇ ਕਦੇ ਕਰੁਣਾ ਰਸੀ। ਜ਼ਿੰਦਗੀ ਦਾ ਸਫਰ ਕਦੀ ਸਾਂਵਾਂ ਨਹੀਂ ਹੁੰਦਾ, ਕਦੀ ਇਹ ਉਚਾ ਹੁੰਦਾ ਹੈ ਤੇ ਕਦੀ ਨੀਵਾਂ, ਕਦੀ ਸੁਖਾਵਾਂ ਤੇ ਕਦੀ ਕੌੜਾ-ਕਸੈਲਾ। ਸ਼ਾਇਦ ਇਸੇ ਕਰਕੇ ਉਸ ਦੀ ਵਾਰਤਕ ਵੀ ਕਵਿਤਾ ਹੀ ਜਾਪਦੀ ਹੈ, ਕਵਿਤਾ ਵਾਂਗ ਹੀ ਰਵਾਂ। -ਸੰਪਾਦਕ**

ਕਵਿਤਾ ਸੁਪਨੇ ਦੀ ਭਾਸ਼ਾ ਹੈ। ਸੁਪਨਾ ਜੋ ਹਕੀਕਤ ਦੇ ਧਰਾਤਲ 'ਤੇ ਖੜਾ ਤਾਂ ਹੁੰਦਾ ਹੈ ਪਰੰਤੂ ਉਸ ਦਾ ਅਸਮਾਨ ਆਪਣਾ ਹੁੰਦਾ ਹੈ। ਕਵਿਤਾ ਤੇ ਸੁਪਨਾ ਦੋਵੇਂ ਹਕੀਕਤ ਨਾਲ ਗੁੱਥਮ-ਗੁੱਥਾ ਹੁੰਦੇ ਹਨ। ਇਹ ਲੜਦੇ-ਝਗੜਦੇ, ਅਸਲ ਦੀਆਂ ਵਿਆਕਰਨਾਂ ਨਾਲ ਟਕਰਾਉਂਦੇ ਅੱਗੇ ਵਧਦੇ ਹਨ। ਇਸੇ ਲਈ ਕਵਿਤਾ ਵਿਚ ਵੀ ਤਣਾਅ ਅਤੇ ਸੁਪਨੇ ਵਿਚ ਵੀ ਤਣਾਅ। ਇਹ ਤਣਾਅ ਸੁਪਨੇ ਤੇ ਕਵਿਤਾ ਦੀ ਖੂਬਸੂਰਤੀ ਹੈ। ਇਸੇ ਲਈ ਮਨ ਵਾਰ-ਵਾਰ ਸੁਪਨਾ ਦੇਖਦੈ, ਕਵਿਤਾ ਪੜਨਾ ਲੋਚਦਾ ਹੈ। ਇਹ

ਨੀਤੂ ਅਰੋੜਾ
ਫੋਨ: 91-94630-46219

ਤਣਾਅ ਬੰਦੇ ਨੂੰ ਸਾਹੋ-ਸਾਹ ਕਰਦੈ, ਰੌਂਗਟੇ ਖੜੇ ਕਰਦੈ, ਤਰੇਲੀਆਂ ਲਿਆਉਂਦੈ ਤੇ ਹੌਂਕਦਾ ਬੰਦਾ ਨਿਢਾਲ ਹੋਇਆ ਹਕੀਕਤ ਦੀ ਜ਼ਮੀਨ ਨਾਲ ਆ ਟਕਰਾਉਂਦਾ ਹੈ ਪਰ ਬੰਦਾ ਨਾ ਕਵਿਤਾ ਪੜਨਾ ਛੱਡਦਾ ਹੈ ਤੇ ਨਾ ਸੁਪਨੇ ਦੇਖਣਾ। ਕਵਿਤਾ ਤੇ ਸੁਪਨਾ ਹਰ ਵਰਜਣਾ ਤੋਂ ਪਾਰ ਨੇ। ਵਰਜਣਾ 'ਚ ਸੁਰੱਖਿਆ ਹੈ, ਸੰਤੁਸ਼ਟੀ ਨਹੀਂ। ਸੰਤੁਸ਼ਟੀ ਬਿਨਾ ਬੰਦਾ ਸੁਰੱਖਿਅਤ ਕਿਵੇਂ ਹੋਵੇ? ਅਜੀਬ ਪਹੇਲੀ ਹੈ। ਸੰਤੁਸ਼ਟੀ ਦੀ ਤਲਾਸ਼ 'ਚ ਨਿਕਲੇ ਬਿਨਾਂ ਚਾਰਾ ਨਹੀਂ। ਜੋ ਹੈ ਨਹੀਂ ਉਸ ਦੀ ਤਲਾਸ਼ ਕਠਿਨ ਤਾਂ ਹੋਵੇਗੀ। ਕਵਿਤਾ ਤੇ ਸੁਪਨੇ ਨੂੰ ਹੋਰ ਰਾਹ ਮਨਜ਼ੂਰ ਨਹੀਂ।

ਕਵਿਤਾ ਤੇ ਸੁਪਨੇ ਨੇ ਬੰਦੇ ਨੂੰ ਪੂਰਨਾ ਵੀ ਤੇ ਖੋਰਨਾ ਵੀ ਹੁੰਦਾ ਹੈ। ਖੁਰਦਿਆਂ ਹੀ ਪੂਰੇ ਹੋਣ ਦੇ ਅਰਥਾਂ ਨੂੰ ਜਾਣਿਆ ਜਾ ਸਕਦੈ। ਇਹ ਵਿਗੋਚਾ ਵੀ ਹੈ, ਪ੍ਰਾਪਤੀ ਵੀ। ਚੂਹੇ ਬਿੱਲੀ ਦੀ ਖੇਡ। ਇਹ ਖੇਡ ਕਵਿਤਾ ਤੇ ਸੁਪਨੇ ਰਾਹੀਂ ਪੇਸ਼ ਹੋਣੀ ਹੁੰਦੀ ਹੈ। ਵਿਗੋਚਾ ਕਵਿਤਾ ਅਤੇ ਸੁਪਨੇ ਦੀ ਜ਼ਮੀਨ ਹੁੰਦੈ ਅਤੇ ਇਸ ਦੀ ਪ੍ਰਾਪਤੀ ਕਵਿਤਾ ਦਾ ਅਸਮਾਨ। ਜ਼ਮੀਨ ਤੇ ਅਸਮਾਨ ਵਿਚ ਕਵਿਤਾ ਤੇ ਸੁਪਨਾ ਹਮੇਸ਼ਾਂ ਭਟਕਦੇ ਰਹਿੰਦੇ ਨੇ। ਕਵੀ ਇਸ ਭਟਕਣ ਨੂੰ ਆਪਣੇ ਤਨ-ਮਨ ਤੇ ਹੰਢਾਉਂਦਾ ਹੈ।

ਸਮਕਾਲੀ ਕਵਿਤਾ ਇਸ ਭਟਕਣ ਦੇ ਨਾਲ-ਨਾਲ ਕਿਵੇਂ ਭਟਕਦੀ ਹੈ? ਕਿੰਨੀ ਭਟਕਦੀ ਹੈ? ਕਿੰਨੀ ਭਟਕਣ ਤੋਂ ਅਟਕਦੀ ਹੈ ਤੇ ਕਿੰਨੀ ਹੋਰ ਭਟਕਦੀ ਹੈ? ਨਿਰਣਾ ਕਰਨ ਲਈ ਵੀ ਭਟਕਣਾ ਪਵੇਗਾ। ਉਹ ਕਿਹੜੀ ਕਵਿਤਾ ਹੈ ਜੋ ਸਮਕਾਲ ਵਿਚ ਰਚੀ ਜਾਂਦਿਆਂ ਵੀ ਸਮਕਾਲੀ ਨਹੀਂ ਤੇ ਉਹ ਕਿਹੜੀ ਕਵਿਤਾ ਹੈ ਜੋ ਸਮਕਾਲੀ ਹੁੰਦਿਆਂ ਵੀ ਸਰਵਕਾਲੀ ਹੈ? ਜੁਆਬ ਭਟਕਣ ਕੋਲ ਹੈ। ਜਿਹੜੀ ਕਵਿਤਾ ਸਮਕਾਲ ਵਿਚ ਵੀ ਫਤਵੇ ਜਾਰੀ ਕਰਦੀ ਹੈ, ਉਹ ਸਮਕਾਲੀ ਨਹੀਂ, ਆਪਣੇ ਸਮਕਾਲ ਨੂੰ ਪਛਾਣਦੀ ਨਹੀਂ। ਇਸ ਕਵਿਤਾ ਦਾ ਪਾਠਕ ਵੀ ਆਪਣੇ ਸਮਕਾਲ ਨੂੰ ਨਹੀਂ ਸਿਆਣਦਾ। ਸਭ ਕੁਝ ਦੇ ਬੇਪਛਾਣ ਹੋ ਜਾਣ ਵਿਚ ਹੀ ਸੱਤਾ ਦੀ ਭਲਾਈ ਹੈ। ਅਜਿਹੇ ਲੇਖਕ ਤੇ ਪਾਠਕ ਜਾਣੇ-ਅਨਜਾਣੇ ਸੱਤਾ ਦੇ ਆੜੀ ਬਣ ਜਾਂਦੇ ਹਨ। ਇਕ ਉਹ ਕਵਿਤਾ ਹੈ ਜੋ ਹਰ ਭਟਕਣ ਅੱਗੇ ਗੋਡੇ ਟੇਕ ਦਿੰਦੀ ਹੈ। ਸੁੰਨ-ਸਮਾਧੀ ਵਿਚ ਵਿਲੀਨ ਹੋ ਜਾਂਦੀ ਹੈ। ਕਿਸੇ ਕੋਲ ਰਾਮ ਦੀ ਸਮਾਧੀ ਹੈ, ਕਿਸੇ ਕੋਲ ਕਾਮ ਦੀ ਸਮਾਧੀ। ਸਮਾਧੀ ਵੀ ਸੱਤਾ ਨੂੰ ਰਾਸ ਆਉਂਦੀ ਹੈ।

ਸਾਡੇ ਸਮਿਆਂ ਦਾ ਸੱਚ ਨਾ ਰਾਮਦੇਵ ਸਮਝ ਸਕਦਾ, ਨਾ ਕਾਮਦੇਵ। ਆਦਰਸ਼ ਵਿਹੂਣੇ ਸਮਿਆਂ ਵਿਚ ਆਦਰਸ਼ ਦੀ ਪਰਿਕਰਮਾ ਘਾਤਕ ਹੈ। ਸਮਕਾਲੀ ਬੰਦੇ ਲਈ ਵੀ, ਕਵਿਤਾ ਲਈ ਵੀ। ਸਮਕਾਲੀ ਕਵਿਤਾ ਉਹੀ ਹੈ ਜੋ ਭਟਕਣ ਅਤੇ ਤਣਾਅ ਨੂੰ ਆਪਣੇ ਪਿੰਡੇ ਤੇ ਹੰਢਾਉਂਦੀ ਹੈ। ਸ਼ਬਦਾਂ, ਸੰਕਲਪਾਂ ਦੀ ਚੀਰ-ਫਾੜ ਕਰਦੀ ਹਰ ਆਦਰਸ਼ ਤੇ ਸ਼ੱਕ ਕਰਦੀ ਹੈ। ਸਮਕਾਲੀ ਕਵਿਤਾ ਸ਼ੰਕੇ ਦੀ ਕਵਿਤਾ ਹੈ, ਸ਼ਿਕਵੇ ਦੀ ਕਵਿਤਾ ਹੈ, ਸ਼ਿਕਾਇਤ ਦੀ ਕਵਿਤਾ ਹੈ, ਭਟਕਣ ਦੀ ਕਵਿਤਾ ਹੈ। ਭਟਕਣ ਵਿਚ ਤਲਾਸ਼ ਹੈ ਸੁਪਨੇ ਦੀ, ਅਸਮਾਨ ਦੀ, ਜ਼ਮੀਨ ਦੀ। ਵਿਗੋਚਾ ਬੰਦੇ ਦੀ ਤਲਾਸ਼ ਦਾ ਆਰੰਭ ਬਿੰਦੂ।

ਮੇਰੇ ਜੀਵਨ ਦੇ ਉਹ ਕਿਹੜੇ ਵਿਗੋਚੇ ਸਨ ਜੋ ਮੈਨੂੰ ਕਵਿਤਾ ਵੱਲ ਲੈ ਗਏ। ਮੈਂ ਕਿਹੜੀ ਜ਼ਮੀਨ 'ਤੇ ਖੜੀ ਸਾਂ ਜਿਸ ਦਾ ਅਸਮਾਨ ਮੇਰੇ ਕੋਲ ਨਹੀਂ ਸੀ। ਮੇਰੇ ਜਨਮ 'ਤੇ ਮਾਂ ਦੀਆਂ ਅੱਖਾਂ ਵਿਚੋਂ ਵਹੇ ਹੰਝੂਆਂ ਨੇ ਮੇਰੀ ਜ਼ਮੀਨ ਨੂੰ ਤਰਲ ਕਰ ਦਿੱਤਾ। ਜਦੋਂ ਸੁਰਤ ਸੰਭਲੀ ਤਾਂ ਮਾਂ ਨੇ ਇਨ੍ਹਾਂ ਹੰਝੂਆਂ ਬਾਰੇ ਦੱਸਿਆ, ਇਕ ਵਾਰ ਨਹੀਂ ਵਾਰ ਵਾਰ ਦੱਸਿਆ। ਮੈਂ ਇਨ੍ਹਾਂ ਹੰਝੂਆਂ ਨੂੰ ਅਕਸਰ ਆਪਣੀਆਂ ਅੱਖਾਂ ਵਿਚ ਮਹਿਸੂਸ ਕੀਤਾ ਹੈ। ਮੇਰੀਆਂ ਅੱਖਾਂ ਕਦੇ ਨਹੀਂ ਸੁੱਕੀਆਂ, ਹੱਸਦਿਆਂ ਵੀ ਹੰਝੂ-ਹੰਝੂ ਹੋਈਆਂ ਰਹਿੰਦੀਆਂ ਨੇ ਤੇ ਲੜਦਿਆਂ ਵੀ। ਇਨ੍ਹਾਂ ਹੰਝੂਆਂ ਦੀ ਬਦੌਲਤ ਮੈਂ ਨਾ ਹੱਸਣੋਂ ਹਟੀ, ਨਾ ਲੜਨੋਂ ਟਲੀ। ਇਹੀ ਹੰਝੂ ਮੇਰੀ ਅਸਮਾਨ ਵੱਲ ਉਡਾਰੀ ਦਾ ਸਬੱਬ ਵੀ ਬਣੇ ਹੋਣਗੇ। ਹੰਝੂਆਂ ਦੀ ਤਰਲ ਜ਼ਮੀਨ ਨੇ ਮੈਨੂੰ ਮੁਸਕੜੀ ਦਾ ਅਸਮਾਨ ਵੀ ਦਿੱਤਾ, ਤਿਊੜੀ ਦਾ ਸਬੱਬ ਵੀ ਅਤੇ ਕਰੋਧ ਦਾ ਕਾਰਨ ਵੀ।

ਨਵ ਵਿਆਹੀ ਮਾਂ ਦਾ ਘੁੰਡ, ਜਿਸ ਕਾਰਨ ਉਹ ਸਹੁਰੇ ਘਰ ਦਾ ਰਾਹ ਨਾ ਜਾਣ ਸਕੀ, ਮੈਨੂੰ ਅਕਸਰ ਪ੍ਰੇਸ਼ਾਨ ਕਰਦਾ ਹੈ। ਉਹ ਘੁੰਡ ਮੈਂ ਵਾਰ-ਵਾਰ ਆਪਣੇ ਸ਼ਬਦਾਂ ਦੇ ਹੱਥਾਂ ਨਾਲ ਉਤਾਰਦੀ ਹਾਂ। ਘੁੰਡ ਮੁੜ-ਮੁੜ ਮੇਰੀਆਂ ਅੱਖਾਂ ਤੇ ਆ ਟਿਕਦਾ ਹੈ। ਮੈਂ ਤੜਪਦੀ ਹਾਂ, ਚੀਖਦੀ ਹਾਂ, ਵਿਲਕਦੀ ਹਾਂ। ਮੈਨੂੰ ਕੁਝ ਦਿਖਾਈ ਨਹੀਂ ਦਿੰਦਾ। ਕਵਿਤਾ ਮਲਕੜੇ ਜਿਹੇ ਆਉਂਦੀ, ਘੁੰਡ ਉਠਾਉਂਦੀ, ਦ੍ਰਿਸ਼ ਬਦਲ ਜਾਂਦਾ, ਮੈਂ ਕੁਝ ਹੋਰ ਹੁੰਦੀ। ਮਾਂ ਦਾ ਪਤੀ ਲੰਬੀਆਂ ਪੁਲਾਂਘਾਂ ਪੁੱਟਦਾ ਘਰ ਪਹੁੰਚ ਗਿਆ ਤੇ ਉਹ ਰਾਹਾਂ ਵਿਚ ਭਟਕਦੀ ਰਹੀ। ਕਈ ਵਾਰ ਲੱਗਦਾ ਮੈਂ ਆਪਣੇ ਪਿਤਾ ਨੂੰ ਮਹਿਜ਼ ਉਸ ਦੀਆਂ ਲੰਬੀਆਂ ਪੁਲਾਂਘਾਂ ਕਰਕੇ ਜਾਣਦੀ ਹਾਂ ਅਤੇ ਇਨ੍ਹਾਂ ਕਾਰਨ ਹੀ ਮੈਂ ਉਸ ਨੂੰ ਨਹੀਂ ਵੀ ਜਾਣਦੀ। ਕਦੇ ਲੱਗਦਾ ਇਨ੍ਹਾਂ ਪੁਲਾਂਘਾਂ ਵਿਚ ਮੈਂ ਆਪਣੇ ਪੈਰ ਰੱਖ ਦਿੱਤੇ ਨੇ ਤੇ ਕੋਈ ਪਿੱਛੇ ਰਹਿ ਗਿਆ, ਗਲੀਆਂ ਵਿਚ ਰੋਂਦਾ, ਵਿਲਕਦਾ, ਘਰ ਲੱਭਦਾ ਫਿਰਦਾ। ਮੇਰਾ ਪਿਤਾ ਲੰਬੀਆਂ ਪੁਲਾਂਘਾਂ ਪੁੱਟਦਾ ਘਰ ਪਹੁੰਚ ਗਿਆ ਸੀ ਤੇ ਮਾਂ ਨੇ ਘਰ ਦੇ ਨਾਲ ਉਸ ਨੂੰ ਵੀ ਲੱਭ ਲਿਆ ਸੀ। ਹਮੇਸ਼ਾਂ ਲਈ ਗੁਆ ਵੀ ਦਿੱਤਾ ਸੀ ਸ਼ਾਇਦ। ਪਰ ਮੈਂ ਪਿਤਾ ਦੀਆਂ ਪੁਲਾਂਘਾਂ ਨਾਲ ਘਰ ਲੰਘ ਆਈ ਹਾਂ ਅਤੇ ਪਿੱਛੇ ਰਹਿ ਗਿਆ ਜਦੋਂ ਘਰ ਪਹੁੰਚੇਗਾ ਉਸ ਦਾ ਘਰ ਗੁਆਚਿਆ ਹੋਵੇਗਾ। ਅਸਲ ਵਿਚ ਮਾਂ ਦੀਆਂ ਭੁੱਲੀਆਂ ਰਾਹਾਂ ਮੈਨੂੰ ਠਿੱਠ ਕਰਦੀਆਂ ਨੇ ਅਜੇ ਵੀ। ਮੈਨੂੰ ਲੱਗਦੈ ਇਹ ਰਾਹ ਮਾਂ ਨਹੀਂ ਮੈਂ ਭੁੱਲੀ ਸਾਂ, ਸਾਂ ਨਹੀਂ ਹਾਂ। ਮੈਂ ਰਾਹਾਂ ਵਿਚ ਭਟਕਦੀ ਹਾਂ, ਘਰ ਬੈਠਿਆਂ ਵੀ ਮੈਨੂੰ ਘਰ ਨਹੀਂ ਮਿਲਦਾ। ਘਰ ਵੱਧਦਾ ਫੈਲਦਾ ਜਾਂਦਾ ਤੇ ਮੇਰੀ ਭਟਕਣ ਵੀ। ਇਕ ਦੋਸਤ ਪੁੱਛਦੈ, "ਘਰ ਇਨੇ ਤੰਗ (ਭੀੜੇ) ਕਿਉਂ ਹੁੰਦੇ ਨੇ?" ਮੈਂ ਠਹਾਕਾ ਮਾਰ ਕੇ ਹੱਸਦੀ ਹਾਂ, "ਘਰ ਤੰਗ ਨਹੀਂ ਲੋੜੋਂ ਵੱਧ ਵੱਡੇ ਹੁੰਦੇ ਨੇ, ਤੰਗ ਤਾਂ ਇਹ ਸਾਨੂੰ ਕਰਦੇ ਨੇ।" ਮੈਂ ਘਰੇ ਨਾ ਹੁੰਦਿਆਂ ਵੀ ਘਰ ਵਿਚ ਹੁੰਦੀ ਹਾਂ ਅਤੇ ਘਰੇ ਹੁੰਦਿਆਂ ਵੀ ਉਥੇ ਹਾਜ਼ਰ ਨਹੀਂ ਹੁੰਦੀ। ਮਾਂ ਹਾਜ਼ਰ ਹੋਣ ਦੇ ਅਰਥ ਕਿਉਂ ਨਹੀਂ ਜਾਣਦੀ?

ਮਾਂ ਰਾਹ ਭੁੱਲੀ ਤਾਂ ਪਿੰਡ ਦਾ ਕੋਈ ਬਜ਼ੁਰਗ ਉਸ ਨੂੰ ਆਪਣੇ ਘਰ ਲੈ ਗਿਆ। ਸ਼ਗਨ ਵਜੋਂ ਗੁੜ ਦਿੱਤਾ ਤੇ ਪੰਜ ਰੁਪਈਏ। ਉਸ ਦੇ ਪਤੀ ਦੇ ਘਰ ਛੱਡ ਆਇਆ। ਮੈਨੂੰ ਬਜ਼ੁਰਗਾਂ ਤੋਂ ਡਰ ਲੱਗਣ ਲੱਗਦਾ ਹੈ, ਘਰ ਲਿਜਾਣ ਵਾਲਿਆਂ ਤੋਂ ਡਰ ਲੱਗਦਾ ਹੈ। ਇਕ ਬਜ਼ੁਰਗ ਕਾਰਨ ਮਾਂ ਨੇ ਗੁਆਚਿਆ ਘਰ ਲੱਭ ਲਿਆ। ਇਨ੍ਹਾਂ ਬਜ਼ੁਰਗਾਂ ਕਾਰਨ ਹੀ ਉਸ ਨੇ ਘਰ ਲੱਭ ਕੇ ਹਮੇਸ਼ਾਂ ਲਈ ਗੁਆ ਲਿਆ। ਬਜ਼ੁਰਗ ਸਾਡੀਆਂ ਉਂਗਲੀਆਂ ਛੱਡ ਕਿਉਂ ਨਹੀਂ ਦਿੰਦੇ? ਸਾਡੇ ਘਰ ਗੁਆ ਕੇ ਸਾਨੂੰ ਰੋਣ ਕਿਉਂ ਨਹੀਂ ਦਿੰਦੇ? ਸ਼ਾਇਦ ਅਸੀਂ ਰੋਂਦੇ ਰੋਂਦੇ ਠਹਾਕਾ ਮਾਰ ਕੇ ਹੱਸ ਪਈਏ। ਇਵੇਂ ਰੋਂਦੇ ਹੱਸਦੇ ਪ੍ਰੇਤ ਹੋ ਜਾਈਏ।

ਮੈਨੂੰ ਹੋਸਟਲ ਦਾ ਕਮਰਾ ਯਾਦ ਆਉਂਦੈ। ਮੈਂ ਬਹੁਤ ਰੋਂਦੀ, ਰੋਂਦਿਆਂ-ਰੋਂਦਿਆਂ ਉਚੀ-ਉਚੀ ਹੱਸਣ ਲੱਗਦੀ। ਕੁੜੀਆਂ ਮੈਥੋਂ ਡਰਨ ਲੱਗੀਆਂ ਜਿਵੇਂ ਮੈਂ ਪ੍ਰੇਤ ਹੋਵਾਂ। ਉਨ੍ਹਾਂ ਦੇ ਡਰੇ ਚਿਹਰੇ ਦੇਖ ਕੇ ਮੈਂ ਹੋਰ ਹੱਸਦੀ, ਉਹ ਹੋਰ ਡਰਦੀਆਂ। ਮਾਂ ਨੂੰ ਡਰਾਉਣਾ ਕਿਉਂ ਨਾ ਆਇਆ? ਇਹ ਬਜ਼ੁਰਗ ਵੀ ਡਰਦੇ ਨੇ ਸਾਡੇ ਹਾਸੇ ਤੋਂ, ਸਾਡੇ ਰੋਣੇ ਤੋਂ, ਆਪਣੇ ਹੀ ਹੱਸਣ-ਰੋਣ ਤੋਂ ਵੀ। ਫਿਰ ਇਹ ਗੁੜ ਤੇ ਰੁਪਈਆਂ ਦੀ ਸਾਜਿਸ਼ ਰਚਦੇ ਨੇ। ਮਾਂਵਾਂ ਦੇ ਖਾਰੇ ਹੰਝੂ ਗੁੜ ਦੀ ਮਿਠਾਸ ਵਿਚ ਗੁੰਮ-ਗੁਆਚ ਜਾਂਦੇ ਨੇ ਤੇ ਭੋਲੀਆਂ ਮਾਂਵਾਂ ਗੁੜ ਦੇ ਲਾਲਚ ਵਿਚ ਹੰਝੂ ਅੰਧਵਾਟੇ ਵਿਸਾਰ ਦਿੰਦੀਆਂ ਨੇ। ਹੰਝੂਆਂ ਤੋਂ ਅੱਗੇ ਹਾਸਿਆਂ ਦੀ ਪਟਾਰੀ ਤੱਕ ਕਦੇ ਨਹੀਂ ਪਹੁੰਚਦੀਆਂ।

ਕਦੇ ਸੋਚਦੀ ਹਾਂ ਮਾਂ ਨੂੰ ਘਰ ਨਾ ਹੀ ਥਿਆਉਂਦਾ ਤਾਂ ਚੰਗਾ ਸੀ। ਸਾਰੀਆਂ ਮਾਂਵਾਂ ਦੇ ਘਰ ਗੁਆਚ ਕਿਉਂ ਨਹੀਂ ਜਾਂਦੇ? ਮਾਂਵਾਂ ਘਰਾਂ ਦੇ ਰਾਹ ਭੁੱਲ ਰੋਂਦੀਆਂ ਕਿਉਂ ਨੇ ਤੇ ਫਿਰ ਉਦੋਂ ਤੱਕ ਕਿਉਂ ਨਹੀਂ ਰੋਂਦੀਆਂ ਕਿ ਹੱਸ ਸਕਣ? ਮੇਰੇ ਇਹੀ ਡਰ, ਸੰਸੇ, ਪ੍ਰਸ਼ਨ ਮੇਰੀ ਕਵਿਤਾ ਵਿਚ ਕਦੇ ਰੋਂਦੇ, ਕਦੇ ਸੁਆਲ ਕਰਦੇ ਅਤੇ ਕਦੇ ਯੁੱਧ ਕਰਦੇ ਨਜ਼ਰ ਆਉਂਦੇ ਨੇ। ਇਨ੍ਹਾਂ ਤੋਂ ਪਾਰ ਜਾ ਸਕਣਾ ਫਿਲਹਾਲ ਮੇਰੇ ਵੱਸ ਵਿਚ ਨਹੀਂ। ਮੇਰੇ ਕੋਲ ਛਲਾਂਗ ਜਾਂ ਛੜੱਪੇ ਦੀ ਮਾਨਸਿਕਤਾ ਵੀ ਇਸੇ ਲਈ ਨਹੀਂ, ਕਿਉਂਕਿ ਮੈਂ ਰੋਣ ਤੋਂ ਬਾਅਦ ਹਾਸੇ ਤੱਕ ਪਹੁੰਚਣਾ ਹੈ, ਰਾਹ ਵਿਚ ਕਚੀਚੀਆਂ ਵੀ ਹੋਣਗੀਆਂ, ਤਿਊੜੀਆਂ ਵੀ ਤੇ ਨਿਸ਼ਚਿਤ ਰੂਪ ਵਿਚ ਹੋਰ ਵੀ ਬਹੁਤ ਕੁਝ ਹੋਵੇਗਾ।

ਮੇਰੇ ਨਾਨਕਿਆਂ ਦੇ ਪਿੰਡ ਤੋਂ ਦਾਦਕਿਆਂ ਦਾ ਪਿੰਡ ਬਹੁਤ ਥੋੜੀ ਦੂਰੀ 'ਤੇ ਸੀ। ਇਕ ਵਾਰ ਮੇਰਾ ਪਿਤਾ ਆਪਣੀ ਨਵ-ਵਿਆਹੀ ਦੁਲਹਨ ਨੂੰ ਸਾਈਕਲ ਦੇ ਕੈਰੀਅਰ ਉਤੇ ਬਿਠਾ ਸਹੁਰਿਆਂ ਨੂੰ ਚੱਲਿਆ। ਪੇਕਿਆਂ ਦਾ ਪਿੰਡ ਨੇੜੇ ਆਇਆ ਤਾਂ ਦੁਲਹਨ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਅੱਗੋਂ ਪੈਦਲ ਜਾਵੇਗੀ। ਉਸ ਨੂੰ ਆਪਣੇ ਪਿੰਡ ਦੇ ਬੰਦਿਆਂ ਤੋਂ ਸੰਗ ਆਉਂਦੀ ਸੀ। ਉਹ ਕੀ ਕਹਿਣਗੇ, "ਦੇਖੋ! ਕਿਵੇਂ ਪ੍ਰਾਹੁਣੇ ਮਗਰ ਸਾਈਕਲ ਤੇ ਬੈਠੀ ਏ।" ਪਰ ਪ੍ਰਾਹੁਣਾ ਸੀ ਕਿ ਸਾਈਕਲ ਰੋਕੇ ਨਾ। ਮਾਂ ਨੇ ਚਲਦੇ ਸਾਈਕਲ ਤੋਂ ਛਾਲ ਮਾਰ ਦਿੱਤੀ। ਉਸ ਦੇ ਗੋਡੇ, ਪਿੰਜਣੀਆਂ ਸੜਕ ਦੀ ਰੋੜੀ ਨਾਲ ਛਿੱਲੇ ਗਏ। ਲਹੂ-ਲੁਹਾਨ ਲੱਤਾਂ ਨਾਲ ਘਰ ਪਹੁੰਚੀ। ਉਸ ਦੀਆਂ ਲੱਤਾਂ ਵਿਚੋਂ ਨਿਕਲਦੇ ਲਹੂ ਦੇ ਛਿੱਟੇ ਮੇਰੇ ਮੱਥੇ 'ਤੇ ਲਮਕਣ ਲੱਗਦੇ, ਕਦੇ ਹੱਥਾਂ ਤੇ ਚਮਕਣ ਲੱਗਦੇ। ਮੇਰਾ ਦਿਲ ਕਰਦਾ ਛਾਲ ਮਾਰ ਕੇ ਚਲਦੇ ਸਾਈਕਲ 'ਤੇ ਬੈਠ ਜਾਵਾਂ ਤੇ ਸਾਰੇ ਪਿੰਡ ਦੇ ਬੰਦਿਆਂ ਨੂੰ ਅੰਗੂਠਾ ਦਿਖਾਵਾਂ। ਮੈਂ ਆਪਣੀ ਕਵਿਤਾ ਤੇ ਜੀਵਨ ਰਾਹੀਂ ਅੰਗੂਠਾ ਦਿਖਾਉਂਦੀ ਹਾਂ, ਆਪਣੇ ਆਸੇ-ਪਾਸੇ ਨੂੰ ਅੰਗੂਠਾ। ਇਹ ਕਿੰਨਾ ਦਿਖਦਾ, ਕਿੰਨਾ ਨਹੀਂ, ਦਿਖਦਾ ਹੈ ਵੀ ਕੇ ਨਹੀਂ, ਇਹ ਮੈਨੂੰ ਨਹੀਂ ਪਤਾ। ਕਵਿਤਾ ਉਹ ਸਾਈਕਲ ਹੈ, ਸਾਈਕਲ ਦੀ ਕਾਠੀ ਹੈ। ਕਦੇ ਕਦੇ ਚੈਨ ਉਤਰਦੀ ਹੈ, ਫੂਕ ਨਿਕਲਦੀ ਹੈ। ਮੈਂ ਰੁਕਦੀ ਹਾਂ, ਕਦੇ ਚੈਨ ਚੜਾਉਂਦੀ ਹਾਂ, ਕਦੇ ਫੂਕ ਭਰਾਉਂਦੀ ਹਾਂ ਤੇ ਫਿਰ ਪੈਡਲ ਮਾਰਦੀ ਹਾਂ। ਚੌਂਕੇ ਘੂਕਦੇ ਨੇ, ਮੈਂ ਵੀ, ਕਵਿਤਾ ਵੀ, ਜ਼ਿੰਦਗੀ ਵੀ।

# ਹਨੇਰੀ ਕੋਠੜੀ ਵਿਚ

*(ਪਿਛਲੇ ਸਫੇ ਦੀ ਬਾਕੀ)*

ਹੋਵੇ ਕਿ ਉਸ ਨੇ ਸਹੀ ਨਾਮ ਲਿਆ ਜਾਂ ਨਹੀਂ?

"ਮੇਰਾ ਨਾਂ ਬਿਊਕਸ ਹੈ?"

"ਅੱਛਾ-ਅੱਛਾ ਬਿਊਕਸ।" ਡਾਕਟਰ ਨੇ ਕਿਹਾ। ਉਹ ਮੰਨਦਾ ਸੀ ਕਿ ਇਨ੍ਹੀਂ ਦਿਨੀਂ ਲੋਕ ਆਪਣੇ ਨਾਂ ਵੀ ਉਵੇਂ ਹੀ ਬਦਲ ਰਹੇ ਹਨ ਜਿਵੇਂ ਕਮੀਜ਼ ਬਦਲਦੇ ਹਨ। "ਤੁਸੀਂ ਪਹਿਲਾਂ ਵੀ ਇਕ ਵਾਰ ਆ ਚੁੱਕੇ ਹੋ। ਉਸ ਵਕਤ ਤੁਸੀਂ ਬਿਮਾਰ ਨਹੀਂ ਸੀ। ਕਿਉਂ, ਮੈਂ ਠੀਕ ਕਹਿ ਰਿਹਾ ਹਾਂ ਨਾ?"

ਫਿਰ ਕਾਲੀ ਨਰਸ ਵੱਲ ਘੁੰਮ ਕੇ ਕਿਹਾ, "ਇਸ ਮਰੀਜ਼ ਦਾ ਕਾਰਡ ਬਣਾਉਣ ਦੀ ਲੋੜ ਨਹੀਂ ਹੈ।"

ਨਰਸ ਨੇ ਬਿਊਕਸ ਦਾ ਬਟਨ ਖੋਲ੍ਹਣਾ ਸ਼ੁਰੂ ਕੀਤਾ। ਡਾਕਟਰ ਨੂੰ ਈਥਰ ਤੇ ਤੰਬਾਕੂ ਦਾ ਮੁਸ਼ਕ ਇਕੱਠਾ ਚੜ੍ਹਿਆ, ਤੇ ਉਸ ਨੇ ਕੁਝ ਝਿਜਕ ਨਾਲ ਕਿਹਾ, "ਓਹ, ਤੁਸੀਂ ਤਾਂ ਖੁਦ ਨੂੰ ਜ਼ਖਮੀ ਕੀਤਾ ਹੋਇਆ ਹੈ।"

ਨਰਸ ਨੇ ਕੈਂਚੀ ਨਾਲ ਕਮੀਜ਼ ਦਾ ਆਸਤੀਨ ਕੱਟ ਦਿੱਤਾ ਤੇ ਇਹ ਸੱਪ ਦੀ ਸੁੱਕੀ ਕੁੰਜ ਵਾਂਗ ਭੁੰਜੇ ਡਿੱਗ ਪਿਆ। ਜ਼ਖਮ ਨੂੰ ਦੇਖ ਕੇ ਬਿਊਕਸ ਘਬਰਾ ਗਿਆ ਤੇ ਝੱਟ ਦੇਣੀ ਦੂਜੇ ਬੰਨੇ ਦੇਖਣ ਲੱਗ ਪਿਆ।

ਡਾਕਟਰ ਉਸ ਨੂੰ ਦੇਖ ਕੇ ਮੁਸਕਰਾਇਆ। ਫਿਰ ਅੱਗੇ ਝੁਕ ਕੇ ਦੇਖਣ ਲੱਗਾ, "ਓਹ, ਕਾਫ਼ੀ ਡੂੰਘਾ ਜ਼ਖਮ ਹੈ। ਨਰਸ, ਟਾਂਕੇ ਲਾਉਣੇ ਪੈਣਗੇ...ਇਸ ਨੂੰ ਸਾਫ਼ ਕਰੋ।"

"ਦਰਅਸਲ ਇਕ...ਇਕ ਐਕਸੀਡੈਂਟ...।" ਬਿਊਕਸ ਨੇ ਸਫ਼ਾਈ ਦੇਣੀ ਚਾਹੀ, ਪਰ ਡਾਕਟਰ ਨੇ ਉਹਦੇ ਮੂੰਹ ਵਿਚ ਥਰਮਾਮੀਟਰ ਪਾ ਦਿੱਤਾ ਤੇ ਉਹਨੂੰ ਚੁੱਪ ਹੋਣਾ ਪਿਆ। ਥਰਮਾਮੀਟਰ ਬਾਹਰ ਆਉਂਦਿਆਂ ਹੀ ਬਿਊਕਸ ਨੇ ਕਿਹਾ, "ਡਾਕਟਰ, ਮੈਂ ਤੁਹਾਡੇ ਨਾਲ ਇਕ ਪਾਸੇ ਦੋ ਮਿੰਟ ਗੱਲ ਕਰਨੀ ਚਾਹੁੰਦਾ ਹਾਂ।"

"ਠੀਕ ਹੈ, ਠੀਕ ਹੈ। ਗੱਲ ਵੀ ਕਰ ਲਵਾਂਗੇ ਪਰ ਪੱਟੀ ਤਾਂ ਬੰਨ੍ਹ ਲਈਏ।"

ਹੁਣ ਬਾਂਹ ਉਤੇ ਪੱਟੀ ਬੰਨ੍ਹੀ ਜਾ ਚੁੱਕੀ ਸੀ ਤੇ ਨਰਸ ਸਾਰਾ ਸਾਮਾਨ ਚੁੱਕਣ ਲੱਗ ਪਈ ਸੀ। ਡਾਕਟਰ ਕੋਨੇ ਵਿਚ ਬਣੇ ਵਾਸ਼-ਬੇਸਿਨ ਵਿਚ ਹੱਥ ਧੋ ਰਿਹਾ ਸੀ।

"ਤੁਹਾਨੂੰ ਲੱਗਦਾ ਹੋਵੇਗਾ ਕਿ ਹੱਥ ਸੁੰਨ ਹੋ ਗਿਆ ਹੈ," ਡਾਕਟਰ ਨੇ ਕਿਹਾ, "ਪਰ ਘਬਰਾਉਣਾ ਨਹੀਂ, ਇਹ ਇੰਜੈਕਸ਼ਨ ਕਰ ਕੇ ਹੈ। ਮੈਂ ਕੁਝ ਦਵਾਈਆਂ ਦੇ ਰਿਹਾ ਹਾਂ, ਜੇ ਬੁਖਾਰ ਹੋਵੇ ਤਾਂ ਖਾ ਲੈਣੀਆਂ।" ਫਿਰ ਨਰਸ ਨੂੰ ਮੁਖਾਤਿਬ ਹੋ ਕੇ ਕਿਹਾ, "ਨਰਸ, ਸਾਨੂੰ ਇਕ-ਇਕ ਕੱਪ ਚਾਹ ਮਿਲ ਸਕਦੀ ਹੈ?"

ਨਰਸ ਦੂਜੇ ਕਮਰੇ ਵਿਚ ਚਲੀ ਗਈ ਤੇ ਉਹ ਦੋਵੇਂ ਇਕੱਲੇ ਰਹਿ ਗਏ। ਡਾਕਟਰ ਆਪਣੀ ਸੀਟ ਉਤੇ ਬੈਠ ਕੇ ਮੇਜ਼ ਉਤੇ ਪਏ ਸਾਮਾਨ, ਬਲੱਡ ਪ੍ਰੈਸ਼ਰ ਅਪਰੇਟਸ ਤੇ ਦਵਾਈ ਲਿਖਣ ਵਾਲੇ ਪੈਡ ਨੂੰ ਉਂਜ ਹੀ ਇਧਰ-ਉਧਰ ਕਰ ਕੇ ਰੱਖਦਾ ਰਿਹਾ।

ਬਿਊਕਸ ਨੇ ਦੱਸਿਆ ਕਿ ਇਉਂ ਲੱਗ ਰਿਹਾ ਹੈ ਜਿਵੇਂ ਉਸ ਦੇ ਹੱਥ ਨੂੰ ਕੱਟ ਕੇ ਸਰੀਰ ਨਾਲੋਂ ਅਲੱਗ ਕਰ ਦਿੱਤਾ ਗਿਆ ਹੋਵੇ। "ਡਾਕਟਰ, ਤੁਹਾਨੂੰ ਹਰ ਐਕਸੀਡੈਂਟ ਦੀ ਰਿਪੋਰਟ ਕਰਨੀ ਪੈਂਦੀ ਹੈ?" ਉਸ ਨੇ ਡਾਕਟਰ ਦੀ ਦੁਬਿਧਾ ਭਾਂਪਦਿਆਂ ਪੁੱਛਿਆ।

"ਆਮ ਹਾਲਾਤ ਵਿਚ ਅਜਿਹਾ ਕਰਨਾ ਹੀ ਪੈਂਦਾ ਹੈ...ਤੇ ਕਰਨਾ ਵੀ ਚਾਹੀਦਾ ਹੈ।" ਡਾਕਟਰ ਨੇ ਕਿਹਾ ਤੇ ਸਿਗਰਟ ਦੀ ਡੱਬੀ ਬਿਊਕਸ ਵੱਲ ਕੀਤੀ।

"ਦਰਅਸਲ...ਇਉਂ ਹੋਇਆ ਕਿ...," ਬਿਊਕਸ ਨੇ ਕਹਿਣਾ ਚਾਹਿਆ ਪਰ ਡਾਕਟਰ ਨੇ ਉਸ ਦੀ ਗੱਲ ਵਿਚੋਂ ਟੋਕ ਦਿੱਤੀ ਤੇ ਸਿਗਰਟ ਦਾ ਸੂਟਾ ਮਾਰਨ ਤੋਂ ਬਾਅਦ ਕਿਹਾ, "ਮਿਸਟਰ ਬਿਊਕਸ, ਜ਼ਖਮ ਦੇਖਦਿਆਂ ਹੀ ਮੈਂ ਦੱਸ ਸੱਕਦਾ ਹਾਂ ਕਿ ਇਹ ਗੋਲੀ ਲੱਗਣ ਨਾਲ ਹੋਇਆ ਹੈ ਜਾਂ ਚਾਕੂ ਨਾਲ। ਗੋਲੀ-ਲੱਗੇ ਜ਼ਖਮ ਨਾਲ ਭਾਵੇਂ ਮੇਰਾ ਬਹੁਤਾ ਵਾਸਤਾ ਨਹੀਂ ਪੈਂਦਾ, ਪਰ ਤੁਹਾਡੀ ਬਾਂਹ ਦੇ ਜ਼ਖਮ ਨੂੰ ਮੈਂ ਸਮਝ ਰਿਹਾ ਹਾਂ...ਪੁਲਿਸ ਦੀ ਗੋਲੀ ਸੀ?"

ਬਿਊਕਸ ਨੇ 'ਹਾਂ' ਵਿਚ ਸਿਰ ਹਿਲਾਇਆ। ਡਾਕਟਰ ਨੇ ਕਿਹਾ, "ਮੇਰਾ ਵੀ ਇਹੋ ਅੰਦਾਜ਼ਾ ਸੀ। ਅੱਜ ਕੱਲ੍ਹ ਮੇਰੇ ਦੇਸ ਵਿਚ ਇਹ ਸਭ ਕੁਝ ਬਹੁਤ ਹੋ ਰਿਹਾ ਹੈ। ਬੇਸ਼ੱਕ ਕਾਨੂੰਨ ਕਹਿੰਦਾ ਹੈ ਕਿ ਅਜਿਹੇ ਮਾਮਲਿਆਂ ਦੀ ਮੈਂ ਪੁਲਿਸ ਨੂੰ ਰਿਪੋਰਟ ਕਰਾਂ।"

"ਤੁਸੀਂ ਫਿਰ ਕਾਨੂੰਨ ਦਾ ਪਾਲਣ ਕਰੋਗੇ?"

ਡਾਕਟਰ ਨੇ ਇਕ ਵਾਰ ਆਪਣੀ ਰਿਪੋਰਟ ਵੱਲ ਦੇਖਿਆ, ਫਿਰ ਕੁਝ ਸੋਚਦਿਆਂ ਹੌਲੀ ਜਿਹੀ ਆਖਿਆ, "ਕਾਨੂੰਨ ਬਣਾਉਣ ਵੇਲੇ ਜੇ ਸਮਾਜ ਨੂੰ ਵੀ ਹਿੱਸਾ ਲੈਣ ਦਾ ਮੌਕਾ ਦਿੱਤਾ ਜਾਂਦਾ ਹੋਵੇ ਤਾਂ ਇਸ ਦਾ ਪਾਲਣ ਕਰਨਾ ਸਮਾਜ ਦੀ ਨੈਤਿਕ ਜ਼ਿੰਮੇਵਾਰੀ ਹੋ ਜਾਂਦੀ ਹੈ, ਪਰ ਜੇ ਕਾਨੂੰਨ ਬਿਨਾਂ ਲੋਕਾਂ ਦੀ ਸਹਿਮਤੀ ਜਾਂ ਜ਼ਿੰਮੇਵਾਰੀ ਦੇ ਬਣਾਇਆ ਜਾਂਦਾ ਹੈ, ਤਾਂ ਗੱਲ ਹੋਰ ਹੈ।"

ਕੁਝ ਦੇਰ ਚੁੱਪ ਰਹਿਣ ਤੋਂ ਬਾਅਦ ਡਾਕਟਰ ਨੇ ਫਿਰ ਕਿਹਾ, "ਫਿਰ ਵੀ ਸਾਡੇ ਦੇਸ ਵਿਚ ਜੋ ਹਾਲਾਤ ਹਨ, ਉਨ੍ਹਾਂ ਨੂੰ ਦੇਖਦਿਆਂ ਮੈਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਕਾਨੂੰਨ ਕਿਸ ਦੇ ਪੱਖ ਵਿਚ ਖੜ੍ਹਾ ਹੋ ਰਿਹਾ ਹੈ। ਜੇ ਕਾਨੂੰਨ ਕਿਸੇ ਮੁਜਰਮ, ਕਾਤਲ ਜਾਂ ਬਲਾਤਕਾਰੀ ਨੂੰ ਸਜ਼ਾ ਦਿੰਦਾ ਹੈ, ਤਾਂ ਮੈਨੂੰ ਮਦਦ ਕਰਨੀ ਚਾਹੀਦੀ ਹੈ, ਪਰ ਜੇ ਕਾਨੂੰਨ ਦੂਜਿਆਂ ਦੇ ਪੱਖ ਵਿਚ ਖੜ੍ਹਾ ਹੁੰਦਾ ਹੈ ਤੇ ਇਨ੍ਹਾਂ ਵਾਸਤੇ ਲੜਨ ਵਾਲਿਆਂ ਨੂੰ ਸਜ਼ਾ ਦਿੰਦਾ ਹੈ, ਤਾਂ ਮੈਂ ਉਸ ਦਾ ਪਾਲਣ ਕਰਨ ਲਈ ਉਕਾ ਹੀ ਪਾਬੰਦ ਨਹੀਂ ਹਾਂ। ਅਸਲ ਵਿਚ ਉਨ੍ਹਾਂ ਨੇ ਹੀ ਮੈਨੂੰ ਅਜਿਹਾ ਮੌਕਾ ਦੇ ਦਿੱਤਾ ਹੈ ਕਿ ਮੈਂ ਆਪਣੀ ਭੂਮਿਕਾ ਤੈਅ ਕਰ ਲਵਾਂ। ਮਿਸਟਰ ਬਿਊਕਸ ਸਾਡੇ ਦੇਸ ਅੰਦਰ ਅੱਜ ਇਹੋ ਕੁਝ ਹੋ ਰਿਹਾ ਹੈ। ਅਨਿਆਂ ਦਾ ਬੋਲਬਾਲਾ ਹੈ ਤੇ ਕੁਝ ਹਿੰਮਤੀ ਲੋਕ ਹਨ ਜੋ ਆਪਣੀ ਜਾਨ ਉਤੇ ਖੇਡ ਕੇ ਉਸ ਦਾ ਵਿਰੋਧ ਕਰ ਰਹੇ ਹਨ...ਕਾਸ਼, ਮੈਂ ਵੀ ਇਸ ਵਿਚ ਕੁਝ ਕਰ ਸਕਦਾ।"

ਉਸ ਨੇ ਬਿਊਕਸ ਵੱਲ ਦੇਖਿਆ। ਇਉਂ ਲਗਦਾ ਸੀ ਜਿਵੇਂ ਕਿੰਨੇ ਦਿਨਾਂ ਤੋਂ ਉਹ ਅਜਿਹਾ ਭਾਸ਼ਣ ਦੇਣ ਲਈ ਸੋਚ ਰਿਹਾ ਸੀ।

"ਆਓ, ਆਪਾਂ ਚਾਹ ਪੀ ਲਈਏ...ਤੁਸੀਂ ਵੀ ਸੋਚ ਰਹੇ ਹੋਵੋਗੇ ਕਿ ਚਾਹ ਦੇ ਚੱਕਰ ਵਿਚ ਬੁਰੇ ਫਸੇ...।"

"ਅਜਿਹਾ ਕਿਉਂ?"

"ਕਿਉਂਕਿ ਮੈਂ ਭਾਸ਼ਣ ਦੇ ਰਿਹਾ ਹਾਂ।"

"ਨਹੀਂ ਡਾਕਟਰ", ਬਿਊਕਸ ਨੇ ਕਿਹਾ, "ਮੈਨੂੰ ਤੁਹਾਡੀ ਗੱਲ ਸੁਣ ਕੇ ਬਹੁਤ ਚੰਗਾ ਲੱਗਾ।"

ਡਾਕਟਰ ਨੂੰ ਅਚਾਨਕ ਕੁਝ ਯਾਦ ਆਇਆ ਤੇ ਉਹ ਉਠ ਕੇ ਅੰਦਰ ਚਲੇ ਗਿਆ।

ਬਾਹਰ ਸ਼ਾਮ ਡੂੰਘੀ ਹੋ ਰਹੀ ਸੀ ਤੇ ਅਸਮਾਨ ਵਿਚ ਬੈਂਗਣੀ ਰੰਗ ਫੈਲ ਰਿਹਾ ਸੀ। ਦੂਰ ਸ਼ਹਿਰ ਦੀਆਂ ਖੂਬਸੂਰਤ ਬੱਤੀਆਂ ਦੀ ਸ਼ਾਨ ਫੈਲੀ ਹੋਈ ਸੀ ਤੇ ਲਗਦਾ ਸੀ ਜਿਵੇਂ ਹਵਾਈ ਹਮਲੇ ਤੋਂ ਬਾਅਦ ਸ਼ਹਿਰ ਫਿਰ ਜਾਗ ਪਿਆ ਸੀ। ਬਾਹਰ ਕਾਲਿਆਂ ਲਈ ਬਣੇ ਸਿਨੇਮਾ ਹਾਲ ਦੀ ਖਿੜਕੀ ਦੇ ਮੂਹਰੇ ਟਿਕਟ ਲੈਣ ਵਾਲਿਆਂ ਦੀ ਕਤਾਰ ਲੱਗੀ ਹੋਈ ਸੀ। ਕੋਈ ਸ਼ਰਾਬੀ ਡਿੱਕੋ-ਡੋਲੇ ਖਾਂਦਾ ਜਾ ਰਿਹਾ ਸੀ। ਸ਼ਨਿਚਰਵਾਰ ਦੀ ਰਾਤ ਮੌਜ-ਮਸਤੀ ਕਰਨ ਵਾਲਿਆਂ ਦੀ ਰਾਤ ਹੁੰਦੀ ਹੈ। ਥੋੜ੍ਹਾ ਹੋਰ ਅੱਗੇ ਕਿਸੇ ਅਖਬਾਰ ਦਾ ਇਸ਼ਤਿਹਾਰ ਸੀ: "ਗੁਪਤ ਪਰਚਿਆਂ ਬਾਰੇ ਸਕਿਉਰਿਟੀ ਚੀਫ਼ ਦੀ ਰਿਪੋਰਟ।"

"ਮੇਰੀ ਪਤਨੀ ਅਪਾਹਜਾਂ ਲਈ ਕੱਪੜੇ ਇਕੱਠੇ ਕਰਦੀ ਹੈ, ਤੁਸੀਂ ਇਹ ਕੋਟ ਲੈ ਲਵੋ, ਆਰਾਮ ਰਹੇਗਾ," ਡਾਕਟਰ ਨੇ ਕਿਹਾ, "ਇਹ ਸਾਈਜ਼ ਵਿਚ ਵੱਡਾ ਹੋਵੇਗਾ, ਖੈਰ ਕੋਈ ਗੱਲ ਨਹੀਂ।"

"ਬਹੁਤ...ਬਹੁਤ ਸ਼ੁਕਰੀਆ," ਬਿਊਕਸ ਨੇ ਆਪਣਾ ਪੁਰਾਣਾ ਕੋਟ ਲਾਹ ਕੇ ਡਾਕਟਰ ਦਾ ਦਿੱਤਾ ਹੋਇਆ ਕੋਟ ਪਹਿਨ ਲਿਆ। ਪੁਰਾਣੇ ਕੋਟ ਦੀ ਜੇਬ ਵਿਚ ਪਏ ਸਾਮਾਨ ਨੂੰ ਦੂਜੇ ਕੋਟ ਵਿਚ ਰੱਖਣ ਵਿਚ ਡਾਕਟਰ ਨੇ ਵੀ ਬਿਊਕਸ ਦੀ ਮਦਦ ਕੀਤੀ।

ਬਿਊਕਸ ਹੁਣ ਜਾਣ ਦੀ ਤਿਆਰੀ ਵਿਚ ਸੀ।

"ਡਾਕਟਰ, ਹੁਣ ਚੱਲਦਾ ਹਾਂ...ਤੁਹਾਡਾ ਕਾਫ਼ੀ ਵਕਤ ਲੈ ਲਿਆ।" ਬਿਊਕਸ ਨੇ ਕੋਟ ਦਾ ਬਟਨ ਬੰਦ ਕਰਦਿਆਂ ਕਿਹਾ, "ਮੈਂ ਫਿਰ ਮਿਲਾਂਗਾ...ਤੁਸੀਂ ਤਾਂ ਸਮਝ ਹੀ ਰਹੇ ਹੋਵੋਗੇ ਕਿ...।"


"ਬਿਲਕੁਲ ਸਮਝ ਰਿਹਾ ਹਾਂ...," ਡਾਕਟਰ ਨੇ ਕਿਹਾ, "ਸਿਰ ਦਰਦ ਹੋਣ ਵੇਲੇ ਚਾਰ-ਚਾਰ ਘੰਟੇ ਦੇ ਵਕਫ਼ੇ ਮਗਰੋਂ ਦਵਾਈ ਲੈ ਲੈਣਾ ਤੇ...ਆਪਣਾ ਪੂਰਾ ਖਿਆਲ ਰੱਖਣਾ।"

ਬਿਊਕਸ ਸੜਕ ਉਤੇ ਤੁਰਿਆ ਜਾ ਰਿਹਾ ਸੀ। "ਮੈਂ ਤੁਹਾਨੂੰ ਆਪਣੇ ਸੁਪਨਿਆਂ ਵਿਚ ਦੇਖਾਂਗਾ," ਡਾਕਟਰ ਨੇ ਮਨ ਹੀ ਮਨ ਕਿਹਾ ਤੇ ਖਿੜਕੀ ਬੰਦ ਕਰ ਦਿੱਤੀ।

#

# ਧਰਮਿੰਦਰ ਦਾ ਚਾਅ ਦੂਣ ਸਵਾਇਆ





ਧਰਮਿੰਦਰ ਅੱਜ ਕੱਲ੍ਹ ਆਪਣੀ ਨਵੀਂ ਫਿਲਮ 'ਸੈਕਿੰਡ ਹੈਂਡ ਹਸਬੈਂਡ' ਦੇ ਪ੍ਰਚਾਰ ਵਿਚ ਰੁਝਿਆ ਹੋਇਆ ਹੈ। ਇਸ ਫਿਲਮ ਵਿਚ ਗਿੱਪੀ ਗਰੇਵਾਲ ਅਤੇ ਅਦਾਕਾਰ ਗੋਵਿੰਦਾ ਦੀ ਧੀ ਟੀਨਾ ਅਹੂਜਾ ਨੇ ਵੀ ਕੰਮ ਕੀਤਾ ਹੈ। ਇਹ ਫਿਲਮ ਅਮਰੀਕਾ ਦੇ ਕਾਰੋਬਾਰੀ, ਗਾਖਲ ਭਰਾਵਾਂ ਨੇ ਬਣਾਈ ਹੈ ਤੇ ਤਿੰਨ ਜੁਲਾਈ ਨੂੰ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫਿਲਮ ਦੇ ਪ੍ਰਚਾਰ ਲਈ ਧਰਮਿੰਦਰ ਜਿੱਥੇ ਵੀ ਜਾਂਦਾ ਹੈ, ਆਪਣੇ ਸੁਭਾਅ ਮੁਤਾਬਕ ਉਥੇ ਹੀ ਮੇਲਾ ਲਾ ਲੈਂਦਾ ਹੈ। ਪੱਤਰਕਾਰ ਉਸ ਨੂੰ ਸਵਾਲ ਪੁੱਛਦੇ ਹਨ ਤਾਂ ਉਹ ਬੜੀ ਤਸੱਲੀ ਨਾਲ ਜਵਾਬ ਦਿੰਦਾ ਹੈ। ਇਕ ਸਵਾਲ ਦੇ ਜਵਾਬ ਵਿਚ ਉਸ ਨੇ ਖੁਲਾਸਾ ਕੀਤਾ ਕਿ ਜੇ ਉਸ ਦੇ ਜੀਵਨ ਨੂੰ ਆਧਾਰ ਬਣਾ ਕੇ ਫਿਲਮ ਬਣਾਈ ਜਾਵੇ ਤਾਂ ਉਹ ਚਾਹੇਗਾ ਕਿ ਉਹਦੇ ਵਾਲਾ ਕਿਰਦਾਰ ਸਲਮਾਨ ਖਾਨ ਨਿਭਾਏ। ਉਸ ਨੇ ਸਪਸ਼ਟ ਕਿਹਾ, "ਦੇਖੋ ਨਾ... ਸਲਮਾਨ ਖਾਨ ਐਨ ਮੇਰੇ ਉਤੇ ਗਿਆ ਹੈ।" ਧਰਮਿੰਦਰ ਦਾ ਇਹ ਕਹਿਣਾ ਬਿਲਕੁਲ ਠੀਕ ਹੈ। ਸਲਮਾਨ ਖਾਨ ਵਾਂਗ ਧਰਮਿੰਦਰ ਨੇ ਵੀ ਫਿਲਮਾਂ ਵਿਚ ਸਭ ਤੋਂ ਪਹਿਲਾਂ ਸਰੀਰ ਦਾ ਪ੍ਰਦਰਸ਼ਨ ਸ਼ੁਰੂ ਕੀਤਾ ਸੀ। ਧਰਮਿੰਦਰ ਹੁੱਬ ਕੇ ਦੱਸਦਾ ਹੈ- "ਸਲਮਾਨ ਖਾਨ ਦੀਆਂ ਬਹੁਤ ਸਾਰੀਆਂ ਆਦਤਾਂ ਮੇਰੇ ਨਾਲ ਮੇਲ ਖਾਂਦੀਆਂ ਹਨ। ਉਂਜ ਵੀ ਉਹ ਅੱਜ ਦਾ ਹਿਟ ਕਲਾਕਾਰ ਹੈ।" ਫਿਲਮ 'ਯਮਲਾ ਪਗਲਾ ਦੀਵਾਨਾ-2' ਦੇ ਅਸਫ਼ਲ ਰਹਿਣ ਬਾਰੇ ਉਹ ਹੱਸ ਕੇ ਦੱਸਦਾ ਹੈ, "ਅਸੀਂ ਤਿੰਨਾਂ ਪਿਉ-ਪੁੱਤਰਾਂ (ਧਰਮਿੰਦਰ, ਸਨੀ ਦਿਓਲ ਤੇ ਬੌਬੀ ਦਿਓਲ) ਨੇ ਪਹਿਲਾਂ 'ਮੇਰੇ ਅਪਨੇ' ਫਿਲਮ ਬਣਾਈ। ਇਸ ਭਾਵੁਕ ਫਿਲਮ ਨੇ ਲੋਕਾਂ ਨੂੰ ਰੁਆ ਹੀ ਦਿੱਤਾ ਸੀ। ਇਸ ਤੋਂ ਬਾਅਦ ਫਿਲਮ 'ਯਮਲਾ ਪਗਲਾ ਦੀਵਾਨਾ' ਨੇ ਲੋਕਾਂ ਨੂੰ ਖੂਬ ਹਸਾਇਆ। ਫਿਰ ਜਦੋਂ 'ਯਮਲਾ ਪਗਲਾ ਦੀਵਾਨਾ-2' ਫਿਲਮ ਬਣਾਈ ਤਾਂ ਲੋਕ ਫਿਰ ਰੋਏ। ਫਿਲਮ ਦੀ ਕਹਾਣੀ ਦੀ ਗੱਲ ਹੀ ਨਹੀਂ ਸੀ ਬਣੀ।" ਇਸ ਦੇ ਨਾਲ ਹੀ ਉਹ ਠਹਾਕਾ ਮਾਰਦਾ ਹੈ। ਉਸ ਦਾ ਭਾਵ 'ਯਮਲਾ ਪਗਲਾ ਦੀਵਾਨਾ-2' ਫਿਲਮ ਫੇਲ੍ਹ ਹੋਣ ਬਾਰੇ ਸੀ। ਆਪਣੀ ਨਵੀਂ ਫਿਲਮ 'ਸੈਕਿੰਡ ਹੈਂਡ ਹਸਬੈਂਡ' ਬਾਰੇ ਉਹ ਬੜਾ ਉਤਸੁਕ ਹੈ। ਇਸ ਫਿਲਮ ਵਿਚ ਉਸ ਦਾ ਕਿਰਦਾਰ ਵੀ ਉਚੇਚਾ ਲਿਖਿਆ ਗਿਆ ਹੈ। ਧਰਮਿੰਦਰ ਅੱਜ ਕੱਲ੍ਹ ਉਂਜ ਵੀ ਬੜਾ ਖੁਸ਼ ਹੈ। ਹਾਲ ਹੀ ਵਿਚ ਉਨ੍ਹਾਂ ਦੇ ਘਰ ਬੱਚੇ ਦੀ ਕਿਲਕਾਰੀ ਗੂੰਜੀ ਹੈ। ਉਸ ਦੀ ਛੋਟੀ ਧੀ ਅਹਾਨਾ ਦਿਓਲ ਵੋਹਰਾ ਦੇ ਘਰ ਪੁੱਤਰ ਨੇ ਜਨਮ ਲਿਆ ਹੈ। ਧਰਮਿੰਦਰ ਦੀ ਵੱਡੀ ਧੀ ਈਸ਼ਾ ਦਿਓਲ ਨੇ ਆਪਣੇ ਭਤੀਜੇ ਅਤੇ ਪਿਤਾ ਧਰਮਿੰਦਰ ਦੀ ਤਸਵੀਰ ਟਵਿਟਰ 'ਤੇ ਸ਼ੇਅਰ ਕੀਤੀ ਹੈ। ਨਾਲ ਹੀ ਲਿਖਿਆ ਹੈ- "ਡੇਰੀਅਨ ਵੋਹਰਾ ਆਪਣੇ ਨਾਨੇ ਦੀਆਂ ਖੁੱਲ੍ਹੀਆਂ ਬਾਹਾਂ ਵਿਚ ਪਿਆਰ ਦਾ ਮੀਂਹ ਵਰ੍ਹਾ ਰਿਹਾ ਹੈ। ਨਾਲੇ ਉਹਦਾ ਢਾਈ ਕਿਲੋ ਦਾ ਹੱਥ ਵੀ ਚੈੱਕ ਕਰ ਰਿਹਾ ਹੈ।" ਯਾਦ ਰਹੇ ਕਿ ਸਨੀ ਦਿਓਲ ਨੇ ਫਿਲਮ 'ਦਾਮਿਨੀ' ਵਿਚ ਢਾਈ ਕਿਲੋ ਦੇ ਹੱਥ ਵਾਲਾ ਡਾਇਲਾਗ ਬੋਲਿਆ ਸੀ ਅਤੇ ਉਦੋਂ ਇਹ ਡਾਇਲਾਗ ਬੜਾ ਮਸ਼ਹੂਰ ਹੋਇਆ ਸੀ।

*-ਕਿਰਤ ਕਾਸ਼ਣੀ*



*ਸਲਮਾਨ ਖਾਨ*



## ਸਨੀ-ਸਲਮਾਨ ਦਾ ਮੁਕਾਬਲਾ

ਐਤਕੀਂ ਦੀਵਾਲੀ ਮੌਕੇ ਸਨੀ ਦਿਓਲ ਅਤੇ ਸਲਮਾਨ ਖਾਨ ਵਿਚਕਾਰ ਮੁਕਾਬਲਾ ਹੋ ਰਿਹਾ ਹੈ। ਸਨੀ ਦਿਓਲ ਦੀ ਫਿਲਮ 'ਘਾਇਲ ਵੰਨਸ ਅਗੇਨ' ਅਤੇ ਸਲਮਾਨ ਖਾਨ ਦੀ ਫਿਲਮ 'ਪ੍ਰੇਮ ਰਤਨ ਧਨ ਪਾਇਓ' ਦੀਵਾਲੀ ਨੂੰ ਇਕੋ ਦਿਨ ਰਿਲੀਜ਼ ਹੋ ਰਹੀਆਂ ਹਨ। ਸਨੀ ਦਿਓਲ ਦੀ ਇਹ ਫਿਲਮ ਉਹਦੀ 1990 ਵਿਚ ਹਿਟ ਹੋਈ ਫਿਲਮ 'ਘਾਇਲ' ਦਾ ਸੀਕੁਇਲ ਹੈ। ਸਨੀ ਦਾ ਕਹਿਣਾ ਹੈ ਕਿ ਉਸ ਦਾ ਸਲਮਾਨ ਨਾਲ ਕੋਈ ਮੁਕਾਬਲਾ ਨਹੀਂ ਹੈ, ਉਂਝ ਵੀ ਤਾਂ 2-3 ਫਿਲਮਾਂ ਤਾਂ ਹਰ ਵਾਰ ਇਕੋ ਦਿਨ ਅਕਸਰ ਹੀ ਰਿਲੀਜ਼ ਹੁੰਦੀਆਂ ਹਨ। ਇਹ ਇਤਫ਼ਾਕ ਹੈ ਕਿ ਉਹਦੀ ਅਤੇ ਸਲਮਾਨ ਦੀ ਫਿਲਮ ਵੀ ਇਕੋ ਦਿਨ ਰਿਲੀਜ਼ ਹੋ ਰਹੀ ਹੈ। ਸਨੀ ਮੁਤਾਬਕ ਬਤੌਰ ਨਿਰਮਾਤਾ ਉਸ ਦਾ ਨਿਸ਼ਾਨਾ ਸਿਰਫ਼ ਇੰਨਾ ਹੁੰਦਾ ਹੈ ਕਿ ਪੈਸੇ ਪੂਰੇ ਵਸੂਲ ਹੋ ਜਾਣ, 100 ਕਰੋੜ ਰੁਪਏ ਵਾਲੀ ਦੌੜ ਵਿਚ ਉਹ ਕਦੀ ਵੀ ਸ਼ਾਮਲ ਨਹੀਂ ਹੋਇਆ ਹੈ।

## ਹੁਣ ਪਛੜ ਰਹੀ ਹੈ ਪ੍ਰਨਿਤੀ ਚੋਪੜਾ



ਪ੍ਰਨਿਤੀ ਚੋਪੜਾ ਦੇ ਅੱਜ ਕੱਲ੍ਹ ਮਾੜੇ ਦਿਨ ਚੱਲ ਰਹੇ ਹਨ। ਉਸ ਦੀਆਂ ਪਿਛਲੀਆਂ ਦੋ ਫਿਲਮਾਂ 'ਦਾਵਤ-ਏ-ਇਸ਼ਕ' ਅਤੇ 'ਕਿਲ ਦਿਲ' ਫਲਾਪ ਰਹੀਆਂ ਹਨ। ਪ੍ਰਨਿਤੀ ਨੇ ਫਿਲਮੀ ਸਫਰ ਦੀ ਸ਼ੁਰੂਆਤ 2011 ਵਿਚ 'ਲੇਡੀਜ਼ ਵਰਸਿਜ਼ ਰਿੱਕੀ ਬਹਿਲ' ਨਾਲ ਕੀਤੀ ਸੀ। 2012 ਵਿਚ ਅਰਜਨ ਕਪੂਰ ਨਾਲ ਆਈ ਫਿਲਮ 'ਇਸ਼ਕਜ਼ਾਦੇ' ਨਾਲ ਉਹ ਫਿਲਮ ਜਗਤ ਵਿਚ ਛਾਅ ਗਈ ਸੀ।

# ਚੇਤੰਨ ਰੂਹ ਫਿਲਮਸਾਜ਼ ਬਿਮਲ ਰਾਏ

**ਆਵਾਜ਼ ਦੇ ਕਹਾਂ ਹੈ... -5-**



**ਕੁਲਦੀਪ ਕੌਰ**
ਫੋਨ: +91-98554-04330

ਆਜ਼ਾਦੀ ਤੋਂ ਬਾਅਦ ਭਾਰਤੀ ਸਿਨੇਮਾ ਦੇ ਸੁਨਿਹਰੀ ਦੌਰ ਵਿਚ ਗੁਰੂ ਦੱਤ, ਰਾਜ ਕਪੂਰ ਤੇ ਕੇ. ਆਸਿਫ ਤੋਂ ਇਲਾਵਾ ਬਿਮਲ ਰਾਏ ਦਾ ਨਾਂ ਬੜਾ ਉਚ ਦੁਮਾਲੜਾ ਹੈ। ਬਿਮਲ ਰਾਏ ਦੇ ਫਿਲਮੀ ਜੀਵਨ ਦੀ ਸਭ ਤੋਂ ਮਹਤੱਵਪੂਰਨ ਫਿਲਮ ਸੀ 'ਦੋ ਬੀਘਾ ਜ਼ਮੀਨ' ਜਿਸ ਵਿਚ ਮੁੱਖ ਭੂਮਿਕਾਵਾਂ ਬਲਰਾਜ ਸਾਹਨੀ ਅਤੇ ਨਿਰੂਪਮਾ ਦੱਤ ਨੇ ਨਿਭਾਈਆਂ ਸਨ। ਫਿਲਮ ਖੇਤੀ ਦੇ ਧੰਦੇ ਨਾਲ ਜੁੜੀ ਹੋਈ ਅਨਿਸ਼ਚਿਤਤਾ ਅਤੇ ਸ਼ੋਸ਼ਣ ਨੂੰ ਹਕੀਕੀ ਰੂਪ ਵਿਚ ਪਰਦੇ 'ਤੇ ਸਾਕਾਰ ਕਰਦੀ ਹੈ। ਫਿਲਮ ਵਿਚ ਸ਼ਾਹੂਕਾਰ ਤੋਂ ਲਿਆ ਕਰਜ਼ਾ ਉਤਾਰਨ ਲਈ ਸ਼ੰਭੂ ਆਪਣੇ ਬੇਟੇ ਅਤੇ ਪਤਨੀ ਨਾਲ ਕਲਕੱਤਾ ਪਲਾਇਨ ਕਰਦਾ ਹੈ ਜਿਥੋਂ ਦਾ ਗੈਰ-ਮਾਨਵੀ ਵਿਹਾਰ ਅਤੇ ਸ਼ਹਿਰੀ ਢੰਗ-ਤਰੀਕੇ ਉਸ ਦੀ ਬਚਦੀ ਉਮੀਦ ਵੀ ਖੋਹ ਲੈਂਦੇ ਹਨ। ਉਸ ਦਾ ਪੂਰਾ ਪਰਿਵਾਰ ਵਿਛੜ ਜਾਂਦਾ ਹੈ। ਬਦਹਵਾਸੀ ਦੀ ਹਾਲਤ ਵਿਚ ਜਦੋਂ ਉਹ ਪਿੰਡ ਵਾਪਸ ਪਰਤਦਾ ਹੈ ਤਾਂ ਦੇਖਦਾ ਹੈ ਕਿ ਉਸ ਦੀ ਜ਼ਮੀਨ ਉਤੇ ਦਿਉ ਕੱਦ ਫੈਕਟਰੀ ਬਣ ਚੁੱਕੀ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਫਿਲਮ ਸੀ ਜਿਹੜੀ ਤਤਕਾਲੀਨ ਭਾਰਤ ਦੇ ਪੇਂਡੂ ਤਬਕੇ ਦੇ ਸਮਾਜਕ-ਆਰਥਿਕ ਢਾਂਚੇ, ਸ਼ਾਹੂਕਾਰੀ ਪ੍ਰਥਾ ਦੇ ਖੂੰਨੀ ਪੰਜਿਆਂ ਅਤੇ ਇਸ ਸਾਰੀ ਘੁੰਮਣਘੇਰੀ ਵਿਚ ਫਸੇ ਕਿਸਾਨਾਂ ਦੀ ਹਾਲਾਤ ਨੂੰ ਪੇਸ਼ ਕਰਦੀ ਸੀ।




*ਫਿਲਮ 'ਦੋ ਬੀਘਾ ਜ਼ਮੀਨ' ਦਾ ਇਕ ਦ੍ਰਿਸ਼ ਤੇ ਪੋਸਟਰ।*






*ਅਦਾਕਾਰ ਦਿਲੀਪ ਕੁਮਾਰ (ਖੱਬੇ) ਅਤੇ ਫਿਲਮਸਾਜ਼ ਬਿਮਲ ਰਾਏ।*

ਫਿਲਮ ਨੂੰ ਭਾਰਤ ਦੀ ਪਹਿਲੀ ਨਿਊ-ਰਿਲੀਸਿਟਕ ਫਿਲਮ ਵੀ ਮੰਨਿਆ ਜਾਂਦਾ ਹੈ। 1954 ਵਿਚ ਬਿਮਲ ਰਾਏ ਨੇ 'ਨੌਕਰੀ' ਬਣਾਈ ਜਿਸ ਦਾ ਵਿਸ਼ਾ-ਵਸਤੂ ਆਜ਼ਾਦੀ ਦਾ ਦਹਾਕਾ ਬੀਤਣ ਦੇ ਬਾਵਜੂਦ ਨੌਜਵਾਨ ਵਰਗ ਦੀਆਂ ਆਸਾਂ-ਉਮੀਦਾਂ ਨੂੰ ਬੂਰ ਨਾ ਪੈਣ ਨੂੰ ਬਣਾਇਆ ਗਿਆ ਸੀ। ਫਿਲਮ ਵਿਚ ਰੋਜ਼ਗਾਰ ਲਈ ਦਰ-ਬਦਰ ਭਟਕਦੇ ਨੌਜਵਾਨ ਦੇ ਕਿਰਦਾਰ ਨੂੰ ਪਰਦੇ 'ਤੇ ਸਾਕਾਰ ਕੀਤਾ ਸੀ ਹਰਫਨਮੌਲਾ ਕਲਾਕਾਰ ਕਿਸ਼ੋਰ ਕੁਮਾਰ ਨੇ। ਇਸੇ ਸਾਲ ਬਿਮਲ ਰਾਏ ਦੁਆਰਾ ਨਿਰਦੇਸ਼ਿਤ ਫਿਲਮ 'ਦੇਵਦਾਸ' ਰਿਲੀਜ਼ ਹੋਈ ਜਿਸ ਨੇ ਅਭਿਨੇਤਾ ਦਲੀਪ ਕੁਮਾਰ ਨਾਲ ਸਦਾ ਸਦਾ ਲਈ 'ਟਰੈਜਿਡੀ ਕਿੰਗ' ਦਾ ਖਿਤਾਬ ਜੋੜ ਦਿੱਤਾ। ਇਸ ਤੋਂ ਪਹਿਲਾਂ ਕੁੰਦਨ ਲਾਲ ਸਹਿਗਲ ਨੂੰ ਲੈ ਕੇ 1935 ਵਿਚ ਪੀ.ਸੀ. ਬਰੂਆ 'ਦੇਵਦਾਸ' ਬਣਾ ਚੁੱਕੇ ਸਨ ਜਿਸ ਨੇ ਸਹਿਗਲ ਨੂੰ ਭਾਰਤੀ ਸਿਨੇਮਾ ਦਾ ਪਹਿਲਾ ਸੁਪਰਸਟਾਰ ਬਣਾਇਆ ਸੀ। ਬਿਮਲ ਰਾਏ ਦੀ 'ਦੇਵਦਾਸ' ਵਿਚ ਪਾਰੋ ਵਾਲੀ ਭੂਮਿਕਾ ਵਿਚ ਬੰਗਾਲ ਦੀ ਜ਼ਹੀਨ ਅਭਿਨੇਤਰੀ ਸੁਚਿਤਰਾ ਸੇਨ ਅਤੇ ਚੰਦਰਮੁਖੀ ਦੀ ਭੂਮਿਕਾ ਵਿਚ ਵੈਜੰਤੀ ਮਾਲਾ ਸਨ। ਇਹ ਫਿਲਮ ਆਪਣੇ ਗੰਭੀਰ ਬਿਰਤਾਂਤ, ਸ਼ਰਤਚੰਦਰ ਦੀ ਸਜੀਵ ਲੇਖਣੀ ਅਤੇ ਅਦਾਕਾਰਾਂ ਦੀ ਜੀਵੰਤ ਅਦਾਕਾਰੀ ਕਾਰਨ ਹਿੰਦੀ ਸਿਨੇਮਾ ਵਿਚ ਮੀਲ-ਪੱਥਰ ਸਾਬਿਤ ਹੋਈ। ਫਿਲਮ 'ਬੰਦਿਨੀ' ਅਤੇ 'ਪਰਿਣੀਤਾ' ਫਿਲਮਾਂ ਰਾਹੀ ਬਿਮਲ ਰਾਏ ਨੇ ਔਰਤਾਂ ਨੂੰ ਕੇਂਦਰੀ ਕਿਰਦਾਰਾਂ ਦੇ ਰੂਪ ਵਿਚ ਪੇਸ਼ ਕੀਤਾ। ਇਹ ਦੋਵੇਂ ਫਿਲਮਾਂ ਬੰਗਾਲੀ ਨਾਵਲਾਂ 'ਤੇ ਆਧਾਰਿਤ ਸਨ। 'ਬੰਦਿਨੀ' ਜੇਲ੍ਹ ਸੁਪਰਡੈਂਟ ਚਾਰੂ ਚੰਦਰਾ ਚੱਕਰਾਵਰਤੀ ਦੁਆਰਾ ਲਿਖੇ ਨਾਵਲ 'ਤਾਮਸੀ' 'ਤੇ ਆਧਾਰਿਤ ਸੀ ਅਤੇ ਫਿਲਮ 'ਪਰਿਣੀਤਾ' ਦਾ ਆਧਾਰ ਸੀ ਸ਼ਰਤ ਚੰਦਰ ਚੈਟੋਪਾਧਿਆਏ ਦਾ ਇਸੇ ਨਾਂ ਹੇਠ ਲਿਖਿਆ ਨਾਵਲ। ਇਸ ਤੋਂ ਬਿਨਾਂ ਬਿਮਲ ਰਾਏ ਨੇ ਜਿਹੜੀਆਂ ਹੋਰ ਫਿਲਮਾਂ ਨਿਰਦੇਸ਼ਤ ਕੀਤੀਆਂ, ਉਨ੍ਹਾਂ ਵਿਚ 'ਸੁਜਾਤਾ' ਤੇ 'ਬਿਰਾਜ ਬਹੂ' ਅਹਿਮ ਹਨ। ਇਹ ਫਿਲਮਾਂ ਜਿਥੇ ਬਿਮਲ ਰਾਏ ਦੇ ਬਿਹਤਰੀਨ ਨਿਰਦੇਸ਼ਨ ਲਈ ਜਾਣੀਆਂ ਜਾਂਦੀਆਂ ਹਨ, ਉਥੇ ਸਲਿਲ ਚੌਧਰੀ ਨੇ ਇਨ੍ਹਾਂ ਫਿਲਮਾਂ ਨੂੰ ਆਪਣੀਆਂ ਧੁਨਾਂ ਅਤੇ ਸੰਗੀਤ ਨਾਲ ਅਮਰ ਕਰ ਦਿੱਤਾ।

**(ਚਲਦਾ)**



BIGGEST SALE EVER ON PUNJABI TV
40% OFF PER MONTH
FOR 12 MONTHS ON PUNJABI MEGA PACK
GET DISH FOR THE BEST PUNJABI TV PROGRAMMING
PUNJABI MEGA PACK
$14.99 MO FOR 12 MONTHS
$24.99 MO REGULAR PRICE
jus punjabi
PTC PUNJABI
WILLOW HD
GLOBAL PUNJAB
TASHAN
PTC NEWS
PTC chak de
Requires 24-month commitment, credit qualification and subscription to qualifying American programming. Early Termination Fee appplies. Cannot be combined with other International offers.
Order now and SAVE $120!
1-888-626-0801
Use Offer Code SAVEBIG
dish
International programming requires additional $10/mo. International Basic Package or any America's Top Package.
Important Terms and Conditions: $10/mo. Credit for 12 Months Offer: Valid for activation and installation of qualifying new DISH service. Requires subscription to a qualifying American or DishLATINO package in addition to Punjabi Mega Pack. Must provide Offer Code at time of order. Receive a monthly credit of $10 for the first 12 months.
Promotional Offers: All prices, fees, charges, packages, programming, features, functionality and offers subject to change without notice. After any applicable promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies.
Additional Requirements: Installation/Equipment Requirements: A second dish antenna may be required to view both International and American programming. Free Standard Professional Installation only. Leased equipment must be returned to DISH upon cancellation or unreturned equipment fees apply. Upfront and additional monthly fees may apply. Miscellaneous: Offers available for new and qualified former customers, and subject to terms of applicable Promotional and Residential Customer agreements. Taxes or reimbursement charges for state gross earnings taxes may apply. Additional restrictions and taxes may apply. Offer ends 8/13/15.
© 2015 DISH Network L.L.C. All rights reserved.
0801-Q2R2-PUNJABI BSE Promo MAY


Releasing Worldwide on 3rd july 2015
BOLLYWOOD MANTRA
GAKHAL BROTHERS ENTERTAINMENT PVT LTD AMOLAK SINGH GAKHAL PRESENT
3RD JULY WORLDWIDE
NO GUARANTEE NO WARRANTY
SECOND HAND HUSBAND
CAST GIPPY GREWAL TINA AHUJA DHARMENDRA GEETA BASRA
SANJAY MISHRA RAVI KISHAN MUKESH TIWARI
DIRECTOR SMEEP KANG D.O.P. MANOJ SHAW STORY SMEEP KANG
SCREENPLAY & DIALOGUE VAIBHAV SUMAN & SHREYA SRIVASTAVA
/2ndHandHusband
/2ndHandHusband
YouTube /GIPYGREWAL
/secondhandhusban